# ਪੰਜ ਖੰਡ

ੴ ਸਤਿਗੁਰ ਪ੍ਰਸਾਦਿ॥

# ਪੰਜ ਖੰਡ

'ਪੰਥ ਰਤਨ'

ਗਿਆਨੀ ਸੰਤ ਸਿੰਘ ਜੀ ਮਸਕੀਨ

ਸੰਪਾਦਕ : ਹਰਜੀਤ ਸਿੰਘ

ਪ੍ਰਕਾਸ਼ਕ:
ਭਾ: ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ISBN : 978-93-80323-73-2

ਪਹਿਲੀ ਵਾਰ 2010

ਭੇਟਾ : 125/-

ਪ੍ਰਕਾਸ਼ਕ :

**ਭਾ: ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਫੋਨ : (0183) 2542346, 2547974 ਫੈਕਸ : 5017488

E-mail : csjssales@hotmail.com, csjspurchase@yahoo.com

: csjsexports@vsnl.com

Visit our Website : www.csjs.com

ਪ੍ਰਿੰਟਰ :

ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ।

ਫੋਨ : 0183-2705003, 5095774

Printed & Bound in India

## ਸਮਰਪਣ

ਸਫਲ ਜੀਵਨ ਦੀ ਯਾਤਰਾ ਤੇ ਤੁਰੇ ਹੋਏ
ਸੁਹਿਰਦ ਸਾਧਕਾਂ ਨੂੰ

# ਤਤਕਰਾ


| | | |
|---|---|---|
| ਦੋ ਸ਼ਬਦ | | 7 |
| ਵਿਚਾਰ | ਭਾਗ ੧ | 9 |
| | ਭਾਗ ੨ | 23 |
| | ਭਾਗ ੩ | 40 |
| | ਭਾਗ ੪ | 63 |
| | ਭਾਗ ੫ | 85 |
| | ਭਾਗ ੬ | 109 |
| | ਭਾਗ ੭ | 131 |
| | ਭਾਗ ੮ | 163 |


❊

# ਦੋ ਸ਼ਬਦ

੧੫ ਅਗਸਤ ੨੦੦੯ ਦਾ ਦਿਨ ਸੀ। ਦਾਸ ਲੈਪਟੋਪ (Laptop) ਤੇ ਬੈਠਾ ਸੀ ਕਿ ਅਚਾਨਕ ਮਨ ਵਿਚ ਖ਼ਿਆਲ ਆਇਆ ਕਿ ਕਿਉਂ ਨਾ ਇੰਟਰਨੈਟ ਤੇ ਸਤਿਕਾਰ ਯੋਗ ਮਸਕੀਨ ਜੀ ਦੀ ਕਥਾ ਆਦਿ ਬਾਰੇ ਦੇਖਿਆ ਜਾਏ। ਪੜਚੋਲ (search) ਕੀਤੀ ਤੇ ਪੰਜ ਖੰਡਾਂ ਦੀ ਕਥਾ ਤੇ ਨਜ਼ਰ ਪਈ। ਕੁਝ ਸੁਣੀ ਤੇ ਮਨ ਬਣਿਆਂ ਕਿਉਂ ਨਾ ਇਸ ਨੂੰ ਕਿਤਾਬ ਦੀ ਸ਼ਕਲ ਦੇ ਦਿੱਤੀ ਜਾਏ ਤਾਕਿ ਆਮ ਸ਼ਰਧਾਲੂ ਪਾਠਕ ਇਸ ਦਾ ਲਾਭ ਉਠਾ ਸਕਣ। ਅਸਲ ਵਿਚ ਇਹ ਪ੍ਰਭੂ ਦੀ ਪ੍ਰੇਰਨਾ ਹੀ ਸੀ :-

*ਉਦਮ ਮਤਿ ਪ੍ਰਭ ਅੰਤਰਜਾਮੀ ਜਿਉ ਪ੍ਰੇਰੇ ਤਿਉ ਕਰਨਾ॥* (ਅੰਕ ੭੯੮)

oudam mat prabh antarjaamee jio praerae tio karnaa.

*Effort and intelligence come from God, the Inner-knower, the Searcher of hearts; as He wills, they act.*

ਅਸਲ ਵਿਚ ਜੀਵ ਉਸ ਦੇ ਹੁਕਮ ਤੋਂ ਬਿਨਾਂ ਕੁਝ ਵੀ ਨਹੀਂ ਕਰ ਸਕਦਾ। ਬਸ ਫਿਰ ਕੀ ਸੀ ਹਮੇਸ਼ਾਂ ਦੀ ਤਰ੍ਹਾ ਅਰਦਾਸ ਕੀਤੀ ਤੇ ਸਤਿਗੁਰੂ ਜੀ ਨੇ ਹੁਕਮਨਾਮਾ ਬਖ਼ਸ਼ਿਆ:-

**ਬਿਲਾਵਲੁ ਬਾਣੀ ਭਗਤ ਨਾਮਦੇਵ ਜੀ ਕੀ**

ੴ ਸਤਿਗੁਰ ਪ੍ਰਸਾਦਿ॥

*ਸਫਲ ਜਨਮੁ ਮੋ ਕਉ ਗੁਰ ਕੀਨਾ॥*
*ਦੁਖ ਬਿਸਾਰਿ ਸੁਖ ਅੰਤਰਿ ਲੀਨਾ॥੧॥*
*ਗਿਆਨ ਅੰਜਨੁ ਮੋ ਕਉ ਗੁਰਿ ਦੀਨਾ॥*
*ਰਾਮ ਨਾਮ ਬਿਨੁ ਜੀਵਨੁ ਮਨ ਹੀਨਾ॥ ੧॥ ਰਹਾਉ॥*
*ਨਾਮਦੇਇ ਸਿਮਰਨੁ ਕਰਿ ਜਾਨਾਂ॥*
*ਜਗਜੀਵਨ ਸਿਉ ਜੀਉ ਸਮਾਨਾਂ॥੨॥੧॥*

(ਅੰਕ ੮੫੭)

ਇਹ ਜਪੁਜੀ ਸਾਹਿਬ ਵਿਚ ਆਏ ਪੰਜ ਖੰਡਾਂ ਦੀ ਵਿਆਖਿਆ ਸਤਿਕਾਰ ਯੋਗ ਮਸਕੀਨ ਜੀ ਨੇ ੨੧ ਜੁਲਾਈ ੧੯੯੨ ਨੂੰ ਜਦੋਂ ੮੪ ਦੇ ਦੰਗਿਆਂ ਦੇ ਬਾਅਦ ਟੋਰੰਟੋ, ਕਨੇਡਾ ਪੁਜੇ ਸਨ ਉਦੋਂ ਕੀਤੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਗੁਰ ਸਾਗਰ ਰਤਨੀ ਭਰਪੂਰੇ, ਵਿਚ ਟੁੱਬੀ ਮਾਰ ਕੇ ਅਨੇਕਾਂ ਗਹਿਰਾਈਆਂ ਵਿਚੋਂ ਵਡਮੁੱਲੇ ਹੀਰੇ ਰਤਨ ਕੱਢ ਕੇ ਬਹੁਤ ਸੁੰਦਰ ਹਾਰ ਵਿਚ ਪਰੋ ਕੇ ਸਾਧ ਸੰਗਤ ਅੱਗੇ ਭੇਟ ਕੀਤੇ ਸਨ। ਗੁਰੂ ਨਾਨਕ ਨਾਮ ਲੇਵਾ ਹਰ ਰੋਜ਼ ਸ੍ਰੀ

ਜਪੁਜੀ ਸਾਹਿਬ ਜੀ ਦਾ ਪਾਠ ਕਰਦੇ ਨੇ ਪਰ ਇਸ ਬਾਣੀ ਦੀ ਗਹਿਰਾਈ ਕਿਸੇ-ਕਿਸੇ ਨੂੰ ਨਸੀਬ ਹੁੰਦੀ ਹੈ। ਅਸੀਂ ਕਿਸ ਖੰਡ ਯਾ ਪੜਾਅ ਤੇ ਅਧਿਆਤਮਿਕ ਯਾਤਰਾ ਕਰ ਰਹੇ ਹਾਂ ਪਾਠਕ ਜਨ ਇਹ ਕਿਤਾਬ ਪੜ੍ਹ ਕੇ ਆਪ ਹੀ ਆਪਣੇ ਬਾਰੇ ਫ਼ੈਸਲਾ ਕਰ ਸਕਣਗੇ।

ਇਸ ਕਿਤਾਬ ਦੀ ਲਗਾਂ ਮਾਤਰਾਂ ਦੀ ਸੁਧਾਈ ਕਰਨ ਵਿਚ ਦਾਸ ਦੇ ਪਰਮ ਮਿੱਤਰ ਸਰਦਾਰ ਜਸਵੰਤ ਸਿੰਘ ਜੀ ਨੇ ਸਦਾ ਦੀ ਤਰ੍ਹਾਂ ਬਹੁਤ ਸਹਿਯੋਗ ਦਿੱਤਾ, ਸਤਿਗੁਰੂ ਉਹਨਾਂ ਨੂੰ ਹੋਰ ਚੜ੍ਹਦੀ ਕਲਾ ਵਾਲਾ ਜੀਵਨ ਬਖ਼ਸ਼ਣ।

ਜਿਵੇਂ ਦਾਸ ਨੇ ਪਹਿਲਾਂ ਕਿਹਾ ਹੈ ਕਿ ਇਹ ਸਭ ਅਕਾਲ ਪੁਰਖ ਦੀ ਹੀ ਪ੍ਰੇਰਨਾ ਹੈ, ਕਿਤਾਬ ਲਿਖਣ ਵਿਚ ਹੋਈਆਂ ਗਲਤੀਆਂ ਤੇ ਤਰੁੱਟੀਆਂ ਸਾਡੀਆਂ ਹਨ, ਵਿਆਖਿਆ ਵਿਚ ਗਹਿਰਾਈ ਗੁਰੂ ਜੀ ਨੇ 'ਮਸਕੀਨ' ਜੀ ਨੂੰ ਬਖ਼ਸ਼ੀ ਹੈ ਅਤੇ ਬਾਣੀ **'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥'** ਜੀ ਦੀ ਹੈ।

ਉਸ ਬਖ਼ਸ਼ਣਹਾਰ ਸਤਿਗੁਰੂ ਅੱਗੇ ਸਾਡੇ ਵਾਸਤੇ ਵੀ ਅਰਦਾਸ ਕਰਨੀ ਜੀ ਕਿ ਅਸੀਂ ਵੀ ਇਸੇ ਮਾਨਸ ਜਨਮ ਵਿਚ ਧਰਮ ਖੰਡ ਦੀ ਯਾਤਰਾ ਤੋਂ ਸੱਚ ਖੰਡ ਤਕ ਦੀ ਯਾਤਰਾ ਕਰਕੇ ਪ੍ਰਭੂ ਵਿਚ ਲੀਨ ਹੋ ਸਕੀਏ।

ਦਾਸਨ ਦਾਸ—


**ਹਰਜੀਤ ਸਿੰਘ**
ਸੰਪਾਦਕ

10, ਰਾਧੇ ਸ਼ਾਮ ਪਾਰਕ, ਪਰਵਾਨਾ ਰੋਡ,
ਦਿੱਲੀ-110051
ਟੈਲੀਫੋਨ ਨੰ: 22514492, ਮੋਬਾਈਲ 9810878595
ਈ ਮੇਲ ਆਈ ਡੀ : harjitsingh41@yahoo.co.in

# ਭਾਗ ੧

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*

*ਬੇਸੁਮਾਰ ਅਥਾਹ ਅਗਨਤ ਅਤੋਲੈ॥*
*ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ॥੮॥੨੧॥* (ਅੰਗ ੨੯੨)

*ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ*

ਸਨਮਾਨ ਯੋਗ ਗੁਰੂ ਰੂਪ ਸਾਧ ਸੰਗਤ ਜੀਉ,
ਫਤਹਿ ਪਰਵਾਨ ਕਰਨੀ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥

ਸਰੀਰ ਚਲਦਾ ਹੈ ਸੰਸਾਰ ਦੇ ਮਾਰਗ ਤੇ। ਲੇਕਿਨ ਇਕ ਹੋਰ ਮਾਰਗ ਹੈ, ਜਿਸ ਨੂੰ ਗੁਰੂ ਮਾਰਗ ਕਹਿੰਦੇ ਹਾਂ, ਗੁਰੂ ਪੰਥ ਕਹਿੰਦੇ ਹਾਂ, ਗੁਰੂ ਦਾ ਰਸਤਾ ਕਹਿੰਦੇ ਹਾਂ। ਉਸ ਉੱਤੇ ਚਲਣਾ ਹੈ ਸਾਡੇ ਮਨ ਨੇ। ਇੰਜ ਕਹਿ ਲਉ ਰਸਤਾ ਬਣਾਇਆ ਹੈ ਪਰਮਾਤਮਾ ਨੇ, ਦਸਿਆ ਹੈ ਗੁਰੂ ਨੇ, ਇਸ ਕਰਕੇ ਅਸੀਂ ਕਹਿ ਦਿੰਦੇ ਹਾਂ ਗੁਰੂ ਪੰਥ। ਚਲਣਾ ਹੈ ਸੁਰਤ ਨੇ, ਚਲਣਾ ਹੈ ਸਾਡੇ ਮਨ ਨੇ। ਲੇਕਿਨ ਮਨ ਚਲਦਾ ਨਹੀਂ, ਕਾਰਣ? ਪਰਦੇਸ ਨੂੰ ਦੇਸ਼ ਸਮਝ ਬੈਠਾ ਹੈ। ਇਸ ਵਾਸਤੇ ਸਾਹਿਬ ਕਹਿੰਦੇ ਨੇ:-

*ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ॥* (ਅੰਗ ੪੫੧)

ਐ ਪਿਆਰੇ ਮਨ! ਆਪਣੇ ਘਰ ਵਿਚ ਆ। ਆਪਣੇ ਟਿਕਾਣੇ ਤੇ ਚੱਲ। ਜਦ ਕੋਈ ਕਹਿੰਦਾ ਹੈ ਕਿ ਮੇਰਾ ਮਨ ਬਹੁਤ ਭਟਕਦਾ ਹੈ, ਟਿਕਦਾ ਹੀ ਨਹੀਂ। ਤਾਂ ਉੱਤਰ ਹੈ ਕਿ ਜੇ ਦੇਸ਼ ਵਿਚ ਹੋਵੇ ਤਾਂ ਟਿਕ ਜਾਏ, ਪਰਦੇਸ ਵਿਚ ਕਿਵੇਂ ਟਿਕੇਗਾ? ਨਹੀਂ ਟਿਕੇਗਾ। ਜਦ ਲੰਬੇ ਸਮੇਂ ਤਕ ਕੋਈ ਪਰਦੇਸ ਵਿਚ ਰਹਿ ਜਾਏ ਤਾਂ ਦੇਸ਼ ਨੂੰ ਭੁੱਲ ਜਾਂਦਾ ਹੈ।

ਲੰਬੇ ਸਮੇਂ ਤੋਂ ਇਹ ਮਨ ਪਰਮਾਤਮਾ ਤੋਂ ਵਿਛੜਿਆ ਹੋਇਆ ਹੈ, ਪਰਮਾਤਮਾ ਨੂੰ ਭੁੱਲ ਗਿਆ ਹੈ। ਕੋਈ ਚੇਤੇ ਨਹੀਂ ਰਹਿੰਦਾ, ਕੋਈ ਸਮਝ ਵੀ ਹੈ ਨਹੀਂ। ਹਾਲਾਂਕਿ ਓਹੀ ਇਸ ਦਾ ਘਰ ਹੈ, ਓਹੀ ਇਸ ਦਾ ਟਿਕਾਣਾ ਹੈ। ਓਥੇ ਪਹੁੰਚ ਕੇ ਹੀ ਇਸ ਦਾ ਆਵਾਗਵਨ, ਇਸ ਦੀ ਸਾਰੀ ਭਟਕਣਾ ਮਿਟੇਗੀ। ਉਸ ਤੋਂ ਪਹਿਲਾਂ ਮਿਟ ਵੀ ਨਹੀਂ ਸਕਦੀ। ਜਿਸ ਤਰ੍ਹਾਂ ਅਸੀਂ ਇਕ ਸੜਕ ਦੇਖਦੇ ਹਾਂ ਜੋ ਇਕ ਸ਼ਹਿਰ ਤੋਂ ਦੂਸਰੇ ਸ਼ਹਿਰ ਜਾ ਰਹੀ ਹੈ, ਉਸ ਸੜਕ ਤੇ ਕੋਈ ਅੱਗੇ ਹੈ, ਕੋਈ ਪਿੱਛੇ ਹੈ। ਕੋਈ ਬਹੁਤ ਪਿੱਛੇ ਹੈ, ਕੋਈ ਬਹੁਤ ਅੱਗੇ ਹੈ। ਕੋਈ ਪਹੁੰਚ ਗਿਆ ਹੈ, ਕੋਈ

ਅਜੇ ਚਲਣ ਵਾਲਾ ਹੈ, ਕੋਈ ਚਲਣ ਦੀ ਤਿਆਰੀ ਪਿਆ ਕਰ ਰਿਹਾ ਹੈ, ਇੰਜ ਸੜਕ ਚਲ ਰਹੀ ਹੈ, ਲੋਕੀਂ ਚਲਦੇ ਨੇ। ਗੁਰੂ ਪੰਥ, ਪ੍ਰਭੂ ਪੰਥ, ਪਰਮਾਤਮਾ ਦਾ ਮਾਰਗ। ਕੁੱਝ ਤੇ ਐਸੇ ਜੋ ਪਹੁੰਚ ਗਏ ਟਿਕਾਣੇ ਤੇ। ਜਿਨ੍ਹਾਂ ਨੂੰ ਅਸੀਂ ਸੰਤ ਕਹਿ ਦਿੰਦੇ ਹਾ, ਬ੍ਰਹਮ ਗਿਆਨੀ ਕਹਿ ਦਿੰਦੇ ਹਾਂ, ਗੁਰਮੁਖ ਕਹਿ ਦਿੰਦੇ ਹਾਂ, ਭਗਤ ਕਹਿ ਦਿੰਦੇ ਹਾਂ, ਫਕੀਰ ਕਹਿ ਦਿੰਦੇ ਹਾਂ ਵਲੀ ਅੱਲਾ ਕਹਿ ਦਿੰਦੇ ਹਾਂ, ਪੈਗੰਬਰ ਕਹਿ ਦਿੰਦੇ ਹਾਂ, ਗੁਰੂ ਕਹਿ ਦਿੰਦੇ ਹਾਂ। ਇਹ ਉਹ ਪੁਰਸ਼ ਨੇ ਜੋ ਪਹੁੰਚ ਗਏ ਨੇ ਔਰ ਪਹੁੰਚ ਕੇ ਉਹ ਆਵਾਜ਼ ਮਾਰਦੇ ਨੇ, ਸੱਦਾ ਦਿੰਦੇ ਨੇ ਆ, ਛੇਤੀ ਆ:-

*ਤੁਮ ਘਰਿ ਆਵਹੁ ਮੇਰੇ ਮੀਤ॥*
*ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ॥ ਰਹਾਉ॥*

(ਅੰਗ ੬੭੮)

ਐ ਮੇਰੇ ਮਿੱਤਰ ਮਨ! ਆਪਣੇ ਘਰ ਵਿਚ ਆ, ਜ਼ਰੂਰ ਆ, ਕਿੱਥੇ ਤਕ ਭਟਕੇਂਗਾ। ਕਦੋਂ ਤਕ ਭਟਕੇਂਗਾ, ਆਪਣੇ ਘਰ ਵਿਚ ਆ। ਕਈ ਦਫ਼ਾ ਐਸਾ ਹੁੰਦਾ ਹੈ ਕਿ ਤਨ ਵੀ ਘਰ ਤਕ ਪਹੁੰਚਣ ਵਿਚ ਅਸਮਰਥ ਹੋ ਜਾਂਦਾ ਹੈ। ਜਿਵੇਂ ਤਨ ਬਿਮਾਰ ਹੋਵੇ ਤੇ ਰਸਤੇ ਵਿਚ ਹੋਵੇ, ਘਰ ਤਕ ਪਹੁੰਚਣਾ ਔਖਾ ਹੋ ਜਾਂਦਾ ਹੈ। ਜਾਂ ਤਨ ਬੇਸੁਰਤ ਹੋ ਜਾਏ, ਕਿਸੇ ਨਸ਼ੇ ਕਰਕੇ। ਫਿਰ ਭਟਕਣਾ ਹੈ, ਘਰ ਤਕ ਪਹੁੰਚਣਾ ਬੜਾ ਔਖਾ ਹੋ ਜਾਂਦਾ ਹੈ। ਜਿਹੜਾ ਮਨ ਅਨੰਤ ਜਨਮਾਂ ਤੋਂ ਭਟਕ ਰਿਹਾ ਹੈ ਇਹ ਆਪਣੇ ਘਰ ਤਕ ਨਹੀਂ ਪਹੁੰਚਿਆ। ਦੋ ਗੱਲਾਂ ਨੇ ਯਾ ਤੇ ਇਹ ਰੋਗੀ ਹੈ ਯਾ ਇਹ ਨਸ਼ੇ ਵਿਚ ਹੈ। ਦੋਹਾਂ ਵਿਚੋਂ ਇਕ ਗੱਲ ਜ਼ਰੂਰ ਹੈ। ਇਸ ਸਦੀ ਵਿਚ ਮਾਨਸਿਕ ਰੋਗ ਸ਼ਿਖਰ ਤੇ ਪਹੁੰਚ ਗਏ ਨੇ। ਬੁਲੰਦੀਆਂ ਤਕ ਪਹੁੰਚ ਗਏ ਨੇ। ਸ਼ਾਇਦ ਇਹੋ ਕਾਰਣ ਹੈ ਕਿ ਮਨ ਦਾ ਆਪਣੇ ਘਰ ਪਹੁੰਚਣਾ ਔਖਾ ਹੋ ਗਿਆ ਹੈ। ਸਾਹਿਬ ਕਹਿੰਦੇ ਨੇ ਤੂੰ ਆਪਣੇ ਘਰ ਆ ਤੇ ਸਹੀ:-

*ਤੁਮ ਘਰਿ ਆਵਹੁ ਮੇਰੇ ਮੀਤ॥*

ਆਪਣੇ ਘਰ ਆਉ:-

*ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ॥ ਰਹਾਉ॥*

ਤੇਰਾ ਇਤਨਾ ਹੀ ਕੰਮ ਹੈ, ਘਰ ਵਿਚ ਆ ਜਾਣਾ, ਪਾਪ ਤੇਰੇ ਉਹ ਆਪੇ ਦੂਰ ਕਰ ਦੇਵੇਗਾ। ਰਸਤੇ ਵਿਚ ਇਹ ਗੁਨਾਹ ਦੂਰ ਨਹੀਂ ਹੋਣਗੇ। ਪਹੁੰਚ ਕੇ ਹੀ ਸਾਰੇ ਦੂਰ ਹੋ ਜਾਣਗੇ। ਸਾਰੇ ਹੀ ਦੁੱਖ ਮਿਟ ਜਾਣਗੇ। ਸਾਰੇ ਹੀ ਸੰਤਾਪ ਮਿਟ ਜਾਣਗੇ।

ਇਸ ਲਈ ਕੁਛ ਤੇ ਉਹ ਨੇ ਜੋ ਪਹੁੰਚ ਗਏ ਨੇ, ਕੁਛ ਉਹ ਨੇ ਜਿਨ੍ਹਾਂ ਨੇ ਦਰਵਾਜ਼ੇ ਤੇ ਦਸਤਕ ਦੇ ਦਿੱਤੀ ਹੈ। ਦਰ ਤਕ ਪਹੁੰਚੇ ਨੇ, ਘਰ ਤਕ ਨਹੀਂ। ਦਰ, ਘਰ। ਦੋਹਾਂ ਦਾ ਜ਼ਿਕਰ ਆਉਂਦਾ ਹੈ ਬਾਣੀ ਵਿਚ:-

*ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥* (ਅੰਗ ੬)

ਉਹ ਦਰ ਕੈਸਾ ਹੈ, ਉਹ ਘਰ ਕੈਸਾ ਹੈ, ਹੇ ਪ੍ਰਭੂ ! ਜਿੱਥੇ ਬੈਠ ਕੇ ਤੂੰ ਤਮਾਮ ਜਗਤ ਦੇ ਜੀਵਾਂ ਦੀ ਸੰਭਾਲ ਕਰਦਾ ਹੈਂ। ਖੰਡਾਂ ਬ੍ਰਹਿਮੰਡਾਂ ਦੀ ਦੇਖ-ਰੇਖ ਕਰਦਾ ਹੈਂ। ਉਹ ਦਰ ਕੈਸਾ ਹੈ,

ਉਹ ਘਰ ਕੈਸਾ ਹੈ। ਘਰ ਤਕ ਪਹੁੰਚਣ ਵਾਸਤੇ ਪਹਿਲੇ ਉਸ ਦੇ ਦਰ ਤਕ ਪਹੁੰਚਣਾ ਹੈ। ਉਸ ਪੁਰਖ ਤਕ ਪਹੁੰਚਣ ਵਾਸਤੇ ਪਹਿਲੇ ਉਸ ਦੇ ਦਰ ਤਕ ਪਹੁੰਚਣਾ ਹੁੰਦਾ ਹੈ। ਰਹਰਾਸਿ ਸਾਹਿਬ ਦੀ ਬਾਣੀ ਵਿਚ ਦੋ ਸ਼ਬਦ ਨੇ ਅਤੇ ਦੋਨਾਂ ਦਾ ਅ ਨਵਾਨ ਹੈ, ਇਕ ਦਾ 'ਸੋ ਦਰੁ' ਅਤੇ ਦੂਜੇ ਦਾ 'ਸੋ ਪੁਰਖੁ'। ਇਕ ਸ਼ਬਦ ਗੁਰੂ ਨਾਨਕ ਦੇਵ ਜੀ ਦਾ ਹੈ, ਦੂਸਰਾ ਧੰਨ ਗੁਰੂ ਰਾਮਦਾਸ ਜੀ ਦਾ ਹੈ। **ਸੋ ਦਰੁ** ਅਤੇ ਦੂਜੇ ਦਾ **ਸੋ ਪੁਰਖੁ**। ਇਸ ਤੋਂ ਪਹਿਲੇ ਤਾਂ ਸੋ ਦਰੁ ਤਕ ਪਹੁੰਚਣਾ ਪਵੇਗਾ। ਜੋ ਦਰ ਤਕ ਨਹੀਂ ਪਹੁੰਚਿਆ ਉਹ ਘਰ ਤਕ ਕਿਵੇਂ ਪਹੁੰਚੇਗਾ? ਜੋ ਦਰ ਤਕ ਨਹੀਂ ਪਹੁੰਚਿਆ ਉਹ ਪਰਮਾਤਮਾ ਤਕ ਕਿਵੇਂ ਪਹੁੰਚੇਗਾ? **ਸੋ ਦਰੁ, ਸੋ ਪੁਰਖੁ**। ਉਹਨਾਂ ਨੂੰ ਸ਼ਾਇਦ ਜ਼ਿਆਦਾ ਸੂਝ ਤੇ ਸਮਝ ਆਵੇ ਜਿੰਨ੍ਹਾਂ ਨੂੰ ਰਹਰਾਸਿ ਸਾਹਿਬ ਜੀ ਦਾ ਪਾਠ ਕੰਠ ਹੈ ਯਾ ਪੜ੍ਹਦੇ ਨੇ। ਨਹੀਂ ਕੰਠ ਤੇ ਕਮ-ਅਜ਼-ਕਮ ਪੜ੍ਹਦੇ ਨੇ। ਉਹਨਾਂ ਦੇ ਸਾਹਮਣੇ ਦੋ ਸ਼ਬਦ ਆਏ ਹੋਣਗੇ, ਸੋ ਦਰੁ, ਸੋ ਪੁਰਖੁ। ਸੋ ਦਰੁ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਗ਼ਾਲਬਨ ਤਿੰਨ ਥਾਵਾਂ ਤੇ ਆਇਆ ਹੈ। ਜਪੁਜੀ ਸਾਹਿਬ ਵਿਚ, ਰਹਰਾਸਿ ਸਾਹਿਬ ਵਿਚ ਅਤੇ ਫਿਰ ਆਸਾ ਰਾਗ ਵਿਚ। ਸ਼ਬਦ ਇਕੋ ਹੀ ਹੈ, ਥੋੜਾ ਜਿਹਾ ਲਗਾਂ ਮਾਤਰਾਂ ਦੇ ਭੇਦ ਨਾਲ ਬਾਰ-ਬਾਰ ਰਿਪੀਟ (Repeat) ਕੀਤਾ ਗਿਆ ਹੈ। ਐਸਾ ਕਿਉਂ? ਦਰਅਸਲ ਗੁਰੂ ਸਾਹਿਬ ਦੀ ਕੋਸ਼ਿਸ਼ ਹੈ ਦਰ ਤਕ ਪਹੁੰਚਣਾ, ਗੁਰੂ ਦਰ ਤਕ ਪਹੁੰਚਾਉਂਦਾ ਹੈ। ਘਰ ਤਕ ਪਹੁੰਚਣਾ ਹੈ, ਇਹ ਪ੍ਰਭੂ ਦੀ ਕਿਰਪਾ। ਉਹ ਦਰਵਾਜ਼ਾ ਉਸ ਨੇ ਆਪ ਖੋਲ੍ਹਣਾ ਹੈ। ਕਬੀਰ ਜੀ ਕਹਿੰਦੇ ਨੇ:-

***ਦਰਮਾਦੇ ਠਾਢੇ ਦਰਬਾਰਿ॥*** (ਅੰਗ ੬੫੬)

ਦਰਮਾਦੇ, ਦਰ ਤੇ, ਠਾਢੇ, ਤੇਰੇ ਦਰ ਤੇ ਮੈਂ ਖੜਾ ਹਾਂ। ਦਰਮਾਦੇ, ਯੂ.ਪੀ., ਰਾਜਸਥਾਨੀ ਭਾਸ਼ਾ ਦਾ ਸ਼ਬਦ ਹੈ, ਦਰਮਾਂਦੇ, ਤੇਰੇ ਦਰ ਤੇ। ਠਾਢੇ ਕਹਿੰਦੇ ਨੇ, ਖੜੇ ਨੂੰ।

***ਦਰਮਾਦੇ ਠਾਢੇ ਦਰਬਾਰਿ॥***

ਹੇ ਪ੍ਰਭੂ! ਹੇ ਅਕਾਲ ਪੁਰਖ ਮੈਂ ਤੇਰੇ ਦਰ ਤੇ ਆਇਆ ਹਾਂ, ਖੜਾ ਹਾਂ, ਜੋਦੜੀ ਕਰ ਰਿਹਾ ਹਾਂ।

***ਤੁਝ ਬਿਨੁ ਸੁਰਤਿ ਕਰੈ ਕੋ ਮੇਰੀ***
***ਦਰਸਨੁ ਦੀਜੈ ਖੋਲ੍ਹਿ ਕਿਵਾਰ॥ ੧॥ ਰਹਾਉ॥***

ਕਿਵਾਰ, ਮਤਲਬ ਦਰਵਾਜ਼ੇ। ਤੈਥੋਂ ਬਿਨਾਂ ਮੇਰੀ ਸਾਰ ਕੌਣ ਲਵੇਗਾ, ਦਰਵਾਜ਼ਾ ਕੌਣ ਖੋਲ੍ਹੇਗਾ। ਤਾਂਕਿ ਮੈਂ ਤੈਨੂੰ ਦੇਖ ਸਕਾਂ, ਤਾਕਿ ਮੈਂ ਤੇਰਾ ਅਨੰਦ ਮਾਣਾਂ। ਇਹ ਦਰਵਾਜ਼ਾ ਕਿਧਰੇ ਲੋਹੇ ਦਾ, ਲੱਕੜ ਦਾ, ਸੋਨੇ ਚਾਂਦੀ ਦਾ ਨਾ ਸਮਝ ਲੈਣਾ। ਇਹ ਦਰਵਾਜ਼ਾ ਕਿਧਰੇ ਬਾਹਰ ਵੀ ਨਾ ਸਮਝ ਲੈਣਾ। ਫ਼ਰਿਆਦ ਕਰਨ ਦੀ ਲੋੜ ਨਹੀਂ, ਬੂਹੇ ਖੁਲ੍ਹੇ ਨੇ, ਮੰਦਰਾਂ ਦੇ ਬੂਹੇ ਖੁਲ੍ਹੇ ਨੇ, ਮਸਜਿਦਾਂ ਦੇ ਬੂਹੇ ਖੁਲ੍ਹੇ ਨੇ, ਗੁਰਦੁਆਰਿਆਂ ਦੇ ਬੂਹੇ ਖੁਲ੍ਹੇ ਨੇ। ਪਰ ਜਿਸ ਦਰ ਦੀ ਗੁਰੂ ਨਾਨਕ ਦੇਵ ਜੀ ਮਹਾਰਾਜ ਗੱਲ ਕਰਦੇ ਨੇ, ਮੈਂ ਉਹਨਾਂ ਦੀ ਬਾਣੀ ਨੂੰ ਮੁਖ ਰੱਖ ਕੇ ਤੁਹਾਡੇ ਸਾਹਮਣੇ ਖੁਲਾਸਾ ਕਰਨ ਲੱਗਾ ਹਾਂ। ਜਿੱਥੇ ਇਹ ਸੋ ਦਰੁ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਤਿੰਨ ਦਫ਼ਾ ਆਉਂਦਾ ਹੈ, ਇਸੇ ਹੀ ਖਿਆਲ ਦਾ ਇਕ ਹੋਰ ਸ਼ਬਦ ਰਾਮਕਲੀ ਰਾਗ ਦੇ ਵਿਚ ਵੀ ਆਉਂਦਾ ਹੈ:-

*ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ॥*

(ਅੰਗ ੮੭੭)

ਹੇ ਪ੍ਰਭੂ ! ਜਿੱਥੇ ਤੂੰ ਵਸਦਾ ਹੈਂ, ਉਹ ਦਰ ਕਿੱਥੇ ਹੈ ? ਕਿਹੜੀ ਥਾਂ ਤੇ ਹੈ ?

*ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ....॥*

ਉਸ ਦਰ ਨੂੰ ਕੀ ਆਖਦੇ ਨੇ, ਕਿੱਥੇ ਹੈ ?

*ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ॥*
*ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ॥ ੧॥* (ਅੰਗ ੮੭੭)

ਉਦਾਸ ਹੋ ਕੇ ਜਿਸ ਦਰ ਦੀ ਮੈਂ ਤਲਾਸ਼ ਕਰ ਰਿਹਾ ਹਾਂ, ਕੋਈ ਤੇ ਮੈਨੂੰ ਦੱਸੇ ਕਿ ਉਹ ਦਰ ਕਿੱਥੇ ਹੈ, ਕਿਹੜੀ ਥਾਂ ਤੇ ਹੈ। ਇੱਥੇ ਵੀ ਦਰ ਦੀ ਗੱਲ। ਫਿਰ ਘਰ ਦੀ ਗੱਲ। ਜਿਸ ਅਸਥਾਨ ਤੇ ਤੁਸੀਂ ਬੈਠੇ ਹੋ (ਭਾਵ ਗੁਰਦੁਆਰੇ), ਸਤਿਗੁਰਾਂ ਨੇ ਇਸ ਨੂੰ ਨਾਮ ਦਿੱਤਾ ਹੈ ਗੁਰੂਦੁਆਰਾ, ਭਾਵੇਂ ਕਈ ਸੱਜਣ ਕਹਿੰਦੇ ਨੇ ਗੁਰੂ ਘਰ। ਪਰਾਚੀਨ ਸ਼ਬਦ ਹੈ ਗੁਰੂਦੁਆਰਾ ਔਰ ਬਾਣੀ ਵਿਚ ਵੀ ਐਸਾ ਹੈ।

*ਗੁਰੂ ਦੁਆਰੈ ਹੋਇ ਸੋਝੀ ਪਾਇਸੀ॥ ਏਤੁ ਦੁਆਰੈ ਧੋਇ ਹਛਾ ਹੋਇਸੀ॥*

(ਅੰਗ ੭੩੦)

ਅਸੀਂ ਸਾਰੇ ਦਰ ਤੇ ਬੈਠੇ ਹਾਂ, ਘਰ ਵਿਚ ਨਹੀਂ। ਦਰ ਤਕ ਸਾਡਾ ਤਨ ਪਹੁੰਚੇਗਾ, ਘਰ ਤਕ ਸਾਡਾ ਮਨ ਪਹੁੰਚੇਗਾ। ਦਰ ਤਕ ਜੋ ਆ ਗਿਆ ਉਸ ਦੀ ਹਾਜ਼ਰੀ ਲਗ ਗਈ, ਘਰ ਤਕ ਜੋ ਪਹੁੰਚ ਗਿਆ ਉਹ ਹਜ਼ੂਰੀ ਵਿਚ ਪਹੁੰਚ ਗਿਆ। ਹਾਜ਼ਰੀ ਭਰਨੀ ਹੋਰ ਗੱਲ ਹੈ, ਹਜ਼ੂਰੀ ਵਿਚ ਚਲੇ ਜਾਣਾ ਹੋਰ ਗੱਲ ਹੈ। **ਜੋ ਦਰ ਤਕ ਆ ਗਿਆ ਹਾਜ਼ਰੀ, ਜੋ ਘਰ ਤਕ ਪਹੁੰਚ ਗਿਆ, ਹਜ਼ੂਰੀ।** ਪਰ ਅਸਲੀ ਹਾਜ਼ਰੀ ਤੇ ਹਜ਼ੂਰੀ ਵਿਚ ਹੈ। ਸ਼ਾਇਦ ਇਸੇ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਰਸਨਾ ਚੋਂ ਨਿਕਲ ਗਿਆ ਸੀ, ਹਾਜ਼ਰ ਗੈਰਹਾਜ਼ਰ, ਗੈਰਹਾਜ਼ਰ ਹਾਜ਼ਰ, ਸਾਖੀ ਹੈ। ਹਾਜ਼ਰ ਗੈਰਹਾਜ਼ਰ, ਇਹ ਤੇ ਦਰ ਤਕ ਪਹੁੰਚੇ ਨੇ, ਘਰ ਤਕ ਕੋਈ ਵੀ ਨਹੀਂ। ਸਿਰਫ ਦਰ ਤਕ, ਘਰ ਤਕ ਇਹਨਾਂ ਦੀ ਗੰਮਤਾ ਨਹੀਂ ਹੈ। ਘਰ ਤਕ ਇਹਨਾਂ ਦੀ ਪਹੁੰਚ ਨਹੀਂ ਹੈ। ਇਸ ਲਈ:-

*ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ...॥*

ਬਹੁਤ ਸੋਹਣਾ ਨਾਮ ਦਿੱਤਾ ਹੈ ਦਰ। ਆਪਾਂ ਗੁਰੂ ਦੇ ਦਰ ਤੇ ਹੀ ਬੈਠੇ ਹਾਂ ਔਰ ਇਹ ਦਰ ਖੁਲ੍ਹੇ ਤੇ ਪਹੁੰਚ ਜਾਈਏ ਪ੍ਰਭੂ ਦੇ ਘਰ, ਪਰਮਾਤਮਾ ਦੇ ਘਰ। ਗੁਰੂ ਦਰਵਾਜ਼ਾ ਹੈ, ਗੁਰੂ ਦਰ ਹੈ। ਕਬੀਰ ਜੀ ਕਹਿੰਦੇ ਨੇ:-

*ਦਰਮਾਦੇ ਠਾਢੇ ਦਰਬਾਰਿ॥*
*ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ॥ ੧॥ ਰਹਾਉ॥*

(ਅੰਗ ੮੫੬)

ਹੇ ਪ੍ਰਭੂ ! ਤੇਰੇ ਦਰ ਤੇ ਮੈਂ ਖੜਾ ਹਾਂ, ਪਹੁੰਚ ਗਿਆ ਹਾਂ। ਇਹ ਪਹੁੰਚੇ ਹੋਏ ਪੁਰਸ਼ਾਂ ਦੀ ਗੱਲ ਹੈ। ਕੋਈ ਭਗਤ, ਕੋਈ ਸੰਤ, ਕੋਈ ਗੁਰਮੁਖ, ਕੋਈ ਬ੍ਰਹਮ ਗਿਆਨੀ ਪਹੁੰਚ ਗਿਆ ਹੈ ਦਰ ਤੇ ਔਰ ਪਹੁੰਚ ਗਿਆ ਹੈ ਕੋਈ ਘਰ। ਕੁਛ ਐਸੇ ਨੇ ਅੱਧ ਵਿਚਕਾਰ ਨੇ। ਇਕ ਕਦਮ ਅੱਗੇ ਚਲਦੇ ਨੇ ਫਿਰ ਇਕ ਕਦਮ ਪਿੱਛੇ ਵੀ ਮੁੜ ਜਾਂਦੇ ਨੇ। ਹੁਣ ਸਾਲਾਂ-ਬੱਧੀ ਦੇਖੀਏ ਤਾਂ ਓਥੇ ਹੀ ਨੇ, ਅੱਗੇ ਨਹੀਂ ਗਏ। ਪਿੱਛੇ ਵੀ ਨਹੀਂ ਮੁੜੇ, ਓਥੇ ਦੇ ਓਥੇ ਨੇ। ਇਕ ਕਦਮ ਅੱਗੇ ਚਲਦੇ ਨੇ ਔਰ ਇਕ ਕਦਮ ਪਿੱਛੇ। ਥੋੜਾ ਜਿਹਾ ਰਸਨਾ ਨਾਲ ਜਪ ਕਰ ਲਿਆ, ਥੋੜਾ ਜਿਹਾ ਝੂਠ ਬੋਲ ਲਿਆ। ਥੋੜੀ ਜਿਹੀ ਸੇਵਾ ਕਰ ਲਈ, ਥੋੜੀ ਜਿਹੀ ਕਠੋਰਤਾ। ਥੋੜਾ ਜਿਹਾ ਸਤਸੰਗ ਕਰ ਲਿਆ, ਥੋੜੀ ਜਿਹੀ ਕੁਸੰਗਤ ਕਰ ਲਈ। ਗੁਟਕਾ ਹੱਥ ਵਿਚ ਆਇਆ ਬਾਣੀ ਪੜ੍ਹ ਲਈ। ਗੰਦਾ ਨਾਵਲ ਹੱਥ ਵਿਚ ਆਇਆ, ਗੰਦਾ ਲਿਟਰੇਚਰ ਉਹ ਪੜ੍ਹ ਲਿਆ। ਕਥਾ ਕੀਰਤਨ ਤੋਂ ਪ੍ਰੇਰਨਾ ਮਿਲੀ, ਅੰਮ੍ਰਿਤ ਛਕ ਲਿਆ, ਕੁਸੰਗਤ ਤੋਂ ਪ੍ਰੇਰਨਾ ਮਿਲੀ ਸ਼ਰਾਬ ਵੀ ਪੀ ਲਈ। ਦਾਨ ਵੀ ਕਰ ਛੱਡਿਆ, ਨਾਲ ਬੇਈਮਾਨੀ ਵੀ ਕਰ ਛੱਡੀ। ਸੱਚ ਵੀ ਬੋਲ ਲਿਆ ਹੈ, ਝੂਠ ਵੀ ਬੋਲ ਲਿਆ ਹੈ। ਇਹਨਾਂ ਨੂੰ ਕਹਿੰਦੇ ਨੇ ਇਕ ਕਦਮ ਅੱਗੇ ਇਕ ਕਦਮ ਪਿੱਛੇ। ਕਦੀ ਸਤਸੰਗ ਵਿਚ ਬੈਠੇ ਨੇ, ਕਦੀ ਕੁਸੰਗਤ ਵਿਚ। ਤੁਸੀਂ ਅਕਸਰ ਦੇਖੋਗੇ, ਜਿਹੜੇ ਦਾਨ ਕਰਦੇ ਨੇ, ਅਕਸਰ ਓਹੀ ਬੇਈਮਾਨੀ ਵੀ ਕਰਦੇ ਨੇ। ਜੋ ਸਤਸੰਗ ਵਿਚ ਬੈਠੇ ਹੁੰਦੇ ਨੇ, ਕਿਸੇ ਵਕਤ ਦੇਖਦੇ ਹਾਂ ਇਹੀ ਕੁਸੰਗਤ ਵਿਚ ਬੈਠੇ ਨੇ। ਜੋ ਮਿੱਠਾ ਬੋਲਦੇ ਪਏ ਨੇ, ਇਹੀ ਕੌੜਾ ਪਏ ਬੋਲਦੇ ਨੇ। ਜੋ ਸੱਚ ਬੋਲਦੇ ਪਏ ਨੇ, ਇਹੀ ਝੂਠ ਬੋਲਦੇ ਪਏ ਨੇ। ਜਿਨ੍ਹਾਂ ਦੇ ਹੱਥ ਵਿਚ ਧਰਮ ਗ੍ਰੰਥ ਨੇ ਤੇ ਪੜ੍ਹਦੇ ਪਏ ਨੇ, ਇਹਨਾਂ ਦੇ ਹੱਥ ਵਿਚ ਹੀ ਗੰਦਾ ਸਾਹਿਤ ਹੈ, ਗੰਦਾ ਲਿਟਰੇਚਰ ਹੈ ਜੋ ਪੜ੍ਹਦੇ ਪਏ ਨੇ। ਬੰਦਾ ਤੇ ਓਹੀ ਹੈ, ਐਸਾ ਕਿਉਂ? ਇਕ ਕਦਮ ਅੱਗੇ, ਇਕ ਕਦਮ ਪਿੱਛੇ। ਅਗਰ ਕੋਈ ਸਾਰੀ ਜ਼ਿੰਦਗੀ ਚਲੇ ਤੇ ਕਿੱਥੇ ਪਹੁੰਚੇਗਾ? ਕਿਧਰੇ ਵੀ ਨਹੀਂ। ਓਥੇ ਦਾ ਓਥੇ ਹੀ ਰਹੇਗਾ।

ਇਸ ਵਾਸਤੇ ਦੇਖੀਦਾ ਹੈ ਕਿ ਕਈ ਬਜ਼ੁਰਗ ਹੋ ਗਏ ਨੇ, ਬੁੱਢੇ ਵੀ ਹੋ ਗਏ ਨੇ। ਚਲ ਚਲ ਕੇ ਥੱਕੇ ਵੀ ਬੜੇ ਨੇ, ਟੁੱਟੇ ਵੀ ਬੜੇ ਨੇ, ਪਰ ਪਹੁੰਚੇ ਨਹੀਂ, ਓਥੇ ਦੇ ਓਥੇ ਹੀ ਨੇ। ਥਕੇਵਾਂ ਬਹੁਤ ਹੋ ਗਿਆ ਹੈ ਇਹਨਾਂ ਨੂੰ, ਅਕੇਵਾਂ ਬਹੁਤ ਹੋ ਗਿਆ ਹੈ, ਕਿਉਂਕਿ ਥਕੇਵਾਂ ਅਕੇਵੇਂ ਨੂੰ ਪੈਦਾ ਕਰਦਾ ਹੈ। ਅੱਕ ਗਏ ਨੇ ਥੱਕ ਗਏ ਨੇ, ਲੇਕਿਨ ਪਹੁੰਚੇ ਨਹੀਂ। ਕਾਰਣ? ਇਕ ਕਦਮ ਅੱਗੇ, ਇਕ ਕਦਮ ਪਿੱਛੇ। ਚਲਦਿਆਂ-ਚਲਦਿਆਂ ਬੰਦਾ ਅੱਕੇਗਾ ਹੀ, ਥੱਕੇਗਾ ਹੀ, ਹੋਰ ਕੀ ਏ। ਕਦੇ ਸਤਸੰਗ ਵਿਚ, ਕਦੇ ਕੁਸੰਗ ਵਿਚ। ਕਦੇ ਸੱਚ ਬੋਲ ਲਿਆ, ਕਦੇ ਝੂਠ ਬੋਲ ਲਿਆ। ਕਦੇ ਧਰਮ ਗ੍ਰੰਥਾਂ ਦਾ ਪਾਠ ਕਰ ਲਿਆ, ਕਦੇ ਗੰਦੀਆਂ ਕਿਤਾਬਾਂ ਵਾਚ ਲਈਆਂ। ਕਦੀ ਦਾਨ ਕਰ ਛੱਡਿਆ, ਕਦੀ ਬੇਈਮਾਨੀ ਕਰ ਲਈ। ਕਦੀ ਮਿੱਠਾ ਬੋਲ ਲਿਆ, ਕਦੀ ਕੌੜਾ ਬੋਲ ਲਿਆ। ਕਦੀ ਦਇਆ ਕਰ ਲਈ, ਕਦੀ ਕਰੋਧ ਕਰ ਲਿਆ। ਹੈਰਾਨਗੀ ਹੁੰਦੀ ਹੈ, ਜਿਹੜਾ ਦਇਆ ਪਿਆ ਕਰਦਾ ਹੈ, ਏਹੀ ਕਿਸੇ ਵਕਤ ਕਰੋਧ ਪਿਆ ਕਰਦਾ ਹੈ। ਜੋ ਸੰਤੋਖੀ ਹੋ ਕੇ ਦਾਨ ਦੇ ਰਿਹਾ ਹੈ, ਇਹੀ ਬੇਈਮਾਨੀ ਕਰ ਰਿਹਾ ਹੈ। ਜੋ ਬੜਾ ਸੋਹਣਾ ਮਿੱਠਾ ਪਿਆ ਬੋਲਦਾ ਹੈ, ਇਹੀ ਕੌੜਾ ਬੋਲਣ ਲਗ ਪਿਆ ਹੈ। ਜੋ ਸਤਸੰਗ ਵਿਚ ਬੈਠਾ ਹੈ, ਇਹੀ ਕਿਸੇ ਵਕਤ ਕੁਸੰਗ ਵਿਚ ਹੈ। ਇਕ ਕਦਮ ਅੱਗੇ, ਇਕ ਕਦਮ ਪਿੱਛੇ। ਇਸ ਤਰ੍ਹਾਂ ਤੇ ਚਲ ਚਲ ਕੇ ਬੰਦਾ ਥੱਕੇਗਾ, ਅੱਕੇਗਾ ਅਤੇ ਕਿਧਰੇ ਪਹੁੰਚਣਾ ਕਠਿਨ ਹੋ ਜਾਂਦਾ ਹੈ, ਔਖਾ ਹੋ ਜਾਂਦਾ ਹੈ।

ਇਸ ਲਈ ਕੁਛ ਤੇ ਐਸੇ ਨੇ ਘਰ ਤਕ ਪਹੁੰਚ ਗਏ ਨੇ। ਕੁਛ ਐਸੇ ਨੇ ਜੋ ਦਰ ਤੇ ਖੜੇ

ਨੇ, ਕੁਛ ਐਸੇ ਨੇ ਅੱਠ ਕਦਮ ਹੀ ਚੱਲੇ ਨੇ। ਦੋ ਚਾਰ ਕਦਮ ਕਿਨ੍ਹਾਂ ਨੂੰ ਆਖਾਂਗੇ ਜਿਹੜੇ ਕਦੇ ਦੂਜੇ ਚੌਥੇ ਗੁਰਦੁਆਰੇ ਆ ਗਏ। ਕਦੀ ਕਦਾਈਂ ਬਾਣੀ ਪੜ੍ਹ ਲਈ। ਕਦੀ ਕਦਾਈਂ ਸੇਵਾ ਕਰ ਲਈ, ਕਦੀ ਕਦਾਈਂ ਦਾਨ ਪੁੰਨ ਕਰ ਲਿਆ, ਲੰਗਰ ਦੀ ਸੇਵਾ ਕਰ ਲਈ। ਦੋ ਚਾਰ ਕਦਮ ਹੀ ਚੱਲੇ ਨੇ। ਕੁੱਝ ਐਸੇ ਨੇ ਇਕ ਕਦਮ ਚੱਲੇ ਨੇ ਔਰ ਕੁਛ ਐਸੇ ਨੇ ਜੋ ਸਿਰਫ ਰਸਤਾ ਹੀ ਪੁਛਦੇ ਪਏ ਨੇ ਔਰ ਜ਼ਿੰਦਗੀ ਭਰ ਰਸਤਾ ਹੀ ਪੁਛਦੇ ਨੇ ਔਰ ਚਲਦੇ ਇਕ ਕਦਮ ਵੀ ਨਹੀਂ। ਭਾਈ ਗੁਰਦਾਸ ਜੀ ਸ਼ਾਇਦ ਇਹਨਾਂ ਦਾ ਹੀ ਜ਼ਿਕਰ ਕਰਦੇ ਨੇ:-

*ਪੂਛਤ ਪਥਿਕ ਤਿਹ ਮਾਰਗਿ ਨ ਧਾਰੈ ਪਗੁ,*
*ਪ੍ਰੀਤਮ ਕੇ ਦੇਸ ਕੈਸੇ ਬਾਤਨ ਕੈ ਜਾਈਐ॥* (ਕਬਿੱਤ ਭਾਈ ਗੁਰਦਾਸ ਜੀ)

ਜੀਵਨ ਭਰ ਪੁਛਦਾ ਰਹਿੰਦਾ ਹੈ ਨਾਮ ਕਿਵੇਂ ਜਪਾਂਗੇ। ਜੀਵਨ ਭਰ ਪੁਛਦਾ ਰਹਿੰਦਾ ਹੈ, ਇਸ ਸ਼ਬਦ ਦੇ ਕੀ ਅਰਥ ਨੇ, ਉਸ ਸ਼ਬਦ ਦੇ ਕੀ ਅਰਥ ਨੇ। ਜ਼ਿੰਦਗੀ ਭਰ ਪੁਛਦਾ ਰਹਿੰਦਾ ਹੈ ਕਿ ਨਾਮ ਕਿਵੇਂ ਜਪਾਂ, ਮਨ ਕਿਵੇਂ ਟਿਕੇ। ਮਾਰਗ ਤੇ ਚਲਦਾ ਨਹੀਂ ਤੇ ਪੁਛਦਿਆਂ-ਪੁਛਦਿਆਂ ਥੱਕ ਜਾਂਦਾ ਹੈ ਅੱਕ ਜਾਂਦਾ ਹੈ। ਕੁਛ ਐਸੇ ਨੇ ਪੁਛਦੇ ਨੇ, ਇਕ ਕਦਮ ਚਲਦੇ ਨੇ, ਫਿਰ ਦੂਸਰਾ ਰਸਤਾ ਪਕੜ ਲੈਂਦੇ ਨੇ, ਫਿਰ ਤੀਸਰਾ। ਅੱਜ ਗੁਰਮਤਿ ਦਾ ਮਾਰਗ ਅਪਨਾਇਆ, ਕਲ੍ਹ ਰਾਧਾ ਸੁਆਮੀ ਹੋ ਗਏ, ਪਰਸੋਂ ਨਿਰੰਕਾਰੀ ਹੋ ਗਏ, ਇਕ ਦਿਨ ਕਿਲ੍ਹੇਵਾਲੇ ਹੋ ਗਏ, ਇਕ ਦਿਨ ਨਾਮਧਾਰੀ ਹੋ ਗਏ। ਇਕ ਦਿਨ ਫਲਾਣੇ ਡੇਰੇ, ਇਕ ਦਿਨ ਫਲਾਣੇ ਡੇਰੇ। ਮੈਂ ਤੇ ਸੁਣ ਕੇ ਹੈਰਾਨ ਹੋ ਜਾਂਦਾ ਹਾਂ, ਕਹਿੰਦੇ ਨੇ ਸਾਡੇ ਤੇ ਫਲਾਣੇ ਦੀ ਬਖਸ਼ਿਸ਼ ਹੋਈ ਹੈ। ਇਹਦਾ ਮਤਲਬ ਗੁਰੂ ਦੀ ਕੋਈ ਬਖਸ਼ਿਸ਼ ਨਹੀਂ। ਅਸਲ ਵਿਚ ਸਮਝ ਨਹੀਂ ਹੈ। ਸਤਿਗੁਰੂ ਦੀ ਬਾਣੀ ਦਾ ਫੈਸਲਾ।

*ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ ਸਭ ਕਰੇ ਕਰਾਇਆ ॥*
(ਅੰਗ ੧੬੮)

ਮਤਾਂ ਤੂੰ ਜਾਣੇ ਕਿ ਕਿਸੇ ਦੇ ਹੱਥ ਵਿਚ ਕੁੱਝ ਹੈ, ਕਿਸੇ ਦੇ ਹੱਥ ਵਿਚ ਕੁੱਝ ਨਹੀਂ ਹੈ।

*ਦਾਤੇ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ॥*
(ਅੰਗ ੬੦੪)

ਕਿਸੇ ਦੇ ਹੱਥ ਵਿਚ ਕੁੱਝ ਵੀ ਨਹੀਂ ਹੈ। ਜੋ ਕੁਛ ਵੀ ਹੈ ਦਾਤੇ ਦੇ ਹੱਥ ਵਿਚ ਹੈ, ਅਕਾਲ ਪੁਰਖ ਦੇ ਹੱਥ ਵਿਚ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ:-

*ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ ਸਭ ਕਰੇ ਕਰਾਇਆ॥*
*ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ*
*ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ॥* (ਅੰਗ ੧੬੮)

ਗੱਲ ਸਪੱਸ਼ਟ ਹੋ ਗਈ। ਬਿਨਾਂ ਹਰੀ ਤੋਂ ਕੁਛ ਵੀ ਨਹੀਂ ਹੈ। ਮਹਾਂਪੁਰਖ ਉਹ ਹੈ ਜੋ ਹਰੀ ਦੇ ਹੱਥਾਂ ਦੀ ਤਰਫ ਇਸ਼ਾਰਾ ਕਰ ਦੇਵੇ, ਬਈ ਉਹਦੇ ਹੱਥਾਂ ਵਿਚ ਹੀ ਸਭ ਕੁਛ ਹੈ। ਗੁਰਮੁਖ ਓਹੀ ਹੈ, ਜਿਹੜਾ ਇਹ ਆਖ ਦੇਵੇ ਕਿ ਪ੍ਰਭੂ ਦੇ ਹੱਥਾਂ ਵਿਚ ਹੀ ਸਭ ਕੁਛ ਹੈ। ਸੰਤ ਓਹੀ ਹੈ,

ਜੋ ਕਹਿ ਦੇਵੇ ਅਕਾਲ ਪੁਰਖ ਦੇ ਹੱਥਾਂ ਵਿਚ ਹੀ ਸਭ ਕੁਛ ਹੈ। ਪਾਖੰਡੀ ਓਹੀ ਹੈ ਜਿਹੜਾ ਕਹਿ ਦੇਵੇ, ਮੇਰੇ ਹੱਥਾਂ ਵਿਚ ਹੀ ਸਭ ਕੁੱਝ ਹੈ। ਮੈਂ ਧਾਗੇ ਤਾਵੀਜ਼ ਦੇਣੇ ਨੇ, ਮੈਂ ਹੀ ਸਭ ਕੁਛ ਦੇ ਸਕਦਾ ਹਾਂ। ਬਸ ਇਹ ਪਰਮਾਤਮਾ ਦੇ ਵਿਚਕਾਰ ਦੀਵਾਰ ਬਣ ਕੇ ਖੜਾ ਹੋ ਗਿਆ ਹੈ ਅਤੇ ਇਹਨਾਂ ਦੀਵਾਰਾਂ ਨੇ ਮਨੁੱਖਾਂ ਨੂੰ ਅੱਜ ਤਕ ਪਰਮਾਤਮਾ ਤਕ ਨਹੀਂ ਪੁੱਜਣ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਨੇ:-

*ਜਿਨਿ ਜਿਨਿ ਤਨਿਕ ਸਿੱਧ ਕੋ ਪਾਯੋ॥*
*ਤਿਨ ਤਿਨ ਅਪਨਾ ਰਾਹੁ ਚਲਾਯੋ॥* (ਚੌਪਈ)

ਥੋੜੀ ਜਿਹੀ ਸਿੱਧੀ ਮਿਲ ਗਈ, ਆਪਣਾ ਇਕ ਮਾਰਗ ਚਲਾ ਲਿਆ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੇ ਇੱਥੋਂ ਤਕ ਕਹਿੰਦੇ ਨੇ:-

*ਜੋ ਹਮ ਕੋ ਪਰਮੇਸਰ ਉਚਰਿ ਹੈਂ॥ ਤੇ ਸਭ ਨਰਕਿ ਕੁੰਡ ਮਹਿ ਪਰਿ ਹੈਂ॥*
(ਅੰਗ ੩੨)

ਜਿਹੜਾ ਮੈਨੂੰ ਹੀ ਸਭ ਕੁਛ ਮੰਨ ਲਵੇਗਾ ਅਤੇ ਪਰਮਾਤਮਾ ਆਖੇਗਾ, ਕੁੰਭੀ ਨਰਕ ਵਿਚ ਜਾਵੇਗਾ। ਫਿਰ ਮਹਾਰਾਜ ਤੁਸੀਂ ਕੌਣ ਹੋ:-

*ਮੋ ਕੌ ਦਾਸੁ ਤਵਨ ਕਾ ਜਾਨੋ॥ ਯਾ ਮੈ ਭੇਦੁ ਨ ਰੰਚ ਪਛਾਨੋ॥ ੩੨॥*
*ਮੈ ਹੋ ਪਰਮ ਪੁਰਖ ਕੋ ਦਾਸਾ॥ ਦੇਖਨਿ ਆਯੋ ਜਗਤ ਤਮਾਸਾ॥* (ਚੌਪਈ)

ਉਸ ਪਰਮ ਪੁਰਖ ਦਾ ਮੈਂ ਸੇਵਕ ਹਾਂ, ਦਾਸ ਹਾਂ। ਸੇਵਕ ਦੀ ਇਹ ਪਹਿਚਾਣ ਹੁੰਦੀ ਹੈ, ਉਹ ਆਪਣੇ ਸੁਆਮੀ ਦੀ ਤਰਫ ਇਸ਼ਾਰਾ ਕਰਦਾ ਹੈ। ਦਾਸ ਦੀ ਇਹ ਪਹਿਚਾਣ ਹੁੰਦੀ ਹੈ ਉਹ ਆਪਣੇ ਮਾਲਿਕ ਦੀ ਤਰਫ ਇਸ਼ਾਰਾ ਕਰਦਾ ਹੈ। ਗੁਰਮੁਖ ਦੀ, ਸੰਤ ਦੀ ਇਹ ਵਡਿਆਈ ਹੈ, ਜਿਸ ਦੇ ਹੱਥਾਂ ਵਿਚ ਸਾਰਾ ਕੁਛ ਹੈ, ਉਸ ਦੇ ਹੱਥਾਂ ਦੀ ਤਰਫ ਇਸ਼ਾਰਾ ਕਰਦਾ ਹੈ ਅਤੇ ਜਿਹੜਾ ਆਖੇ ਸਭ ਕੁਛ ਮੇਰੇ ਹੱਥਾਂ ਵਿਚ ਹੈ, ਭੁਲੇਖਾ ਪਾ ਰਿਹਾ ਹੈ। ਇੱਥੋਂ ਫਿਰ ਵੱਖ-ਵੱਖ ਅਨੇਕਾਂ ਰਸਤੇ ਬਣ ਜਾਂਦੇ ਨੇ। ਅਨੰਤ ਰਸਤੇ ਔਰ ਲੋਕੀਂ ਰਸਤਿਆਂ ਵਿਚ ਹੀ ਭਟਕਦੇ ਰਹਿ ਜਾਂਦੇ ਨੇ। ਇਕ ਆਲਮ ਦਾ ਕਹਿਣਾ ਹੈ ਕਿ ਮਨੁੱਖ ਦੀ ਜ਼ਿੰਦਗੀ ਇਸ ਤਰ੍ਹਾਂ ਬਤੀਤ ਹੋ ਜਾਂਦੀ ਹੈ। ਕਿਸ ਤਰ੍ਹਾਂ, ਬਹੁਤ ਸੁੰਦਰ ਉਸ ਨੇ ਲਿਖਿਆ ਹੈ:-

ਸੋਤੇ ਮੇਂ ਕਟ ਗਈ, ਕੁਛ ਆਹੋਂ ਮੇਂ ਕਟ ਗਈ।
ਰੋਤੇ ਮੇਂ ਕਟ ਗਈ, ਕੁਛ ਗੁਨਾਹੋਂ ਮੇਂ ਕਟ ਗਈ।
ਮੰਜ਼ਿਲ ਪਰ ਚਲਨੇ ਵਾਲੇ, ਮੰਜ਼ਿਲ ਪੇ ਜਾ ਰਹੇ,
ਰਾਹੇਂ ਬਦਲਨੇ ਵਾਲੋਂ ਕੀ, ਰਾਹੋਂ ਮੇਂ ਕਟ ਗਈ।

ਜੋ ਰਸਤੇ ਬਦਲਦੇ ਰਹੇ, ਰਸਤਿਆਂ ਵਿਚ ਹੀ ਰਹਿ ਗਏ। ਅੱਜ ਇਹ ਰਸਤਾ, ਕਲ੍ਹ ਉਹ ਰਸਤਾ। ਅੱਜ ਇਸ ਸੰਤ ਨੇ ਇਹ ਦੱਸਿਆ ਜੀ, ਫਲਾਣੇ ਸੰਤ ਨੇ ਇਹ ਦੱਸਿਆ ਸੀ।

ਮਾਰਗ ਪਰਮਾਤਮਾ ਨੇ ਬਣਾਇਆ ਹੈ, ਰੂਲ ਵੀ ਪਰਮਾਤਮਾ ਨੇ ਬਣਾਏ ਨੇ, ਗੁਰੂ ਨੇ ਦੱਸ ਦਿੱਤੇ ਨੇ, ਹੁਣ ਅਲੱਗ-ਅਲੱਗ ਰੂਲ ਦੱਸਣ ਦੀ ਲੋੜ ਨਹੀਂ।

ਸੜਕ ਤੁਹਾਨੂੰ ਨਹੀਂ ਬਣਾਉਣੀ ਪਈ, ਨਾ ਟਰੈਫਿਕ ਰੂਲ ਤੁਸੀਂ ਬਣਾਉਣੇ ਨੇ। ਤੁਸੀਂ ਸਿਰਫ ਚਲਣਾ ਹੈ। ਟਰੈਫਿਕ ਰੂਲ ਬਣਾਉਣਾ ਹਰ ਇਕ ਦਾ ਹੱਕ ਨਹੀਂ ਹੈ, ਟਰੈਫਿਕ ਰੂਲ ਦੀ ਪਾਲਣਾ ਕਰਨਾ ਹਰ ਇਕ ਦਾ ਫ਼ਰਜ਼ ਹੈ। ਟਰੈਫਿਕ ਰੂਲ ਇਕ ਬਣਾਉਂਦਾ ਹੈ, ਉਹ ਹੈ ਗੌਰਮਿੰਟ। ਗੁਰੂ ਦੇ ਮਾਰਗ ਤੇ ਚਲਣਾ, ਪ੍ਰਭੂ ਦੇ ਮਾਰਗ ਤੇ ਚਲਣਾ ਸਾਡਾ ਫ਼ਰਜ਼ ਹੈ, ਪਰ ਮਰਯਾਦਾ ਬਣਾਉਣਾ ਸਾਡਾ ਕੋਈ ਹੱਕ ਨਹੀਂ। ਗੁਰੂ ਦਾ ਹੱਕ ਹੈ, ਪੰਥ ਦਾ ਹੱਕ ਹੈ। ਜਿਸ ਤਰ੍ਹਾਂ ਦੋ ਚਾਰ ਬੰਦੇ ਟਰੈਫਿਕ ਰੂਲ ਬਣਾਉਂਦੇ ਨੇ, ਕੁੱਝ ਮਹਾਂਪੁਰਖ ਮਰਯਾਦਾ ਬਣਾਉਂਦੇ ਨੇ। ਜਣਾ-ਖਣਾ ਥੋੜੀ ਮਰਯਾਦਾ ਬਣਾਉਂਦਾ ਹੈ। ਮੈਂ ਤੇ ਦੇਖ ਕੇ ਹੈਰਾਨ ਹੋ ਜਾਂਦਾ ਹਾਂ, ਲੋਗ ਕਹਿੰਦੇ ਨੇ ਸਾਡੇ ਡੇਰੇ ਦੀ ਇਹ ਮਰਯਾਦਾ, ਸਾਡੇ ਦੀ ਇਹ। ਇਸ ਤਰ੍ਹਾਂ ਤੇ ਜ਼ਿੰਦਗੀ ਰਸਤਿਆਂ ਵਿਚ ਹੀ ਕੱਟ ਜਾਏਗੀ। ਅੱਜ ਇਹ ਰਸਤਾ, ਕਲ੍ਹ ਉਹ ਰਸਤਾ, ਪਰਸੋਂ ਉਹ ਰਸਤਾ। ਕੋਈ ਆਖੇ ਗੌਰਮਿੰਟ ਦੇ ਬੰਦਿਆਂ ਨੇ ਰੂਲ ਬਣਾਏ ਨੇ, ਸੱਜੇ ਪਾਸੇ ਚਲਣਾ ਪੈਂਦਾ ਹੈ, ਅਸੀਂ ਆਪਣੇ ਘਰ ਵਿਚ ਇਹ ਰੂਲ ਬਣਾਏ ਨੇ, ਆਪਾਂ ਖੱਬੇ ਹੀ ਚੱਲਾਂਗੇ। ਨਹੀਂ ਚੱਲ ਸਕਾਂਗੇ, ਕੋਈ ਐਕਸੀਡੈਂਟ (Accident) ਹੋਵੇਗਾ, ਹੋਰ ਕੀ ਹੈ। ਕੀ ਇਹ ਟਿਕਾਣੇ ਪਹੁੰਚਣਗੇ? ਮੈਂ ਸਿੱਖ ਜਗਤ ਵਿਚ ਮਰਯਾਦਾ ਦੇ ਬੜੇ ਬਖੇੜੇ ਦੇਖਦਾ ਹਾਂ। ਜਣਾ-ਖਣਾ ਮਰਯਾਦਾ ਬਣਾਉਣ ਨੂੰ ਤਿਆਰ ਹੋ ਗਿਆ ਹੈ। ਜਣਾ-ਖਣਾ ਆਪਣੀ ਮਰਯਾਦਾ ਦੱਸਣ ਨੂੰ ਤਿਆਰ ਹੋ ਗਿਆ ਹੈ। ਇਹ ਤੇ ਇਸ ਤਰ੍ਹਾਂ ਹੈ, ਸੌ ਬੰਦੇ ਕਾਰਾਂ ਵਿਚ ਬੈਠੇ ਹੋਣ, ਜੇ ਸੌ ਬੰਦੇ ਆਪਣੇ ਟਰੈਫਿਕ ਰੂਲ ਬਣਾਉਣ, ਆਪਣੀ ਮਰਯਾਦਾ ਬਣਾਉਣ, ਮੈਨੂੰ ਤੇ ਉਮੀਦ ਨਹੀਂ ਕਿ ਇਹਨਾਂ ਸੌਵਾਂ ਵਿਚੋਂ ਕੋਈ ਇਕ ਵੀ ਟਿਕਾਣੇ ਤੇ ਪਹੁੰਚ ਸਕੇ, ਬਲਕਿ ਸਾਰੇ ਹੀ ਟਕਰਾਉਣਗੇ। ਸਾਰੇ ਹੀ ਰਸਤੇ ਵਿਚ ਰਹਿਣਗੇ। ਰਸਤੇ ਤੇ ਚੱਲਣਾ ਸਾਡਾ ਫ਼ਰਜ਼ ਹੈ। ਟਰੈਫਿਕ ਰੂਲ ਬਣਾਉਣਾ ਸਾਡਾ ਹੱਕ ਨਹੀਂ। ਇਹ ਜਿਸ ਨੂੰ ਹੱਕ ਹੈ ਓਹੀ ਬਣਾ ਸਕਦਾ ਹੈ।

ਜਿਸ ਤਰ੍ਹਾਂ ਸਾਡਾ ਕੇਂਦਰੀ ਅਸਥਾਨ ਅਕਾਲ ਤਖ਼ਤ ਹੈ, ਮਰਯਾਦਾ ਬਣ ਗਈ। ਹੋਰ ਕਿਹੜੀ ਮਰਯਾਦਾ ਹੁੰਦੀ ਹੈ? ਇਕ ਆਖੇ ਮੈਂ ਨਹੀਂ ਮੰਨਦਾ, ਦੂਜਾ ਆਖੇ ਮੈਂ ਨਹੀਂ ਮੰਨਦਾ। ਫਿਰ ਤੇ ਰਾਧਾ ਸੁਆਮੀ ਠੀਕ ਨੇ, ਬਾਣੀ ਤੇ ਉਹ ਵੀ ਪੜ੍ਹਦੇ ਨੇ। ਗੁਰਬਾਣੀ ਦੀ ਕਥਾ ਉਹ ਵੀ ਕਰਦੇ ਨੇ, ਸਿਰਫ ਇਤਨਾ ਹੈ ਕਿ ਉਹ ਪੰਥ ਦੀ ਮਰਯਾਦਾ ਨਹੀਂ ਮੰਨਦੇ, ਗੱਲ ਖ਼ਤਮ। ਬਾਣੀ ਤੇ ਨਿਰੰਕਾਰੀ ਵੀ ਪੜ੍ਹਦੇ ਨੇ, ਉਹਨਾਂ ਨੂੰ ਭੰਡਣ ਦੀ ਕੀ ਲੋੜ ਹੈ। ਇਸ ਵਾਸਤੇ ਲੋੜ ਪਈ, ਬਈ ਮੈਂ ਪੰਥ ਦੀ ਮਰਯਾਦਾ ਨਹੀਂ ਮੰਨਦਾ। ਫਿਰ ਤੇ ਨਾਮਧਾਰੀਆਂ ਦਾ ਗੁਰੂ ਬਣਿਆ ਹੋਇਆ ਹੈ ਜਗਜੀਤ ਸਿੰਘ, ਤੇਰ੍ਹਵਾਂ ਗੁਰੂ ਹੈ। ਅਰਦਾਸ ਵੀ ਤੇਰ੍ਹਵੇਂ ਦੀ ਹੁੰਦੀ ਹੈ। ਫਿਰ ਤੇ ਓਹ ਵੀ ਠੀਕ ਨੇ, ਸ਼ਾਇਦ ਸਾਡੇ ਨਾਲੋਂ ਵੀ ਜ਼ਿਆਦਾ ਬਾਣੀ ਪੜ੍ਹਦੇ ਨੇ। ਕੀਰਤਨ ਬਹੁਤ ਕਰਦੇ ਨੇ, ਕਥਾ ਬਹੁਤ ਕਰਦੇ ਨੇ। ਸਿਰਫ ਇਤਨਾ ਹੀ ਹੈ ਨਾ, ਕਿ ਪੰਥ ਦੀ ਮਰਯਾਦਾ ਨਹੀਂ ਮੰਨਣੀ। ਬਾਕੀ ਵੀ ਜਣੇ-ਖਣੇ ਇਹ ਆਖਣ ਯਾ ਕੋਈ ਸੰਤ ਖੜੇ ਹੋ ਜਾਣ, ਕਿ ਸਾਡੀ ਮਰਯਾਦਾ ਇਹ ਹੈ। ਯਕੀਨ ਜਾਣੋ ਫਿਰ ਇਹਨਾਂ ਵਿਚ ਤੇ ਰਾਧਾ ਸੁਆਮੀ ਜਾਂ ਨਿਰੰਕਾਰੀਆਂ ਵਿਚ ਫਰਕ ਕੀ ਹੈ, ਗੱਲ ਤੇ ਓਹੀ ਹੈ।

ਮਾਰਗ ਤੇ ਚਲਣਾ ਸਾਡਾ ਫ਼ਰਜ਼ ਹੈ। ਮਾਰਗ ਦੇ ਨਿਯਮ ਬਣਾਉਣੇ, ਯਾਤਾਯਾਤ ਦੇ ਨਿਯਮ ਬਣਾਉਣੇ, ਟਰੈਫਿਕ ਰੂਲ ਬਣਾਉਣੇ, ਸਾਡਾ ਹੱਕ ਨਹੀਂ ਹੈ। ਸਿਰਫ ਚਲਣਾ ਸਾਡਾ ਫ਼ਰਜ਼ ਹੈ।

ਇਕ ਮਾਰਗ ਐਸਾ ਹੈ ਜਿਸ ਤੇ ਸਾਡਾ ਤਨ ਚਲਦਾ ਹੈ। ਇਕ ਮਾਰਗ ਐਸਾ ਹੈ ਜਿਸ ਤੇ ਸਾਡੀ ਸੁਰਤ ਚਲਦੀ ਹੈ। ਤਨ ਆਪਣੇ ਬੱਚਿਆਂ ਵਿਚ ਨਾ ਪਹੁੰਚੇ, ਪਰਵਾਰ ਤਕ ਨਾ ਪਹੁੰਚੇ, ਮਾਂ ਬਾਪ ਪਤਨੀ ਤਕ ਨਾ ਪਹੁੰਚੇ, ਘਰ ਵਿਚ ਨਾ ਪਹੁੰਚੇ, ਰਸਤੇ ਵਿਚ ਭਟਕਦਾ ਰਹੇ। ਜਿਹੜੇ ਕਸ਼ਟ ਹੁੰਦੇ ਨੇ, ਜਿਹੜੀਆਂ ਤਕਲੀਫਾਂ ਹੁੰਦੀਆਂ ਨੇ, ਉਹ ਸਰੀਰਕ ਕਸ਼ਟ ਨੇ ਸਾਰੇ, ਦੁੱਖ ਹੁੰਦੇ ਨੇ। ਭਟਕ ਗਏ ਹਾਂ, ਘਰ ਨਹੀਂ ਪਹੁੰਚ ਰਹੇ। ਰਸਤਾ ਭੁੱਲ ਗਏ ਹਾਂ, ਨਹੀਂ ਪਏ ਪਹੁੰਚਦੇ। ਇਸੇ ਹੀ ਤਰੀਕੇ ਨਾਲ, ਸੁਰਤ ਅਗਰ ਸ਼ਬਦ ਤਕ ਨਾ ਪਹੁੰਚੇ, ਸ਼ਬਦ ਘਰ ਹੈ, ਜਿੱਥੇ ਤੁਸੀਂ ਬੈਠੇ ਹੋ ਇਹ ਦਰ ਹੈ। ਸੁਰਤ ਸ਼ਬਦ ਨਾਲ ਜੁੜ ਗਈ ਤਾਂ ਘਰ ਤਕ ਪਹੁੰਚ ਗਈ। ਸਮਾਧੀ ਲੀਨ, ਵਿਸਮਾਦ, ਅਨੰਦ। ਦਰ ਤਕ ਤੁਸੀਂ ਪਹੁੰਚੇ ਹੋ। ਘਰ ਤਕ ਨਹੀਂ। ਘਰ ਗੁਰੂ ਦਾ ਸ਼ਬਦ ਹੈ। ਓਥੇ ਸੁਰਤ ਪਹੁੰਚੇਗੀ, ਓਥੇ ਸਾਡਾ ਮਨ ਜੁੜੇਗਾ। ਕਿਵੇਂ ਜੁੜਨਾ ਹੈ, ਇਹ ਸਾਰੇ ਨੁਕਤੇ, ਸਤਿਗੁਰਾਂ ਦੀ ਬਾਣੀ ਵਿਚ ਨੇ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਆਪ ਜੀ ਦੇ ਸਾਹਮਣੇ ਰੱਖ ਰਿਹਾ ਹਾਂ। ਇਸ ਲਈ ਇਕ ਮਾਰਗ ਐਸਾ ਹੈ ਜਿਸ ਤੇ ਸਾਡਾ ਤਨ ਚਲਦਾ ਹੈ, ਇਕ ਸ਼ਹਿਰ ਤੋਂ ਦੂਸਰੇ ਸ਼ਹਿਰ, ਇਕ ਮੁਲਕ ਤੋਂ ਦੂਸਰੇ ਮੁਲਕ, ਇਕ ਇਲਾਕੇ ਤੋਂ ਦੂਸਰੇ ਇਲਾਕੇ।

ਇਕ ਮਾਰਗ ਐਸਾ ਹੈ, ਜਿੱਥੋਂ ਸਾਡੀ ਸੁਰਤ ਪਦਾਰਥ ਤੋਂ ਉਠ ਕੇ ਪਰਮਾਤਮਾ ਤਕ ਪਹੁੰਚਦੀ ਹੈ। ਜਿੱਥੇ ਸਾਡਾ ਮਨ ਸੰਸਾਰ ਤੋਂ ਉੱਠ ਕੇ ਨਿਰੰਕਾਰ ਤਕ ਪਹੁੰਚਦਾ ਹੈ। ਜਿੱਥੇ ਸਾਡਾ ਧਿਆਨ ਸੰਸਾਰ ਤੋਂ ਉੱਠ ਕੇ ਕਰਤਾਰ ਤਕ ਪਹੁੰਚਦਾ ਹੈ। ਪਰਵਾਰ ਤੋਂ ਉੱਠ ਕੇ ਕਰਤਾਰ ਤਕ ਪਹੁੰਚਦਾ ਹੈ। ਇਹ ਇਕ ਮਾਰਗ ਹੈ, ਇਸ ਨੂੰ ਗੁਰੂ ਪੰਥ ਕਹਿੰਦੇ ਨੇ। ਇਹਨੂੰ ਗੁਰੂ ਮਾਰਗ ਕਹਿੰਦੇ ਨੇ, ਇਹਨੂੰ ਪ੍ਰਭੂ ਮਾਰਗ ਕਹਿੰਦੇ ਨੇ। ਇਸ ਤੇ ਚਲਦੀ ਹੈ ਸਾਡੀ ਸੁਰਤ। ਪਰ ਹੁਣ ਮੈਂ ਅਰਜ਼ ਕਰਾਂ, ਇਹ ਮਾਰਗ ਐਸਾ ਨਹੀਂ ਜਿਵੇਂ ਸੜਕ ਦੇ ਉੱਤੇ ਬਣੇ ਹੋਏ ਮਾਰਗ ਦੇਖਦੇ ਹਾਂ, ਇਹ ਰੋਡ, ਇਹ ਸੜਕਾਂ, ਇਸ ਤਰ੍ਹਾਂ ਦੇ ਮਾਰਗ ਨਹੀਂ ਹਨ। ਇਹ ਮਾਰਗ ਜਿਸ ਢੰਗ ਨਾਲ ਹੈ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬਾਣੀ ਵਿਚੋਂ ਤੇ ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਬੋਲਾਂ ਵਿਚੋਂ ਮੈਂ ਕੁੱਝ ਤੁਹਾਡੇ ਸਾਹਮਣੇ ਰੱਖਾਂ। ਭਗਤ ਨਾਮ ਦੇਵ ਜੀ ਕਹਿੰਦੇ ਨੇ:-

*ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ ॥*
*ਜਿਉ ਜਲ ਮਾਝੈ ਮਾਛਲੋ ਮਾਰਗੁ ਪੇਖਣੋ ਨ ਜਾਈ ॥ ੨ ॥* (ਅੰਗ ੫੨੫)

ਮੱਛੀ ਪਾਣੀ ਵਿਚ ਚਲਦੀ ਹੈ, ਬਣਿਆ ਬਣਾਇਆ ਰਸਤਾ ਨਹੀਂ ਹੈ। ਜਦ ਚਲਦੀ ਹੈ ਤੇ ਮਾਰਗ ਬਣਦਾ ਹੈ, ਉਂਜ ਕੋਈ ਮਾਰਗ ਨਹੀਂ ਹੈ। ਮਾਰਗ ਜ਼ਰੂਰ ਹੈ, ਪਰ ਮਾਰਗ ਬਣਦਾ ਹੈ ਉਸ ਦੇ ਚਲਣ ਨਾਲ। ਉਂਜ ਕੋਈ ਰਸਤਾ ਨਹੀਂ ਹੈ। ਅਸਮਾਨ ਤੇ ਪੰਛੀ ਇਕ ਥਾਂ ਤੋਂ ਦੂਸਰੀ ਥਾਂ ਪਹੁੰਚਦੇ ਨੇ, ਕਈ ਦਫ਼ਾ ਤੇ ਬਹੁਤ ਲੰਬੀ ਵਾਟ ਤਹਿ ਪਏ ਕਰਦੇ ਨੇ। ਹਰ ਸਾਲ ਮੈਂ ਦੇਖਿਆ ਹੈ ਹਿੰਦੋਸਤਾਨ ਦੇ ਵਿਚ, ਸਾਇਬੇਰੀਆ ਤੋਂ ਕਰੋੜਾਂ ਦੀ ਤਾਦਾਦ ਵਿਚ ਮੁਰਗ਼ਾਬੀਆਂ ਆਉਂਦੀਆਂ ਨੇ, ਰਾਜਸਥਾਨ ਦੀਆਂ ਝੀਲਾਂ ਵਿਚ, ਯੂ. ਪੀ. ਦੀਆਂ ਝੀਲਾਂ ਵਿਚ, ਸਾਇਬੇਰੀਆ ਤੋਂ ਇੰਡੀਆ ਵਿਚ। ਅਕਤੂਬਰ ਦੇ ਮਹੀਨੇ ਵਿਚ ਇਹਨਾਂ ਦਾ ਆਉਣਾ ਸ਼ੁਰੂ ਹੁੰਦਾ ਹੈ ਅਤੇ ਅਪਰੈਲ ਦੇ ਮਹੀਨੇ ਵਿਚ ਵਾਪਸ ਜਾਂਦੀਆਂ ਨੇ। ਗਰਮੀਆਂ ਵਿਚ ਦਿਖਾਈ ਨਹੀਂ ਦਿੰਦੀਆਂ, ਸਰਦੀਆਂ ਵਿਚ ਦਿਖਾਈ ਦਿੰਦੀਆਂ ਨੇ। ਜਦ ਓਧਰ ਬਰਫ਼ ਪੈਣੀ ਸ਼ੁਰੂ ਹੋ

ਜਾਂਦੀ ਹੈ, ਇਹ ਸਭ ਇੱਧਰ ਆ ਜਾਂਦੀਆਂ ਨੇ। ਹਜ਼ਾਰਾਂ ਮੀਲ ਦੀ ਵਾਟ ਤਹਿ ਕਰਕੇ ਆਉਂਦੀਆਂ ਨੇ, ਉੱਪਰ ਕੋਈ ਸੜਕਾਂ ਬਣੀਆਂ ਹੋਈਆਂ ਨੇ? ਰੋਡ ਬਣੇ ਹੋਏ ਨੇ? ਨਹੀਂ। ਜਿਵੇਂ ਮੁਰਗਾਬੀਆਂ ਉੱਡਦੀਆਂ ਨੇ, ਜਿਵੇਂ ਪੰਛੀ ਉੱਡਦੇ ਨੇ, ਇਹਨਾਂ ਦੇ ਉਡਣ ਨਾਲ ਰਸਤਾ ਬਣਦਾ ਹੈ, ਉਂਜ ਕੋਈ ਰਸਤਾ ਨਹੀਂ। ਸਮੁੰਦਰ ਵਿਚ ਕੋਈ ਸੜਕਾਂ ਬਣੀਆਂ ਹੋਈਆਂ ਨੇ? ਮੱਛੀ ਇਕ ਥਾਂ ਤੋਂ ਦੂਜੀ ਥਾਂ ਤੇ ਜਾਂਦੀ ਹੈ। ਨਹੀਂ, ਜਿਉਂ ਚਲਦੀ ਹੈ, ਉਸਦੇ ਚੱਲਣ ਨਾਲ ਰਸਤਾ ਬਣਦਾ ਹੈ। ਪਾਣੀ ਵਿਚ ਬਣਿਆ ਬਣਾਇਆ ਰਸਤਾ ਨਹੀਂ ਹੈ, ਚਲਣ ਨਾਲ ਰਸਤਾ ਬਣਦਾ ਹੈ। ਅਸਮਾਨ ਤੇ ਬਣਿਆ ਬਣਾਇਆ ਰਸਤਾ ਨਹੀਂ ਹੈ। ਚਲਣ ਨਾਲ ਰਸਤਾ ਬਣਦਾ ਹੈ। ਯਕੀਨ ਜਾਣੋ ਪਰਮਾਤਮਾ ਤਕ ਵੀ ਕੋਈ ਬਣਿਆ ਬਣਾਇਆ ਮਾਰਗ ਨਹੀਂ ਹੈ। ਚਲਣ ਨਾਲ ਰਸਤਾ ਬਣਦਾ ਹੈ। ਇੱਥੇ ਜਿਉਂ ਕੋਈ ਜਪਣਾ ਸ਼ੁਰੂ ਕਰ ਦਿੰਦਾ ਹੈ, **ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ**, ਰਸਤਾ ਬਣਨਾ ਸ਼ੁਰੂ ਹੋ ਜਾਂਦਾ ਹੈ। ਇੱਥੇ ਜਪਦਿਆਂ ਹੀ ਰਸਤਾ ਬਣਦਾ ਹੈ, ਇੱਥੇ ਬਾਣੀ ਪੜ੍ਹਨ ਨਾਲ ਹੀ ਰਸਤਾ ਬਣਦਾ ਹੈ। ਇੱਥੇ ਗੁਰਬਾਣੀ ਜਪਣ ਨਾਲ ਰਸਤਾ ਬਣਦਾ ਹੈ, ਇੱਥੇ ਗੁਰ ਮੰਤਰ ਜਪਣ ਨਾਲ ਰਸਤਾ ਬਣਦਾ ਹੈ। ਜਿਤਨਾ ਜ਼ਿਆਦਾ ਜਪਦਾ ਹੈ, ਉਤਨਾ ਰਸਤਾ ਬਣਦਾ ਜਾ ਰਿਹਾ ਹੈ। ਉਤਨੀ ਹੀ ਸੁਰਤ ਅੱਗੇ ਜਾ ਰਹੀ ਹੈ ਅਤੇ ਮਨੁੱਖ ਖ਼ੁਦ ਅੰਦਾਜ਼ਾ ਲਾ ਸਕਦਾ ਹੈ ਕਿ ਮੈਂ ਪਹੁੰਚ ਗਿਆ ਹਾਂ, ਕਿ ਮੈਂ ਰਸਤੇ ਵਿਚ ਹਾਂ। ਕਹਿੰਦੇ ਨੇ, **ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ** ਜਪਣ ਦਾ ਜਿਸ ਨੂੰ ਰਸ ਆਉਣ ਲੱਗ ਪਿਆ ਹੈ, ਇਹ ਦਰ ਤਕ ਤੇ ਪਹੁੰਚ ਗਿਆ ਹੈ। ਕਿਉਂਕਿ ਸ਼ਬਦ ਰਸਨਾ ਤੇ ਵੱਸ ਗਿਆ ਹੈ:-

***ਪ੍ਰਭ ਜੀ ਬਸਹਿ ਸਾਧ ਕੀ ਰਸਨਾ॥***
***ਨਾਨਕ ਜਨ ਕਾ ਦਾਸਨਿ ਦਸਨਾ॥ ੪॥*** (ਅੰਗ ੨੬੩)

ਇਹ ਦਰ ਤਕ ਤੇ ਪਹੁੰਚ ਗਿਆ ਹੈ। ਹੁਣ ਉਂਜ ਨਹੀਂ **ਵਾਹਿਗੁਰੂ ਵਾਹਿਗੁਰੂ** ਕਰਦਾ ਬਲਕਿ ਇਸ ਨੂੰ ਸੁਆਦ ਆਉਣ ਲਗ ਪਿਆ ਹੈ। ਇਸ ਨੂੰ ਰਸ ਆਉਣ ਲਗ ਪਿਆ ਹੈ। ਇਹ ਘਰ ਤਕ ਪਹੁੰਚ ਗਿਆ ਹੈ, ਇਹ ਸਮਾਧੀ ਲੀਨ ਹੋ ਗਿਆ ਹੈ। ਇਹ ਪਰਮ ਪਰਕਾਸ਼ ਦੀ ਝਲਕ ਪਿਆ ਵੇਖਦਾ ਹੈ। ਇਹ ਪ੍ਰਭੂ ਵਿਚ ਲੀਨ ਹੋ ਗਿਆ ਹੈ, ਇਹ ਜੋਤ ਵਿਚ ਜੋਤ ਹੋ ਗਿਆ ਹੈ।

ਕੁਛ ਅੱਧ ਵਿਚ ਨੇ, ਕੁਛ ਦੋ ਚਾਰ ਕਦਮ ਚਲੇ ਨੇ, ਕੁਝ ਰਸਤਾ ਪੁਛਦੇ ਨੇ ਅਤੇ ਜੀਵਨ ਭਰ ਰਸਤਾ ਪੁਛਦੇ ਨੇ ਤੇ ਕੁਛ ਐਸੇ ਮੰਦਭਾਗੀ ਬਦਕਿਸਮਤ ਨੇ ਜੋ ਭੁੱਲ ਕੇ ਕਦੇ ਰਸਤਾ ਵੀ ਨਹੀਂ ਪੁਛਦੇ। ਚਲਣ ਦਾ ਖ਼ਿਆਲ ਹੀ ਕੋਈ ਨਹੀਂ। ਕਦੀ ਖ਼ਿਆਲ ਨਹੀਂ। ਗੁਰੂ ਪੰਥ, ਗੁਰੂ ਦਾ ਮਾਰਗ, ਗੁਰੂ ਦਾ ਰਸਤਾ ਇਸ ਦੇ ਉੱਤੇ ਇਸ ਤਰ੍ਹਾਂ ਦੇ ਮਨੁੱਖ ਮਿਲਦੇ ਨੇ। ਆਪ ਇਤਨੇ ਸਾਰੇ ਬੈਠੇ ਹੋ, ਯਕੀਨ ਜਾਣੋ ਇਕ ਥਾਂ ਤੇ ਨਹੀਂ ਹੋ ਤੁਸੀਂ ਸਾਰੇ। ਭਾਵੇਂ ਜ਼ਮੀਨ ਤੇ ਇਤਨੇ ਸਾਰੇ ਆਦਮੀ ਬੈਠੇ ਦਿਖਾਈ ਦੇ ਰਹੇ ਹੋ। ਧਿਆਨ ਕਰਕੇ, ਮਨ ਕਰਕੇ, ਸੁਰਤ ਕਰਕੇ, ਕੋਈ ਵੀ ਇਕ ਥਾਂ ਤੇ ਨਹੀਂ ਹੋ ਸਕਦਾ। ਜਿਵੇਂ ਇਕ ਹਾਈ ਸਕੂਲ ਹੈ, ਉਸ ਵਿਚ ਪਹਿਲੀ ਕਲਾਸ ਹੈ, ਫਿਰ ਦੂਜੀ ਹੈ, ਤੀਜੀ ਹੈ, ਚੌਥੀ ਹੈ, ਪਰ ਕਲਾਸਾਂ ਅਲੱਗ-ਅਲੱਗ ਨੇ। ਗੁਰਮਤਿ ਦੀ ਇਸ ਕਲਾਸ ਵਿਚ, ਇਕੋ ਹੀ ਕਲਾਸ ਵਿਚ ਕਈ ਕਲਾਸਾਂ ਨੇ, ਇੰਜ ਕਹਿ ਲਉ। ਕੋਈ ਬਹੁਤ ਨਾਮ ਅਭਿਆਸ ਕਰਦਾ ਹੋਵੇਗਾ, ਬਹੁਤ ਜਪਦਾ ਹੋਵੇਗਾ, ਉਹ ਤੇ ਬਹੁਤ ਅੱਗੇ ਹੈ। ਜੋ

ਕਦੇ ਕਦਾਈਂ ਕੋਈ ਸੁਣਨ ਆ ਜਾਂਦਾ ਹੈ, ਉਹ ਤੇ ਦੋ ਚਾਰ ਕਦਮ ਹੀ ਚਲਿਆ ਹੈ, ਹੋਰ ਕੀ ਹੈ। ਜਿਹੜਾ ਜਪਦਾ ਹੀ ਨਹੀਂ ਪਿਆ, ਉਹ ਤੇ ਰਸਤਾ ਹੀ ਪਿਆ ਪੁਛਦਾ ਹੈ, ਰਸਤਾ ਪੁਛਣ ਆ ਗਿਆ ਹੈ ਗੁਰਦੁਆਰੇ। ਕੁਛ ਅੱਧ ਵਿਚਕਾਰ ਨੇ। ਇੱਥੇ ਬੈਠੇ ਹੋਏ ਸਾਰੇ ਹੀ ਸੱਜਣ ਇਕ ਸਟੇਜ (ਅਵਸਥਾ) ਦੇ ਨਹੀਂ ਹੋ ਸਕਦੇ, ਕਤਈ ਨਹੀਂ ਹੋ ਸਕਦੇ। ਕੋਈ ਬਹੁਤ ਅੱਗੇ ਹੈ, ਕੋਈ ਬਹੁਤ ਪਿੱਛੇ ਹੈ, ਕੋਈ ਅੱਧ ਵਿਚਕਾਰ ਹੈ। ਕੋਈ ਦੋ ਕਦਮ ਚਲਿਆ ਹੈ, ਕੋਈ ਦਸ ਕਦਮ ਚਲਿਆ ਹੈ।

ਇਸ ਵਾਸਤੇ ਜਦ ਕਈ ਦਫ਼ਾ, ਕਿਸੇ ਵਕਤ ਕੋਈ ਸੱਜਣ ਕੀਰਤਨੀਏ ਨੂੰ ਕਹਿ ਦਿੰਦਾ ਹੈ, ਇਹ ਸ਼ਬਦ ਮੈਨੂੰ ਫਿਰ ਸੁਣਾ, ਮੈਨੂੰ ਇਸ ਵਿਚ ਰਸ ਆਇਆ ਹੈ, ਦੂਜਾ ਨਹੀਂ ਕਹਿੰਦਾ, ਤੀਜਾ ਸੱਜਣ ਨਹੀਂ ਕਹਿੰਦਾ, ਚੌਥੇ ਨੂੰ ਨਹੀਂ ਆਇਆ। ਪਰ ਇਸ ਨੂੰ ਕਿਉਂ ਆਇਆ? ਇਸ ਦਾ ਉਸ ਦੇ ਨਾਲ ਤਾਲ-ਮੇਲ ਬੈਠ ਗਿਆ ਹੈ, ਐਨੀ ਗੱਲ ਹੈ। ਜਿਸ-ਜਿਸ ਸਟੇਜ (ਅਵਸਥਾ) ਤੋਂ ਅਭਿਆਸੀ ਲੰਘ ਰਹੇ ਨੇ, ਗੁਰੂ ਕੇ ਸ਼ਬਦ ਉਸ-ਉਸ ਸਟੇਜ ਦੀ ਗੱਲ ਕਰਦੇ ਨੇ। ਉਸ-ਉਸ ਪੜਾਉ ਦੀ ਗੱਲ ਕਰਦੇ ਨੇ ਤਾਕਿ ਪਾਂਧੀ ਭਟਕੇ ਨਾ, ਰਾਹੀ ਭਟਕੇ ਨਾ, ਰਸਤੇ ਵਿਚ ਐਹ ਕੁੱਝ ਹੋਣਾ ਹੈ। ਮਾਰਗ ਵਿਚ ਐਹ ਕੁੱਝ ਹੋਣਾ ਹੈ।

ਇਹ ਜਿਹੜਾ ਮਾਰਗ ਹੈ, ਕੋਈ ਪਹੁੰਚ ਗਿਆ ਹੈ, ਕੋਈ ਚਲਣ ਵਾਲਾ ਹੈ। ਵੱਖ-ਵੱਖ ਦੁਨੀਆਂ ਦੇ ਰਹਿਬਰੀ ਪੁਰਸ਼ਾਂ ਨੇ, ਉਸ ਮਾਰਗ ਦੇ ਪੜਾਉ ਦੇ ਵੀ ਨਾਮ ਦੱਸੇ ਨੇ। ਕੋਈ ਉਸ ਨੂੰ ਧਰਮ ਦਾ ਮਾਰਗ ਕਹਿ ਦਿੰਦਾ ਹੈ, ਕੋਈ ਉਸ ਨੂੰ ਈਮਾਨ ਦਾ ਮਾਰਗ ਕਹਿ ਦਿੰਦਾ ਹੈ, ਇਸਲਾਮ ਦਾ ਰਸਤਾ ਕਹਿ ਦਿੰਦਾ ਹੈ, ਕੋਈ ਉਸ ਨੂੰ ਗੁਰੂ ਪੰਥ ਕਹਿ ਦਿੰਦਾ ਹੈ। ਗੁਰੂ ਦਾ ਮਾਰਗ ਕਹਿ ਦਿੰਦਾ ਹੈ। ਸਨਾਤਨ ਮਤ ਧਰਮ ਮਾਰਗ ਕਹਿੰਦਾ ਹੈ, ਪ੍ਰਭੂ ਮਾਰਗ ਕਹਿ ਦਿੰਦਾ ਹੈ। ਹਮ ਨੇ ਧਰਮ ਮਾਰਗ ਪਰ ਚਲਣਾ ਹੈ, ਧਰਮ ਦਾ ਮਾਰਗ। ਧਰਮ ਦੇ ਮਾਰਗ ਦੇ ਉਹ ਤਿੰਨ ਪੜਾਉ ਦਸਦੇ ਨੇ। **ਕਰਮ ਕਾਂਡ, ਉਪਾਸ਼ਨਾ ਕਾਂਡ, ਗਿਆਨ ਕਾਂਡ।**

ਇਸਲਾਮ ਕਹਿੰਦਾ ਹੈ, ਸਾਨੂੰ ਸੱਚ ਤਕ ਪਹੁੰਚਣਾ ਹੈ, ਹਕੀਕਤ ਤਕ ਪਹੁੰਚਣਾ ਹੈ। ਹਕੀਕਤ ਕਹਿੰਦੇ ਨੇ ਸੱਚਾਈ ਨੂੰ। ਪਰਮਾਤਮਾ ਕੀ ਏ ਸੱਚ, ਪਰਮਾਤਮਾ ਕੀ ਏ, ਇਕ ਸਚਾਈ। ਜੈਸੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ:-

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥*** (ਜਪੁਜੀ ਸਾਹਿਬ)

ਪਹੁੰਚਣਾ ਕਿੱਥੇ ਹੈ ਸੱਚ ਤਕ, ਹਕੀਕਤ ਤਕ। ਇਸਲਾਮ ਕਹਿੰਦਾ ਹੈ ਤਿੰਨ ਪੜਾਉ ਨੇ ਤੇ ਚੌਥੀ ਪਹੁੰਚ ਹੈ, ਮੰਜ਼ਿਲ ਹੈ। ਉਹ ਇੰਜ ਨਾਮ ਦਸਦਾ ਹੈ, ਸ਼ਰੀਅਤ, ਤਰੀਕਤ, ਮਾਰਫ਼ਤ ਅਤੇ ਚੌਥਾ ਪੜਾਉ ਹੈ ਹਕੀਕਤ। ਸ਼ਰੀਅਤ ਤੋਂ ਗੱਲ ਸ਼ੁਰੂ ਕਰਨੀ ਹੈ, ਪਹੁੰਚਣਾ ਹੈ ਤਰੀਕਤ ਤੇ ਲੰਘਣਾ ਹੈ ਮਾਰਫ਼ਤ ਤੋਂ, ਪਹੁੰਚਣਾ ਹੈ ਹਕੀਕਤ ਤਕ।

ਸਨਾਤਨ ਮਤ ਕਹਿੰਦਾ ਹੈ ਦੋ ਪੜਾਉ ਨੇ ਅਤੇ ਤੀਸਰੀ ਮੰਜ਼ਿਲ ਹੈ। ਕਰਮ ਕਾਂਡ, ਉਪਾਸ਼ਨਾ ਕਾਂਡ ਇਹ ਦੋ ਪੜਾਉ ਨੇ। ਗਿਆਨ ਕਾਂਡ ਇਹ ਤੀਸਰੀ ਮੰਜ਼ਿਲ ਹੈ, ਤੀਸਰਾ ਘਰ ਹੈ।

ਚਾਰ ਪੜਾਉ ਨੇ, ਪੰਜਵਾ ਘਰ ਹੈ ਇਹ ਗੁਰਮਤਿ ਕਹਿੰਦੀ ਹੈ। ਚਾਰ ਪੜਾਉ ਕਿਹੜੇ

ਨੇ, ਧਰਮ ਖੰਡ, ਇਹ ਪ੍ਰਥਮ ਪੜਾਉ। ਗਿਆਨ ਖੰਡ ਇਹ ਦੂਜਾ ਪੜਾਉ, ਸਰਮ ਖੰਡ ਇਹ ਤੀਜਾ ਪੜਾਉ, ਕਰਮ ਖੰਡ ਇਹ ਚੌਥਾ ਪੜਾਉ। ਪਹੁੰਚਣਾ ਕਿੱਥੇ ਹੈ ਸੱਚਖੰਡ ਇਹ ਘਰ ਹੈ, ਸੱਚ ਤਕ। ਸ਼ੁਰੂ ਕਿੱਥੋਂ ਕਰਨੀ ਹੈ ਗੱਲ? ਧਰਮ ਖੰਡ ਤੋਂ।

ਚਾਰ ਪੜਾਉ ਨੇ ਪੰਜਵਾਂ ਘਰ ਹੈ, ਇਹ ਗੁਰਮਤਿ ਦਾ ਉਪਦੇਸ਼। ਤਿੰਨ ਪੜਾਉ ਨੇ ਚੌਥਾ ਘਰ ਹੈ, ਇਹ ਇਸਲਾਮੀ ਸਬਕ। ਦੋ ਪੜਾਉ ਨੇ ਤੀਸਰਾ ਘਰ ਹੈ, ਇਹ ਸਨਾਤਨ ਮਤ ਦਾ ਗਿਆਨ। ਇਹਨਾਂ ਪੜਾਵਾਂ ਤੋਂ ਅੰਦਾਜ਼ਾ ਲਗਦਾ ਹੈ ਅਸੀਂ ਕਿਹੜੇ ਪੜਾਉ ਤੇ ਹਾਂ, ਜੈਸੇ ਸਰੀਰ ਨੂੰ ਦੇਖ ਕੇ ਪਤਾ ਲਗਦਾ ਹੈ, ਇਹ ਬੱਚਾ ਹੈ, ਇਹ ਜੁਆਨ ਹੈ ਯਾ ਇਹ ਬੁੱਢਾ ਹੈ।

***ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥*** (ਅੰਗ ੧੪੨੮)

ਇਹ ਤਿੰਨ ਪੜਾਉ ਨੇ। ਕੋਈ ਬੱਚਾ ਹੈ, ਕੋਈ ਜੁਆਨ ਹੈ ਅਤੇ ਕੋਈ ਬੁੱਢਾ ਹੈ। ਇਸੇ ਤਰ੍ਹਾਂ ਧਰਮ ਦੇ ਵੀ ਕੁੱਝ ਆਪਣੇ ਪੜਾਉ ਨੇ, ਜਿਨ੍ਹਾਂ ਤੇ ਸੁਰਤ ਚਲਦੀ ਹੈ। ਪਤਾ ਚਲਦਾ ਹੈ ਬੰਦਾ ਕਿਹੜੇ ਪੜਾਉ ਤੇ ਹੈ। ਇਹਨਾਂ ਦਾ ਮੈਂ ਥੋੜਾ ਜਿਹਾ ਖ਼ੁਲਾਸਾ ਕਰਨਾ ਹੈ, ਮਹਿਜ਼ ਇਸ ਵਾਸਤੇ ਕਿ ਅੱਜ ਤਕ ਗੁਰਦੁਆਰੇ ਆ ਰਹੇ ਹਾਂ, ਕਥਾ ਕੀਰਤਨ ਸੁਣ ਰਹੇ ਹਾਂ, ਪਰ ਹਾਂ ਕਿਹੜੇ ਪੜਾਉ ਤੇ। ਕਿੱਥੇ ਹਾਂ ਅਸੀਂ, ਪਹੁੰਚ ਗਏ ਹਾਂ? ਅੱਧ ਵਿਚਕਾਰ ਹਾਂ, ਜਾਂ ਦੋ ਚਾਰ ਕਦਮ ਚੱਲੇ ਹਾਂ, ਜਾਂ ਰਸਤਾ ਪਏ ਪੁਛਦੇ ਹਾਂ, ਜਾਂ ਰਸਤਾ ਵੀ ਨਹੀਂ ਪੁਛਦੇ, ਸਿਰਫ ਸਮਾਂ ਪਾਸ ਕਰਨ ਵਾਸਤੇ ਆਉਂਦੇ ਹਾਂ, ਸਮਾਂ ਸਫਲ ਕਰਨ ਵਾਸਤੇ ਨਹੀਂ। ਜ਼ਿੰਦਗੀ ਪਾਸ ਕਰਨ ਵਾਸਤੇ ਆਉਂਦੇ ਹਾਂ, ਜ਼ਿੰਦਗੀ ਸਫਲ ਕਰਨ ਵਾਸਤੇ ਨਹੀਂ। ਮੈਂ ਤੇ ਕਈ ਦਫ਼ਾ ਦੇਖ ਕੇ ਹੈਰਾਨ ਹੋ ਜਾਂਦਾ ਹਾਂ ਕਿ ਜਿਨ੍ਹਾਂ ਨੂੰ ਗੁਰਦੁਆਰੇ ਆਉਂਦਿਆਂ-ਆਉਂਦਿਆਂ ਬਜ਼ੁਰਗੀ ਆ ਗਈ ਹੈ, ਮੌਤ ਦੇ ਦਹਾਨੇ ਪਹੁੰਚ ਗਏ ਨੇ, ਪੈਰ ਸ਼ਮਸ਼ਾਨ ਤਕ ਪਹੁੰਚਣ ਵਾਲੇ ਨੇ, ਸੁਰਤ ਭਗਵਾਨ ਤਕ ਨਹੀਂ ਪਹੁੰਚੀ। ਹੈਰਾਨਗੀ, ਓਹ ਪੁਰਖਾ! ਤਨ ਤੇ ਤੇਰਾ ਸ਼ਮਸ਼ਾਨ ਤਕ ਪਹੁੰਚਣ ਵਾਲਾ ਹੈ, ਇਸ ਤੋਂ ਪਹਿਲੇ ਮਨ ਭਗਵਾਨ ਤਕ ਪਹੁੰਚ ਜਾਏ। ਪ੍ਰਭੂ ਤਕ ਪਹੁੰਚ ਜਾਏ ਤਾਂ ਗੱਲ ਬਣੇਗੀ। ਤਨ ਤੇਰਾ ਕਬਰ ਤਕ ਜਾਣ ਵਾਲਾ ਹੈ ਔਰ ਤਨ ਦਾ ਘਰ ਕਬਰ ਹੈ, ਮਨ ਦਾ ਘਰ ਖ਼ੁਦਾ ਹੈ। ਤਨ ਦਾ ਘਰ ਸ਼ਮਸ਼ਾਨ ਹੈ, ਮਨ ਦਾ ਘਰ ਭਗਵਾਨ ਹੈ। ਤਨ ਆਪਣੇ ਘਰ ਜਾ ਰਿਹਾ ਹੈ। ਬਾਬਾ ਫਰੀਦ ਇਸ ਨੂੰ ਘਰ ਕਹਿੰਦੇ ਨੇ:-

***ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ॥*** (ਅੰਗ ੧੩੮੨)

ਐ ਨਿਥਾਵੇਂ ਤਨ, ਐ ਨਿਥਾਵੇਂ ਸਰੀਰ, ਆਪਣੇ ਘਰ ਆ। ਸਰੀਰ ਦਾ ਘਰ ਕਿੱਥੇ ਹੈ? ਕਬਰ ਹੈ, ਹੋਰ ਕਿੱਥੇ ਹੈ, ਆਖ਼ਿਰ ਏਥੇ ਹੀ ਹੈ। ਤਨ ਚਲ ਚਲ ਕੇ ਕਿੱਥੇ ਪਹੁੰਚਦਾ ਹੈ, ਕਬਰ ਤਕ। ਭੱਜ ਭੱਜ ਕੇ ਕਿੱਥੇ ਪਹੁੰਚਦਾ ਹੈ, ਸ਼ਮਸ਼ਾਨ ਤਕ। ਹੋਰ ਕਿਧਰੇ ਪਹੁੰਚਦਾ ਹੈ? ਕਿਧਰੇ ਵੀ ਨਹੀਂ। ਇਸ ਲਈ ਬਾਬਾ ਫਰੀਦ ਕਹਿੰਦੇ ਨੇ ਐ ਨਿਥਾਵੇਂ ਸਰੀਰ! ਤੇਰਾ ਥਾਂ ਇਹ ਹੈ:-

***ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ॥***
***ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ ॥੬੩॥*** (ਅੰਗ ੧੩੮੨)

ਕਿਉਂ ਮੌਤ ਤੋਂ ਡਰਦਾ ਹੈਂ? ਇਹ ਤੇਰਾ ਘਰ ਹੈ। ਘਰ ਤੋਂ ਕਿਉਂ ਡਰਦਾ ਹੈਂ? ਤਨ ਦਾ ਘਰ ਕਬਰ ਹੀ ਹੈ, ਮਨ ਦਾ ਘਰ ਖ਼ੁਦਾ ਹੈ। ਤਨ ਦਾ ਘਰ ਸ਼ਮਸ਼ਾਨ ਘਾਟ ਹੈ, ਮਨ ਦਾ ਘਰ

ਭਗਵਾਨ ਦਾ ਘਾਟ ਹੈ। ਈਸ਼ਵਰ ਦਾ ਘਾਟ ਹੈ, ਗੁਰੂ ਦਾ ਘਾਟ ਹੈ। ਅਗਰ ਤਨ ਸ਼ਮਸ਼ਾਨ ਤਕ ਪਹੁੰਚ ਗਿਆ ਹੈ, ਮਨ ਭਗਵਾਨ ਤਕ ਨਹੀਂ ਪਹੁੰਚਿਆ, ਜੀਵਨ ਯਾਤਰਾ ਨਿਸਫਲ ਚਲੀ ਗਈ। ਮਨ ਭਗਵਾਨ ਤਕ ਪਹੁੰਚ ਗਿਆ ਹੈ, ਤਨ ਬਾਅਦ ਵਿਚ ਸ਼ਮਸ਼ਾਨ ਤਕ ਪਹੁੰਚਦਾ ਹੈ, ਜੀਵਨ ਯਾਤਰਾ ਸਫਲ ਹੋ ਗਈ। ਤਨ ਕਬਰ ਤਕ ਪਹੁੰਚੇ, ਉਸ ਤੋਂ ਪਹਿਲੇ ਮਨ ਖ਼ੁਦਾ ਤਕ ਪਹੁੰਚ ਜਾਏ। ਤਨ ਸ਼ਮਸ਼ਾਨ ਘਾਟ ਤਕ ਪਹੁੰਚੇ, ਉਸ ਤੋਂ ਪਹਿਲੇ ਮਨ ਭਗਵਾਨ ਤਕ ਪਹੁੰਚ ਜਾਏ, ਜੀਵਨ ਯਾਤਰਾ ਸਫਲ ਹੋ ਗਈ। ਪਾਤਸ਼ਾਹ ਦੀ ਬਾਣੀ ਕਹਿੰਦੀ ਹੈ:-

*ਸਫਲ ਸਫਲ ਭਈ ਸਫਲ ਜਾਤ੍ਰਾ ॥*
*ਆਵਣ ਜਾਣ ਰਹੇ ਮਿਲੇ ਸਾਧਾ ॥ ੧ ॥ ਰਹਾਉ ਦੂਜਾ ॥ ੧ ॥ ੩ ॥* (ਅੰਗ ੬੮੭)

ਜੀਵਨ ਯਾਤਰਾ ਸਫਲ ਹੋ ਗਈ। ਤੇਰਾ ਜਗਤ ਤੇ ਆਇਆ ਸਫਲ ਹੋ ਗਿਆ, ਪਹੁੰਚ ਗਏ।

*ਸਫਲ ਸਫਲ ਭਈ ਸਫਲ ਜਾਤ੍ਰਾ ॥*
*ਆਵਣ ਜਾਣ ਰਹੇ ਮਿਲੇ ਸਾਧਾ ॥ ੧ ॥ ਰਹਾਉ ਦੂਜਾ ॥ ੧ ॥ ੩ ॥* (ਅੰਗ ੬੮੭)

ਜੋ ਕੁੱਝ ਵੀ ਦਿਖਾਈ ਦੇ ਰਿਹਾ ਹੈ, ਸਭ ਕੁਛ ਯਾਤਰਾ ਵਿਚ ਹੈ। ਸੂਰਜ, ਚੰਦ, ਤਾਰੇ, ਜ਼ਮੀਨ ਵੀ ਯਾਤਰਾ ਵਿਚ ਨੇ। ਇੱਥੇ ਰੁਕਿਆ ਹੋਇਆ ਕੁਛ ਵੀ ਨਹੀਂ, ਸਭ ਕੁਛ ਚਲ ਰਿਹਾ ਹੈ।

*ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥*
*ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥ ੮ ॥ ੧੭ ॥* (ਅੰਗ ੬੪)

ਸ੍ਰੀ ਰਾਗ ਮਹਲਾ ੧ – ਮਹਾਰਾਜ ਕਹਿੰਦੇ ਨੇ ਗ੍ਰਹਿ ਨਛੱਤਰ ਚਲ ਰਹੇ ਨੇ, ਤਾਰੇ ਚਲ ਰਹੇ ਨੇ, ਸਿਆਰੇ ਚਲ ਰਹੇ ਨੇ, ਸਸਿ ਭਾਵ ਚੰਦਰਮਾ ਚਲ ਰਿਹਾ ਹੈ, ਰਵਿ ਮਤਲਬ ਸੂਰਜ ਚਲ ਰਿਹਾ ਹੈ।

*ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥*

ਇਹ ਲੱਖਾਂ ਗ੍ਰਹਿ ਨਛੱਤਰ, ਤਾਰੇ, ਇਹ ਅਰਬਾਂ ਖਰਬਾਂ ਸੂਰਜ:-

*ਕਈ ਕੋਟਿ ਸਸੀਅਰ ਸੂਰ ਨਖ੍ਰਤ੍ਰ ॥* (ਅੰਗ ੨੭੫)

ਕਈ ਕਰੋੜਾਂ ਸੂਰਜ ਨੇ, ਕੋਈ ਇਕ ਹੈ, ਕਈ ਕਰੋੜਾਂ ਚੰਦਰਮਾਂ ਨੇ, ਕੋਈ ਇਕ ਹੈ, ਕਈ ਕਰੋੜਾਂ ਗ੍ਰਹਿ ਨਛੱਤਰ ਨੇ, ਕੋਈ ਇਕ ਹੈ। ਗੁਰੂ ਅਰਜਨ ਸਾਹਿਬ ਜੀ ਮਹਾਰਾਜ ਜੀ ਦਾ ਫ਼ਰਮਾਨ :-

*ਕਈ ਕੋਟਿ ਸਸੀਅਰ ਸੂਰ ਨਖ੍ਰਤ੍ਰ ॥* (ਅੰਗ ੨੭੫)

ਸਾਰੇ ਹੀ ਗਰਦਸ਼ ਵਿਚ ਨੇ, ਸਾਰੇ ਹੀ ਚਲਦੇ ਨੇ, ਰੁਕਿਆ ਹੋਇਆ ਕੁੱਝ ਵੀ ਨਹੀਂ ਹੈ। ਜ਼ਮੀਨ ਚਲ ਰਹੀ ਹੈ, ਅਸਮਾਨ ਚਲ ਰਿਹਾ। ਜੇ ਸਭ ਕੁਛ ਚਲ ਰਿਹਾ ਹੈ ਤਾਂ ਉਹਨਾਂ ਦਾ ਕੋਈ ਘਰ ਹੈ। ਕਿੱਥੇ ਪਹੁੰਚਣਾ ਹੈ? ਆਪਣੇ ਘਰ। ਆਪਣੇ ਘਰ ਪਹੁੰਚ ਕੇ ਖ਼ਤਮ ਹੋ ਜਾਂਦੇ ਨੇ,

ਆਪਣੇ ਘਰ ਵਿਚ ਵੱਸ ਜਾਂਦੇ ਨੇ। ਤਨ ਜਿਸ ਦਿਨ ਕਬਰ ਵਿਚ ਪਹੁੰਚਦਾ ਹੈ ਖ਼ਾਕ ਹੋ ਜਾਂਦਾ ਹੈ, ਖ਼ਤਮ ਹੋ ਜਾਂਦਾ ਹੈ, ਘਰ ਪਹੁੰਚ ਗਿਆ। ਔਰ ਮਨ ਜਿਸ ਦਿਨ ਸੱਚ ਵਿਚ ਪਹੁੰਚਦਾ ਹੈ, ਉਹ ਸੱਚ ਦਾ ਰੂਪ ਹੋ ਜਾਂਦਾ ਹੈ। ਤਨ ਜਿਸ ਦਿਨ ਮਿੱਟੀ ਵਿਚ ਪਹੁੰਚਦਾ ਹੈ, ਇਹ ਮਿੱਟੀ ਦਾ ਹੀ ਰੂਪ ਹੋ ਜਾਂਦਾ ਹੈ, ਕਿਉਂਕਿ ਤਨ ਹੈ ਹੀ ਮਿੱਟੀ, ਹੋਰ ਕੀ ਏ? ਮਿੱਟੀ ਮਿੱਟੀ ਤਕ ਪਹੁੰਚ ਗਈ। ਖ਼ਾਕ ਖ਼ਾਕ ਤਕ ਪਹੁੰਚ ਗਈ।

ਖ਼ਾਕ ਖ਼ਾਕ ਤਕ ਪਹੁੰਚੇ ਉਸ ਤੋਂ ਪਹਿਲੇ ਨੂਰ ਨੂਰ ਤਕ ਪਹੁੰਚਣਾ ਚਾਹੀਦਾ ਹੈ। ਜੇਕਰ ਨੂਰ ਨੂਰ ਤਕ ਪਹੁੰਚ ਜਾਏ ਇਸ ਨੂੰ ਕਹਿੰਦੇ ਨੇ ਜੀਵਨ ਯਾਤਰਾ ਸੰਪੂਰਨ। ਇਹ ਸੰਪੂਰਨ ਹੋ ਗਿਆ ਹੈ। ਤਨ ਕਬਰ ਤਕ ਪਹੁੰਚ ਗਿਆ ਹੈ, ਤਨ ਮਿੱਟੀ ਤਕ ਪਹੁੰਚ ਗਿਆ ਹੈ, ਮਨ ਪਰਮਾਤਮਾ ਤਕ ਨਹੀਂ ਪਹੁੰਚਾ, ਜੀਵਨ ਯਾਤਰਾ ਨਿਸਫਲ ਚਲੀ ਗਈ ਏ, ਇਹ ਪੂਰਨ ਨਹੀਂ ਹੋਈ। ਕੇਵਲ ਦਿਲ ਦੀ ਤਸੱਲੀ ਵਾਸਤੇ ਲੋਕੀਂ ਕਹਿੰਦੇ ਨੇ, ਫ਼ਲਾਣਾ ਪੂਰਾ ਹੋ ਗਿਆ ਹੈ। ਖ਼ਾਕ ਪੂਰਾ ਹੋ ਗਿਆ ਹੈ? ਕਿਸ ਤਰ੍ਹਾਂ ਪੂਰਾ ਹੋ ਗਿਆ ਹੈ? ਇਹ ਅਧੂਰਾ ਹੈ। ਇਹ ਜੰਮਿਆ ਅਧੂਰਾ, ਇਹ ਜੀਵਿਆ ਅਧੂਰਾ, ਇਹ ਮਰਿਆ ਵੀ ਅਧੂਰਾ ਹੈ। ਤਨ ਕਬਰ ਤਕ ਪੁੱਜਾ ਹੈ, ਮਨ ਪਰਮਾਤਮਾ ਤਕ ਨਹੀਂ ਪਹੁੰਚਿਆ। ਤਨ ਸ਼ਮਸ਼ਾਨ ਤਕ ਪਹੁੰਚਿਆ ਹੈ, ਮਨ ਭਗਵਾਨ ਤਕ ਨਹੀਂ ਪਹੁੰਚਿਆ। ਮਨ ਭਗਵਾਨ ਤਕ ਪਹੁੰਚੇ, ਇਸ ਲਈ ਗੁਰਦੇਵ ਆਵਾਜ਼ ਪਏ ਮਾਰਦੇ ਨੇ:-

*ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ॥* (ਅੰਗ ੪੫੧)

*ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥* (ਅੰਗ ੭੬੭)

ਤੂੰ ਤੇ ਬਿਲਕੁਲ ਪਰਦੇਸ ਦੇ ਵਿਚ ਵਿਚਰਦਾ ਪਿਆ ਹੈਂ। ਮਨ ਦਾ ਚਲਣਾ ਇੰਜ ਹੈ, ਕਿ ਜਪਦਿਆਂ ਹੀ ਸੁਰਤ ਚਲਦੀ ਹੈ, ਉਂਜ ਨਹੀਂ ਚਲਦੀ। ਭਾਈ ਗੁਰਦਾਸ ਜੀ ਕਹਿੰਦੇ ਹਨ:-

*ਗੁਰਮੁਖਿ ਪੰਥੁ ਅਗੰਮ ਹੈ ਜਿਉ ਜਲ ਅੰਦਰਿ ਮੀਨੁ ਚਲੰਦਾ॥*
*ਗੁਰਮੁਖਿ ਖੋਜੁ ਅਲਖੁ ਹੈ ਜਿਉ ਪੰਖੀ ਆਗਾਸ ਉਡੰਦਾ॥* (ਵਾਰ ੧੬/੧੩)

ਗੁਰਮੁਖ ਇਸ ਤਰ੍ਹਾਂ ਸੱਚ ਤਕ ਪਹੁੰਚਦੇ ਹਨ, ਜਿਵੇਂ ਮੱਛੀ ਇਕ ਥਾਂ ਤੋਂ ਦੂਜੀ ਥਾਂ ਚਲਦੀ ਜਾ ਰਹੀ ਹੈ, ਚਲਦੀ ਜਾ ਰਹੀ ਹੈ, ਰਸਤਾ ਬਣਦਾ ਜਾ ਰਿਹਾ ਹੈ। ਜਿਵੇਂ ਪੰਛੀ ਇਕ ਥਾਂ ਤੋਂ ਦੂਜੀ ਥਾਂ ਪਹੁੰਚ ਜਾਂਦਾ ਹੈ, ਕਿਸ ਤਰ੍ਹਾਂ? ਉੱਡਦਾ ਜਾ ਰਿਹਾ ਹੈ, ਉੱਡਦਾ ਜਾ ਰਿਹਾ ਹੈ, ਮਾਰਗ ਬਣਦਾ ਜਾ ਰਿਹਾ ਹੈ, ਬਣਦਾ ਜਾ ਰਿਹਾ ਹੈ। ਇਸ ਤਰ੍ਹਾਂ ਗੁਰੂ ਦੇ ਸਿੱਖ ਦੀ ਸੁਰਤ ਉੱਠ ਕੇ ਨਿਰੰਕਾਰ ਤਕ ਪਹੁੰਚ ਜਾਂਦੀ ਹੈ, ਕਿਸ ਤਰ੍ਹਾਂ? ਜਪਦਾ ਜਾ ਰਿਹਾ ਹੈ, ਜਪਦਾ ਜਾ ਰਿਹਾ ਹੈ, ਵਾਹਿਗੁਰੂ ਜਪਦਾ ਜਾ ਰਿਹਾ ਹੈ, ਪਹੁੰਚ ਗਿਆ ਵਾਹਿਗੁਰੂ ਤਕ। ਪਹੁੰਚ ਗਿਆ ਈਸ਼ਵਰ ਤਕ। ਹੁਣ ਇਸ ਮਾਰਗ ਦੇ ਚਾਰ ਪੜਾਉ ਦੱਸੇ ਨੇ ਧੰਨ ਗੁਰੂ ਨਾਨਕ ਦੇਵ ਜੀ ਨੇ। **ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ** ਅਤੇ ਪੰਜਵਾਂ ਖੰਡ ਹੈ **ਸਚਖੰਡ,** ਜੋ ਮੰਜ਼ਿਲ ਹੈ। ਇਸ ਦੀ ਲੜੀਵਾਰ, ਸਿਲਸਿਲਾਵਾਰ ਵਜਾਹਤ ਅੱਗੇ ਹੈ।

# ਭਾਗ ੨

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*

*ਕਹਾ ਬੁੱਧਿ ਪ੍ਰਭ ਤੁੱਛ ਹਮਾਰੀ॥ ਬਰਨ ਸਕੈ ਮਹਿਮਾ ਜੁ ਤਿਹਾਰੀ॥*
*ਹਮ ਨ ਸਕਤ ਕਰ ਸਿਫਤ ਤੁਮਾਰੀ॥ ਆਪ ਲੇਹੁ ਤੁਮ ਕਥਾ ਸੁਧਾਰੀ॥੩॥*
*ਕਹਾ ਲਗੈ ਇਹ ਕੀਟ ਬਖਾਨੈ॥ ਮਹਿਮਾ ਤੋਰ ਤੁਹੀ ਪ੍ਰਭ ਜਾਨੈ॥*
*ਪਿਤਾ ਜਨਮ ਜਿਮ ਪੂਤ ਨ ਪਾਵੈ॥ ਕਹਾ ਤਵਨ ਕਾ ਭੇਦ ਬਤਾਵੈ॥੪॥*

ਸਨਮਾਨ ਯੋਗ ਗੁਰੂ ਰੂਪ ਸਾਧ ਸੰਗਤ ਜੀਉ,
ਫਤਹਿ ਪਰਵਾਨ ਕਰਨੀ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥*

ਕਲ੍ਹ ਦਾਸ ਨੇ ਇਕ ਲੜੀਵਾਰ ਵਿਚਾਰ ਰੱਖਣ ਦਾ ਮਨ ਬਣਾਇਆ ਸੀ। ਉਸੇ ਨੂੰ ਦੁਹਰਾਉਂਦੇ ਹਾਂ। ਦਰਅਸਲ ਕੁੱਝ ਰਸਤੇ ਜ਼ਮੀਨ ਤੇ ਨੇ, ਸੜਕਾਂ ਜਿਨ੍ਹਾਂ ਤੇ ਸਾਨੂੰ ਚਲਣਾ ਪੈਂਦਾ ਹੈ, ਇਕ ਜਗ੍ਹਾ ਤੋਂ ਦੂਸਰੀ ਥਾਂ ਤੇ ਕੁੱਝ ਪੜਾਵਾਂ ਤੋਂ ਲੰਘ ਕੇ। ਇਸ ਤਰ੍ਹਾਂ ਸੁਰਤ ਜਦ ਸੰਸਾਰ ਤੋਂ ਨਿਰੰਕਾਰ ਤਕ ਪਹੁੰਚਦੀ ਹੈ, ਪਦਾਰਥ ਤੋਂ ਜਦ ਪਰਮਾਤਮਾ ਤਕ ਪਹੁੰਚਦੀ ਹੈ, ਤੇ ਕੁਛ ਪੜਾਵਾਂ ਤੋਂ ਲੰਘ ਕੇ। ਬਾਕਾਇਦਾ ਕੁਛ ਪੜਾਉ ਨੇ। ਉਹਨਾਂ ਪੜਾਵਾਂ ਦੇ ਬਾਕਾਇਦਾ ਨਾਮ ਨੇ। ਰਸਤਿਆਂ ਦੇ ਵੀ ਨਾਮ ਨੇ। ਇਕ ਰਸਤੇ ਨੂੰ ਇਸਲਾਮ ਕਹਿੰਦੇ ਨੇ। ਇਸਲਾਮ ਇਕ ਰਸਤੇ ਦਾ ਨਾਮ ਹੈ, ਔਰ ਇਸ ਰਸਤੇ ਵਿਚ ਪੜਾਉ ਨੇ। ਸਨਾਤਨ ਮੱਤ ਇਕ ਰਸਤੇ ਦਾ ਨਾਮ ਹੈ ਅਤੇ ਇਸ ਰਸਤੇ ਦੇ ਕੁਛ ਪੜਾਉ ਨੇ। ਇਸਾਈਅਤ, ਯਹੂਦੀ ਤੇ ਪਾਰਸੀ ਇਹ ਰਸਤਿਆਂ ਦੇ ਨਾਮ ਨੇ ਅਤੇ ਇਹਨਾਂ ਰਸਤਿਆਂ ਵਿਚ ਆਪਣੇ ਪੜਾਉ ਨੇ। ਗੁਰਮਤਿ, ਇਹ ਜਿਹੜਾ ਗੁਰੂ ਦਾ ਪੰਥ ਹੈ ਇਸ ਦਾ ਵੀ ਆਪਣਾ ਨਾਮ ਹੈ ਅਤੇ ਇਸ ਪੰਥ ਦੇ, ਇਸ ਮਾਰਗ ਦੇ, ਇਸ ਰਸਤੇ ਦੇ ਵੀ ਆਪਣੇ ਪੜਾਉ ਨੇ। ਜਦ ਵੀ ਕਿਸੇ ਨੇ ਮੰਜ਼ਿਲ ਤੇ ਪਹੁੰਚਣਾ ਹੈ, ਪੜਾਵਾਂ ਤੋਂ ਲੰਘ ਕੇ ਹੀ ਪਹੁੰਚਣਾ ਹੈ।

ਪਹਿਲੇ ਮੈਂ ਥੋੜੀ ਜਿਹੀ ਇਹਨਾਂ ਰਸਤਿਆਂ ਦੀ ਵੀ ਵਿਆਖਿਆ ਕਰ ਦਿਆਂ। ਫਿਰ ਪੜਾਉ ਨੇ, ਪੜਾਵਾਂ ਦਾ ਵੀ ਥੋੜਾ ਜਿਹਾ ਜ਼ਿਕਰ ਪਹਿਲੇ ਕਰ ਦਿਆਂ। ਸਨਾਤਨ ਮੱਤ ਨੇ ਤਿੰਨ ਪੜਾਉ ਦੱਸੇ ਨੇ, **ਕਰਮ ਕਾਂਡ, ਉਪਾਸ਼ਨਾ ਕਾਂਡ** ਅਤੇ **ਗਿਆਨ ਕਾਂਡ**। ਗਿਆਨ ਕਾਂਡ ਨੂੰ ਉਹ ਮੰਜ਼ਿਲ ਕਹਿੰਦੇ ਨੇ, ਟਿਕਾਣਾ ਕਹਿੰਦੇ ਨੇ। ਇਸਲਾਮ ਇਸ ਨੂੰ ਚਾਰ ਹਿੱਸਿਆਂ ਵਿਚ ਤਕਸੀਮ ਕਰਦਾ ਹੈ, ਤਿੰਨ ਨੂੰ ਪੜਾਉ ਮੰਨਦਾ ਹੈ ਅਤੇ ਚੌਥੀ ਨੂੰ ਮੰਜ਼ਿਲ ਮੰਨਦਾ ਹੈ।

**ਸ਼ਰੀਅਤ, ਤਰੀਕਤ, ਮਾਰਫ਼ਤ ਔਰ ਹਕੀਕਤ।** ਇਸੇ ਹੀ ਤਰੀਕੇ ਨਾਲ ਗੁਰਮਤਿ ਪੰਜ ਹਿਸਿਆਂ ਵਿਚ ਵੰਡਦੀ ਹੈ। ਚਾਰ ਪੜਾਉ ਨੇ ਪੰਜਵੀਂ ਮੰਜ਼ਿਲ ਹੈ। ਜੈਸੇ ਕਿ ਸਤਿਗੁਰ ਜਪੁਜੀ ਸਾਹਿਬ ਵਿਚ ਵੰਡ ਕਰਦੇ ਨੇ। **ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਔਰ ਸੱਚ ਖੰਡ।** ਅਸੀਂ ਗੁਰਮਤਿ ਮਾਰਗ ਦੇ ਧਾਰਨੀ ਹਾਂ, ਗੁਰੂ ਪੰਥ ਤੇ ਚਲਣ ਵਾਲੇ ਹਾਂ। ਇਸ ਕਥਾ ਦੇ ਆਇਨੇ ਵਿਚ, ਇਸ ਕਥਾ ਦੇ ਸ਼ੀਸ਼ੇ ਵਿਚ, ਇਸ ਵਿਚਾਰ ਦੇ ਦਰਪਣ ਵਿਚ, ਆਪਾਂ ਇਹ ਦੇਖਣ ਦੀ ਕੋਸ਼ਿਸ਼ ਕਰਾਂਗੇ, ਕਿ ਅਸੀਂ ਕਿਸ ਪੜਾਉ ਤੇ ਹਾਂ। ਪਹਿਲੇ ਪੜਾਉ ਤੇ ਹਾਂ, ਦੂਸਰੇ ਤੇ ਹਾਂ, ਤੀਜੇ ਤੇ ਹਾਂ ਜਾਂ ਚੌਥੇ ਤੇ ਹਾਂ ਜਾਂ ਪਹੁੰਚ ਗਏ ਹਾਂ, ਜਾਂ ਬਸ ਜ਼ਿੰਦਗੀ ਪੁੱਛਦਿਆਂ-ਪੁੱਛਦਿਆਂ ਹੀ ਲੰਘ ਗਈ ਹੈ, ਚਲੇ ਹੀ ਨਹੀਂ:-

***ਪੂਛਤ ਪਥਿਕ ਤਿਹ ਮਾਰਗਿ ਨ ਧਾਰੈ ਪਗੁ,***
***ਪ੍ਰੀਤਮ ਕੇ ਦੇਸ ਕੈਸੇ ਬਾਤਨ ਕੈ ਜਾਈਐ॥***

(ਕਬਿੱਤ ਭਾਈ ਗੁਰਦਾਸ ਜੀ)

ਮਹਾਂਪੁਰਸ਼ਾਂ ਨੇ, ਜਗਤ ਦੇ ਰਹਿਬਰੀ ਪੁਰਸ਼ਾਂ ਨੇ, ਜੋ ਮਨੁੱਖੀ ਜੀਵਨ ਨੂੰ ਬਤੀਤ ਕਰਨ ਦੇ ਸਾਧਨ ਦੱਸੇ, ਦੁੱਖਾਂ ਦੀ ਨਵਿਰਤੀ ਦੇ ਜੋ ਉਪਰਾਲੇ ਦੱਸੇ, ਉਹ ਜਗਤ ਨੇ ਅਪਨਾਏ ਨਹੀਂ। ਰਾਜਨੀਤਕ ਲੋਕਾਂ ਨੇ ਜੋ ਮਨੁੱਖ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਉਪਾਏ ਕੀਤੇ, ਉਸ ਦੇ ਨਾਲ ਸਮੱਸਿਆ ਹੱਲ ਨਹੀਂ ਹੋਈ। ਹਰ ਮੁਲਕ ਦੀ ਆਪਣੀ-ਆਪਣੀ ਸਮੱਸਿਆ ਹੈ। ਕੋਈ ਵੀ ਮੁਲਕ ਛਾਤੀ ਤੇ ਹੱਥ ਰੱਖ ਕੇ ਦਾਅਵੇ ਨਾਲ ਨਹੀਂ ਕਹਿ ਸਕਦਾ, ਕਿ ਸਾਡੇ ਮੁਲਕ ਦੀ ਕੋਈ ਸਮੱਸਿਆ ਨਹੀਂ। ਕੁਛ ਨਾ ਕੁਛ ਸਮੱਸਿਆ ਹੈ। ਕਿਧਰੇ ਆਰਥਿਕ ਸਮੱਸਿਆ ਹੈ, ਕਿਧਰੇ ਸਮਾਜਿਕ ਸਮੱਸਿਆ ਹੈ, ਕਿਧਰੇ ਰਾਜਨੀਤਕ ਸਮੱਸਿਆ ਹੈ ਔਰ ਇਹਨਾਂ ਸਮੱਸਿਆਵਾਂ ਨੂੰ ਸੁਲਝਾਉਣ ਦਾ, ਹੱਲ ਕਰਨ ਦਾ ਰਾਜਨੀਤਕ ਲੋਕਾਂ ਨੇ ਦਾਅਵਾ ਵੀ ਕੀਤਾ ਹੋਇਆ ਹੈ, ਲੇਕਿਨ ਹਰ ਮੁਲਕ ਵਿਚ ਇਹ ਸਮੱਸਿਆਵਾਂ ਮੌਜੂਦ ਨੇ। ਸਮੱਸਿਆਵਾਂ ਹੱਲ ਨਹੀਂ ਹੋਈਆਂ। ਮਹਾਂਪੁਰਸ਼ਾਂ ਨੇ ਜੋ ਹੱਲ ਦੱਸਿਆ ਉਹ ਜਗਤ ਨੇ ਕਬੂਲ ਨਹੀਂ ਕੀਤਾ। ਰਾਜਨੀਤਕ ਲੋਕਾਂ ਨੇ ਜੋ ਸਮੱਸਿਆਵਾਂ ਦਾ ਸਮਾਧਾਨ ਪੇਸ਼ ਕੀਤਾ, ਜੋ ਹੱਲ ਦੱਸਿਆ, ਉਸ ਨਾਲ ਸਮੱਸਿਆਵਾਂ ਹੱਲ ਨਹੀਂ ਹੋਈਆਂ।

ਇਹ ਮੈਨੂੰ ਇਸ ਵਾਸਤੇ ਰਿਪੀਟ ਕਰਨਾ ਪੈਂਦਾ ਹੈ ਕਿ ਕੀਰਤਨ ਨੂੰ ਕਿਸੇ ਥਾਂ ਤੋਂ ਵੀ ਸੁਣ ਸਕਦੇ ਹਾਂ ਪਰ ਕਥਾ ਦੀ ਇਕ ਲੜੀ ਹੁੰਦੀ ਏ, ਜਿਸ ਨੇ ਸ਼ੁਰੂ ਤੋਂ ਕੁਛ ਨਹੀਂ ਸੁਣਿਆ, ਬਾਅਦ ਦੇ ਵਿਚ ਯਕੀਨ ਜਾਣੋ ਉਸ ਦੇ ਪੱਲੇ ਕੁਛ ਨਹੀਂ ਪਵੇਗਾ। ਇਹ ਤੇ ਇਕ ਲੜੀ ਹੈ, ਕਿਸ ਥਾਂ ਤੋਂ ਆਰੰਭ ਕਰਨੀ ਅਤੇ ਕਿਸ ਥਾਂ ਤੇ ਸੰਪੂਰਨ ਹੋਣੀ ਹੈ।

ਮਹਾਂਪੁਰਸ਼ਾਂ ਨੇ ਮਨੁੱਖ ਦੀਆਂ ਸਮੱਸਿਆਵਾਂ ਦਾ ਜੋ ਹੱਲ ਦੱਸਿਆ ਉਹ ਮਨੁੱਖ ਨੇ ਕਬੂਲ ਨਹੀਂ ਕੀਤਾ ਔਰ ਰਾਜਨੀਤਕ ਲੋਕਾਂ ਨੇ ਜੋ ਸਮੱਸਿਆਵਾਂ ਦਾ ਸਮਾਧਾਨ ਲੱਭਿਆ, ਉਸ ਨਾਲ ਸਮੱਸਿਆਵਾਂ ਹੱਲ ਨਹੀਂ ਹੋਈਆਂ। ਸਾਰੀ ਦੁਨੀਆਂ ਵਿਚ ਸਮੱਸਿਆਵਾਂ ਨੂੰ ਹੱਲ ਕਰਨ ਦੀ ਜ਼ਿੰਮੇਵਾਰੀ ਰਾਜਨੀਤਕ ਲੋਕਾਂ ਕੋਲ ਹੈ, ਮੁਲਕ ਨੂੰ ਓਹੀ ਚਲਾ ਰਹੇ ਨੇ। ਸਮਾਜਿਕ ਜ਼ਿੰਦਗੀ ਦੇ ਨਿਯਮ ਓਹੀ ਬਣਾਉਂਦੇ ਨੇ, ਆਰਥਿਕ ਢਾਂਚਾ ਓਹੀ ਬਣਾਉਂਦੇ ਨੇ। ਰਾਜਨੀਤਕ ਨਿਯਮ ਓਹੀ ਬਣਾਉਂਦੇ ਨੇ, ਲੇਕਿਨ ਮਸਲਾ ਤੇ ਹੱਲ ਨਹੀਂ ਹੋਇਆ। ਕੋਈ ਮੁਲਕ ਦਾਅਵੇ

ਨਾਲ ਨਹੀਂ ਕਹਿ ਸਕਦਾ ਕਿ ਸਾਡੇ ਮੁਲਕ ਵਿਚ ਕੋਈ ਸਮੱਸਿਆ ਨਹੀਂ। ਕਿਧਰੇ ਪਰਵਾਰਿਕ ਸਮੱਸਿਆ ਹੈ, ਕਿਧਰੇ ਆਰਥਿਕ ਸਮੱਸਿਆ ਹੈ ਔਰ ਕਿਧਰੇ ਰਾਜਨੀਤਕ ਸਮੱਸਿਆ ਹੈ। ਕਿਧਰੇ ਪਰਵਾਰ ਵਿਚ ਇਨਸਾਫ ਨਹੀਂ ਹੈ, ਕਿਧਰੇ ਆਰਥਿਕ ਦੁਨੀਆਂ ਵਿਚ ਇਨਸਾਫ਼ ਨਹੀਂ ਹੈ ਅਤੇ ਕਿਧਰੇ ਰਾਜਨੀਤੀ ਵਿਚ ਇਨਸਾਫ਼ ਨਹੀਂ ਹੈ। ਇਹ ਬੇਇਨਸਾਫ਼ੀਆਂ ਤੁਹਾਨੂੰ ਦੁਨੀਆਂ ਵਿਚ ਕਿਸੇ ਨਾ ਕਿਸੇ ਪੱਧਰ ਤੇ ਜ਼ਰੂਰ ਮਿਲਣਗੀਆਂ। ਸਮੱਸਿਆਵਾਂ ਦਾ ਹੱਲ ਨਹੀਂ ਹੋਇਆ। ਜਿਹੜਾ ਹੱਲ ਅਵਤਾਰੀ ਪੁਰਸ਼ਾਂ ਨੇ, ਪੈਗੰਬਰਾਂ ਨੇ, ਗੁਰੂ ਜਨਾਂ ਨੇ ਲੱਭਿਆ, ਜੋ ਸਮਾਧਾਨ ਉਹਨਾਂ ਦੇ ਕੋਲ ਸੀ ਉਹ ਮਨੁੱਖਤਾ ਨੇ ਕਬੂਲ ਨਹੀਂ ਕੀਤਾ ਅਤੇ ਜੋ ਰਾਜਨੀਤਕ ਲੋਕਾਂ ਨੇ ਸਮਾਧਾਨ ਦੱਸਿਆ ਉਸ ਨਾਲ ਸਮਾਧਾਨ ਹੋਇਆ ਨਹੀਂ, ਸਮੱਸਿਆ ਹੱਲ ਨਹੀਂ ਹੋਈ। ਮਨੁੱਖ ਹਜ਼ਾਰਾਂ ਸਾਲ ਪਹਿਲੇ ਦੁਖੀ ਸੀ, ਅੱਜ ਵੀ ਦੁਖੀ ਹੈ। ਮਨੁੱਖ ਪਹਿਲੇ ਵੀ ਬੇਚੈਨ ਸੀ, ਅੱਜ ਵੀ ਏ। ਕੀ ਹੋਇਆ ਹਜ਼ਾਰਾਂ ਵਿਚੋਂ ਕਿਤੇ ਇਕ ਦੋ ਆਦਮੀਆਂ ਨੇ ਅਨੰਦ ਮਾਣ ਲਿਆ, ਸਮਾਧੀ ਲੀਨ ਹੋ ਗਏ, ਇਹ ਕੋਈ ਬਹੁਤੀ ਵੱਡੀ ਗਿਣਤੀ ਨਹੀਂ ਏ, ਇਹ ਨਿਰਾਸ਼ਾ-ਜਨਕ ਹੈ। ਇਹ ਬਿਲਕੁਲ ਮਾਯੂਸ ਹਾਲਤ ਹੈ ਕਿ ਇਕ ਬਗੀਚੇ ਵਿਚ ਹਜ਼ਾਰ ਬੂਟੇ ਲਗਾਏ ਜਾਣ, ਸਿਰਫ ਦੋਹਾਂ ਨੂੰ ਫੁੱਲ ਲੱਗਣ, ਫਲ ਲੱਗਣ ਬਾਕੀ ਸੜ ਸੁੱਕ ਜਾਣ, ਮੁਰਝਾ ਜਾਣ। ਤੇ ਇਹ ਜੋ ਦੋਹਾਂ ਨੂੰ ਫੁੱਲ ਲੱਗੇ ਨੇ, ਫਲ ਲੱਗੇ ਨੇ, ਇਸ ਤੇ ਕੋਈ ਅਸੀਂ ਖ਼ੁਸ਼ੀ ਜ਼ਾਹਿਰ ਕਰਾਂਗੇ? ਨਹੀਂ। ਉਹ ਜੋ ਸੈਂਕੜੇ ਮੁਰਝਾ ਗਏ। ਕੀ ਹੋਇਆ ਲੱਖਾਂ ਕਰੋੜਾਂ ਦੇ ਇਕੱਠ ਵਿਚ, ਅੱਜ ਦੁਨੀਆਂ ਦੀ ਜੋ ਆਬਾਦੀ ਏ, ਇਸ ਵਿਚ ਉਂਗਲੀਆਂ ਤੇ ਗਿਣੇ ਜਾਣ ਵਾਲੇ ਉਹ ਪੁਰਸ਼ ਹੋ ਸਕਦੇ ਨੇ ਜੋ ਸਮਾਧੀ ਲੀਨ ਨੇ ਅਤੇ ਪਰਮ ਅਨੰਦ ਮਾਣਦੇ ਨੇ। ਜਿਨ੍ਹਾਂ ਦੇ ਮਨ ਵਿਚ ਟਿਕਾਉ ਹੈ, ਸਕੂਨ ਹੈ। ਕੋਈ ਬਹੁਤ ਵੱਡੀ ਤਾਦਾਦ ਨਹੀਂ ਹੈ, ਕੋਈ ਬਹੁਤ ਵੱਡੀ ਗਿਣਤੀ ਨਹੀਂ ਹੈ।

ਮਨੁੱਖ ਦੁਖੀ ਹੈ। ਛੋਟਾ ਦੁਖੀ ਹੈ, ਵੱਡਾ ਦੁਖੀ ਹੈ, ਮੂਰਖ ਦੁਖੀ ਏ, ਸਿਆਣਾ ਦੁਖੀ ਏ, ਨਿਰਧਨ ਦੁਖੀ ਹੈ, ਧਨਵਾਨ ਦੁਖੀ ਹੈ, ਅਨਪੜ੍ਹ ਦੁਖੀ ਹੈ, ਪੜ੍ਹਿਆ ਲਿਖਿਆ ਦੁਖੀ ਹੈ, ਸਭ ਦੁਖੀ ਨੇ। ਹਜ਼ਾਰਾਂ ਸਾਲ ਪਹਿਲੇ ਵੀ ਮਨੁੱਖ ਦੁਖੀ ਸੀ, ਅੱਜ ਵੀ ਦੁਖੀ ਏ, ਕਾਰਣ? ਕਿਆ ਮਨੁੱਖ ਦੁੱਖ ਲਈ ਜਨਮ ਲੈਂਦਾ ਹੈ। ਕਿਆ ਮਨੁੱਖ ਸਿਰਫ਼ ਦੁੱਖ ਭੋਗਣ ਲਈ ਆਇਆ ਹੈ। ਕਤਈ ਨਹੀਂ, ਮਨੁੱਖ ਤੇ ਪਰਮ ਅਨੰਦ ਮਾਨਣ ਲਈ ਆਇਆ ਹੈ। ਇਹ ਜੋ ਮਨੁੱਖਾ ਤਨ ਇਸ ਨੂੰ ਮਿਲਿਆ ਹੈ, ਇਹ ਪਰਮਾਤਮਾ ਦੀ ਪ੍ਰਾਪਤੀ ਵਾਸਤੇ ਇਸ ਨੂੰ ਮਿਲਿਆ ਹੈ। **ਪਰਮਾਤਮਾ ਕੀ ਹੈ? ਅਨੰਦ। ਪਰਮਾਤਮਾ ਕੀ ਹੈ? ਖ਼ੁਸ਼ੀ। ਪਰਮਾਤਮਾ ਕੀ ਹੈ? ਇਕ ਪਰਕਾਸ਼। ਪਰਮਾਤਮਾ ਕੀ ਹੈ? ਇਕ ਰਸ।** ਮਨੁੱਖ ਦੇ ਕੋਲ ਤੇ ਇਹ ਦਿਖਾਈ ਨਹੀਂ ਦਿੰਦਾ। ਨਾ ਰਸ ਹੈ, ਨਾ ਖ਼ੁਸ਼ੀ ਹੈ, ਨਾ ਖੇੜਾ ਹੈ, ਨਾ ਆਨੰਦ ਹੈ। ਜੇ ਕਹੀਏ ਇਸ ਕੋਲ ਪਰਮਾਤਮਾ ਹੈ ਤਾਂ ਇਸ ਦੇ ਅਰਥ ਨੇ ਕਿ ਇਸ ਦੇ ਕੋਲ ਸਦੀਵੀ ਆਨੰਦ ਹੈ। ਇਸ ਦੇ ਕੋਲ ਸਦੀਵੀ ਖ਼ੁਸ਼ੀ ਹੈ। ਇਸ ਦੇ ਕੋਲ ਖੇੜਾ ਹੈ, ਇਸ ਦੇ ਕੋਲ ਸਰੂਰ ਹੈ। ਇਸ ਦੇ ਕੋਲ ਸਦੀਵੀ ਮਸਤੀ ਹੈ। ਤੇ ਐਸਾ ਤੇ ਦਿਖਾਈ ਨਹੀਂ ਦਿੰਦਾ। ਮਹਾਂਪੁਰਸ਼ਾਂ ਨੇ ਜੋ ਸਮਾਧਾਨ ਲੱਭਿਆ ਉਹ ਕਿਸੇ ਵੀ ਮਨੁੱਖ ਨੇ ਕਬੂਲ ਨਹੀਂ ਕੀਤਾ।

ਮੈਂ ਫਿਰ ਅਰਜ਼ ਕਰਾਂ ਕਰੋੜਾਂ ਵਿਚੋਂ ਕੋਈ ਦੋ ਚਾਰ ਹੋ ਗਏ, ਇਹ ਕੋਈ ਵੱਡੀ ਗਿਣਤੀ ਨਹੀਂ ਹੈ। ਰਾਜਨੀਤਕ ਲੋਕਾਂ ਨੇ ਜੋ ਸਮਾਧਾਨ ਦੱਸੇ, ਇਸ ਨਾਲ ਸਮੱਸਿਆ ਹੱਲ ਨਹੀਂ ਹੋਈ। ਹਰ ਮੁਲਕ ਦੀ ਆਪਣੀ ਸਮੱਸਿਆ ਹੈ, ਕਿਧਰੇ ਕੋਈ ਸਮੱਸਿਆ ਹੈ, ਕਿਧਰੇ ਕੋਈ ਸਮੱਸਿਆ

ਹੈ। ਪਹਿਲੇ ਮੈਂ ਇਹ ਦੱਸਾਂ ਕਿ ਮਹਾਂਪੁਰਸ਼ਾਂ ਨੇ ਕਿਹੜੇ ਸਮਾਧਾਨ ਪੇਸ਼ ਕੀਤੇ। ਰਾਜਨੀਤਕ ਲੋਕਾਂ ਨੇ ਕਿਹੜੇ ਸਮਾਧਾਨ ਪੇਸ਼ ਕੀਤੇ, ਇਹ ਤੁਸੀਂ ਖ਼ੁਦ ਸਟੱਡੀ (Study) ਕਰ ਲਉ। ਹਰ ਮੁਲਕ ਵਿਚ ਆਖ਼ਿਰ ਰਾਜਨੀਤਕ ਨਿਯਮ ਬਣੇ ਹੋਏ ਨੇ, ਵਿਧਾਨ ਬਣੇ ਹੋਏ ਨੇ, Constituition ਬਾਕਾਇਦਾ ਬਣੇ ਹੋਏ ਨੇ। ਕਿਆ ਉਸ ਦੇ ਮੁਤਾਬਿਕ ਮਨੁੱਖਤਾ ਸੁਖੀ ਹੋ ਗਈ? ਕੀ ਉਸ ਦੇ ਮੁਤਾਬਿਕ ਮਨੁੱਖ ਨੂੰ ਪਰਮ ਅਨੰਦ ਮਿਲ ਗਿਆ? ਕੀ ਉਸ ਦੇ ਮੁਤਾਬਿਕ ਸਦੀਵੀ ਖ਼ੁਸ਼ੀਆਂ ਤੇ ਖੇੜੇ ਮਨੁੱਖ ਦੀ ਝੋਲੀ ਵਿਚ ਪੈ ਗਏ ਨੇ? ਕਤਈ ਨਹੀਂ। ਔਰ ਇਹਨਾਂ ਰਾਜਨੀਤਕ ਲੋਕਾਂ ਨੇ ਕੀ ਖੇੜੇ ਦੇਣੇ ਨੇ, ਇਹ ਤੇ ਖ਼ੁਦ ਰੋ ਰਹੇ ਨੇ। ਇਹ ਤੇ ਖ਼ੁਦ ਬੇਚੈਨ ਨੇ। ਜੋ ਆਂਕੜੇ ਪੇਸ਼ ਨੇ, ਦੁਨੀਆਂ ਦੇ ੭੦ ਫ਼ੀ ਸਦੀ ਰਾਜਨੀਤਕ, ਰਾਤ ਨੂੰ ਨੀਂਦ ਦੀਆਂ ਗੋਲੀਆਂ ਖਾ ਕੇ ਸੌਂਦੇ ਨੇ, ਉਹਨਾਂ ਨੂੰ ਨੀਂਦ ਨਹੀਂ ਪੈਂਦੀ, ਬਾਕੀਆਂ ਨੂੰ ਕੀ ਖ਼ਾਕ ਨੀਂਦ ਪੈਣੀ ਹੈ? ਇਹ ਤੇ ਇਤਨੇ ਬੇਚੈਨ ਨੇ, ਇਹ ਤੇ ਖ਼ੁਦ ਇਤਨੇ ਪਰੇਸ਼ਾਨ ਨੇ, ਇਹ ਤੇ ਖ਼ੁਦ ਇਤਨੇ ਗ਼ਮਗੀਨ ਨੇ। ਪਰ ਬਦਕਿਸਮਤੀ ਹੈ, ਅਖ਼ਬਾਰਾਂ ਦੇ ਉੱਤੇ, ਟੀ.ਵੀ. ਦੇ ਉੱਤੇ, ਰੇਡੀਓ ਤੇ ਇਹ ਹੀ ਰਾਜਨੀਤਕ ਛਾਏ ਹੋਏ ਨੇ। ਸਾਰੀ ਦੁਨੀਆਂ ਵਿਚ, ਇਹਨਾਂ ਦੀ ਹੀ ਗੱਲ ਹੈ, ਇਹਨਾਂ ਦੀ ਚਰਚਾ ਹੈ, ਖ਼ਬਰਾਂ ਵਿਚ ਇਹ ਹੀ ਨੇ। ਇਹੀ ਮਨੁੱਖ ਦੇ ਜ਼ਿਹਨ ਵਿਚ ਛਾਇਆ ਹੋਇਆ ਹੈ। ਦੂਸਰੇ ਨੰਬਰ ਤੇ ਖ਼ਬਰਾਂ ਵਿਚ ਚੋਟੀ ਦੇ ਧਨਵਾਨ ਨੇ। ਧਰਮ ਦੀ ਤੇ ਕੋਈ ਗੱਲ ਹੀ ਨਹੀਂ। ਧਰਮ ਦੀ ਚਰਚਾ ਅਖ਼ਬਾਰਾਂ ਵਿਚ ਕੋਈ ਨਹੀਂ, ਧਰਮ ਦੀ ਚਰਚਾ ਰੇਡੀਓ ਤੇ ਕੋਈ ਨਹੀਂ। ਧਰਮ ਦੀ ਚਰਚਾ ਟੀ.ਵੀ. ਤੇ ਕੋਈ ਨਹੀਂ। ਹੋਇਆ ਕੋਈ ਇਕ ਅੱਧ ਬੰਦਾ ਧਰਮ ਮੰਦਰ ਵਿਚ ਆ ਗਿਆ ਤੇ ਮਾੜੀ ਮੋਟੀ ਕਿਧਰੇ ਕੋਈ ਗੱਲ ਸੁਣ ਲਈ, ਇਸ ਤੋਂ ਬਿਨਾਂ ਤੇ ਕੁਛ ਵੀ ਨਹੀਂ। ਚਾਰੋਂ ਪਾਸੇ ਜੋ ਰਾਜਨੀਤਕ ਮਾਹੌਲ ਹੈ, ਇਸ ਤੋਂ ਮਨੁੱਖ ਪ੍ਰਭਾਵਿਤ ਹੈ। ਝੂਠ ਨਾਲ ਲਿੱਬੜੇ ਹੋਏ ਬੋਲ ਉਹ ਬੋਲੇ, ਲੱਖਾਂ ਦੁਨੀਆਂ ਸੁਣਨ ਨੂੰ ਜਾਂਦੀ ਹੈ। ਕਾਰਣ? ਮਨੁੱਖ ਰਾਜਨੀਤੀ ਤੋਂ ਪ੍ਰਭਾਵਿਤ ਹੈ। ਉਹਨਾਂ ਬੋਲਾਂ ਨਾਲ ਹੱਲ ਕੁਛ ਵੀ ਨਹੀਂ ਹੋਇਆ। ਸਮਸਿਆਵਾਂ ਤਿਉਂ ਦੀਆਂ ਤਿਉਂ ਬਣੀਆਂ ਹੋਈਆਂ ਨੇ। ਰਾਜਨੀਤਕ ਦੁਨੀਆਂ ਨੇ ਅੱਜ ਤਕ ਮਸਲਾ ਹੱਲ ਨਹੀਂ ਕੀਤਾ।

ਧਰਮ ਨੇ ਜੋ ਮਸਲਾ ਹੱਲ ਕੀਤਾ ਹੈ, ਜੋ ਸਮਾਧਾਨ ਪੇਸ਼ ਕੀਤਾ ਹੈ, ਜੋ ਦਵਾਈ ਅੱਗੇ ਰੱਖੀ ਹੈ, ਇਹ ਮਨੁੱਖ ਨੇ ਕਬੂਲ ਨਹੀਂ ਕੀਤੀ। ਤੁਸੀਂ ਆਖੋਗੇ ਕਿ ਧਾਰਮਿਕ ਪੁਰਸ਼ਾਂ ਨੇ ਕਿਹੜੀ ਦਵਾਈ ਪੇਸ਼ ਕੀਤੀ ਹੈ? ਉਹ ਮੈਂ ਤੁਹਾਡੇ ਸਾਹਮਣੇ ਰੱਖਾਂ।

ਪ੍ਰਥਮ **ਸਨਾਤਨ ਮੱਤ** ਤੋਂ ਹੀ ਗੱਲ ਅੱਗੇ ਰੱਖੀਏ, ਚੂੰਕਿ ਇਹ ਪੰਜ ਹਜ਼ਾਰ ਸਾਲ ਪੁਰਾਣਾ ਮੱਤ ਹੈ। **ਬੁੱਧ ਧਰਮ** ਗ਼ਾਲਬਨ ਢਾਈ ਹਜ਼ਾਰ ਸਾਲ ਪੁਰਾਣਾ ਹੈ। ਇਹ **ਇਸਾਈਅਤ** ਗ਼ਾਲਬਨ ਦੋ ਹਜ਼ਾਰ ਸਾਲ ਪੁਰਾਣੀ। **ਇਸਲਾਮ** ਗ਼ਾਲਬਨ ਚੌਦਾਂ ਸੌ ਸਾਲ ਪੁਰਾਣਾ ਔਰ **ਸਿੱਖ ਧਰਮ** ਗ਼ਾਲਬਨ ਸਵਾ ਪੰਜ ਸੌ ਸਾਲ ਪੁਰਾਣਾ। ਇੰਜ ਕਹਿ ਲਉ ਇਹ ਨਵੀਨ ਧਰਮ ਹੈ। ਉਹ ਜੋ ਸਭ ਤੋਂ ਪੁਰਾਣਾ ਧਰਮ ਹੈ, ਉਹ ਕਹਿੰਦਾ ਹੈ, ਮਨੁੱਖ ਦੀਆਂ ਸਾਰੀਆਂ ਸਮੱਸਿਆਵਾਂ ਦਾ ਸਮਾਧਾਨ ਗਿਆਨ ਹੈ। ਗਿਆਨ ਦੀ ਪ੍ਰਾਪਤੀ ਅਨੰਦ ਦੀ ਪ੍ਰਾਪਤੀ ਹੈ, ਗਿਆਨ ਦੀ ਪ੍ਰਾਪਤੀ ਸੁਖ ਦੀ ਪ੍ਰਾਪਤੀ ਹੈ। ਗਿਆਨ ਦੀ ਪ੍ਰਾਪਤੀ ਵਾਸਤਵਿਕ ਹੈ, ਹਕੀਕਤ, ਤੇ ਸਚਾਈ ਦੀ ਪ੍ਰਾਪਤੀ ਹੈ ਔਰ ਉਹਨਾਂ ਦਾ ਕਹਿਣਾ ਸੀ ਕਿ ਸਾਰੇ ਦੁੱਖ ਸੰਤਾਪ, ਅਗਿਆਨ ਤੋਂ ਪੈਦਾ ਹੁੰਦੇ ਹਨ। ਅਗਰ ਮਨੁੱਖ ਨੂੰ ਪਤਾ ਚਲ ਜਾਏ ਕਿ ਇਹ ਜ਼ਹਿਰ ਹੈ, ਤੇ ਤਿਆਗਦਿਆਂ ਦੇਰ ਨਹੀਂ

ਲਗਦੀ। ਪਤਾ ਹੀ ਨਹੀਂ ਹੈ। ਜ਼ਹਿਰ ਨੂੰ ਮਨੁੱਖ ਅੰਮ੍ਰਿਤ ਜਾਣ ਕੇ ਪਾਨ ਕਰ ਜਾਂਦਾ ਹੈ। ਜੈਸੇ ਕਿ ਕਬੀਰ ਜੀ ਕਹਿੰਦੇ ਨੇ:-

*ਨੀਬੁ ਭਇਓ ਆਂਬੁ ਆਂਬੁ ਭਇਓ ਨੀਬਾ ਕੇਲਾ ਪਾਕਾ ਝਾਰਿ॥*
*ਨਾਲੀਏਰ ਫਲੁ ਸੇਬਰਿ ਪਾਕਾ ਮੂਰਖ ਮੁਗਧ ਗਵਾਰ॥ ੧॥* (ਅੰਗ ੯੭੨)

ਕੌੜੀ ਨਿੰਮ ਨੂੰ, ਨਿੰਮ ਦਾ ਫਲ ਬੜਾ ਕੌੜਾ ਹੁੰਦਾ ਹੈ। ਕਰੀਬਨ-ਕਰੀਬਨ ਇੰਡੀਆ ਵਿਚ ਤੇ ਹਰ ਪਰਾਂਤ ਦੇ ਵਿਚ ਪੈਦਾ ਹੁੰਦੀ ਏ, ਬੜੀ ਕੌੜੀ। ਇਹਦਾ ਫਲ ਬੜਾ ਕੌੜਾ ਹੈ ਪਰ ਕਬੀਰ ਜੀ ਕਹਿੰਦੇ ਨੇ, ਮਨੁੱਖ ਨੇ ਉਸ ਨੂੰ ਅੰਬ ਦਾ ਫਲ ਜਾਣ ਕੇ ਗ੍ਰਹਿਣ ਕਰ ਲਿਆ ਹੈ, ਖਾ ਲਿਆ ਹੈ ਅਤੇ ਜੋ ਮਿੱਠਾ ਅੰਬ ਹੈ ਉਸ ਨੂੰ ਨਿੰਮ ਜਾਣ ਕੇ ਤਿਆਗ ਰਿਹਾ ਹੈ।

*ਨੀਬੁ ਭਇਓ ਆਂਬੁ ਆਂਬੁ ਭਇਓ ਨੀਬਾ ਕੇਲਾ ਪਾਕਾ ਝਾਰਿ॥* (ਅੰਗ ੯੭੨)

ਪੱਕਾ ਕੇਲਾ ਸੁਆਦੀ, ਮਿੱਠਾ, ਉਸ ਨੂੰ ਜੰਗਲੀ ਝਾੜੀਆਂ ਦਾ ਫਲ ਸਮਝ ਕੇ ਸੁੱਟ ਰਿਹਾ ਹੈ ਅਤੇ ਜੰਗਲੀ ਝਾੜੀਆਂ ਦਾ ਕੌੜਾ ਕਸੈਲਾ ਫਲ ਆਪਣੀ ਝੋਲੀ ਵਿਚ ਪਾ ਰਿਹਾ ਹੈ।

*ਨਾਲੀਏਰ ਫਲੁ ਸੇਬਰਿ ਪਾਕਾ ਮੂਰਖ ਮੁਗਧ ਗਵਾਰ ॥ ੧॥* (ਅੰਗ ੯੭੨)

ਮਨੁੱਖ ਐਸਾ ਮੂਰਖ ਹੈ, ਐਸਾ ਮੁਗਧ ਹੈ, ਐਸਾ ਗੰਵਾਰ ਹੈ ਕਿ ਜੋ ਨਾਰੀਅਲ ਦਾ ਫਲ ਸੁਆਦੀ ਹੈ, ਪੁਸ਼ਟਕਾਰੀ ਹੈ, ਗੁਣਕਾਰੀ ਹੈ, ਉਸ ਨੂੰ ਸਿੰਬਲ ਦਾ ਫਲ ਜਾਣ ਕੇ ਪਰ੍ਹੇ ਸੁੱਟ ਰਿਹਾ ਹੈ ਅਤੇ ਜੋ ਸਿੰਬਲ ਦਾ ਫਲ ਫਿੱਕਾ ਹੈ, ਕਿਸੇ ਕੰਮ ਦਾ ਨਹੀਂ ਉਸ ਨੂੰ ਝੋਲੀ ਵਿਚ ਪਾ ਰਿਹਾ ਹੈ। ਨਾ ਕੋਈ ਗੁਣ ਨਾ ਕੋਈ ਕੁਛ ਹੋਰ। ਦਰਅਸਲ ਕਬੀਰ ਜੀ ਇਹ ਕਹਿ ਰਹੇ ਨੇ ਕਿ ਮਨੁੱਖ ਸਾਰਥਿਕ ਨੂੰ ਤਿਆਗ ਰਿਹਾ ਹੈ ਅਤੇ ਵਿਅਰਥ ਨੂੰ ਝੋਲੀ ਵਿਚ ਪਾ ਰਿਹਾ ਹੈ। ਇਸ ਕਾਰਣ ਕਰਕੇ ਦੁੱਖੀ ਹੈ। ਵਿਅਰਥ ਨੂੰ ਝੋਲੀ ਵਿਚ ਕਿਉਂ ਪਾ ਰਿਹਾ ਹੈ, ਅਗਿਆਨ ਕਰਕੇ। ਇਹ ਨਿੰਮ ਨੂੰ ਅੰਬ ਕਿਉਂ ਸਮਝ ਬੈਠਾ ਹੈ, ਅਗਿਆਨ ਕਰਕੇ, ਪਤਾ ਨਹੀਂ ਹੈ ਔਰ ਇਹ ਅੰਬ ਨੂੰ ਨਿੰਮ ਜਾਣ ਕੇ ਤਿਆਗਦਾ ਕਿਉਂ ਪਿਆ ਹੈ, ਅਗਿਆਨ ਕਰਕੇ।

ਭਾਰਤ ਦੇ ਪੰਜ ਹਜ਼ਾਰ ਸਾਲ ਪੁਰਾਣੇ ਰਿਸ਼ੀਆਂ ਨੇ ਕਹਿ ਦਿੱਤਾ, ਮਨੁੱਖ ਦੇ ਸਾਰੇ ਦੁੱਖਾਂ **ਦਾ ਮੂਲ ਕਾਰਣ ਉਸ ਦਾ ਅਗਿਆਨ ਹੈ।** ਆਪ ਪੜ੍ਹ ਕੇ ਹੈਰਾਨ ਹੋਵੋਗੇ, ਦੁੱਖਾਂ ਦਾ ਮੂਲ ਕਾਰਣ, ਇਸਲਾਮ, **ਇਸਾਈਅਤ ਪਾਪ ਦੱਸਦੀ ਹੈ, ਅਗਿਆਨ ਨਹੀਂ ਦੱਸਦੀ।** ਇਸਲਾਮ ਕਹਿੰਦਾ ਹੈ, ਮਨੁੱਖ ਦੁਖੀ ਹੈ ਇਸ ਵਾਸਤੇ ਕਿ ਮਨੁੱਖ ਪਾਪੀ ਹੈ। ਲੇਕਿਨ ਇਸ ਮਾਮਲੇ ਵਿਚ ਇਹ ਸਨਾਤਨੀ ਰਿਸ਼ੀ ਅੱਗੇ ਨੇ ਇਸਲਾਮ ਤੋਂ, ਕਿਉਂ? ਅਗਰ ਪਾਪ ਕਰਕੇ ਦੁਖੀ ਹੈ ਤੋ ਮਨੁੱਖ ਪਾਪ ਕਿਉਂ ਕਰਦਾ ਹੈ। ਫਿਰ ਮਸਲਾ ਖੜਾ ਹੋ ਜਾਏਗਾ ਕਿ ਅਗਿਆਨ ਕਰਕੇ। ਪਾਪ ਦੇ ਫੁੱਲ ਵਿਚੋਂ ਦੁੱਖਾਂ ਦੇ ਫਲ ਨਿਕਲਦੇ ਨੇ, ਲੇਕਿਨ ਪਾਪ ਦਾ ਬੀਜ ਅਗਿਆਨ ਹੈ, ਨਾ-ਸਮਝੀ ਹੈ, **ਅਗਿਆਨ।** ਇਸ ਲਈ ਗਿਆਨ ਦੀ ਪ੍ਰਾਪਤੀ, ਭਗਵਾਨ ਦੀ ਪ੍ਰਾਪਤੀ ਹੈ, ਉਹਨਾਂ ਨੇ ਨਾਅਰਾ ਲਾ ਦਿੱਤਾ, ਵੇਦ ਭਗਵਾਨ ਨੇ। ਵੇਦ ਦਾ ਭਾਵ ਗਿਆਨ, ਗਿਆਨ ਭਗਵਾਨ ਹੈ, ਗਿਆਨ ਈਸ਼ਵਰ ਹੈ। ਇਸ ਤਰ੍ਹਾਂ, ਜਿਸ ਤਰ੍ਹਾਂ ਚਾਨਣਾ ਹੀ ਸੂਰਜ ਹੈ। ਚਾਨਣੇ ਦੀ ਪ੍ਰਾਪਤੀ ਹੀ ਸੂਰਜ ਦੀ ਪ੍ਰਾਪਤੀ ਹੈ। ਗਿਆਨ ਦੀ ਪ੍ਰਾਪਤੀ ਹੀ ਭਗਵਾਨ ਦੀ ਪ੍ਰਾਪਤੀ ਹੈ। ਤੋ ਕਿਆ ਹਿੰਦੂ ਜਗਤ ਕੋਲ ਗਿਆਨ ਹੈ। ਸਨਾਤਨ ਮੱਤ ਨੂੰ ਮੰਨਣ ਵਾਲਿਆਂ ਕੋਲ ਗਿਆਨ ਹੈ?

ਕਤਈ ਨਹੀਂ।

ਪੰਜ ਹਜ਼ਾਰ ਸਾਲ ਤਕ ਇਹਨਾਂ ਨੇ ਸ਼ੂਦਰਾਂ ਲਈ ਧਾਰਮਿਕ ਮੰਦਿਰਾਂ ਦੇ ਦਰਵਾਜ਼ੇ ਬੰਦ ਰੱਖੇ। ਪੰਜ ਹਜ਼ਾਰ ਸਾਲ ਤਕ ਇਹਨਾਂ ਲਈ ਵਿਦਿਆਲਿਆਂ ਦੇ ਦਰਵਾਜ਼ੇ ਵੀ ਬੰਦ ਰੱਖੇ। ਸ਼ੂਦਰ ਪੜ੍ਹ ਨਹੀਂ ਸਕਦਾ, ਸ਼ੂਦਰ ਧਾਰਮਿਕ ਮੰਦਿਰ ਵਿਚ ਜਾ ਕੇ ਇਬਾਦਤ ਵੀ ਨਹੀਂ ਕਰ ਸਕਦਾ। ਪੰਜ ਹਜ਼ਾਰ ਸਾਲ ਤਕ ਇਹ ਜ਼ੁਲਮ ਢਾਹੁੰਦੇ ਰਹੇ। ਦੂਜੇ ਤੇ ਮਨੁੱਖ ਜ਼ੁਲਮ, ਅਗਿਆਨ ਕਰਕੇ ਹੀ ਕਰ ਸਕਦਾ ਹੈ, ਗਿਆਨ ਕਰਕੇ ਨਹੀਂ। ਕਿਉਂਕਿ ਦੂਜੇ ਤੇ ਕੀਤਾ ਗਿਆ ਜ਼ੁਲਮ ਸਮਝ ਲਉ ਆਪਣੇ ਤੇ ਕੀਤਾ ਗਿਆ ਜ਼ੁਲਮ ਹੈ। ਇਹ ਰੱਬੀ ਨਿਯਮ ਹੈ, ਤੂੰ ਦੂਜੇ ਦੇ ਰਸਤੇ ਵਿਚ ਰੋੜੇ ਵਿਛਾਏਂਗਾ ਤੈਨੂੰ ਵੀ ਹਮਵਾਰ (Smooth) ਰਸਤੇ ਨਹੀਂ ਮਿਲਣਗੇ, ਇਹ ਤੇ:-

*ਦਿਤਾ ਲਈਐ ਆਪਣਾ ਅਣਦਿਤਾ ਕਛੁ ਹਥਿ ਨ ਆਵੈ॥*

(ਵਾਰਾਂ ਭਾ. ਗੁਰਦਾਸ ਜੀ)

ਤੂੰ ਦੂਜੇ ਨੂੰ ਰੁਲਾਇਆ ਹੈ, ਤੂੰ ਖ਼ੁਦ ਵੀ ਹੱਸ ਨਹੀਂ ਸਕੇਂਗਾ। ਤੂੰ ਦੂਜੇ ਦੀ ਇਜ਼ਤ ਗਿਰਾਈ ਏ, ਤੇਰੀ ਵੀ ਸਲਾਮਤ ਨਹੀਂ ਰਹਿਣ ਲੱਗੀ। ਤੂੰ ਦੂਜੇ ਲਈ ਰਸਤੇ ਵਿਚ ਕੰਡੇ ਵਿਛਾਏ ਨੇ, ਫੁੱਲ ਤੈਨੂੰ ਵੀ ਨਹੀਂ ਮਿਲਣ ਲੱਗੇ, ਇਹ ਤੇ ਰੱਬੀ ਨਿਯਮ:-

*ਦਿਤਾ ਲਈਐ ਆਪਣਾ ਅਣਦਿਤਾ ਕਛੁ ਹਥਿ ਨ ਆਵੈ॥*

ਤੂੰ ਦੂਜੇ ਨੂੰ ਰੋਣ ਤੇ ਮਜਬੂਰ ਕਰ ਦਿੱਤਾ ਹੈ, ਯਾਦ ਰੱਖ ਹੱਸ ਤੂੰ ਵੀ ਨਹੀਂ ਸਕੇਂਗਾ। ਇਹ ਰੱਬੀ ਨਿਯਮ ਹੈ, ਈਸ਼ਵਰੀ ਨਿਯਮ ਹੈ। ਈਰਾਨ ਦੇ ਇਕ ਬੜੇ ਪ੍ਰਸਿੱਧ ਸੂਫ਼ੀ ਫਕੀਰ ਸ਼ੇਖ ਸਾਅਦੀ ਜੀ ਕਹਿੰਦੇ ਨੇ, ਕਿ ਮੈਂ ਨਜੂਮੀ ਤੇ ਨਹੀਂ ਹਾਂ, ਜੋਤਸ਼ੀ ਤੇ ਨਹੀਂ ਹਾਂ ਪਰ ਮੈਂ ਦੱਸ ਸਕਦਾ ਹਾਂ ਕਿ ਬਦ-ਕਿਸਮਤ ਬੰਦਾ ਕੌਣ ਹੈ, ਬਦ-ਬਖ਼ਤ ਬੰਦਾ ਕੌਣ ਹੈ। ਮਨੁੱਖ ਜੋਤਸ਼ੀਆਂ ਕੋਲ ਜਾਂਦੇ ਨੇ ਆਪਣਾ ਦੁੱਖ ਸੁਖ ਪੁੱਛਣ, ਆਪਣਾ ਭਵਿਸ਼ ਜਾਣਨ ਲਈ। ਇਹ ਕਹਿੰਦਾ ਹੈ ਕਿ ਮੈਂ ਨਜੂਮੀ ਨਹੀਂ ਹਾਂ, ਜੋਤਸ਼ੀ ਨਹੀਂ ਹਾਂ ਪਰ ਮੈਂ ਇਹ ਦੱਸ ਸਕਦਾ ਹਾਂ ਕਿ ਦੁਖੀ ਕੌਣ ਹੈ, ਬਦ-ਬਖ਼ਤ ਬੰਦਾ ਕੌਣ ਹੈ, ਬਦ-ਕਿਸਮਤ ਬੰਦਾ ਕੌਣ ਹੈ ਔਰ ਕਿਉਂ ਹੈ। ਉਹ ਕਹਿੰਦਾ ਹੈ, ਕਿ ਮੈਂ ਦੱਸ ਸਕਦਾ ਹਾਂ। ਉਹ ਇਸ ਤਰ੍ਹਾਂ ਦੱਸਦਾ ਹੈ:-

*ਗਰ ਇਨਸਾਫ਼ ਪੁਰਸੀ ਬਦ ਅਖ਼ਤਰ ਕਰ ਅਸਤ।*

ਜੇ ਮੈਥੋਂ ਇਨਸਾਫ਼ ਦੀ ਗੱਲ ਪੁੱਛੇਂ ਕਿ ਬਦ-ਕਿਸਮਤ ਕੌਣ ਹੈ, ਬਦ-ਬਖ਼ਤ ਕੌਣ ਹੈ।

*ਗਰ ਇਨਸਾਫ਼ ਪੁਰਸੀ ਬਦ ਅਖ਼ਤਰ ਕਰ ਅਸਤ।*
*ਕਿ ਦਰ ਰਾਹਤਸ਼ ਰੰਜ ਦੀਗਰ ਕਰ ਅਸਤ*

ਉਹ ਬਦ-ਬਖ਼ਤ ਬੰਦਾ ਹੈ ਜਿਸ ਦੀਆਂ ਖ਼ੁਸ਼ੀਆਂ ਦੂਜਿਆਂ ਦੇ ਗ਼ਮ ਤੇ ਖੜੀਆਂ ਨੇ। ਉਹ ਬਦ-ਕਿਸਮਤ ਬੰਦਾ ਹੈ ਜੋ ਦੂਜਿਆਂ ਦੀ ਮੌਤ ਵਿਚੋਂ ਆਪਣੀ ਜ਼ਿੰਦਗੀ ਲੱਭਦਾ ਹੈ। ਉਹ ਬਦ-ਬਖ਼ਤ ਬੰਦਾ ਹੈ ਜੋ ਦੂਜਿਆਂ ਦੇ ਨੁਕਸਾਨ ਵਿਚੋਂ ਆਪਣੇ ਨਫ਼ੇ ਲੱਭਦਾ ਹੈ। ਦੂਜਿਆਂ ਦੀ ਬੇਇਜ਼ਤੀ ਵਿਚੋਂ ਆਪਣੀ ਇੱਜ਼ਤ ਲਭਦਾ ਹੈ। ਉਹ ਬਦ-ਕਿਸਮਤ ਬੰਦਾ ਹੈ ਜੋ ਦੂਜਿਆਂ ਦੇ

ਹੰਝੂਆਂ ਵਿਚੋਂ ਆਪਣੇ ਹਾਸੇ ਲੱਭਦਾ ਹੈ। ਨਹੀਂ ਮਿਲਣਗੇ ਇਸ ਨੂੰ, ਇਹ ਹੱਸ ਨਹੀਂ ਸਕੇਗਾ, ਕਿਉਂਕਿ ਇਸ ਨੇ ਕਿਸੇ ਨੂੰ ਰੋਣ ਤੇ ਮਜਬੂਰ ਕੀਤਾ ਹੈ। ਮੁਸ਼ਕਿਲ ਹੈ, ਇਸ ਦੀ ਝੋਲੀ ਵਿਚ ਕੋਈ ਨਫ਼ਾ ਪਵੇ। ਕਿਉਂਕਿ ਇਸ ਦੀ ਕਿਰਤ ਨੇ ਕਿਸੇ ਦਾ ਨੁਕਸਾਨ ਕੀਤਾ ਹੈ। ਮੁਸ਼ਕਿਲ ਹੈ ਇਸ ਦੇ ਸਿਰ ਤੇ ਪੱਗ ਸਲਾਮਤ ਰਹੇ, ਕਿਉਂਕਿ ਇਸ ਨੇ ਕਿਸੇ ਦੀ ਪੱਗ ਲਾਹੀ ਹੈ। ਇਹ ਤੇ:-

*ਦਿਤਾ ਲਈਯੇ ਆਪਣਾ ਅਣਿਦਿਤਾ ਕਛੂ ਹਥਿ ਨ ਆਵੈ॥*

ਤੂੰ ਜੋ ਕੁਛ ਜਗਤ ਦੀ ਝੋਲੀ ਵਿਚ ਪਾਵੇਂਗਾ, ਪਲਟ ਕੇ ਓਹੀ ਵਾਪਸ ਆਉਂਦਾ ਹੈ। ਤੂੰ ਦੂਜੇ ਨੂੰ ਰੋਣ ਤੇ ਮਜਬੂਰ ਕੀਤਾ ਹੈ, ਹੱਸ ਨਹੀਂ ਸਕੇਂਗਾ। ਇਹ ਤੇ:-

*ਦਿਤਾ ਲਈਯੇ ਆਪਣਾ ........।*

ਪਰ ਤੂੰ ਦੂਜੇ ਦੀ ਝੋਲੀ ਵਿਚ ਖੁਸ਼ੀਆਂ ਪਾਈਆਂ ਨੇ, ਪਲਟ ਕੇ ਤੇਰੀ ਝੋਲੀ ਵਿਚ ਆਉਣਗੀਆਂ, ਇਹ ਤੇ ਰੱਬੀ ਨਿਯਮ ਹੈ। ਤੂੰ ਦੂਜੇ ਦੇ ਰਸਤੇ ਵਿਚ ਫੁੱਲ ਵਿਛਾਏ ਨੇ ਤੈਨੂੰ ਵੀ ਹਮਵਾਰ ਰਸਤੇ ਮਿਲ ਜਾਣਗੇ। ਪਰ ਜੇ ਤੂੰ ਦੂਜੇ ਦੇ ਰਸਤੇ ਵਿਚ ਰੋੜੇ ਵਿਛਾਏ ਨੇ, ਰਸਤੇ ਤੈਨੂੰ ਵੀ ਸਾਫ਼ ਨਹੀਂ ਮਿਲਣੇ। ਰੋੜੇ ਤੈਨੂੰ ਵੀ ਮਿਲਣਗੇ, ਰੋਕਾਂ ਤੇਰੇ ਰਸਤੇ ਵਿਚ ਵੀ ਹੋਵਣਗੀਆਂ। ਰੱਬੀ ਨਿਯਮ, ਈਸ਼ਵਰੀ ਨਿਯਮ।

ਕਮਾਲ ਦੀ ਗੱਲ, ਗਿਆਨ ਭਗਵਾਨ ਹੈ ਇਸ ਤਰ੍ਹਾਂ ਆਖਣ ਵਾਲਿਆਂ ਲੋਕਾਂ ਨੇ, ਪੰਜ ਹਜ਼ਾਰ ਸਾਲ ਤਕ ਧਰਮ ਮੰਦਰਾਂ ਦੇ ਦਰਵਾਜ਼ੇ ਅਤੇ ਵਿਦਿਆਲਿਆਂ ਦੇ ਦਰਵਾਜ਼ੇ ਸ਼ੂਦਰਾਂ ਲਈ ਬੰਦ ਕੀਤੇ। ਸ਼ੂਦਰ ਕਿਸ ਨੂੰ ਕਹਿੰਦੇ ਸਨ? ਕਿਰਤੀ ਨੂੰ। ਜੋ ਪੈਰਾਂ ਲਈ ਜੁੱਤੀ ਬਣਾਵੇ ਸ਼ੂਦਰ ਤੇ ਜਿਹੜਾ ਸਿਰ ਵਿਚ ਜੁੱਤੀਆਂ ਮਾਰੇ ਉਸ ਦੀ ਪੂਜਾ। ਜੋ ਤਨ ਢੱਕਣ ਲਈ ਕਪੜੇ ਬਣਾਏ ਉਹ ਜੁਲਾਹਾ ਸ਼ੂਦਰ ਅਤੇ ਜਿਹੜਾ ਤਿੰਨੇ ਕਪੜੇ ਲਾਹ ਕੇ ਨੰਗਾ ਕਰ ਦੇਵੇ ਉਸ ਦੀ ਪੂਜਾ। ਜੋ ਰਹਿਣ ਲਈ ਮਕਾਨ ਬਣਾ ਕੇ ਦੇਵੇ ਉਹ ਰਾਜ ਮਿਸਤਰੀ, ਇਹ ਸ਼ੂਦਰ ਅਤੇ ਜੋ ਬਣੇ ਬਣਾਏ ਮਕਾਨਾਂ ਨੂੰ ਅੱਗ ਲਾ ਦੇਵੇ ਉਸ ਦੀ ਪੂਜਾ, ਉਸ ਦੀ ਪ੍ਰਤਿਸ਼ਟਾ। ਐਸਾ ਹੁੰਦਾ ਰਿਹਾ ਹੈ, ਕਿਰਤੀ ਬੰਦੇ ਸ਼ੂਦਰ।

ਜੋ ਮੈਂ ਆਪਣੇ ਢੰਗ ਨਾਲ ਦੇਖਿਆ ਹੈ, ਹਿੰਦੁਸਤਾਨ ਦੀ ਗਰੀਬੀ ਦੇ ਦੋ ਕਾਰਣ ਨੇ। ਇਕ ਤੇ ਹਿੰਦੁਸਤਾਨ ਇਕ ਹਜ਼ਾਰ ਸਾਲ ਤਕ ਗ਼ੁਲਾਮ ਰਿਹਾ। ਇਹ ਈਰਾਨੀਆਂ ਦਾ ਗ਼ੁਲਾਮ ਰਿਹਾ, ਇਹ ਅਫ਼ਗਾਨੀਆਂ ਦਾ ਗ਼ੁਲਾਮ ਰਿਹਾ, ਮੁਗ਼ਲਾਂ ਦਾ ਗ਼ੁਲਾਮ ਰਿਹਾ। ਇੱਥੇ ਅਰਬੀ ਆਏ, ਡੱਚ ਆਏ, ਮੰਗੋਲ ਆਏ, ਪੁਰਤਗੇਜ਼ ਆਏ, ਫਰੈਂਚ ਆਏ, ਫਿਰ ਅੰਗਰੇਜ਼ ਆਏ, ਸਭ ਦਾ ਗ਼ੁਲਾਮ।

ਇਕ ਵਿਦਵਾਨ ਦਾ ਐਸਾ ਕਹਿਣਾ ਹੈ, ਜਿਹੜੀ ਕੌਮ, ਜਿਹੜਾ ਦੇਸ਼ ਇਕ ਦਿਨ ਲਈ ਗ਼ੁਲਾਮ ਹੋ ਜਾਏ, ਸਮਝ ਲਉ ਬਿਮਾਰ ਸੀ। ਥੋੜੀ ਤਬੀਅਤ ਖ਼ਰਾਬ ਸੀ। ਠੀਕ ਹੋਇਆ ਹੈ ਤੇ ਸੰਭਲ ਗਿਆ ਹੈ। ਜਿਹੜਾ ਦੇਸ਼ ਇਕ ਸਾਲ ਤਕ ਗ਼ੁਲਾਮ ਹੈ, ਬੇਹੋਸ਼ ਸੀ। ਬਿਲਕੁਲ ਬੇਹੋਸ਼ੀ ਵਿਚ ਪਿਆ ਸੀ। ਹੋਸ਼ ਆਇਆ ਹੈ ਤੇ ਫਿਰ ਸੱਤਾ ਹੱਥ ਦੇ ਵਿਚ। ਜਿਹੜਾ ਦੇਸ਼ ਗ਼ਾਲਬਨ ਦੋ ਸਾਲ ਤਕ ਗ਼ੁਲਾਮ ਹੋਇਆ ਹੈ, ਕਹਿੰਦੇ ਨੇ ਉਹ ਦੇਸ਼ ਮੁਰਦਾ ਹੈ, ਮਰਿਆ ਹੋਇਆ ਹੈ। ਹੁਣ ਤੁਸੀਂ ਅੰਦਾਜ਼ਾ ਲਾਉ ਜਿਹੜਾ ਦੇਸ਼ ਇਕ ਹਜ਼ਾਰ ਸਾਲ ਤਕ ਗ਼ੁਲਾਮ ਰਿਹਾ ਹੋਵੇ। ਲਗਦਾ ਹੈ ਕਿ ਇਹ ਕਬਰਾਂ ਵਿਚ ਹੀ ਪਏ ਸਨ ਅਤੇ ਕਬਰਾਂ ਵਿਚ ਹੀ ਗਲ ਸੜ ਗਏ ਸਨ। ਹੱਡੀਆਂ ਵੀ

ਸੜ ਗਈਆਂ ਸਨ, ਕੁਛ ਵੀ ਨਹੀਂ ਰਿਹਾ ਸੀ, ਐਨੇ ਮੁਰਦੇ। **ਐਨੇ ਹੀ ਮੁਰਦਿਆ ਵਿਚ ਜਿੰਦ ਜਾਨ ਫੂਕੀ ਸੀ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ।** ਇਹਨਾਂ ਹੀ ਗਲ ਰਹੀਆਂ ਹੱਡੀਆਂ ਵਿਚ ਫਿਰ ਮਾਸ ਦਿੱਤਾ ਸੀ, ਇਸ ਸੁੱਕੇ ਸੜੇ ਮਾਸ ਵਿਚ ਫਿਰ ਖ਼ੂਨ ਪਾਇਆ ਸੀ ਕਲਗੀਧਰ ਪਾਤਸ਼ਾਹ ਨੇ। ਇਕ ਹਜ਼ਾਰ ਸਾਲ ਤਕ ਗ਼ੁਲਾਮ। ਗਰੀਬੀ ਦਾ ਇਕ ਕਾਰਣ ਇਹ ਵੀ ਹੈ। ਗਰੀਬੀ ਦਾ ਦੂਸਰਾ ਕਾਰਣ ਇਹ, ਕਿ ਕਿਰਤੀ ਬੰਦਿਆਂ ਨੂੰ ਸ਼ੂਦਰ ਆਖਿਆ ਗਿਆ। ਧਨ ਤੇ ਆਉਂਦਾ ਹੈ ਕਿਰਤ ਨਾਲ। ਕਿਰਤੀ ਸ਼ੂਦਰ ਹੈ, ਛੀਂਬੇ ਸ਼ੂਦਰ ਨੇ, ਜੁਲਾਹੇ ਸ਼ੂਦਰ ਨੇ, ਚਮਾਰ ਸ਼ੂਦਰ ਨੇ, ਮਾਮਾਰ ਸ਼ੂਦਰ ਨੇ, ਕੁਮ੍ਹਾਰ ਸ਼ੂਦਰ ਨੇ। ਜਿਹੜਾ ਹੱਥਾਂ ਨਾਲ ਕਿਰਤ ਕਰੇ ਉਹ ਸ਼ੂਦਰ। ਕਿਤਨੀ ਬਦ-ਕਿਸਮਤੀ। ਇਕਬਾਲ ਨੂੰ ਕਹਿਣਾ ਪਇਆ:-

***ਆਹ ਸ਼ੂਦਰ ਕੇ ਲੀਏ ਹਿੰਦੁਸਤਾਨ ਗ਼ਮ ਖ਼ਾਨਾ ਹੈ।***

ਗ਼ਮਾਂ ਦੀ ਜਗ੍ਹਾ ਹੈ ਸ਼ੂਦਰ ਲਈ। ਪੰਜ ਹਜ਼ਾਰ ਸਾਲ ਤਕ ਸ਼ੂਦਰਾਂ ਲਈ ਧਰਮ ਮੰਦਿਰਾਂ ਦੇ ਦਰਵਾਜ਼ੇ ਬੰਦ ਰਖੇ, ਵਿਦਿਆਲਿਆਂ ਦੇ ਦਰਵਾਜ਼ੇ ਬੰਦ ਰੱਖੇ। ਮਨੁੱਖ ਦਾ ਦਿਮਾਗ਼ੀ ਵਿਕਾਸ ਹੁੰਦਾ ਹੈ ਵਿਦਿਆਲਿਆਂ ਵਿਚ ਔਰ ਮਨੁੱਖ ਦਾ ਅਧਿਆਤਮਿਕ ਵਿਕਾਸ ਹੁੰਦਾ ਹੈ ਧਰਮ ਮੰਦਰਾਂ ਵਿਚ। ਅਗਰ ਦੋਨਾਂ ਦੇ ਬੂਹੇ ਬੰਦ ਕਰ ਦਿਉ ਤਾਂ ਬੰਦੇ ਦਾ ਵਿਕਾਸ ਹੀ ਰੁਕ ਜਾਂਦਾ ਹੈ। ਬੰਦੇ ਦੀ ਤਰੱਕੀ ਰੁਕ ਜਾਂਦੀ ਹੈ। ਕਮਾਲ ਦੀ ਗੱਲ ਗਿਆਨ ਹੀ ਭਗਵਾਨ ਹੈ, ਇਸ ਦੇ ਨਾਂ ਤੇ ਅਗਿਆਨ ਚਲਦਾ ਰਿਹਾ। ਤੇਤੀਸ ਕਰੋੜ ਦੇਵਤਿਆਂ ਦੀ ਪੂਜਾ ਚਲਦੀ ਰਹੀ। ਗਿਆਨ ਭਗਵਾਨ ਹੈ ਔਰ ਫਿਰ:-

***ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ॥*** (ਅੰਗ ੧੨੯੯)

gaiddaa maar hom jag keeeae daevatiaa kee baanae.

*It was the habit of the gods to kill the rhinoceros,*
*and make a feast of the burnt offering.*

ਅੱਜ ਵੀ ਐਸੇ ਮੰਦਰ ਨੇ, ਜਿਨ੍ਹਾਂ ਮੰਦਰਾਂ ਵਿਚ ਸ਼ਰਾਬ ਚੜ੍ਹਾਈ ਜਾਂਦੀ ਏ ਔਰ ਸੰਢੇ ਬੱਕਰੇ ਕੱਟੇ ਜਾਂਦੇ ਨੇ ਅਤੇ ਖ਼ੂਨ ਦੇ ਤਿਲਕ ਲਾਏ ਜਾਂਦੇ ਨੇ ਔਰ ਸਾਰਾ ਦਿਨ ਸ਼ਰਾਬ ਪ੍ਰਸ਼ਾਦ ਦੇ ਰੂਪ ਵਿਚ ਦਿੱਤੀ ਜਾਂਦੀ ਹੈ। ਭੈਰੋਂ ਕਾਲ ਦਾ ਮੰਦਰ ਉਜੈਨ, ਕਾਲੀ ਦੇਵੀ ਦਾ ਮੰਦਰ ਕਲਕੱਤੇ ਔਰ ਕੁਮੁਖੀਆ ਦੇਵੀ ਦਾ ਮੰਦਰ ਗੁਹਾਟੀ ਆਸਾਮ। ਅੱਜ ਵੀ ਇਸ ਤਰ੍ਹਾਂ ਦੇ ਸੈਂਕੜੇ ਮੰਦਰ ਹਨ। ਗਿਆਨ ਭਗਵਾਨ ਹੈ ਅਤੇ ਗਿਆਨ ਦੇ ਨਾਮ ਤੇ ਇਤਨਾ ਅਗਿਆਨ ਚਲਦਾ ਹੈ। ਜੋ ਪਰਾਚੀਨ ਰਿਸ਼ੀਆਂ ਨੇ ਦਿੱਤਾ ਉਹ ਆਮ ਲੋਕਾਂ ਨੇ ਕਬੂਲ ਨਹੀਂ ਕੀਤਾ।

ਲਈਏ ਇਸਲਾਮ ਨੂੰ, **ਇਸਲਾਮ ਦੇ ਅੱਖਰੀ ਅਰਥ ਨੇ ਅਮਨ ਸਲਾਮਤੀ।** ਇਸਲਾਮ, ਅਰਬੀ ਦੀ ਗਰੈਮਰ ਦੇ ਮੁਤਾਬਿਕ ਇਸ ਦੇ ਅਰਥ ਬਣਦੇ ਨੇ ਅਮਨ ਸਲਾਮਤੀ। ਇਸਲਾਮ, ਜਦ ਦੋ ਮੁਸਲਮਾਨ ਮਿਲਦੇ ਨੇ, ਕਹਿੰਦੇ ਨੇ ਇਸਲਾਮਾ-ਲੇਕਿਮ। ਵਾ-ਲੇਕਿਮ ਇਸਲਾਮ। ਉਹ ਪਹਿਲਾ ਇੰਜ ਕਹਿੰਦਾ ਹੈ ਕਿ ਤੂੰ ਸਲਾਮਤ ਰਹੇਂ। ਅਮਨ ਦੇ ਨਾਲ ਰਹੇਂ। ਦੂਜਾ ਕਹਿੰਦਾ ਹੈ ਖ਼ੁਦਾ ਤੈਨੂੰ ਵੀ ਸਲਾਮਤ ਰਖੇ। ਤੂੰ ਵੀ ਅਮਨ ਵਿਚ ਰਹੇਂ।

ਪੁਰਾਣੇ ਸਮੇਂ ਵਿਚ ਇਤਨੀ ਖ਼ਾਨਾ-ਜੰਗੀ ਸੀ ਅਰਬ ਦੇ ਵਿਚ, ਭਰਾ ਭਰਾ ਦਾ ਵੈਰੀ। ਘਰਾਂ ਦੇ ਘਰ ਖ਼ਾਲੀ ਹੋ ਗਏ ਸਨ, ਖ਼ਾਨਾ-ਜੰਗੀ। ਮੁਹੰਮਦ ਸਾਹਿਬ ਜੀ ਨੇ ਜੋ ਖ਼ੁਦਾ ਤਕ

ਪੂਜਣ ਦਾ ਮਾਰਗ ਬਣਾਇਆ, ਜਿਸ ਦੇ ਪੜਾਉ ਰਖੇ। ਰਸਤੇ ਦਾ ਨਾਮ ਰਖਿਆ ਇਸਲਾਮ। ਤੂੰ ਦੂਜੇ ਲਈ ਅਮਨ ਸਲਾਮਤੀ ਪੈਦਾ ਕਰ, ਖ਼ੁਦਾ ਤੇਰੇ ਲਈ ਅਮਨ ਸਲਾਮਤੀ ਪੈਦਾ ਕਰੇਗਾ। ਤੂੰ ਦੂਜੇ ਲਈ ਬਦ-ਅਮਨੀ ਪੈਦਾ ਨਾ ਕਰ, ਤੂੰ ਵੀ ਅਮਨ ਨਾਲ ਰਹਿ ਸਕੇਂਗਾ। ਅਗਰ ਤੇਰੀ ਹੋਂਦ ਦੂਜੇ ਦੀ ਸਲਾਮਤੀ ਵਿਚ ਖ਼ਤਰਾ ਪਾਉਂਦੀ ਏ ਤੇ ਯਾਦ ਰੱਖ ਸਲਾਮਤ ਤੂੰ ਵੀ ਨਹੀਂ ਰਹਿ ਸਕੇਂਗਾ। ਰੱਬੀ ਨਿਯਮ, ਇਕ ਈਸ਼ਵਰੀ ਨਿਯਮ। ਇਹ ਤੇ ਰੱਬੀ ਨਿਯਮ ਹੈ। ਇਕ ਸੂਫ਼ੀ ਫ਼ਕੀਰ ਦਾ ਇਸ ਬਾਰੇ ਵਿਚ ਬੜਾ ਸੁੰਦਰ ਕਹਿਣਾ ਹੈ:-

***ਅਜ਼ ਰਾਹਿ ਚੁਨਾਰ ਕਿ ਸਲਾਮਤ ਨਾ ਕੁਨਦ।***

ਰਸਤੇ ਵਿਚ ਆਕੜ ਕੇ ਨਾ ਚੱਲ। ਇਸ ਢੰਗ ਨਾਲ ਚੱਲ ਕਿ ਕੋਈ ਮਜਬੂਰ ਹੋ ਕੇ ਤੈਨੂੰ ਸਲਾਮ ਨਾ ਕਰੇ, ਝੁਕੇ ਨਾ ਮਜਬੂਰ ਹੋ ਕੇ। ਤੈਨੂੰ ਮਜਬੂਰ ਹੋ ਕੇ ਕੋਈ ਸਿਜਦਾ ਕਰੇ, ਇਸ ਢੰਗ ਨਾਲ ਆਕੜ ਕੇ ਨਾ ਚੱਲ। ਇਸ ਢੰਗ ਨਾਲ ਪ੍ਰਦਰਸ਼ਨੀ ਨਾ ਕਰ, ਆਪਣੀ ਸ਼ਕਤੀ ਦੀ, ਆਪਣੇ ਧਨ ਦੀ, ਆਪਣੇ ਰੁਤਬੇ ਦੀ, ਯਾ ਆਪਣੇ ਜੋਬਨ ਦੀ:-

***ਅਜ਼ ਰਾਹਿ ਚੁਨਾਰ ਕਿ ਸਲਾਮਤ ਨਾ ਕੁਨਦ।***<br>
***ਬਾ-ਖ਼ਲਕ ਚੁਨਾਂ ਜੀ ਕਿ ਕਿਆਮਤ ਨਾ ਕੁਨਦ।***

ਖ਼ਲਕਤ ਵਿਚ ਇਸ ਢੰਗ ਨਾਲ ਰਹਿ ਕਿ ਤੇਰੇ ਰਹਿਣ ਦੇ ਨਾਲ ਕਿਆਮਤ ਨਾ ਆਵੇ। ਕਈ ਬੰਦੇ, ਬੰਦੇ ਨਹੀਂ ਹੁੰਦੇ, ਬੱਸ ਚਿੰਗਿਆੜੀਆਂ ਹੀ ਹੁੰਦੇ ਨੇ। ਜਿੱਥੇ ਬੈਠਣਗੇ ਭਾਂਬੜ ਬਾਲਣਗੇ, ਜਿੱਥੇ ਬੈਠਣਗੇ ਅੱਗ ਲਾਉਣਗੇ। ਉਹ ਮਨੁੱਖ ਨਹੀਂ ਹੁੰਦੇ, ਉਹ ਭਾਂਬੜ ਹੀ ਹੁੰਦੇ ਨੇ। ਉਹ ਮਨੁੱਖ ਨਹੀਂ ਹੁੰਦੇ, ਚਿੰਗਿਆੜੀਆਂ ਹੀ ਹੁੰਦੇ ਨੇ। ਜਿੱਥੇ ਬੈਠੇ ਸ਼ੋਅਲੇ ਭੜਕਣਗੇ। ਜਿਸ ਪਰਵਾਰ ਵਿਚ ਬੈਠਣਗੇ, ਪਰਵਾਰ ਨੂੰ ਬਖੇਰ ਕੇ ਰੱਖ ਦੇਣਗੇ। ਜਿਸ ਭਾਈਚਾਰੇ ਵਿਚ ਬੈਠਣਗੇ, ਤੋੜ ਕੇ ਰੱਖ ਦੇਣਗੇ। ਅਗਰ ਦੋ ਮਿੱਤਰਾਂ ਵਿਚ ਬੈਠਣਗੇ, ਮੁਸ਼ਕਿਲ ਹੈ ਕਿ ਦੋਸਤੀ ਰਹਿ ਸਕੇ। ਉਹਨਾਂ ਦਾ ਕੰਮ ਹੈ ਚਿੰਗਿਆੜੀਆਂ ਛੱਡਣੀਆਂ, ਉਹਨਾਂ ਦਾ ਕੰਮ ਹੈ ਅੱਗ ਲਾਈ ਜਾਣਾ, ਤੇ ਇਹ ਫ਼ਕੀਰ ਕਹਿੰਦਾ ਹੈ:-

***ਅਜ਼ ਰਾਹਿ ਚੁਨਾਰ ਕਿ ਸਲਾਮਤ ਨਾ ਕੁਨਦ।***<br>
***ਬਾ ਖ਼ਲਕ ਚੁਨਾਂ ਜੀ ਕਿ ਕਿਆਮਤ ਨਾ ਕੁਨਦ।***<br>
***ਦਰ ਮਸਜਿਦ ਗਰ ਰਵੀ ਕਿ ਕੁਨਾਂ ਜ਼ੌਕਿ ਤੁਰਾ।***

ਜੇ ਤੇਰੇ ਅੰਦਰ ਖ਼ੁਦਾ ਦੀ ਇਬਾਦਤ ਕਰਨ ਦਾ ਸ਼ੌਕ ਪੈਦਾ ਹੋਵੇ ਅਤੇ ਤੂੰ ਆਖੇਂ ਕਿ ਜਾਣਾ ਹੈ ਮਸਜਿਦ ਦੇ ਵਿਚ,

***ਦਰ ਮਸਜਿਦ ਗਰ ਰਵੀ..।***

ਜੇ ਤੂੰ ਮਸਜਿਦ ਦੇ ਵਿਚ ਜਾਣਾ ਹੈ ਇਬਾਦਤ ਕਰਨ, ਖ਼ੁਦਾ ਦਾ ਨਾਮ ਲੈਣ।

***ਦਰ ਮਸਜਿਦ ਗਰ ਰਵੀ ਕਿ ਕੁਨਾਂ ਜ਼ੌਕਿ ਤੁਰਾ।***<br>
***ਦਰ ਪੇਸ਼ ਨਾ ਖ਼ੁਵਨਾਹਨਦ ਓ ਇਮਾਮਤ ਨਾ ਕੁਨਦ।***

ਮਸਜਿਦ ਦੇ ਵਿਚ ਸਭ ਤੋਂ ਅੱਗੇ-ਅੱਗੇ ਹੋਣ ਦੀ ਕੋਸ਼ਿਸ਼ ਨਾ ਕਰੀਂ। ਇਮਾਮ ਬਣਨ ਦੀ ਕੋਸ਼ਿਸ਼ ਨਾ ਕਰੀਂ। ਬਈ ਸਾਰੇ ਮੇਰੇ ਪਿੱਛੇ ਹੀ ਨਮਾਜ਼ੀ ਬਣਨ। ਸਾਰੀ ਦੀ ਸਾਰੀ ਖ਼ਲਕਤ ਮੇਰੇ ਪਿੱਛੇ ਹੋਵੇ। ਔਰ ਮੈਂ ਸਭ ਤੋਂ ਅੱਗੇ ਹੋਵਾਂ, ਨੰਬਰ ਇਕ ਹੋਵਾਂ। ਅਗਰ ਇਸ ਤਰ੍ਹਾਂ ਦਾ ਜਜ਼ਬਾ ਕੋਈ ਧਾਰਮਿਕ ਮੰਦਰ ਵਿਚ ਵੀ ਲੈ ਜਾਵੇ ਕਿ ਮੈਂ ਨੰਬਰ ਇਕ ਹਾਂ ਬਾਕੀ ਸਭ ਮੇਰੇ ਤੋਂ ਪਿੱਛੇ ਹਨ, ਇਹ ਤੇ ਹੰਕਾਰ ਹੈ। ਗੁਰੂ ਘਰ ਵਿਚ ਸ਼ਾਇਦ ਇਸੇ ਕਰਕੇ ਚਰਨ-ਧੂੜ ਨੂੰ ਮਸਤਕ ਤੇ ਲਾ ਕੇ ਆਉਂਦੇ ਨੇ, ਕਿ ਮੈਂ ਤੇ ਇਕ ਖ਼ਾਕ ਹਾਂ, ਮਿੱਟੀ ਹਾਂ, ਹੋਰ ਕੁਛ ਵੀ ਨਹੀਂ ਹਾਂ। ਪਰ ਜੇ ਕੋਈ ਇੱਥੇ ਵੀ ਆ ਕੇ ਐਸਾ ਜਜ਼ਬਾ ਦਿਖਾਵੇ ਕਿ, ਨਹੀਂ ਮੈਂ ਨੰਬਰ ਇਕ ਹਾਂ, ਬਾਕੀ ਸਭ ਮੇਰੇ ਤੋਂ ਪਿੱਛੇ ਨੇ। ਦਰਅਸਲ ਉਸ ਨੂੰ ਆਉਣ ਦੇ ਢੰਗ ਦਾ ਫਿਰ ਪਤਾ ਹੀ ਨਹੀਂ ਹੈ। ਕਬੀਰ ਜੀ ਕਹਿੰਦੇ ਨੇ:-

*ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ ॥*
*ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ॥ ੨੩੮॥*

(ਅੰਗ ੧੩੭੭)

ਹਰੀ ਦਾ ਨਾਮ ਤੇ ਖੰਡ ਹੈ, ਪਰ ਸੰਸਾਰ ਦੇ ਵਿਕਾਰਾਂ ਦੀ ਰੇਤ ਵਿਚ ਬਿਖਰਿਆ ਪਿਆ। ਵਾਸ਼ਨਾਵਾਂ ਦੀ ਰੇਤ ਵਿਚ ਬਿਖਰਿਆ ਪਿਆ ਹੈ। ਹਾਥੀ ਦੀ ਤਰ੍ਹਾਂ ਜਿਹੜਾ ਆਕੜ ਕੇ ਆਉਂਦਾ ਹੈ ਤੇ ਸ਼ੂੰਟ ਮਾਰਦਾ ਹੈ। ਖੰਡ ਦਾ ਦਾਣਾ ਤੇ ਮੂੰਹ ਵਿਚ ਇਕ ਪੈਂਦਾ ਹੈ, ਮਿੱਟੀ ਬਹੁਤੀ ਪੈਂਦੀ ਹੈ, ਸੁਆਦ ਨਹੀਂ ਆਉਂਦਾ, ਰਸ ਨਹੀਂ ਆਉਂਦਾ। ਪਰ ਜਿਹੜੀ ਕੀੜੀ ਹੈ ਉਹ ਰੇਤ ਵਿਚ ਖਿੰਡਰੇ ਹੋਏ ਖੰਡ ਦੇ ਦਾਣਿਆਂ ਨੂੰ ਵੀ ਮੂੰਹ ਵਿਚ ਪਾ ਲੈਂਦੀ ਹੈ, ਸੁਆਦ ਮਾਣ ਲੈਂਦੀ ਹੈ। ਇਸ ਲਈ ਕੀੜੀ ਦੀ ਤਰ੍ਹਾਂ ਆ। ਕੀੜੀ ਦੀ ਤਰ੍ਹਾਂ ਕੌਣ ਆਇਆ ਹੈ:-

*ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ॥ ੨॥ ੩॥ ੧੨॥*

(ਅੰਗ ੯੭੨)

ਜ਼ਾਤ ਦਾ ਮਾਣ ਤਿਆਗ ਕੇ, ਕੁਲ ਦਾ ਮਾਣ ਤਿਆਗ ਕੇ, ਧਨ ਦਾ ਮਾਣ ਤਿਆਗ ਕੇ, ਜੋਬਨ ਦਾ ਮਾਣ ਤਿਆਗ ਕੇ, ਪ੍ਰਭੁਤਾ ਦਾ ਮਾਣ ਤਿਆਗ ਕੇ, ਸਾਰੇ ਮਾਣ ਨੂੰ ਤਿਆਗ ਕੇ ਕੀੜੀ ਦੀ ਤਰ੍ਹਾਂ ਜਿਹੜੇ ਆ ਜਾਂਦੇ ਨੇ, ਰਸ ਮਾਣ ਕੇ ਚਲੇ ਜਾਂਦੇ ਨੇ। ਸੁਆਦ ਉਹਨਾਂ ਦੇ ਮੂੰਹ ਵਿਚ ਪੈਂਦਾ ਹੈ। ਇਹ ਫ਼ਕੀਰ ਕਹਿੰਦਾ ਹੈ, ਜੇ ਕਿਧਰੇ ਮਸਜਿਦ ਵਿਚ ਜਾਣ ਦਾ ਤੇਰਾ ਸ਼ੌਕ ਹੈ, ਇ਼ਬਾਦਤ ਕਰਨ ਦਾ। ਓਥੇ ਸਾਰਿਆਂ ਨੂੰ ਪਛਾੜਨ ਦੀ ਕੋਸ਼ਿਸ਼ ਨਾ ਕਰੀਂ। ਈਮਾਮ ਬਣਨ ਦੀ ਕੋਸ਼ਿਸ਼ ਨਾ ਕਰੀਂ।

*ਇਮਾਮਤ ਨਾ ਕੁਨ ਦ।*

ਅਮਨ ਸਲਾਮਤੀ, ਇਸਲਾਮ। ਲੇਕਿਨ ਯਕੀਨ ਜਾਣੋ ਮੁਸਲਮਾਨਾਂ ਨੇ ਮੁਸਲਮਾਨਾਂ ਦਾ ਜਿਤਨਾ ਖ਼ੂਨ ਬਹਾਇਆ ਹੈ, ਕਿਸੇ ਹੋਰ ਨੇ ਨਹੀਂ ਬਹਾਇਆ। ਸ਼ੀਆ ਤੇ ਸੁੰਨੀ ਮੁਸਲਮਾਨ ਸਾਲ ਦੇ ਸਾਲ ਲੜਦੇ ਨੇ, ਔਰ ਇਕ ਦੂਸਰੇ ਦਾ ਬੜਾ ਖ਼ੂਨ ਬਹਾਉਂਦੇ ਨੇ। ਮੁਹੱਰਮ ਦੇ ਦਿਨਾਂ ਵਿਚ ਪਾਕਿਸਤਾਨ ਵਿਚ ਝਗੜੇ ਹੋ ਜਾਂਦੇ ਨੇ, ਬੰਗਲਾ ਦੇਸ਼ ਵਿਚ ਝਗੜੇ ਹੋ ਜਾਂਦੇ ਨੇ। ਅਰਬ ਦੇਸ਼ਾਂ ਵਿਚ ਝਗੜੇ ਹੋ ਜਾਂਦੇ ਨੇ, ਹਿੰਦੁਸਤਾਨ ਵਿਚ ਝਗੜੇ ਹੋ ਜਾਂਦੇ ਨੇ। ਬੜਾ ਖ਼ੂਨ-ਖ਼ਰਾਬਾ

ਹੁੰਦਾ ਹੈ ਅਤੇ ਇਕ ਦੂਜੇ ਨੂੰ ਮਾਰਦੇ ਨੇ ਔਰ ਇਸਲਾਮ ਦੇ ਨਾਮ ਤੇ ਲੜਦੇ ਨੇ, ਜਦ ਕਿ **ਇਸਲਾਮ ਦਾ ਮਤਲਬ ਹੈ ਅਮਨ-ਸਲਾਮਤੀ।** ਇਰਾਕ ਤੇ ਈਰਾਨ ਦੀ ਜੰਗ ਸ਼ੀਆ ਸੁੰਨੀ ਮੁਸਲਮਾਨਾਂ ਦੀ ਜੰਗ ਸੀ। ਇਰਾਕ ਸਾਰਾ ਸੁੰਨੀ ਹੈ ਅਤੇ ਈਰਾਨ ਸਾਰਾ ਸ਼ੀਆ ਹੈ। ਈਰਾਨੀ ਸੁੰਨੀ ਨਹੀਂ ਹਨ, ਸ਼ੀਆ ਮੁਸਲਮਾਨ ਹਨ। ਇਹ ਹਜ਼ਰਤ ਮੁਹੰਮਦ ਸਾਹਿਬ ਤੋਂ ਬਾਅਦ ਦੂਸਰਾ ਦਰਜਾ ਹਜ਼ਰਤ ਅਲੀ ਨੂੰ ਦਿੰਦੇ ਹਨ। ਜਦ ਕਿ ਸੁੰਨੀ ਮੁਹੰਮਦ ਸਾਹਿਬ ਤੋਂ ਬਾਅਦ ਦੂਸਰਾ ਦਰਜਾ ਹਜ਼ਰਤ ਉਮਰ ਨੂੰ ਦਿੰਦੇ ਨੇ। ਥੋੜੇ-ਥੋੜੇ ਮਤਭੇਦ ਨੇ, ਬਿਲਕੁਲ ਥੋੜੇ, ਨਿੱਕੇ-ਨਿੱਕੇ ਅਤੇ ਇਤਨੀ ਵੱਡੀ ਦੀਵਾਰ ਖੜੀ ਹੋ ਗਈ ਏ ਕਿ ਸ਼ੀਆ ਮੁਸਲਿਮ ਤੇ ਸੁੰਨੀ ਮੁਸਲਿਮ ਨੇੜੇ ਨਹੀਂ ਆ ਸਕਦੇ। ਸਾਲ ਦੇ ਸਾਲ ਇਨ੍ਹਾਂ ਵਿਚ ਭਿਅੰਕਰ ਲੜਾਈ ਹੁੰਦੀ ਹੈ। ਗਜ਼ਬ ਦੀ ਗੱਲ ਹੈ ਕਿ ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਛੋਟੇ-ਛੋਟੇ ਕਾਰਣ ਨੇ, ਜਿਸ ਕਾਰਣ ਕਰਕੇ ਮੁਸਲਮਾਨ ਸਦੀਆਂ ਤੋਂ ਹੀ ਮੁਸਲਮਾਨਾਂ ਦਾ ਖ਼ੂਨ ਬਹਾਉਂਦੇ ਰਹਿੰਦੇ ਨੇ।

ਤਖ਼ਤ ਪਟਨਾ ਸਾਹਿਬ ਵਿਚ ਇਕ ਉੱਘੇ ਰਾਜਨੀਤਕ ਨੇ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਗੁਰਪੁਰਬ ਤੇ ਦੋ ਸ਼ਬਦ ਆਖੇ ਨੇ ਹਿੰਦੀ ਵਿਚ। ਜਿਸ ਤਰ੍ਹਾਂ ਦੇ ਉਹ ਸ਼ਬਦ ਸਨ ਉਹ ਇਹ ਸਨ, **"ਹਮਾਰੇ ਦੇਸ਼ ਕੀ ਸਮੱਸਿਆਏਂ ਅਧਿਕ ਹੈਂ, ਕਿਉਂਕਿ ਹਮਾਰੇ ਦੇਸ਼ ਮੇਂ ਬਹੁ ਪ੍ਰਕਾਰ ਕੇ ਮਜ਼ਹਬ ਹੈਂ। ਭਿੰਨ-ਭਿੰਨ ਭਾਸ਼ਾਏਂ ਹੈਂ, ਭਿੰਨ-ਭਿੰਨ ਖਾਨ-ਪਾਨ ਔਰ ਪਹਿਰਾਨ ਹੈ। ਇਸ ਲੀਏ ਔਰ ਦੇਸ਼ੋਂ ਕੀ ਬਨਿਸਬਤ ਹਮਾਰੇ ਦੇਸ਼ ਕੀ ਸਮੱਸਿਆਏਂ ਅਧਿਕ ਹੈਂ"।** ਇਸ ਦੇ ਉੱਪਰ ਉਹ ਗ਼ਾਲਬਨ ਇਕ ਘੰਟਾ ਬੋਲਿਆ। ਕਹਿੰਦਾ ਹੈ ਹਿੰਦੁਸਤਾਨ ਦੀਆਂ ਸਮੱਸਿਆਵਾਂ ਬਾਕੀ ਦੇਸ਼ਾਂ ਨਾਲੋਂ ਜ਼ਿਆਦਾ ਨੇ, ਕਿਉਂ? ਇਸ ਦੇਸ਼ ਦੀ ਭਾਸ਼ਾ ਇਕ ਨਹੀਂ ਹੈ, ਬੋਲੀ ਇਕ ਨਹੀਂ ਹੈ। ਕੋਈ ਬੰਗਾਲੀ ਬੋਲਦਾ ਹੈ, ਕੋਈ ਪੰਜਾਬੀ ਬੋਲਦਾ ਹੈ ਅਤੇ ਕੋਈ ਗੁਜਰਾਤੀ ਬੋਲਦਾ ਹੈ। ਕੋਈ ਮਰਾਠੀ ਬੋਲਦਾ ਹੈ, ਕੋਈ ਤਾਮਿਲ ਬੋਲਦਾ ਹੈ, ਕੋਈ ਤੇਲਗੂ ਬੋਲਦਾ ਹੈ। ਕੋਈ ਮਲਿਆਲਮ ਬੋਲਦਾ ਹੈ, ਕੋਈ ਹਿੰਦੀ ਬੋਲਦਾ ਹੈ। ਕੋਈ ਉੜੀਆ ਬੋਲਦਾ ਹੈ, ਕੋਈ ਬਿਹਾਰੀ ਬੋਲਦਾ ਹੈ, ਕੋਈ ਆਸਾਮੀ ਬੋਲਦਾ ਹੈ ਅਤੇ ਹੁਣ ਆਸਾਮ ਦੀਆਂ ਵੀ ਸੱਤ ਸਟੇਟਾਂ ਹੋ ਗਈਆਂ ਨੇ, ਸਤ ਭਾਸ਼ਾਵਾਂ ਕਰ ਕੇ। ਆਸਾਮ ਦੀ ਇਕ ਭਾਸ਼ਾ ਨਹੀਂ ਹੈ। ਸੱਤ ਸਟੇਟਾਂ ਬਣ ਗਈਆਂ ਨੇ, ਆਸਾਮ, ਮਿਜ਼ੋਰਮ, ਅਰੁਨਾਚਲ, ਨਾਗਾ ਲੈਂਡ, ਤਰੀਪੁਰਾ, ਮੇਘਾਲਿਆ, ਮਣੀਪੁਰ। ਇਹ ਸਾਰੇ ਭਾਸ਼ਾਵਾਂ ਦੇ ਆਧਾਰ ਤੇ ਸੱਤ ਟੁਕੜੇ ਹੋਏ ਨੇ ਆਸਾਮ ਦੇ। ਸੱਤ ਸੂਬੇ ਬਣੇ, ਕਿਉਂਕਿ ਇਕ ਭਾਸ਼ਾ ਨਹੀਂ ਹੈ। ਸਭ ਦੀ ਵੱਖ-ਵੱਖ ਭਾਸ਼ਾ ਉੜੀਆ ਹੈ, ਮਲਿਆਲਮ ਹੈ, ਕੇਰਲ ਵਿਚ ਮਲਿਆਲਮ ਬੋਲਦੇ ਨੇ। ਤਾਮਿਲਨਾਡ ਵਿਚ ਤਾਮਿਲ ਬੋਲਦੇ ਨੇ ਔਰ ਆਂਧਰਾ ਵਿਚ ਤੇਲਗੂ ਬੋਲਦੇ ਨੇ। ਮਹਾਰਾਸ਼ਟਰ ਵਿਚ ਮਰਾਠੀ ਬੋਲਦੇ ਨੇ, ਗੁਜਰਾਤ ਵਿਚ ਗੁਜਰਾਤੀ। ਬਿਹਾਰ ਵਿਚ ਬਿਹਾਰੀ ਬੋਲਦੇ ਨੇ, ਕੁਛ ਪਰਾਂਤ ਐਸੇ ਨੇ ਜਿੱਥੇ ਹਿੰਦੀ ਬੋਲੀ ਜਾਂਦੀ ਹੈ, ਮੱਧ ਪ੍ਰਦੇਸ਼, ਰਾਜਸਥਾਨ, ਯੂ. ਪੀ., ਬੰਗਾਲ ਵਿਚ ਬੰਗਾਲੀ ਬੋਲਦੇ ਨੇ, ਕਸ਼ਮੀਰ ਵਿਚ ਕਸ਼ਮੀਰੀ ਬੋਲਦੇ ਨੇ ਅਤੇ ਪੰਜਾਬ ਵਿਚ ਪੰਜਾਬੀ ਬੋਲਦੇ ਨੇ।

ਉਸ ਨੇ ਆਖਿਆ ਸਾਡੇ ਦੇਸ਼ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਨੇ। ਸਾਡੇ ਦੇਸ਼ ਦਾ ਮਜ਼ਹਬ ਵੀ ਇਕ ਨਹੀਂ, ਵੱਖ-ਵੱਖ ਮਜ਼ਹਬ ਨੇ। ਸਾਡੇ ਦੇਸ਼ ਦਾ ਪਹਿਰਾਵਾ ਵੀ ਇਕ ਨਹੀਂ, ਅਲੱਗ-ਅਲੱਗ ਪਹਿਰਾਵਾ ਹੈ। ਸਾਡੇ ਦੇਸ਼ ਦਾ ਖਾਨ-ਪਾਨ ਵੀ ਇਕ ਨਹੀਂ। ਖਾਣੇ ਵੀ ਅਲੱਗ-ਅਲੱਗ ਨੇ। ਬੰਗਾਲੀਆਂ ਦਾ ਅਲੱਗ, ਗੁਜਰਾਤੀਆਂ ਦਾ ਅਲੱਗ, ਮਦਰਾਸੀਆਂ ਦਾ

ਅਲੱਗ, ਪੰਜਾਬੀਆਂ ਦਾ ਅਲੱਗ। ਖਾਣੇ ਤੋਂ ਪਤਾ ਚਲ ਜਾਂਦਾ ਹੈ ਕਿ ਕਿਹੜੇ ਪਰਾਂਤ ਦਾ ਖਾਣਾ ਹੈ। ਫੌਰਨ ਪਤਾ ਚਲ ਜਾਂਦਾ ਹੈ। ਆਮ ਤੌਰ ਤੇ ਜਿਹੜੀਆਂ ਡੋਮੈਸਟਿਕ ਫਲਾਈਟਸ (Domestic Flights) ਨੇ ਉਹਨਾਂ ਵਿਚ ਵੀ ਕਰੀਬਨ-ਕਰੀਬਨ ਜਿਸ ਪਰਾਂਤ ਨੂੰ ਫਲਾਈਟ ਜਾ ਰਹੀ ਹੋਵੇ ਉਸ ਪਰਾਂਤ ਦਾ ਖਾਣਾ ਦਿੱਤਾ ਜਾਂਦਾ ਹੈ। ਜੇ ਗੁਜਰਾਤ ਵਿਚ ਜਾ ਰਹੀ ਤਾਂ ਗੁਜਰਾਤੀ ਖਾਣਾ, ਜੇ ਮਦਰਾਸ ਵਿਚ ਜਾ ਰਹੀ ਹੈ ਤਾਂ ਮਦਰਾਸੀ ਖਾਣਾ, ਸਾਊਥ ਇੰਡੀਅਨ ਖਾਣਾ ਦਿੱਤਾ ਜਾਂਦਾ ਹੈ। ਜੇ ਦਿੱਲੀ ਨੂੰ ਆ ਰਹੀ ਹੈ ਜਾਂ ਪੰਜਾਬ ਨੂੰ ਆ ਰਹੀ ਹੈ ਤਾਂ ਉਤਰੀ ਭਾਰਤ ਦਾ ਖਾਣਾ ਦਿੰਦੇ ਨੇ, ਪੰਜਾਬੀ ਖਾਣਾ ਦਿੰਦੇ ਨੇ।

ਕਹਿਣ ਤੋਂ ਮੁਰਾਦ ਉਸ ਨੇ ਕਿਹਾ ਕਿ ਇੱਥੇ ਖਾਣਾ ਇਕ ਨਹੀਂ, ਇੱਥੇ ਪਹਿਨਣਾ ਇਕ ਨਹੀਂ, ਮਜ਼ਹਬ ਇਕ ਨਹੀਂ, ਭਾਸ਼ਾ ਇਕ ਨਹੀਂ ਹੈ। ਇਸ ਵਾਸਤੇ ਇਸ ਦੇਸ਼ ਦੀਆਂ ਸਮੱਸਿਆਵਾਂ ਬਾਕੀ ਦੇਸ਼ਾਂ ਨਾਲੋਂ ਜ਼ਿਆਦਾ ਨੇ। ਉਸ ਤੋਂ ਬਾਅਦ ਕਿਧਰੇ ਦਾਸ ਦਾ ਇਕ ਘੰਟੇ ਦਾ ਵਕਤ ਸੀ। ਉਸ ਦਾ ਜਵਾਬ ਤੇ ਮੇਰੇ ਕੋਲ ਸੀ ਔਰ ਮੈਂ ਓਥੇ ਬੋਲਿਆ ਵੀ। ਮੈਂ ਕਿਹਾ ਵੀਹ, ੨੨ ਦੇ ਕਰੀਬ ਅਰਬ ਦੇਸ਼ ਨੇ, ਕੁਵੈਤ ਹੈ, ਇਰਾਕ, ਕਤਰ ਹੈ, ਬਹਿਰੀਨ ਹੈ, ਦੁਬਈ ਹੈ, ਮਿਸਰ ਹੈ, ਜੌਰਡਨ ਹੈ, ਲੀਬੀਆ ਹੈ, ਸਊਦੀ ਅਰਬ ਹੈ। ਗਿਣਦੇ ਜਾਈਏ ਵੀਹ, ੨੨ ਦੇਸ਼ ਬਣਦੇ ਨੇ। ਸਾਰਿਆਂ ਦੀ ਭਾਸ਼ਾ ਇਕ ਹੈ, ਸਾਰੇ ਹੀ ਅਰਬੀ ਬੋਲਦੇ ਨੇ। ਸਾਰਿਆਂ ਦਾ ਮਜ਼ਹਬ ਇਕ ਹੈ। ਸਾਰੇ ਹੀ ਸੁੰਨੀ ਮੁਸਲਮਾਨ ਨੇ ਔਰ ਸਾਰਿਆਂ ਦਾ ਧਰਮ ਗਰੰਥ ਇਕੋ ਹੈ। ਸਾਰਿਆਂ ਦਾ ਇਸ਼ਟ ਵੀ ਇਕੋ ਹੈ ਮੁਹੰਮਦ ਸਾਹਿਬ, ਸਾਰਿਆਂ ਦਾ ਮਜ਼ਹਬ ਇਕੋ ਹੈ, ਮੁਸਲਮਾਨ। ਸਾਰਿਆਂ ਦੀ ਭਾਸ਼ਾ ਇਕੋ ਹੈ ਅਰਬੀ। ਸਾਰਿਆਂ ਦਾ ਪਹਿਰਾਵਾ ਵੀ ਇਕੋ ਹੈ, ਲੰਬਾ ਚੋਲਾ ਪਹਿਨਦੇ ਨੇ, ਸਿਰ ਤੇ ਰੁਮਾਲ ਬੰਨ੍ਹਦੇ ਨੇ ਅਤੇ ਇਕ ਰੱਸਾ ਬੰਨ੍ਹ ਲੈਂਦੇ ਨੇ ਉੱਪਰ। ਸਾਰੇ ਹੀ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਨੇ। ਇਕ ਦੂਜੇ ਨਾਲ ਨਹੀਂ ਬਣਦੀ, ਮਨ ਮੁਟਾਵ ਹੈ। ਐਹ ਹੁਣੇ ਥੋੜੇ ਦਿਨ ਹੋਏ, ਇਰਾਕ ਤੇ ਕੁਵੈਤ ਦਾ ਖਾੜੀ ਯੁੱਧ ਹੋਇਆ ਹੈ। ਇਰਾਕ ਤੇ ਈਰਾਨ ਗ਼ਾਲਬਨ ੯ ਸਾਲ ਲੜਦੇ ਰਹੇ। ਅੱਜ ਤਕ ਜਿਤਨਾ ਮੁਸਲਮਾਨਾਂ ਨੇ ਮੁਸਲਮਾਨਾਂ ਦਾ ਖ਼ੂਨ ਬਹਾਇਆ ਹੈ ਔਰ ਬਹਾ ਰਹੇ ਨੇ, ਯਕੀਨ ਜਾਣੋ ਕਿਸੇ ਦੂਸਰੇ ਨੇ ਨਹੀਂ। ਬਿਲਕੁਲ ਛੋਟੀਆਂ-ਛੋਟੀਆਂ ਗੱਲਾਂ ਕਰਕੇ ਇਹਨਾਂ ਦੇ ਝਗੜੇ ਨੇ। ਬੜਾ ਹੀ ਖ਼ੂਨ ਬਹਾਉਂਦੇ ਨੇ, ਬਹੁਤ ਲੜਦੇ ਨੇ। ਰੱਜ ਕੇ ਲੜਦੇ ਨੇ। ਇਸਲਾਮ ਦਾ ਮਤਲਬ ਤੂੰ ਦੂਜੇ ਨੂੰ ਸਲਾਮਤ ਰਹਿਣ ਦੇ। ਮੁਹੰਮਦ ਸਾਹਿਬ ਨੇ ਤੇ ਇੰਜ ਆਖਿਆ ਸੀ। ਬਈ ਤੈਨੂੰ ਖ਼ੁਦਾ ਦੀ ਪ੍ਰਾਪਤੀ ਹੋ ਜਾਏਗੀ। ਇਹ ਤੇ ਦੂਜਿਆਂ ਦੇ ਪੈਰ ਤੇ ਲੱਤਾਂ ਪਏ ਵੱਢਦੇ ਨੇ। ਦੂਜੇ ਦਾ ਚਲਣਾ ਔਖਾ ਪਏ ਕਰਦੇ ਨੇ।

ਖ਼ੈਰ ਮੁਖ਼ਤਸਰ ਮੈਂ ਅਰਜ਼ ਕਰਾਂ। ਵੇਦ ਹੀ ਭਗਵਾਨ ਹੈ, ਗਿਆਨ ਹੀ ਭਗਵਾਨ ਹੈ। ਕਿਆ ਤਮਾਮ ਹਿੰਦੂ ਜਗਤ ਨੇ ਮੰਨ ਲਿਆ? ਨਹੀਂ, ਅਗਿਆਨ ਹੀ ਭਗਵਾਨ ਚਲ ਰਿਹਾ ਹੈ ਓਥੇ ਤੇ। ਬੜੇ ਵਿਤਕਰੇ, ਬੜਾ ਭੇਦ-ਭਾਵ। ਬੜੀ ਜ਼ਾਤ-ਪਾਤ। ਪੰਜ ਹਜ਼ਾਰ ਸਾਲ ਤਕ ਸ਼ੂਦਰਾਂ ਲਈ ਧਾਰਮਿਕ ਮੰਦਰਾਂ ਦੇ ਦਰਵਾਜ਼ੇ ਬੰਦ, ਪੰਜ ਹਜ਼ਾਰ ਸਾਲ ਤਕ ਵਿਦਿਆਲਿਆਂ ਦੇ ਦਰਵਾਜ਼ੇ ਬੰਦ।

ਈਸਾਈ ਜਗਤ ਨੂੰ ਲਈਏ, ਈਸਾ ਨੇ, ਈਸ਼ਵਰ ਦੀ ਪ੍ਰਾਪਤੀ, ਖ਼ੁਦਾ ਦੀ ਪ੍ਰਾਪਤੀ ਪ੍ਰੇਮ ਤੇ ਰੱਖੀ ਏ। ਉਸ ਨੇ ਸਾਫ਼ ਕਹਿ ਦਿੱਤਾ ਸੀ ਅਗਰ ਪ੍ਰੇਮ ਪ੍ਰਾਪਤ ਹੋ ਗਿਆ ਹੈ, ਤੇ ਸਮਝ ਲਉ ਖ਼ੁਦਾ ਮਿਲ ਗਿਆ ਹੈ। ਪ੍ਰੇਮ ਸਾਰਿਆਂ ਨਾਲ, ਪਹਿਲੇ ਪਰਵਾਰ ਨਾਲ ਕਰ, ਫਿਰ ਸੰਸਾਰ ਨਾਲ

ਕਰ, ਤਾਕਿ ਉਹ ਪ੍ਰੇਮ ਵਧਦਾ-ਵਧਦਾ ਨਿਰੰਕਾਰ ਤਕ, ਖ਼ੁਦਾ ਤਕ ਪਹੁੰਚੇ। ਇਸ ਵਾਸਤੇ ਈਸਾਈ ਦੁਨੀਆਂ ਵਿਚ ਕਹਿ ਦਿੱਤਾ ਗਿਆ, **Love is God** I ਪ੍ਰੇਮ ਹੀ ਪਰਮਾਤਮਾ ਹੈ। ਪਰ ਯਕੀਨ ਜਾਣੋ ਜਿਤਨੀ ਈਸਾਈਆਂ ਨੇ ਨਫ਼ਰਤ ਫੈਲਾਈ, ਅਤੇ ਜਿਤਨੇ ਦੇਸ਼ਾਂ ਤੇ ਰਾਜ ਕੀਤਾ ਤੇ ਲੁੱਟਿਆ ਅਤੇ ਇਹਨਾਂ ਦੀ ਪਰਵਾਰਿਕ ਜ਼ਿੰਦਗੀ ਕੀ ਏ। ਪਿਛਲੇ ਦਿਨੀਂ ਯੂਰਪ ਦੀ ਪਰਵਾਰਿਕ ਜ਼ਿੰਦਗੀ ਦੇ ਜੋ ਆਂਕੜੇ ਮੈਨੂੰ ਪੜ੍ਹਨ ਲਈ ਮਿਲੇ, ਉਸ ਅਨੁਸਾਰ ੪੫ ਫ਼ੀ ਸਦੀ ਸ਼ਾਦੀਆਂ ਟੁੱਟ ਜਾਂਦੀਆਂ ਨੇ, ਤਲਾਕ ਹੋ ਜਾਂਦਾ ਹੈ। ਰਿਸ਼ਤਿਆਂ ਵਿਚ ਕੋਈ ਮਜ਼ਬੂਤੀ ਨਹੀਂ, ਕੋਈ ਪਕਿਆਈ ਨਹੀਂ। ਰਿਸ਼ਤਾ ਕਦੋਂ ਟੁੱਟਦਾ ਜਦੋਂ ਪ੍ਰੇਮ ਨਹੀਂ ਹੈ। ਮਾਂ ਬਾਪ ਦਾ ਬੱਚਿਆਂ ਨਾਲ ਪ੍ਰੇਮ ਨਹੀਂ, ਬੱਚਿਆਂ ਦਾ ਮਾਂ ਬਾਪ ਨਾਲ ਪ੍ਰੇਮ ਨਹੀਂ। ਪਤੀ ਦਾ ਪਤਨੀ ਨਾਲ ਪ੍ਰੇਮ ਨਹੀਂ, ਪਤਨੀ ਦਾ ਪਤੀ ਨਾਲ ਪ੍ਰੇਮ ਨਹੀਂ। ਰਿਸ਼ਤਿਆਂ ਵਿਚ ਦਰਾੜ ਆ ਗਈ ਏ ਅਤੇ ਜੇ ਪਰਵਾਰ ਵਿਚ ਪ੍ਰੇਮ ਨਹੀਂ ਤੇ ਸੰਸਾਰ ਵਿਚ ਕੀ ਖ਼ਾਕ ਹੋਵੇਗਾ, ਕਿਸ ਤਰ੍ਹਾਂ ਹੋਵੇਗਾ। ਪ੍ਰੇਮ ਤੇ ਓਥੋਂ ਸ਼ੁਰੂ ਹੋਣਾ ਸੀ। **Love is God** ਈਸਾ ਦੇ ਬੋਲਾਂ ਦੀਆਂ ਧੱਜੀਆਂ ਉਡਾ ਕੇ ਰੱਖ ਦਿੱਤੀਆਂ ਨੇ ਇਹਨਾਂ ਨੇ। ਕੁਛ ਵੀ ਨਹੀਂ, ਇਸ ਚੱਕਰ ਵਿਚ ਨਾ ਪੈਣਾ। ਬੈਹਿਰੂਨੀ ਜ਼ਿੰਦਗੀ ਦੇਖ ਕੇ, ਆਰਥਿਕ ਜ਼ਿੰਦਗੀ ਦੇਖ ਕੇ ਕਿਧਰੇ ਬਹੁਤ ਪ੍ਰਭਾਵਿਤ ਨਾ ਹੋ ਜਾਣਾ। ਅਰਥ ਹੋਵੇਗਾ, ਧਨ ਹੋਵੇਗਾ, ਈਸਾ ਦਾ ਦਿੱਤਾ ਹੋਇਆ ਧਰਮ ਨਹੀਂ ਹੈ। ਕੋਈ ਨਹੀਂ, ਬਿਲਕੁਲ ਨਹੀਂ। **Love is God** ਪ੍ਰੇਮ ਈਸ਼ਵਰ ਹੈ, ਕਿਆ ਹੈ ਪ੍ਰੇਮ? ਅੱਧੀ ਤੋਂ ਜ਼ਿਆਦਾ ਦੁਨੀਆਂ ਇਹਨਾਂ ਨੇ ਹਥਿਆ ਕੇ ਰੱਖੀ ਸੀ, ਰਾਜ ਕੀਤਾ ਹੈ। ਜੇ ਰਾਜ ਕੀਤਾ ਹੈ ਤਾਂ ਕਈਆਂ ਨੂੰ ਫਾਂਸੀਆਂ ਤੇ ਚਾੜ੍ਹ ਕੇ, ਕਈਆਂ ਨੂੰ ਕਤਲ ਕਰਕੇ, ਕਈਆਂ ਨੂੰ ਜੋੜ ਤੋੜ ਕਰ ਕੇ। ਕਈਆਂ ਨੂੰ ਜਲਾ ਕੇ, ਕਈਆਂ ਨੂੰ ਮਾਰ ਕੇ। ਐਵੇਂ ਰਾਜ ਮਿਲਦਾ ਹੈ, ਸਾਰੀ ਦੁਨੀਆਂ ਹਥਿਆਈ ਹੈ ਇਹਨਾਂ ਨੇ। ਖ਼ੂਬ ਲੁੱਟਿਆ। ਜਿੱਥੇ ਗਏ, ਓਥੋਂ ਦੇ ਬਾਸ਼ਿੰਦਿਆਂ ਨੂੰ, ਪੈਰਾਂ ਥੱਲੇ ਲਤਾੜਿਆ ਤੇ ਮਾਰਿਆ। ਐਵੇਂ ਰਾਜ ਮਿਲਦੇ ਨੇ, ਐਵੇਂ ਮੁਲਕ ਮਿਲਦੇ ਨੇ। **Love is God** ਪ੍ਰੇਮ ਖ਼ੁਦਾ ਹੈ। ਇਸ ਪ੍ਰੇਮ ਦੇ ਨਾਮ ਉੱਤੇ ਕਿਤਨਾ ਜ਼ੁਲਮ, ਕਿਤਨੀ ਨਫ਼ਰਤ। ਕਿਤਨੀ ਹਕਾਰਤ (hate), ਕਿਤਨਾ ਜ਼ੁਲਮ ਤੇ ਤਸ਼ੱਦਦ ਚਲਦਾ ਰਿਹਾ।

ਇਸਲਾਮ ਭਾਵ, ਸਲਾਮਤੀ ਨੂੰ ਪੈਦਾ ਕਰ। ਤੇਰੀ ਹੋਂਦ ਬਦ-ਅਮਨੀ ਨਾ ਪੈਦਾ ਕਰੇ। ਯਕੀਨ ਜਾਣੋ ਕਦਮ-ਕਦਮ ਤੇ ਬਦ-ਅਮਨੀ ਮੁਸਲਮਾਨਾਂ ਤੋਂ ਹੋਈ। ਗਿਆਨ ਹੀ ਭਗਵਾਨ ਹੈ ਪਰ ਕਦਮ-ਕਦਮ ਤੇ ਅਗਿਆਨ ਦੇਖਣ ਨੂੰ ਮਿਲਦਾ ਹੈ। ਪ੍ਰੇਮ ਹੀ ਖ਼ੁਦਾ ਹੈ, ਪ੍ਰੇਮ ਤੇ ਘਰ ਵਿਚ ਵੀ ਦੇਖਣ ਨੂੰ ਨਹੀਂ ਮਿਲਦਾ, ਬਾਹਰ ਕੀ ਖ਼ਾਕ ਮਿਲੇਗਾ? ਬੱਚਿਆਂ ਦੀ ਦੁਨੀਆਂ ਵਿਚ ਵੀ ਨਹੀਂ ਮਿਲਦਾ।

ਅਗਾਂਹ ਚਲੀਏ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ, ਜਗਤ ਦੀ ਝੋਲੀ ਵਿਚ ਜਿਹੜੀ ਸੌਗਾਤ ਪਾਈ। **ਉਸ ਨੂੰ ਆਖਿਆ ਸਿੱਖੀ।** ਸਿੱਖ ਤੋਂ ਜ਼ਿਆਦਾ ਨਿਰਮਾਣ ਸ਼ਬਦ ਹੋਰ ਕੁਛ ਨਹੀਂ ਹੋ ਸਕਦਾ। ਸਿੱਖ ਦਾ ਮਤਲਬ ਹੈ ਕਿ ਮੈਂ ਸਿੱਖਣਾ ਚਾਹੁੰਦਾ ਹਾਂ ਅਤੇ ਮੈਂ ਕੁਛ ਵੀ ਨਹੀਂ ਜਾਣਦਾ।

*ਇਤਨਾ ਕੀਮਤੀ ਅਤੇ ਇਤਨਾ ਨਿਰਮਾਣ ਸ਼ਬਦ ਦਿੱਤਾ। ਕਿਆ ਸਿੱਖਾਂ ਨੇ ਝੋਲੀ ਵਿਚ ਪਾਇਆ? ਜਿਤਨਾ ਪ੍ਰਬਲ ਹੰਕਾਰ, ਗੁਸਤਾਖ਼ੀ ਮੁਆਫ਼, ਸਿੱਖਾਂ ਵਿਚ ਦੇਖਣ ਨੂੰ ਮਿਲਦਾ ਹੈ, ਸ਼ਾਇਦ ਹੀ ਕਿਧਰੇ ਦੇਖਣ ਨੂੰ ਮਿਲੇ। ਜਿਤਨੀ ਬਦ-ਅਮਨੀ ਮੁਸਲਮਾਨਾਂ ਦੀ

ਦੁਨੀਆਂ ਵਿਚ ਦੇਖਣ ਨੂੰ ਮਿਲਦੀ ਹੈ, ਸ਼ਾਇਦ ਹੀ ਕਿਧਰੇ ਮਿਲੇ, ਜਿਤਨਾ ਟੁੱਟਾ ਹੋਇਆ ਪ੍ਰੇਮ ਈਸਾਈਆਂ ਦੀ ਦੁਨੀਆਂ ਵਿਚ ਮਿਲਦਾ ਹੈ, ਸ਼ਾਇਦ ਹੀ ਕਿਧਰੇ ਮਿਲੇ ਔਰ ਜਿਤਨੀ ਅਗਿਆਨਤਾ, ਗੁਸਤਾਖ਼ੀ ਮੁਆਫ, ਹਿੰਦੂਆਂ ਦੀ ਦੁਨੀਆਂ ਵਿਚ ਮਿਲਦੀ ਹੈ, ਸ਼ਾਇਦ ਹੀ ਕਿਧਰੇ ਮਿਲੇ।

ਮੈਂ ਦੁਹਰਾ ਦਿਆਂ, ਮਨੁੱਖ ਦੀ ਇਕ ਸਮੱਸਿਆ ਹੈ ਕਿ ਮਨੁੱਖ ਦੁਖੀ ਹੈ, ਆਰਥਿਕ ਤਲ ਤੇ, ਸਰੀਰਕ ਤਲ ਤੇ, ਮਾਨਸਿਕ ਤਲ ਤੇ ਅਤੇ ਪਰਵਾਰਿਕ ਤਲ ਤੇ। ਇਕ ਤਾਂ ਰਹਿਬਰੀ ਪੁਰਸ਼ ਸਾਹਮਣੇ ਆਏ, ਅਵਤਾਰੀ ਪੁਰਸ਼, ਪੈਗੰਬਰੀ ਪੁਰਸ਼, ਉਹਨਾਂ ਨੇ ਸਮੱਸਿਆਵਾਂ ਦਾ ਸਮਾਧਾਨ ਰਖਿਆ। ਇਕ ਰਾਜਨੀਤਕ ਲੋਕ ਅੱਗੇ ਆਏ, ਬਈ ਅਸੀਂ ਸੁਲਝਾਵਾਂਗੇ, ਰਾਜਨੀਤਕ, ਪਰਵਾਰਿਕ ਅਤੇ ਆਰਥਿਕ ਸਮੱਸਿਆਵਾਂ। ਤੇ ਮੈਂ ਅਰਜ਼ ਕਰਾਂ ਰਾਜਨੀਤਕ ਲੋਕਾਂ ਨੇ ਜਿਹੜੀ ਦਵਾਈ ਦਿੱਤੀ, ਉਸ ਨਾਲ ਤੇ ਰੋਗ ਦੂਰ ਨਹੀਂ ਹੋਇਆ ਅਤੇ ਮਹਾਂਪੁਰਸ਼ਾਂ ਨੇ ਜਿਹੜੀ ਦਵਾਈ ਦਿੱਤੀ ਉਹ ਖਾਧੀ ਨਹੀਂ, ਪਰ੍ਹੇ ਸੁੱਟ ਦਿੱਤੀ। ਇਸ ਲਈ ਰੋਗ ਆਪਣੀ ਥਾਂ ਤੇ ਮੌਜੂਦ ਹੈ। ਸਮੱਸਿਆ ਆਪਣੀ ਥਾਂ ਤੇ ਹੈ, ਸਾਰੀ ਦੁਨੀਆਂ ਦੁਖੀ ਹੈ।

*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥* (ਅੰਗ ੯੫੪)

ਦੁੱਖ ਤੇ ਆਪਣੀ ਥਾਂ ਤੇ ਹੈ। ਚਲੋ ਕੋਈ ਸਰੀਰਕ ਤਲ ਤੇ ਦੁਖੀ ਨਹੀਂ ਹੋਵੇਗਾ ਆਰਥਿਕ ਤਲ ਤੇ ਹੋਵੇਗਾ। ਚਲੋ ਜੇ ਆਰਥਿਕ ਤਲ ਤੇ ਦੁਖੀ ਨਹੀਂ ਹੈ ਤੇ ਪਰਵਾਰਿਕ ਤਲ ਤੇ ਹੋਵੇਗਾ, ਜੇ ਪਰਵਾਰਿਕ ਤਲ ਤੇ ਦੁਖੀ ਨਹੀਂ ਤਾਂ ਕਮ-ਅਜ਼-ਕਮ ਮਾਨਸਿਕ ਤਲ ਤੇ ਹੋਵੇਗਾ, ਰਾਜਨੀਤਕ ਤਲ ਤੇ ਹੋਵੇਗਾ। ਕੋਈ ਦਾਅਵੇ ਨਾਲ ਨਹੀਂ ਕਹਿ ਸਕਦਾ ਕਿ ਮੈਂ ਜ਼ਿੰਦਗੀ ਦੇ ਹਰ ਪਹਿਲੂ ਵਿਚ ਸੁਖੀ ਹਾਂ। ਕੋਈ ਵੀ ਨਹੀਂ ਹੈ। ਮਹਾਰਾਜ ਕਹਿੰਦੇ ਨੇ:-

*ਕਿਸੁ ਪਹਿ ਖੋਲ੍ਉ ਗੰਠੜੀ ਦੂਖੀ ਭਰਿ ਆਇਆ ॥* (ਅੰਗ ੭੬੭)

ਮੈਂ ਆਪਣੇ ਦੁੱਖਾਂ ਦੀ ਪੰਡ ਕਿਸ ਦੇ ਅੱਗੇ ਖੋਲ੍ਹਾਂ, ਅਜੇ ਮੈਂ ਖੋਲ੍ਹਣ ਲਗਦਾ ਹਾਂ, ਅਗਲਾ ਪਹਿਲੇ ਹੀ ਖੋਲ੍ਹ ਕੇ ਰੱਖ ਦਿੰਦਾ ਹੈ। ਮੈਂ ਇਕ ਦੁੱਖ ਦੀ ਗੱਲ ਕਰਦਾ ਹਾਂ, ਅਗਲੇ ਦਸ ਸੁਣਾਉਂਦੇ ਨੇ। ਕਿਸ ਨੂੰ ਸੁਣਾਈਏ।

*ਕਿਸੁ ਪਹਿ ਖੋਲ੍ਉ ਗੰਠੜੀ ਦੂਖੀ ਭਰਿ ਆਇਆ ॥* (ਅੰਗ ੭੬੭)

ਰਾਜਨੀਤਕ ਲੋਕਾਂ ਨੇ ਜੋ ਸਮਾਧਾਨ ਪੇਸ਼ ਕੀਤੇ ਸਮੱਸਿਆ ਹੱਲ ਨਹੀਂ ਹੋਈ। ਮਹਾਂਪੁਰਸ਼ਾਂ ਨੇ ਜੋ ਸਮਾਧਾਨ ਪੇਸ਼ ਕੀਤਾ, ਉਹ ਕਬੂਲ ਨਹੀਂ ਹੋਇਆ, ਉਹ ਪਰਵਾਨ ਨਹੀਂ ਹੋਇਆ। ਇਸਲਾਮ, ਮੁਸਲਮਾਨਾਂ ਨੂੰ ਕਬੂਲ ਨਹੀਂ ਹੋਇਆ, ਗੁਸਤਾਖ਼ੀ ਮੁਆਫ। ਗਿਆਨ, ਹਿੰਦੂਆਂ ਨੂੰ ਕਬੂਲ ਨਹੀਂ ਹੋਇਆ, ਪ੍ਰੇਮ, ਈਸਾਈਆਂ ਨੂੰ ਕਬੂਲ ਨਹੀਂ ਹੋਇਆ। ਸਿੱਖੀ, ਸਿੱਖ ਨੂੰ ਕਬੂਲ ਨਹੀਂ ਹੋਈ। ਕਿਆ ਸਿੱਖਾਂ ਕੋਲ ਸਿੱਖੀ ਹੈ? ਸਿੱਖੀ ਵਿਚ ਪ੍ਰੇਮ ਹੈ, ਸਿੱਖੀ ਵਿਚ ਗਿਆਨ ਹੈ, ਸਿੱਖੀ ਵਿਚ ਅਮਨ ਹੈ, ਸਲਾਮਤੀ ਹੈ। ਉਹ ਇਕ-ਇਕ ਗੁਣ ਦਿੰਦੇ ਨੇ, ਸਿੱਖੀ ਵਿਚ ਸਾਰੇ ਹੀ ਗੁਣ ਆ ਜਾਂਦੇ ਨੇ। ਗੁਰੂ ਦੀ ਮੱਤ ਵਿਚ ਸਭ ਕੁਛ ਆ ਜਾਂਦਾ ਹੈ। ਕਿਆ ਇਹ ਹੈ? ਰੂਹੇ-ਜ਼ਮੀਨ ਤੇ ਮੁਸਲਮਾਨਾਂ ਤੋਂ ਬਾਅਦ ਅਗਰ ਆਪਸ ਵਿਚ ਕੋਈ ਲੜ ਰਿਹਾ ਹੈ ਸਭ

ਤੋਂ ਜ਼ਿਆਦਾ ਤੇ ਉਹ ਸਿੱਖ ਨੇ। ਮੁਸਲਮਾਨ ਲੜ ਰਿਹਾ ਹੈ, ਬਾਜ਼ਾਰ ਵਿਚ, ਪਰਵਾਰ ਵਿਚ, ਸਿੱਖ ਲੜ ਰਿਹਾ ਹੈ ਗੁਰਦੁਆਰਿਆਂ ਵਿਚ। ਮੁਸਲਮਾਨਾਂ ਨਾਲੋਂ ਇਕ ਕਦਮ ਅੱਗੇ ਚਲਾ ਗਿਆ ਹੈ। ਉਹ ਲੜ ਰਿਹਾ ਹੈ, ਬਾਜ਼ਾਰ ਵਿਚ। ਉਹ ਲੜ ਰਿਹਾ ਹੈ ਪਰਵਾਰਿਕ ਤਲ ਤੇ, ਖ਼ੂਬ ਲੜ ਰਿਹਾ ਹੈ। ਸਿੱਖ ਦੀ ਲੜਾਈ ਇਤਨੀ ਅੱਗੇ ਵਧ ਗਈ ਕਿ ਇਹ ਗੁਰਦੁਆਰਿਆਂ ਵਿਚ ਲੜ ਰਿਹਾ ਹੈ ਅਤੇ ਰੱਜ ਕੇ ਲੜ ਰਿਹਾ ਹੈ। ਔਰ ਸਹਿਜੇ-ਸਹਿਜੇ ਗੁਰਦੁਆਰੇ ਜੈਸੇ ਲੜਾਈ ਝਗੜੇ ਦੇ ਅਖਾੜੇ ਬਣੇ ਤੋ ਲਾਭ ਉਠਾ ਗਏ, ਰਾਧਾ ਸੁਆਮੀ, ਨਿਰੰਕਾਰੀ ਅਤੇ ਨਾਮਧਾਰੀ, ਕਿਲ੍ਹੇਵਾਲੇ। ਹੋਰ ਪਤਾ ਨਹੀਂ ਕਿਤਨੇ ਲਾਭ ਉਠਾ ਕੇ ਲੈ ਗਏ ਕਿ ਆਉ ਅਸੀਂ ਤੁਹਾਨੂੰ ਸ਼ਾਂਤੀ ਦੇਈਏ, ਸਕੂਨ ਦੇਈਏ, ਨਾਮ ਜਪਾਈਏ।

ਕੁਦਰਤੀ ਗੱਲ ਹੈ ਜਦ ਸੋਨਾ ਨਾ ਮਿਲੇ ਤਦ ਮੁਲੱਮੇ ਦੀ ਬਣ ਆਉਂਦੀ ਏ। ਜਦ ਹੀਰੇ ਨਾ ਮਿਲਣ ਤਾਂ ਚਮਕਦੇ ਪੱਥਰ ਵੀ ਵਿਕਦੇ ਨੇ। ਜਦ ਸੂਰਜ ਨੂੰ ਬੱਦਲਾਂ ਦੇ ਓਹਲੇ ਛੁਪਾ ਕੇ ਰੱਖ ਦੇਈਏ ਤਾਂ ਮਜਬੂਰੀ ਵਿਚ ਕਈ ਦੀਵੇ ਜਲਾ ਕੇ ਬੈਠ ਜਾਂਦੇ ਨੇ। ਇਹ ਸਾਰੇ ਇਸ ਵਾਸਤੇ ਤੁਹਾਡੇ ਸਾਹਮਣੇ ਅਰਜ਼ ਕੀਤੀ ਹੈ ਕਿ ਇਹ ਸਾਰੇ ਰਸਤਿਆਂ ਦੇ ਨਾਮ ਨੇ। ਸਿੱਖੀ ਇਕ ਰਸਤਾ ਹੈ, ਜੈਨ ਮੱਤ ਇਕ ਰਸਤਾ ਹੈ, ਬੁੱਧ ਮੱਤ ਇਕ ਰਸਤਾ ਹੈ, ਇਸਲਾਮ ਇਕ ਰਸਤਾ ਹੈ, ਵੈਦਿਕ ਮੱਤ ਇਕ ਰਸਤਾ ਹੈ, ਇਸਾਈਅਤ ਇਕ ਰਸਤਾ ਹੈ, ਸਭ ਰਸਤੇ ਨੇ। ਇਹ ਸੰਸਾਰ ਤੋਂ ਸ਼ੁਰੂ ਹੁੰਦੇ ਨੇ, ਨਿਰੰਕਾਰ ਤਕ ਪਹੁੰਚਦੇ ਨੇ। ਮੈਂ ਕਿਸੇ ਵੀ ਰਸਤੇ ਦਾ ਨਿੰਦਕ ਨਹੀਂ, ਸਭ ਰਸਤੇ ਪਹੁੰਚਦੇ ਨੇ ਪਰਮਾਤਮਾ ਤਕ।

ਇਸਲਾਮੀ ਰਸਤੇ ਤੇ ਚਲ ਕੇ ਵੀ ਕਈ ਪਹੁੰਚੇ ਨੇ, ਜੈਸੇ ਕਿ ਫਰੀਦ। ਵੈਦਿਕ ਮਾਰਗ ਤੇ ਚਲ ਕੇ ਵੀ ਕਈ ਪਹੁੰਚੇ ਨੇ ਜੈਸੇ ਕਿ ਭਗਤ ਜੈ ਦੇਵ, ਰਾਮਾਨੰਦ। ਸਿੱਖ ਮੱਤ ਵਿਚ ਵੀ ਪਹੁੰਚੇ ਨੇ ਚੋਟੀ ਦੇ ਜੈਸੇ ਕਿ ਭਾਈ ਗੁਰਦਾਸ ਜੀ ਨੇ, ਪੰਜ ਪਿਆਰੇ ਨੇ, ਭਾਈ ਮਨੀ ਸਿੰਘ ਜੀ ਨੇ, ਬਾਬਾ ਦੀਪ ਸਿੰਘ ਜੀ ਨੇ, ਪਹੁੰਚੀਆਂ ਹੋਈਆਂ ਆਤਮਾਵਾਂ ਨੇ। ਭਾਈ ਬੰਨੋ ਨੇ, ਭਾਈ ਮੰਝ ਨੇ। ਇਹ ਤੇ ਇਸੇ ਮਾਰਗ ਤੇ ਚੱਲੇ ਨੇ, ਇਸੇ ਰਸਤੇ ਨੂੰ ਅਪਨਾਇਆ ਹੈ ਇਹਨਾਂ ਨੇ।

ਜਿਵੇਂ ਵੱਖ-ਵੱਖ ਰਸਤਿਆਂ ਤੋਂ ਦਰਿਆ ਸਾਗਰ ਤਕ ਪਹੁੰਚਦੇ ਨੇ, ਵੱਖ-ਵੱਖ ਰਸਤਿਆਂ ਤੋਂ ਮਨੁੱਖ ਪਰਮਾਤਮਾ ਤਕ ਪਹੁੰਚੇ। ਗੁਰੂ ਨਾਨਕ ਦੇਵ ਜੀ ਨੇ ਬਹੁਤ ਨਿਰਮਾਣ ਸ਼ਬਦ ਦਿੱਤਾ **'ਸਿੱਖ'**। ਤੂੰ ਕਬੂਲ ਕਰ ਮੈਂ ਸਿੱਖਣਾ ਹੈ ਅਤੇ ਕਬੂਲ ਕਰ ਮੈਂ ਕੁਛ ਨਹੀਂ ਜਾਣਦਾ। ਪਰ ਬੜਾ ਹੰਕਾਰ ਮੈਂ ਦੇਖਦਾ ਹਾਂ ਸਿੱਖਾਂ ਵਿਚ। ਹਾਲਾਂਕਿ ਜਿਸ ਤਰ੍ਹਾਂ ਗੌਰਮਿੰਟ ਦੇ ਅਲੱਗ-ਅਲੱਗ ਮਹਿਕਮੇ ਹੁੰਦੇ ਨੇ ਔਰ ਅਲੱਗ-ਅਲੱਗ ਮਹਿਕਮਿਆਂ ਦੇ ਵਜ਼ੀਰ ਅਲੱਗ-ਅਲੱਗ ਮਹਿਕਮਿਆਂ ਨੂੰ ਸੰਭਾਲਦੇ ਨੇ, ਕੋਈ ਫਾਈਨੈਂਸ ਦਾ, ਕੋਈ ਡੀਫੈਂਸ ਦਾ। ਅਲੱਗ-ਅਲੱਗ ਮਹਿਕਮਿਆਂ ਵਲ ਉਹਨਾਂ ਦਾ ਧਿਆਨ ਹੁੰਦਾ ਹੈ ਔਰ ਉਹਨਾਂ ਵਲ ਉਹਨਾਂ ਦੀ ਸ਼ਕਤੀ ਲਗਦੀ ਹੈ। ਕੋਈ ਮਨੁੱਖਾਂ ਦੀ ਹੈਲਥ ਬਾਰੇ ਸੋਚਦਾ ਹੈ, ਹੈਲਥ ਮਨਿਸਟਰ ਬਣ ਜਾਂਦਾ ਹੈ। ਇਸ ਤਰ੍ਹਾਂ ਕੌਮ ਦੇ ਵਿਚ ਅਲੱਗ-ਅਲੱਗ ਮਹਿਕਮੇ ਹੁੰਦੇ ਨੇ। ਕੋਈ ਕੌਮ ਦੀ ਆਰਥਿਕ ਉੱਨਤੀ ਕਰੇ, ਕੋਈ ਕੌਮ ਦੀ ਰਾਜਨੀਤਕ ਉੱਨਤੀ ਕਰੇ। ਕੋਈ ਕੌਮ ਦੀ ਧਾਰਮਿਕ ਉੱਨਤੀ ਕਰੇ। ਕੋਈ ਕੌਮ ਦੀ ਸਮਾਜਿਕ ਉੱਨਤੀ ਕਰੇ। ਪਰ ਜਦ ਕੋਈ ਇਕੋ ਹੀ ਬੰਦਾ ਆ ਜਾਂਦਾ ਹੈ ਤੇ ਕਹਿੰਦਾ ਹੈ, ਨਹੀਂ ਇਹ ਸਾਰੇ ਮੈਂ ਹੀ ਕਰਾਂਗਾ, ਬੱਸ ਇੱਥੋਂ ਹੀ ਅਨਰਥ ਹੋ ਜਾਂਦਾ ਹੈ। ਹੱਦ ਹੋ ਗਈ, ਜਦ ਸਾਡਾ ਦੰਦ ਖ਼ਰਾਬ ਹੋਵੇ ਤਾਂ ਡੈਂਟਿਸਟ ਕੋਲ ਜਾਂਦੇ ਹਾਂ, ਮੋਟਰ ਮਕੈਨਿਕ ਕੋਲ ਨਹੀਂ ਜਾਂਦੇ।

ਜਦ ਕਾਰ ਖ਼ਰਾਬ ਹੋ ਜਾਏ ਤਾਂ ਡੈਂਟਿਸਟ ਕੋਲ ਨਹੀਂ ਜਾਂਦੇ, ਬਈ ਤੂੰ ਠੀਕ ਕਰ ਕੇ ਦੇ। ਉਹ ਕਿਸ ਤਰ੍ਹਾਂ ਕਾਰ ਠੀਕ ਕਰੇਗਾ? ਉਹ ਕੇਵਲ ਤੇਰੇ ਦੰਦ ਠੀਕ ਕਰ ਸਦਕਾ ਹੈ ਔਰ ਜੇ ਦੰਦ ਟੁੱਟਦਾ ਹੈ ਤੇ ਮੋਟਰ ਮਕੈਨਿਕ ਕੋਲ ਚਲੇ ਜਾਈਏ, ਹਥੌੜਾ ਉਸ ਦੇ ਹੱਥ ਵਿਚ ਹੈ, ਪਲਾਸ ਉਸ ਦੇ ਹੱਥ ਵਿਚ ਹੈ ਇਹ ਸਾਰੇ ਹੀ ਤੇਰੇ ਦੰਦ ਬਾਹਰ ਕੱਢ ਕੇ ਰੱਖ ਦੇਵੇਗਾ, ਅਸਲ ਵਿਚ ਉਹ ਤੇ ਮੋਟਰ ਠੀਕ ਕਰ ਸਕਦਾ ਹੈ। ਤੇਰੇ ਦੰਦ ਨਹੀਂ ਠੀਕ ਕਰ ਸਕਦਾ। ਪਰ ਇੱਥੇ ਇਕੋ ਹੀ ਮੋਟਰ ਮਕੈਨਿਕ ਜਾਂ ਡੈਂਟਿਸਟ ਦਾਅਵਾ ਕਰਦਾ ਹੈ, ਨਹੀਂ ਮੋਟਰ ਵੀ ਮੈਂ ਠੀਕ ਕਰਾਂਗਾ, ਦੰਦ ਵੀ ਮੈਂ ਠੀਕ ਕਰਾਂਗਾ, ਅੱਖਾਂ ਵੀ ਤੇਰੀਆਂ ਮੈਂ ਠੀਕ ਕਰਾਂਗਾ, ਕੰਨ ਵੀ ਤੇਰੇ ਮੈਂ ਠੀਕ ਕਰਾਂਗਾ, ਸਾਰੀ ਜ਼ਿੰਮੇਵਾਰੀ ਮੇਰੀ। ਤੇ ਹੁੰਦਾ ਕੀ ਹੈ, ਸਭ ਕੁਛ ਵਿਗੜ ਜਾਂਦਾ ਹੈ, ਕੁਛ ਵੀ ਨਹੀਂ ਹੁੰਦਾ। ਸਭ ਕੁਛ ਖ਼ਰਾਬ ਹੋ ਜਾਂਦਾ ਹੈ, ਐਸਾ ਦਾਅਵਾ ਕਿਉਂ, ਹੰਕਾਰ। ਸਤਿਗੁਰਾਂ ਤੇ ਬੜਾ ਨਿਰਮਾਣ ਸ਼ਬਦ ਦਿੱਤਾ ਸੀ, **ਸਿੱਖ**। ਤੂੰ ਸਿੱਖਣਾ ਹੈ ਔਰ ਕਬੂਲ ਕਰ ਕਿ ਮੈਂ ਕੁਛ ਵੀ ਨਹੀਂ ਜਾਣਦਾ। ਕਮ-ਅਜ਼-ਕਮ ਸੱਚ ਬਾਰੇ ਮੈਂ ਕੁਛ ਵੀ ਨਹੀਂ ਜਾਣਦਾ। ਇਹ ਜੋ ਸੱਚ ਦਾ ਮਾਰਗ ਹੈ, ਗੁਰੂ ਨਾਨਕ ਦੇਵ ਜੀ ਨੇ ਸੱਚ ਕਿਹਾ ਹੈ:-

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥*** (ਜਪੁਜੀ ਸਾਹਿਬ)

ਜਿਸ ਮਹਿਫਲ ਵਿਚ ਬੈਠੇ ਹੋ, ਇਸ ਮਹਫਿਲ ਨੂੰ ਕਹਿੰਦੇ ਨੇ ਸਤਸੰਗ। ਉਹਨਾਂ ਬੰਦਿਆਂ ਦਾ ਇਕੱਠ ਜੋ ਸਤ ਦੀ ਸੰਗਤ ਕਰਨ ਆਏ ਨੇ। ਸੱਤ ਕੀ ਹੈ? ਪਰਮਾਤਮਾ। ਸੰਸਕ੍ਰਿਤ ਵਿਚ ਸੱਤ ਕਹਿ ਦਿੰਦੇ ਹਾਂ, ਪੰਜਾਬੀ ਵਿਚ ਸੱਚ। ਉਰਦੂ ਵਿਚ ਸੱਚ ਹੈ। ਸਤਸੰਗ, ਜਿੱਥੇ ਬੈਠ ਕੇ ਸੱਤ ਨਾਲ ਜੁੜਨ ਦੀ ਕੋਸ਼ਿਸ਼ ਹੋਵੇ, ਸਚਾਈ ਨਾਲ ਜੁੜਨ ਦੀ ਕੋਸ਼ਿਸ਼ ਹੋਵੇ, ਸਤਸੰਗ। ਜਿਹੜਾ ਸੱਤ ਨਾਲ ਜੁੜ ਗਿਆ, ਸਤਸੰਗੀ। ਹੋ ਸਕਦਾ ਹੈ ਕਿ ਕੋਈ ਗੁਰਦੁਆਰੇ ਬੈਠਿਆਂ ਵੀ ਝੂਠ ਸੰਗੀ ਹੋਵੇ, ਸਤਸੰਗੀ ਨਾ ਹੋਵੇ। ਅਗਰ ਉਸ ਦਾ ਵੇਖਣਾ ਝੂਠ ਹੈ, ਅਗਰ ਉਸ ਦਾ ਬੋਲਣਾ ਝੂਠ ਹੈ, ਅਗਰ ਉਸ ਦਾ ਸੋਚਣਾ ਝੂਠ ਹੈ, ਉਹ ਗੁਰਦੁਆਰੇ ਵਿਚ ਬੈਠਿਆਂ ਵੀ ਝੂਠ ਸੰਗੀ ਹੈ। ਅਗਰ ਕਿਸੇ ਦਾ ਬੋਲਣਾ ਸੱਚ ਹੈ, ਵੇਖਣਾ ਸੱਚ ਹੈ, ਸੋਚਣਾ ਸੱਚ ਹੈ, ਸ਼ਾਇਦ ਬਾਜ਼ਾਰ ਵਿਚ ਵੀ ਖੜਾ ਹੋਵੇ, ਸਤਸੰਗੀ ਹੈ। ਕਿਉਂਕਿ ਸੱਤ ਨਾਲ ਤੇ ਜੁੜਿਆ ਹੋਇਆ ਹੈ, ਉਸ ਦੀ ਸੋਚਣੀ ਵਿਚ ਸੱਚ ਹੈ, ਉਹਦੇ ਬੋਲ਼ਣ ਵਿਚ ਸੱਚ ਹੈ, ਉਹਦੇ ਕਰਮਾਂ ਵਿਚ ਸੱਚ ਹੈ, ਉਹ ਦੀ ਤੱਕਣੀ ਵਿਚ ਸੱਚ ਹੈ, ਉਹ ਤੇ ਸਤਸੰਗੀ ਹੈ। ਪਰ ਗੁਰੂ ਦੀ ਹਜ਼ੂਰੀ ਵਿਚ ਬੈਠ ਕੇ, ਤੱਕਣੀ ਵੀ ਝੂਠੀ, ਸੋਚਣਾ ਵੀ ਝੂਠ, ਬੋਲਣਾ ਵੀ ਝੂਠ, ਕਰਨਾ ਵੀ ਝੂਠ, ਇਹ ਝੂਠ ਸੰਗੀ ਹੈ, ਸਤਸੰਗੀ ਨਹੀਂ ਹੈ। ਮਨੁੱਖ ਨੇ ਪਹੁੰਚਣਾ ਹੈ ਸੱਤ ਤਕ, ਸੱਚ ਤਕ।

***ਸਚ ਖੰਡਿ ਵਸੈ ਨਿਰੰਕਾਰੁ॥*** (ਜਪੁਜੀ ਸਾਹਿਬ)

ਤੇ ਬਾਬੇ ਨੇ ਚਾਰ ਪੜਾਉ ਦੱਸੇ ਨੇ, ਪੰਜਵੀਂ ਮੰਜ਼ਿਲ। **ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ** ਅਤੇ **ਸੱਚ ਖੰਡ**। ਜਿਸ ਤਰ੍ਹਾਂ ਵੈਦਿਕ ਰਿਸ਼ੀਆਂ ਨੇ ਦਸਿਆ ਕਰਮ ਕਾਂਡ, ਪਹਿਲੇ ਤੇ ਕਰਮ ਕਰਨੇ ਨੇ। ਉਹਨਾਂ ਨੇ ਵੰਡ ਕੀਤੀ ਏ ਸਰੀਰ ਦੇ ਹਿਸਾਬ ਨਾਲ, **ਤਨ**, **ਮਨ** ਅਤੇ **ਆਤਮਾ**। ਉਹਨਾਂ ਨੇ ਇੱਥੋਂ ਤਿੰਨ ਪੜਾਉ ਬਣਾਏ। ਤਨ ਲਈ ਕਰਮ ਕਾਂਡ, ਮਨ ਲਈ ਉਪਾਸ਼ਨਾ ਕਾਂਡ ਔਰ ਆਤਮਾ ਲਈ ਗਿਆਨ ਕਾਂਡ। ਉਹਨਾਂ ਨੇ ਇਸ ਤਰ੍ਹਾਂ ਕਹਿ ਦਿੱਤਾ।

ਤਨ ਨੂੰ ਲੀਨ ਕਰੋ ਕਰਮ ਕਾਂਡ ਵਿਚ, ਤੀਰਥਾਂ ਦਾ ਰਟਣ, ਇਸ਼ਨਾਨ, ਵਰਤ ਰੱਖਣੇ ਨੇ, ਪੂਜਾ ਕਰਨੀ ਹੈ, ਅਰਚਾ ਬੰਦਨ ਕਰਨਾ ਹੈ, ਧੂਪ ਦੀਪ ਕਰਨਾ ਹੈ, ਇਹ ਸਭ ਕਰਮ ਕਾਂਡ ਹੈ। ਉਪਾਸ਼ਨਾ ਕਾਂਡ, ਧਿਆਨ ਸਾਧਨਾ ਕਰਨੀ ਹੈ, ਮਨ ਨੂੰ ਜੋੜਨਾ ਹੈ ਔਰ ਫਿਰ ਗਿਆਨ ਕਾਂਡ। ਇਹਨਾਂ ਦੋ ਕਰਮਾਂ ਕਰਕੇ, ਕਰਮ ਕਾਂਡ ਕਰਕੇ, ਉਪਾਸ਼ਨਾ ਕਾਂਡ ਕਰਕੇ, ਗਿਆਨ ਦੀ ਪ੍ਰਾਪਤੀ ਹੋ ਜਾਏਗੀ, ਭਗਵਾਨ ਦੀ ਪ੍ਰਾਪਤੀ ਹੋ ਜਾਏਗੀ।

ਇਸਲਾਮ ਨੇ ਤਿੰਨ ਪੜਾਉ ਦੱਸੇ, ਚੌਥੀ ਮੰਜ਼ਿਲ, **ਸ਼ਰੀਅਤ, ਤ਼ਰੀਕ਼ਤ, ਮਾਰਫ਼ਤ, ਹਕ਼ੀਕ਼ਤ**। ਹਕ਼ੀਕ਼ਤ ਕਹਿੰਦੇ ਨੇ ਸਚਾਈ ਨੂੰ, ਮੁਹੰਮਦ ਸਾਹਿਬ ਨੇ ਵੀ ਸੱਚ ਕਹਿ ਦਿੱਤਾ ਹੈ। ਬਈ ਖ਼ੁਦਾ ਕੀ ਹੈ? ਹਕੀਕਤ, ਸਚਾਈ। ਜੋ ਸੱਚ ਤਕ ਪਹੁੰਚ ਗਿਆ, ਖ਼ੁਦਾ ਤਕ ਪਹੁੰਚ ਗਿਆ। ਤੇ ਪਹੁੰਚਣ ਦੇ ਤਿੰਨ ਪੜਾਉ ਦੱਸੇ ਨੇ। ਸ਼ਰੀਅਤ, ਪਹਿਲੇ ਸ਼ਰ੍ਹਾ ਵਿਚ ਆਵੇ। ਜੋ ਮੈਂ ਸ਼ਰ੍ਹਾ ਦੱਸੀ ਏ, ਸੁੰਨਤ ਰੱਖੇ ਔਰ ਬਾਕਾਇਦਾ ਸ਼ਰੀਅਤ ਕਾਨੂੰਨ ਜੋ ਸਮਾਜਿਕ ਤਲ ਤੇ, ਰਾਜਨੀਤਕ ਤਲ ਤੇ, ਸਰੀਰਕ ਤਲ ਤੇ ਹੈ, ਉਸ ਨੂੰ ਧਾਰਨ ਕਰੇ, ਉਸ ਨੂੰ ਕਬੂਲ ਕਰੇ। ਇਸਲਾਮ ਵਿਚ ਇਸਤ੍ਰੀ ਲਈ ਪਰਦਾ ਹੈ। ਇਸਲਾਮ ਵਿਚ ਹੱਜ ਕਰਨਾ ਲਾਜ਼ਮੀ ਹੈ। ਪੰਜ ਵਕਤ ਨਮਾਜ਼ ਪੜ੍ਹਨੀ, ਰੋਜ਼ੇ ਰੱਖਣੇ, ਲਾਜ਼ਮੀ ਹੈ, ਸ਼ਰ੍ਹਾ।

ਸ਼ਰ੍ਹਾ ਤੋਂ ਬਾਅਦ ਤਰੀਕਤ, ਕੁੱਝ ਛੱਡੇ, ਕੁੱਝ ਤਿਆਗੇ। ਤਿਆਗ ਦੀ ਭਾਵਨਾ ਆਪਣੇ ਅੰਦਰ ਪੈਦਾ ਕਰੇ। ਕਿਧਰੇ ਧਨ ਦਾ ਤਿਆਗ, ਕਿਧਰੇ ਹੰਕਾਰ ਦਾ ਤਿਆਗ ਔਰ ਕਿਧਰੇ ਜੇ ਲੋੜ ਪਵੇ ਤਾਂ ਆਪਣੀ ਜਿੰਦ ਜਾਨ ਦਾ ਵੀ ਤਿਆਗ। ਜਹਾਦ (Holy war) ਦਾ ਨਾਅਰਾ ਲਾਇਆ ਸੀ, ਜਹਾਦ, ਤਰੀਕਤ, ਤਿਆਗ। ਤਿਆਗ ਤੋਂ ਬਾਅਦ ਮਾਰਫ਼ਤ, ਬੈਰਾਗ। ਫਿਰ ਬੈਰਾਗ ਚਾਹੀਦਾ ਹੈ। ਇਹ ਜਗਤ ਕੁੱਛ ਵੀ ਨਹੀਂ ਹੈ, ਸਭ ਕੁਛ ਸੱਚ ਹੈ। ਇਹੀ ਬਿਰਤੀ ਚਾਹੀਦੀ ਹੈ, ਮਾਰਫ਼ਤ ਅਤੇ ਬੈਰਾਗ ਤੋਂ ਲੰਘ ਕੇ ਹੀ ਖ਼ੁਦਾ ਦੀ ਪ੍ਰਾਪਤੀ ਹੈ, ਹਕੀਕਤ। ਸ਼ਰੀਅਤ, ਤਰੀਕਤ, ਮਾਰਫ਼ਤ, ਹਕੀਕਤ।

ਗੁਰੂ ਨਾਨਕ ਦੇਵ ਜੀ ਆਰੰਭ ਕਰਦੇ ਨੇ, ਧਰਮ ਖੰਡ ਤੋਂ, ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਫਿਰ ਸੱਚਖੰਡ। ਧਰਮ ਖੰਡ ਕੀ ਹੈ?

# ਭਾਗ ੩

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*

*ਕਹਾ ਬੁੱਧਿ ਪ੍ਰਭ ਤੁੱਛ ਹਮਾਰੀ॥ ਬਰਨ ਸਕੈ ਮਹਿਮਾ ਜੁ ਤਿਹਾਰੀ॥*
*ਹਮ ਨ ਸਕਤ ਕਰ ਸਿਫਤ ਤੁਮਾਰੀ॥ ਆਪ ਲੇਹੁ ਤੁਮ ਕਥਾ ਸੁਧਾਰੀ॥ ੩॥*
*ਕਹਾ ਲਗੈ ਇਹੁ ਕੀਟ ਬਖਾਨੈ॥ ਮਹਿਮਾ ਤੋਰ ਤੁਹੀ ਪ੍ਰਭ ਜਾਨੈ॥*
*ਪਿਤਾ ਜਨਮ ਜਿਮ ਪੂਤ ਨ ਪਾਵੈ॥ ਕਹਾ ਤਵਨ ਕਾ ਭੇਦ ਬਤਾਵੈ॥੪॥*

ਸਨਮਾਨ ਯੋਗ ਗੁਰੂ ਰੂਪ ਸਾਧ ਸੰਗਤ ਜੀਉ,
ਫਤਹਿ ਪਰਵਾਨ ਕਰਨੀ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥*

ਜ਼ਮੀਨ ਤੇ ਜੋ ਅਸੀਂ ਚਲਦੇ ਹਾਂ ਸਫ਼ਰ ਕਰਦੇ ਹਾਂ, ਸਾਨੂੰ ਪਤਾ ਚਲ ਜਾਂਦਾ ਹੈ, ਕਿਤਨੀ ਵਾਟ ਅਸਾਂ ਤਹਿ ਕਰ ਲਈ ਹੈ ਔਰ ਕਿਤਨੀ ਅੱਗੇ ਰਹਿੰਦੀ ਏ। ਜਿਸ ਨੂੰ ਕਹਿੰਦੇ ਨੇ ਗੁਰੂ ਪੰਥ, ਪੰਥ ਦੇ ਅਰਥ ਨੇ ਮਾਰਗ, ਰਸਤਾ। ਪੰਥੀ, ਰਾਹੀ। ਪੰਥ ਰਸਤਾ ਜੋ ਪੰਥ ਤੇ ਚਲਦਾ ਹੈ। ਇਸ ਰਸਤੇ ਵਿਚ ਵੀ ਕੁਛ ਐਸੇ ਨੇ ਜੋ ਚਲ ਕੇ ਪਹੁੰਚ ਜਾਂਦੇ ਨੇ। ਕੁਛ ਅੱਧ ਵਿਚ ਨੇ, ਕੁਛ ਥੋੜੀ ਦੂਰ ਚਲੇ ਹੁੰਦੇ ਨੇ, ਨਿਰਾਸ਼ਾ ਘੇਰ ਲੈਂਦੀ ਹੈ। ਕੁਛ ਚਲਣ ਦੀ ਤਿਆਰੀ ਕਰਦੇ ਨੇ, ਕੁਛ ਰਸਤਾ ਹੀ ਪੁੱਛਦੇ ਰਹਿੰਦੇ ਨੇ ਔਰ ਕੁਛ ਐਸੇ ਨੇ ਜਿਨ੍ਹਾਂ ਨੂੰ ਰਸਤੇ ਦੀ ਸੂਝ ਹੀ ਨਹੀਂ, ਰਸਤੇ ਤੇ ਚਲਣ ਦਾ ਸ਼ੌਕ ਹੀ ਨਹੀਂ। ਜ਼ਿੰਦਗੀ ਦਾ ਇਹ ਮੁੱਦਾ ਹੀ ਨਹੀਂ ਹੈ, ਮਕਸਦ ਹੀ ਨਹੀਂ ਹੈ। ਇਹਨੂੰ ਧਰਮ ਮਾਰਗ ਕਹਿੰਦੇ ਨੇ, ਗੁਰੂ ਦਾ ਮਾਰਗ ਕਹਿੰਦੇ ਨੇ, ਗੁਰੂ ਪੰਥ। ਕਲ੍ਹ ਮੈਂ ਅਰਜ਼ ਕੀਤੀ ਸੀ ਕਿ ਇਹ ਸਾਰੇ ਪੰਥ ਨੇ, ਰਸਤੇ ਨੇ। ਇਸਲਾਮ, ਸਨਾਤਨ ਮੱਤ, ਜੈਨ ਮੱਤ, ਬੋਧ ਮੱਤ, ਇਸਾਈਅਤ ਔਰ ਇਸੇ ਤਰੀਕੇ ਨਾਲ ਸਿੱਖ ਮੱਤ, ਗੁਰਮਤਿ। ਇਹ ਮਾਰਗ ਨੇ, ਇਸ ਮਾਰਗ ਵਿਚ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੇ, ਚਾਰ ਪੜਾਉ ਦੱਸੇ ਨੇ ਤੇ ਆਖ਼ਰੀ ਮੰਜ਼ਿਲ। ਬਸ ਇਸ ਦੀ ਅੱਜ ਥੋੜੀ ਜਿਹੀ ਵਜਾਹਤ ਕਰਨੀ ਹੈ।

ਜੋ ਪਹਿਲਾ ਪੜਾਅ ਹੈ, ਇਸ ਨੂੰ ਸਤਿਗੁਰੂ ਧਰਮ ਖੰਡ ਕਹਿੰਦੇ ਨੇ। ਸਨਾਤਨ ਮੱਤ ਕਰਮ ਕਾਂਡ ਕਹਿੰਦਾ ਹੈ, ਇਸਲਾਮ ਸ਼ਰੀਅਤ ਕਹਿੰਦਾ ਹੈ। ਸ਼ਰ੍ਹਾ ਵਿਚ ਆ ਜਾਣਾ, ਇਸਲਾਮ ਦੇ ਝੰਡੇ ਥੱਲੇ ਆ ਜਾਣਾ। ਕਲਮਾ ਪੜ੍ਹ ਲੈਣਾ ਔਰ ਇਸਲਾਮ ਕਬੂਲ ਕਰ ਲੈਣਾ। ਸਨਾਤਨ ਮੱਤ, ਹਿੰਦੂ ਮੱਤ ਵਿਚ ਕਹਿੰਦੇ ਨੇ ਕਰਮ ਕਾਂਡ। ਜਿਤਨਾ ਵੀ ਸਰੀਰਕ ਤਲ ਤੇ ਕਰਮ ਹੈ, ਪੂਜਾ ਅਰਚਾ, ਬੰਦਨਾ , ਤੀਰਥਾਂ ਦਾ ਰਟਨ, ਦਾਨ ਪੁੰਨ ਆਦਿਕ। ਇਹਨੂੰ ਕਰਮ ਕਾਂਡ

ਕਹਿੰਦੇ ਨੇ। ਪੁੰਨਿਆਂ ਮੱਸਿਆ ਮਨਾਉਣੀ, ਸੰਗਰਾਂਦ ਇਤਿਆਦਿਕ। ਤਰ੍ਹਾਂ ਤਰ੍ਹਾਂ ਦੇ ਵਰਤ, ਇਹ ਸਾਰੇ ਦਾ ਸਾਰਾ ਕਰਮ ਕਾਂਡ ਵਿਚ ਆ ਜਾਂਦਾ ਹੈ ਔਰ ਬੜਾ ਲੰਬਾ ਚੌੜਾ ਇਹਨਾਂ ਦਾ ਇਹ ਕਰਮ ਕਾਂਡ ਹੈ। ਮਾਘ ਦਾ ਇਸ਼ਨਾਨ, ਕੁੰਭ ਦਾ ਇਸ਼ਨਾਨ, ਕੁੰਭੀ ਦਾ ਇਸ਼ਨਾਨ, ਤੀਰਥਾਂ ਦਾ ਇਸ਼ਨਾਨ, ਬਹੁਤ ਲੰਬੇ ਚੌੜੇ ਕਰਮ ਕਾਂਡ ਨੇ।

ਇਸੇ ਤਰ੍ਹਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜ ਖੰਡ ਬਿਆਨ ਕੀਤੇ ਨੇ। ਜੋ ਸਤਿਗੁਰੂ ਨਾਮ ਦਿੰਦੇ ਨੇ ਉਹ ਨੇ, ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਸੱਚ ਖੰਡ। ਗਿਆਨ ਖੰਡ ਤੋਂ ਪਹਿਲੇ ਧਰਮ ਖੰਡ ਹੈ। ਸਮਝ ਕੁਛ ਵੀ ਨਹੀਂ, ਪਤਾ ਕੁਛ ਵੀ ਨਹੀਂ ਤੇ ਚੱਲ ਪੈਣਾ। ਧਰਮ, ਪਰਮਾਤਮਾ ਪਹਿਲੇ ਚਰਨ ਵਿਚ Blind Faith ਹੈ, ਅੰਧ-ਵਿਸ਼ਵਾਸ। ਪਤਾ ਤੇ ਕੁਛ ਵੀ ਨਹੀਂ ਪਤਾ ਤੇ ਬਾਅਦ ਵਿਚ ਹੋਵੇਗਾ। ਸੂਝ ਸਮਝ ਕੁਛ ਵੀ ਨਹੀਂ ਹੈ, ਪਹਿਲੇ ਚਲਣਾ ਹੈ, ਭਰੋਸਾ ਕਰਨਾ ਹੈ, ਯਕੀਨ ਕਰਨਾ ਹੈ ਕਿ ਕੋਈ ਸੱਚ ਹੈ। ਹੁਣ ਮੈਂ ਅਰਜ਼ ਕਰਾਂ ਬਿਨਾਂ ਦੇਖੇ ਭਰੋਸਾ ਕਰਨਾ ਬੜੀ ਹਿੰਮਤ ਦੀ ਗੱਲ ਹੈ। ਇਸ ਵਾਸਤੇ ਅਗਰ ਕੋਈ ਈਸ਼ਵਰ ਨੂੰ ਇਨਕਾਰ ਕਰ ਦੇਵੇ, ਕੋਈ ਪ੍ਰਤੱਖ ਸਬੂਤ ਉਸ ਦੇ ਸਾਹਮਣੇ ਨਹੀਂ ਰਖਿਆ ਜਾ ਸਕਦਾ, ਨਾਸਤਿਕ ਦੀ ਤਸੱਲੀ ਨਹੀਂ ਕਰਾਈ ਜਾ ਸਕਦੀ। ਅੱਜ ਤਕ ਇਸ ਦੀ ਤਸੱਲੀ ਕੋਈ ਨਹੀਂ ਕਰਾ ਸਕਿਆ। ਜਿਹੜਾ ਆਖੇ ਮੈਂ ਪਰਮਾਤਮਾ ਨੂੰ ਨਹੀਂ ਮੰਨਦਾ। ਬਿਲਕੁਲ ਨਹੀਂ ਮੰਨਦਾ, ਔਰ ਕਹੇ ਕਿ ਮੈਂ ਤਾਂ ਮੰਨਦਾ ਹਾਂ, ਕਿ ਮੈਨੂੰ ਕੋਈ ਸਬੂਤ ਦੇਵੇ, ਸਾਹਮਣੇ ਦਿਖਾਵੇ। ਹੁਣ ਮੈਂ ਅਰਜ਼ ਕਰਾਂ ਧਰਮ ਗ੍ਰੰਥ ਇਹ ਕਹਿੰਦੇ ਨੇ ਕਿ ਕਿਤਨਾ ਵੀ ਵੇਖੀਏ ਉਸ ਸੱਚ ਨੂੰ, ਪੂਰਾ ਨਹੀਂ ਦੇਖ ਸਕਦੇ। ਕਿਤਨਾ ਵੀ ਕਥਨ ਕਰੀਏ ਉਸ ਸੱਚ ਨੂੰ, ਪੂਰਾ ਕਥਨ ਨਹੀਂ ਕਰ ਸਕਦੇ। ਕਿਤਨਾ ਵੀ ਸੋਚੀਏ ਉਸ ਨੂੰ ਪੂਰਾ ਸੋਚ ਨਹੀਂ ਸਕਦੇ।

ਜਿਸ ਨੂੰ ਪੂਰਾ ਸੋਚ ਸਕਦੇ ਹਾਂ, ਉਹ ਮਨੁੱਖ ਦੀ ਸੋਚ ਤੋਂ ਵੱਡਾ ਨਹੀਂ ਹੋ ਸਕਦਾ। ਜਿਸ ਨੂੰ ਪੂਰਾ ਬਿਆਨ ਕਰ ਸਕਦੇ ਹਾਂ, ਉਹ ਜ਼ਬਾਨ ਤੋਂ ਵੱਡਾ ਨਹੀਂ ਹੋ ਸਕਦਾ। ਔਰ ਜਿਸ ਨੂੰ ਪੂਰੇ ਦਾ ਪੂਰਾ ਵੇਖਿਆ ਜਾ ਸਕਦਾ ਹੈ, ਉਹ ਤੇ ਅੱਖਾਂ ਦਾ ਵਿਸ਼ਾ ਹੋ ਗਿਆ। ਅੱਖਾਂ ਤੋਂ ਵੱਡਾ ਨਹੀਂ ਹੋ ਸਕਦਾ। ਸਤਿਗੁਰੂ ਦੀ ਬਾਣੀ ਤੇ ਇਹ ਕਹਿੰਦੀ ਹੈ:-

***ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ॥*** (ਅੰਗ ੭੯੫)

kiaa ho kathee kathae kath daekhaa
mai akath na kathnaa jaaee.
*What should I say? While talking, I talk of seeing,*
*but I cannot describe the indescribable.*

ਮੈਂ ਕਥਨ ਕਰ ਕਰ ਕੇ ਵੇਖ ਲਿਆ ਹੈ, ਉਹ ਮੇਰੀ ਕਥਨੀ ਵਿਚ ਨਹੀਂ ਆਉਂਦਾ। ਮੇਰੇ ਕਹਿਣੇ ਵਿਚ ਨਹੀਂ ਆਉਂਦਾ, ਮੈਂ ਕਹਿ ਕਹਿ ਕੇ ਵੇਖ ਲਿਆ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਵੀ ਐਸਾ ਫ਼ਰਮਾਨ ਕਰਦੇ ਨੇ:-

***ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥*** (ਜਪੁਜੀ ਸਾਹਿਬ)

jae hou jaanaa aakhaa naahee kehanaa kathan na jaaee.
*Even knowing God, I cannot describe Him;*
*He cannot be described in words.*

ਜੇ ਮੈਂ ਉਸ ਸੱਚ ਨੂੰ ਜਾਣ ਵੀ ਲਿਆ ਹੈ, ਸਮਝ ਵੀ ਲਿਆ, ਜੁੜ ਵੀ ਗਿਆ ਹਾਂ, **'ਆਖਾ ਨਾਹੀ'**, ਮੈਂ ਕਹਿਣਾ ਨਹੀਂ। ਮਹਾਰਾਜ ਜਾਣ ਲਿਆ ਹੈ ਤੇ ਕਹਿ ਦਿਉ। ਰਸ ਤੁਸੀਂ ਮਾਣ ਲਿਆ ਹੈ ਤੇ ਕਹਿ ਦਿਉ। ਪਰ ਪਤਾ ਹੈ, ਪਾਤਸ਼ਾਹ ਕੀ ਕਹਿ ਰਹੇ ਨੇ, **'ਕਹਣਾ ਕਥਨੁ ਨ ਜਾਈ'**, ਉਹ ਮੇਰੀ ਕਥਨੀ ਵਿਚ ਨਹੀਂ ਆਉਂਦਾ। ਉਹ ਮੇਰੇ ਕਹਿਣੇ ਵਿਚ ਨਹੀਂ ਆਉਂਦਾ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੀ ਕਹਿੰਦੇ ਨੇ:-

***ਕਹਾ ਨਾਮ ਤਾ ਕੋ ਕਹਾ ਕੈ ਕਹਾਵੈ॥***
***ਕਹਾ ਮੈ ਬਖਾਨੋ ਕਹੇ ਮੋ ਨ ਆਵੈ॥ ੧੪॥*** (ਬਚਿਤ੍ਰ ਨਾਟਕ)

ਉਹ ਮੇਰੇ ਕਹਿਣੇ ਵਿਚ ਨਹੀਂ ਆਉਂਦਾ, ਮੇਰੇ ਕਥਨ ਵਿਚ ਨਹੀਂ ਆਉਂਦਾ। ਮੈਂ ਕਹਿ ਕਹਿ ਕੇ ਦੇਖ ਲਿਆ ਹੈ। ਪਹਿਲੇ ਕਦਮ ਤੇ ਉਸ ਪਰਮਾਤਮਾ ਤੇ ਭਰੋਸਾ ਕਰਨਾ ਹੈ, ਜਿਸ ਨੂੰ ਵੇਖਿਆ ਹੀ ਨਹੀਂ, ਜਾਣਿਆਂ ਹੀ ਨਹੀਂ, ਸਮਝਿਆ ਹੀ ਨਹੀਂ। ਕੋਈ ਰਸ ਨਹੀਂ, ਕੋਈ ਪਤਾ ਨਹੀਂ ਤੇ ਫਿਰ ਭਰੋਸਾ ਕਰੀਏ। ਗੱਲ ਬੜੀ ਕਠਿਨ ਹੈ, ਔਖੀ ਹੈ। ਜਦ ਕਦੇ ਇਸ ਤਰ੍ਹਾਂ ਦਾ ਪ੍ਰਸੰਗ ਚਲੇ ਤਾਂ ਮੈਨੂੰ ਇਕ ਘਟਨਾ ਚੇਤੇ ਆਉਂਦੀ ਹੈ, ਸੁਆਮੀ ਵਿਵੇਕਾਨੰਦ ਜੀ ਦੀ। ਕਿਸੇ ਨਾਸਤਿਕ ਨੇ ਉਹਨਾਂ ਤੇ ਪ੍ਰਸ਼ਨ ਕਰ ਦਿੱਤਾ ਕਿ ਸੁਆਮੀ ਜੀ, ਮਨੁੱਖ ਲਈ Blind faith ਦੀ ਲੋੜ ਹੈ। ਕਿਆ ਬੰਦੇ ਨੂੰ ਅੰਧ-ਵਿਸ਼ਵਾਸ ਕਰਨਾ ਚਾਹੀਦਾ ਹੈ? ਇਕ ਦਮ ਸਮਝ ਗਏ ਵਿਵੇਕਾਨੰਦ ਜੀ, ਬਈ ਇਹ ਕਿਹੜੇ ਤਲ ਤੋਂ ਬੋਲਦਾ ਪਿਆ ਹੈ। ਆਖਣ ਲਗੇ Blind faith ਵੀ ਚਾਹੀਦਾ ਹੈ। ਪਰ ਇਕ ਸ਼ਰਤ ਹੈ, ਜਿਸ ਤੇ ਫੇਥ (Faith) ਕਰੀਏ ਉਹ ਬਲਾਈਂਡ (Blind) ਨਾ ਹੋਵੇ। ਜਿਸ ਤੇ ਵਿਸ਼ਵਾਸ ਕਰੀਏ, ਉਹ ਅੰਧਾ ਨਾ ਹੋਵੇ। ਕੁੱਝ ਅੰਧ-ਵਿਸ਼ਵਾਸ ਵੀ ਚਾਹੀਦਾ ਹੈ। ਜਿਸ ਪਰਮਾਤਮਾ ਨੂੰ ਵੇਖਿਆ ਨਹੀਂ, ਜਾਣਿਆ ਨਹੀਂ, ਸਮਝਿਆ ਨਹੀਂ, ਹੁਣ ਉਸ ਤੇ ਭਰੋਸਾ, ਹੈ ਤੇ ਅੰਧ-ਵਿਸ਼ਵਾਸ। ਗਿਆਨ ਬਾਅਦ ਵਿਚ ਆਉਂਦਾ ਹੈ, ਇਤਨੀ ਮੈਂ ਅਰਜ਼ ਕਰ ਦਿਆਂ। ਸਨਾਤਨ ਮੱਤ ਨੇ ਗਿਆਨ ਤੀਸਰੇ ਚਰਨ ਵਿਚ ਰਖਿਆ ਹੈ, ਧੰਨ ਗੁਰੂ ਨਾਨਕ ਦੇਵ ਜੀ ਨੇ ਦੂਸਰੇ ਚਰਨ ਵਿਚ ਰਖਿਆ ਹੈ। ਦੂਜੇ ਪੜਾਉ ਵਿਚ।

ਪ੍ਰਥਮ ਤੇ ਧਰਮ, ਹੁਣ ਧਰਮ ਕੀ ਹੈ, ਇਸ ਦੀ ਗੁਰੂ ਨਾਨਕ ਦੇਵ ਜੀ ਆਪ ਵਿਆਖਿਆ ਕਰਦੇ ਨੇ:-

***ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥***
***ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥***
raatee rutee thitee vaar. pavan paanee aganee paataal.
ths vich dharatee thaap rakhee dharam saal.
*Nights, days, weeks and seasons;*
*wind, water, fire and the nether regions*
*in the midst of these,*
*He established the earth as a home for Dharma.*

ਸਾਰੀ ਧਰਤੀ ਧਰਮਸ਼ਾਲਾ ਹੈ, ਧਰਮ ਕਮਾਉਣ ਦੀ ਜਗ੍ਹਾ। ਧਰਮ ਨੂੰ ਸਮਝਣ ਦੀ ਜਗ੍ਹਾ। ਧਰਮ ਨੂੰ ਅਪਣਾਉਣ ਦੀ ਜਗ੍ਹਾ। ਸੰਸਕ੍ਰਿਤ ਦਾ ਸ਼ਬਦ ਹੈ **ਧਰਮ**। ਧਰਮ ਦੇ ਅੱਖਰੀ ਅਰਥ ਨੇ ਧਾਰਨ ਕਰਨਾ, ਕਿਸ ਨੂੰ? ਨਿਯਮ ਨੂੰ, ਮਰਯਾਦਾ ਨੂੰ। ਫਿਰ ਸਤਿਗੁਰੂ ਸਮਝਾਉਂਦੇ ਨੇ

ਕਿਸ ਤਰ੍ਹਾਂ ਧਾਰਨ ਕਰਨਾ ਹੈ? ਜਿਵੇਂ ਜ਼ਮੀਨ ਤੇ ਰਾਤਾਂ ਨੇ, ਰੁੱਤਾਂ ਨੇ, ਥਿੱਤ ਹੈ, ਵਾਰ ਹੈ, ਮਰਯਾਦਾ ਵਿਚ ਚਲਦੇ ਨੇ। ਨਿਯਮ ਪੂਰਵਕ ਚਲਦੇ ਨੇ, ਸਭ ਕੁਛ ਮਰਯਾਦਾ ਦੇ ਵਿਚ ਹੈ। ਜਗਤ ਦੇ ਵਿਚ ਬੇ-ਮਰਯਾਦਾ ਕੁਛ ਵੀ ਨਹੀਂ। ਸੂਰਜ, ਚੰਦ ਤਾਰੇ ਸਭ ਮਰਯਾਦਾ ਵਿਚ ਚਲਦੇ ਨੇ, ਨਿਯਮ ਵਿਚ ਚਲਦੇ ਨੇ। ਅਰਬਾਂ ਖ਼ਰਬਾਂ ਤਾਰੇ ਨੇ। ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਨੇ, ਕਈ ਕਰੋੜਾਂ ਸੂਰਜ ਨੇ:-

***ਕਈ ਕੋਟਿ ਸਸੀਅਰ ਸੂਰ ਨਖ੍ਯਤ੍ਰ॥*** (ਅੰਗ ੨੭੫)

kee kott saseear soor nakhaatar.

*Many millions are the moons, suns and stars.*

ਕਈ ਕਰੋੜਾਂ ਸੂਰਜ, ਚੰਦ ਤਾਰੇ ਨੇ, ਕੋਈ ਇਕ ਸੂਰਜ ਹੈ। ਅਨੰਤ ਪਸਾਰਾ ਹੈ ਔਰ ਸਾਰੇ ਦਾ ਸਾਰਾ ਗਰਦਸ਼ ਵਿਚ ਹੈ, ਰੁਕਿਆ ਹੋਇਆ ਕੁਛ ਵੀ ਨਹੀਂ ਹੈ। ਪਰ ਮਜਾਲ ਹੈ ਕਿਧਰੇ ਟਕਰਾਉ ਹੋ ਜਾਏ, ਐਕਸੀਡੈਂਟ (Accident) ਹੋ ਜਾਏ, ਨਹੀਂ। ਇਸ ਦਾ ਮਤਲਬ ਕਿਸੇ ਤਰਤੀਬ ਦੇ ਵਿਚ ਹੈ। ਕਿਸੇ ਮਰਯਾਦਾ ਵਿਚ ਹੈ। ਸਾਹਿਬ ਕਹਿੰਦੇ ਨੇ, ਜਿਵੇਂ ਸਭ ਕੁਛ ਕਿਸੇ ਮਰਯਾਦਾ ਦੇ ਵਿਚ ਚਲ ਰਿਹਾ ਹੈ, ਸੂਰਜ, ਚੰਦ, ਤਾਰੇ, ਜ਼ਮੀਨ, ਰਾਤਾਂ, ਰੁੱਤਾਂ, ਥਿੱਤ, ਵਾਰ, ਇਹ ਸਾਰੇ ਮਰਯਾਦਾ ਵਿਚ ਚੱਲਦੇ ਨੇ, ਤੂੰ ਵੀ ਮਰਯਾਦਾ ਵਿਚ ਚੱਲ। ਤੇਰਾ ਵੇਖਣਾ ਮਰਯਾਦਾ ਵਿਚ ਹੋਵੇ, ਤੇਰਾ ਬੋਲਣਾ ਮਰਯਾਦਾ ਵਿਚ ਹੋਵੇ, ਤੇਰਾ ਖਾਣਾ ਮਰਯਾਦਾ ਵਿਚ ਹੋਵੇ। ਤੇਰਾ ਪੀਣਾ ਮਰਯਾਦਾ ਵਿਚ ਹੋਵੇ, ਤੇਰਾ ਪਹਿਨਣਾ ਮਰਯਾਦਾ ਵਿਚ ਹੋਵੇ, ਤੇਰਾ ਸੋਚਣਾ ਮਰਯਾਦਾ ਵਿਚ ਹੋਵੇ, ਤੇਰਾ ਜਿਊਣਾ ਮਰਯਾਦਾ ਵਿਚ ਹੋਵੇ, ਤੇਰਾ ਮਰਨਾ ਵੀ ਮਰਯਾਦਾ ਵਿਚ ਹੋਵੇ। ਸਭ ਕੁਛ ਮਰਯਾਦਾ ਵਿਚ ਹੋਵੇ। ਤੇਰਾ ਹਾਸਾ ਵੀ ਮਰਯਾਦਾ ਵਿਚ ਚਾਹੀਦਾ ਹੈ, ਤੇਰਾ ਰੋਣਾ ਵੀ ਮਰਯਾਦਾ ਵਿਚ ਚਾਹੀਦਾ ਹੈ। ਸਭ ਕੁਛ ਮਰਯਾਦਾ ਵਿਚ ਚਾਹੀਦਾ ਹੈ, ਧਰਮ ਵਿਚ। ਧਰਮ ਤੋਂ ਮੁਰਾਦ ਮਰਯਾਦਾ, ਨਿਯਮ ਔਰ ਇਸ ਤਰ੍ਹਾਂ ਤੂੰ ਨਿਯਮ ਵਿਚ ਚੱਲ ਜੈਸੇ ਸਭ ਕੁਛ ਨਿਯਮ ਵਿਚ ਚੱਲ ਰਿਹਾ ਹੈ। ਮਨੁੱਖ ਨੂੰ ਨਿਯਮ ਸਮਝਾਉਣ ਦੀ ਲੋੜ ਪੈ ਗਈ। ਪਸ਼ੂਆਂ ਨੂੰ ਸਮਝਾਉਣ ਦੀ ਲੋੜ ਨਹੀਂ, ਯਕੀਨ ਜਾਣੋ, ਪਸ਼ੂ ਸਾਰੇ ਨਿਯਮ ਵਿਚ ਚੱਲ ਰਹੇ ਨੇ। ਕਦੋਂ ਸੌਣਾ ਚਾਹੀਦਾ ਹੈ, ਕਦੋਂ ਜਾਗਣਾ ਚਾਹੀਦਾ ਹੈ, ਇਹ ਤੇ ਮੇਰਾ ਖ਼ਿਆਲ ਹੈ, ਪੰਛੀਆਂ ਕੋਲੋਂ ਪੁੱਛ ਲਈਏ। ਜਿਉਂ ਸੂਰਜ ਗ਼ਰੂਬ ਹੁੰਦਾ ਹੈ, ਇਹ ਘਰ ਦੀ ਤਰਫ਼, ਆਲ੍ਹਣਿਆਂ ਦੀ ਤਰਫ਼ ਉਡਾਰੀਆਂ ਲਾ ਦਿੰਦੇ ਨੇ, ਦੌੜ ਪੈਂਦੇ ਨੇ, ਖ਼ਾਸ ਕਰਕੇ ਚਿੜੀਆਂ। ਪਹੁੰਚ ਜਾਂਦੀਆਂ ਨੇ ਆਲ੍ਹਣਿਆਂ ਦੇ ਵਿਚ। ਚਹਿਚਹਾਂਦੀਆਂ ਨੇ, ਗੀਤ ਗਾਉਂਦੀਆਂ ਨੇ, ਖ਼ੁਸ਼ ਹੁੰਦੀਆਂ ਨੇ, ਪ੍ਰਸੰਨ ਹੁੰਦੀਆਂ ਨੇ ਔਰ ਜਿਉਂ ਰਾਤ ਦਾ ਪਹਿਲਾ ਪਹਿਰ ਸਮਾਪਤ ਹੁੰਦਾ ਹੈ। ਸਮਾਪਤ ਹੁੰਦਿਆਂ-ਹੁੰਦਿਆਂ ਤਕ ਖ਼ਾਮੋਸ਼ ਹੋ ਜਾਂਦੀਆ ਨੇ, ਸੌਂ ਜਾਂਦੀਆਂ ਨੇ। ਜਿਉਂ ਰਾਤ ਦਾ ਚੌਥਾ ਪਹਿਰ ਸ਼ੁਰੂ ਹੁੰਦਾ ਹੈ, ਚਹਿਚਹਾਣਾ ਸ਼ੁਰੂ। ਗੀਤ ਗਾਉਣਾ ਸ਼ੁਰੂ, ਉੱਠ ਬੈਠੀਆਂ। ਇਹ ਨਿਯਮ ਵਿਚ ਸੌਂਦੀਆਂ ਨੇ, ਨਿਯਮ ਵਿਚ ਉੱਠਦੀਆਂ ਨੇ, ਇਹ ਚਿੜੀਆਂ। ਤਦੇ ਹੀ ਤੇ ਬਾਬੇ ਫਰੀਦ ਨੇ ਕਹਿ ਦਿੱਤਾ:-

***ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ॥***
***ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ॥ ੧੦੧॥*** (ਅੰਗ ੧੩੮੫)

ਰੱਬੀ ਨਿਯਮ ਨੂੰ ਛੋੜਦੀਆਂ ਨਹੀਂ। ਮਰਯਾਦਾ ਵਿਚ ਜੀ ਰਹੀਆਂ ਨੇ। ਜਿਉਂ ਪਹੁ ਫੁੱਟੀ ਏ, ਗੀਤ ਗਾਉਣਾ ਆਰੰਭ ਹੋ ਗਿਆ ਹੈ। ਜਿਉਂ ਪੂਰਾ ਚਾਨਣਾ ਹੋ ਗਿਆ ਰਿਜ਼ਕ ਦੀ ਤਲਾਸ਼ ਵਿਚ ਚਲ ਪਈਆਂ। ਜਿਉਂ ਸੂਰਜ ਗ਼ਰੂਬ ਹੋਣ ਨੂੰ ਆਇਆ, ਲਾਲੀ ਛਾ ਗਈ ਏ, ਇਹਨਾਂ ਨੇ ਵਾਪਸ ਆਉਣਾ ਸ਼ੁਰੂ ਕਰ ਦਿੱਤਾ। ਪਹੁੰਚ ਗਈਆਂ ਨੇ ਅੰਧੇਰੇ ਤੋਂ ਪਹਿਲੇ-ਪਹਿਲੇ ਆਪਣੇ ਆਲ੍ਹਣਿਆਂ ਵਿਚ। ਗੀਤ ਗਾਉਂਦੀਆਂ-ਗਾਉਂਦੀਆਂ ਵਾਪਸ ਆਈਆਂ ਨੇ ਔਰ ਗੀਤ ਗਾਉਂਦੀਆਂ-ਗਾਉਂਦੀਆਂ ਸੌਂ ਜਾਂਦੀਆਂ ਨੇ। ਫਿਰ ਅੰਮ੍ਰਿਤ ਵੇਲੇ ਚਹਿਚਹਾਉਂਦੀਆਂ ਹੋਈਆਂ ਇਹ ਉੱਠਦੀਆ ਨੇ, ਗੀਤ ਗਾਉਂਦੀਆਂ ਹੋਈਆਂ ਇਹ ਉੱਠਦੀਆਂ ਨੇ, ਇਕ ਬੰਦਾ ਹੀ ਹੈ ਜੋ ਸੌ ਤਰ੍ਹਾਂ ਦੇ ਸਿਆਪੇ ਰਾਤ ਨੂੰ ਲੈ ਕੇ ਸੌਂਦਾ ਹੈ ਅਤੇ ਸੌ ਤਰ੍ਹਾਂ ਦੀਆਂ ਚਿੰਤਾਵਾਂ ਲੈ ਕੇ ਉੱਠਦਾ ਹੈ। ਰੋਂਦਾ ਹੋਇਆ ਸੌਂਦਾ ਹੈ, ਰੋਂਦਾ ਹੋਇਆ ਜਾਗਦਾ ਹੈ। ਨਾ ਨਿਯਮ ਵਿਚ ਇਸ ਦਾ ਸੌਣਾ ਹੈ, ਨਾ ਨਿਯਮ ਵਿਚ ਇਸ ਦਾ ਜਾਗਣਾ ਹੈ। ਨਾ ਨਿਯਮ ਵਿਚ ਇਸ ਦਾ ਖਾਣਾ ਹੈ, ਨਾ ਨਿਯਮ ਵਿਚ ਇਸ ਦਾ ਪੀਣਾ ਹੈ।

ਮੈਂ ਤੇ ਕਈ ਦਫ਼ਾ ਦੇਖ ਕੇ ਹੈਰਾਨ ਹੋ ਜਾਂਦਾ ਹਾਂ, ਮਨੁੱਖ ਧੂਮਰਪਾਨ (Smoking), ਧੂੰਆਂ ਪਿਆ ਪੀਂਦਾ ਹੈ। ਕੋਈ ਪਸ਼ੂ ਨਹੀਂ ਪੀਂਦਾ। ਕਿਸੇ ਪਸ਼ੂ ਨੂੰ ਕਹਿ ਕੇ ਦੇਖ ਲਉ ਧੂੰਆਂ ਪੀ ਲਏ, ਨਹੀਂ ਪੀਏਗਾ।

ਪਸ਼ੂ ਨੇ ਅਗਰ ਉਸ ਦੇ ਕੋਲ ਜ਼ਬਾਨ ਹੁੰਦੀ ਤਾਂ ਉਸ ਨੇ ਸਾਫ਼ ਕਹਿ ਦੇਣਾ ਸੀ, ਦੁੱਧ ਪੀਆਂਗਾ, ਪਾਣੀ ਪੀਆਂਗਾ, ਧੂੰਆਂ ਬੰਦਾ ਪੀਵੇ। ਧੂੰਆਂ ਸਿਰਫ਼ ਮਨੁੱਖ ਪੀਂਦਾ ਹੈ ਔਰ ਇਹ ਗ਼ੈਰ ਨਿਯਮ ਹੈ। ਪਰਮਾਤਮਾ ਨੇ ਸਾਨੂੰ ਧੂੰਆਂ ਪੀਣ ਵਾਸਤੇ ਨਹੀਂ ਆਖਿਆ। ਇਹ ਪ੍ਰਾਕਿਰਤਕ ਨਹੀਂ ਹੈ, ਰੱਬੀ ਨਿਯਮ ਵਿਚ ਨਹੀਂ ਹੈ। ਇਹ ਤੇ ਇਸ ਤਰ੍ਹਾਂ ਦਾ ਮੈਂ ਇਕ ਉਦਾਹਰਣ ਦਿੱਤਾ ਹੈ। ਮਦਰਾ ਸ਼ਰਾਬ ਦੁਨੀਆਂ ਦੇ ਤਮਾਮ ਗ੍ਰੰਥਕਾਰਾਂ ਨੇ ਤੇ ਤਮਾਮ ਮਜ਼ਹਬੀ ਪੁਰਸ਼ਾਂ ਨੇ, ਰਹਿਬਰੀ ਪੁਰਸ਼ਾਂ ਨੇ ਇਸ ਦੀ ਨਿੰਦਾ ਕੀਤੀ ਹੈ, ਕਿਉਂਕਿ ਇਹ ਬੰਦੇ ਨੂੰ ਅਚੇਤ ਕਰਦੀ ਹੈ। ਸੰਤ ਤੇ ਭਗਤ ਬੰਦਾ ਉਦੋਂ ਹੁੰਦਾ ਹੈ, ਜਦੋਂ ਪੂਰਨ ਤੌਰ ਤੇ ਸੁਚੇਤ ਹੋ ਜਾਏ, ਵਰਨਾ ਨਹੀਂ। ਤੇ ਮਨੁੱਖ ਦਾ ਖਾਣਾ ਹੈ, ਪੀਣਾ ਹੈ, ਇਹ ਨਿਯਮ ਵਿਚ ਨਹੀਂ ਹੈ। ਫਿਰ ਜਿਤਨੀ ਭੁੱਖ, ਉਤਨਾ ਖਾਣਾ ਨਿਯਮ ਵਿਚ ਹੈ। ਭੁੱਖ ਤੋਂ ਬਿਨਾਂ ਖਾਣਾ ਗ਼ੈਰ-ਨਿਯਮ ਹੈ, ਬੇ-ਮਰਯਾਦਾ ਹੈ। ਪਹਿਨਣਾ ਵੀ ਬੇ-ਮਰਯਾਦਾ ਹੋ ਸਕਦਾ ਹੈ।

ਮੈਨੂੰ ਇਸਲਾਮ ਦਾ ਪਹਿਰਾਵਾ ਵੀ ਮਰਯਾਦਾ ਵਿਚ ਦਿਖਾਈ ਨਹੀਂ ਦਿੰਦਾ ਔਰ ਇਸਾਈਅਤ ਦਾ ਵੀ। ਇਸਲਾਮ ਨੇ ਇਸਤ੍ਰੀ ਨੂੰ ਬੁਰਕਾ ਦੇ ਦਿੱਤਾ ਹੈ, ਢੱਕ ਦਿੱਤਾ ਹੈ। ਸਾਰਾ ਅਰਬ ਢੱਕਿਆ ਹੋਇਆ ਹੈ, ਪਾਕਿਸਤਾਨ ਢੱਕਿਆ ਹੋਇਆ ਹੈ, ਬੰਗਲਾ ਦੇਸ਼ ਢੱਕਿਆ ਹੋਇਆ ਹੈ। ਅਫਗਾਨਿਸਤਾਨ ਹੈ, ਈਰਾਨ ਹੈ, ਪਹਿਲੇ ਈਰਾਨ ਢੱਕਿਆ ਹੋਇਆ ਨਹੀਂ ਸੀ ਪਰ ਹੁਣ ਓਥੇ ਵੀ ਬੁਰਕਾ ਹੈ। ਖ਼ੁਮੈਨੀ ਦੇ ਸੱਤਾ ਵਿਚ ਆਉਣ ਨਾਲ ਸ਼ਰ੍ਹਾ ਦਾ ਕਾਨੂੰਨ ਬਣ ਗਿਆ। ਇਸਤ੍ਰੀ ਬਿਨਾਂ ਬੁਰਕੇ ਦੇ ਬਾਜ਼ਾਰ ਵਿਚ ਨਹੀਂ ਆ ਸਕਦੀ। ਘਰ ਤੋਂ ਬਾਹਰ ਨਹੀਂ ਨਿਕਲ ਸਕਦੀ। ਈਰਾਨ, ਅਫਗਾਨਿਸਤਾਨ, ਸਾਰੇ ਅਰਬ ਦੇਸ਼। ਇਰਾਕ ਹੈ, ਕੁਵੈਤ ਹੈ, ਟਯੂਨਿਸ਼ ਹੈ, ਮਰਾਕੋ ਹੈ, ਸਾਊਦੀ ਅਰਬ ਹੈ, ਸਾਰੇ ਹੀ ਦੇਸ਼ਾਂ ਵਿਚ ਬੜਾ ਜ਼ਬਰਦਸਤ ਬੁਰਕਾ ਹੈ। ਢੱਕ ਦਿੱਤਾ ਹੈ, ਉਸ ਨੂੰ ਇਕ ਚੀਜ਼, ਇਕ ਵਸਤੂ ਸਮਝਿਆ ਹੈ। ਚਾਹੀਦਾ ਤੇ ਇਹ ਸੀ, ਕਿ ਆਪਣੀਆਂ ਅੱਖਾਂ ਨੂੰ ਪੁਰਸ਼ ਕਿਧਰੇ ਸ਼ਰਮ-ਹਯਾ ਦਾ ਬੁਰਕਾ ਪਹਿਨਾ ਦਿੰਦਾ। ਪਰ ਇਸ

ਨੇ ਕਪੜੇ ਦਾ ਬੁਰਕਾ ਔਰਤ ਨੂੰ ਪਹਿਨਾ ਦਿੱਤਾ। ਇਸਤ੍ਰੀ ਨੂੰ ਢੱਕ ਦਿੱਤਾ ਔਰ ਤਾਜ਼ੀ ਹਵਾ ਤੋਂ ਵੀ ਵਿਚਾਰੀ ਵਾਂਝੀ ਰਹਿ ਗਈ। ਚਾਰਦੀਵਾਰੀ ਦੇ ਵਿਚ ਢੱਕ ਦਿੱਤਾ, ਕੁਦਰਤ ਦੇ ਨਿਯਮ ਨੂੰ ਵੀ ਦੇਖਣ ਵਿਚ ਅਸਮਰਥ ਹੋ ਗਈ ਔਰ ਮਸਜਿਦ ਦੇ ਦਰਵਾਜ਼ੇ ਵੀ ਇਸਤ੍ਰੀ ਵਾਸਤੇ ਬੰਦ ਨੇ। ਮਸਜਿਦ ਵਿਚ ਨਹੀਂ ਆ ਸਕਦੀ। ਨਮਾਜ਼ ਨਹੀਂ ਪੜ੍ਹ ਸਕਦੀ। ਚਾਰੋਂ ਪਾਸੇ ਜਕੜ ਕੇ ਰੱਖ ਦਿੱਤਾ। ਤੇ ਜਿੱਥੇ ਇਸਲਾਮ ਨੇ ਬੜਾ ਜ਼ਬਰਦਸਤ ਪਰਦਾ ਦੇ ਦਿੱਤਾ। ਇਸਾਈਅਤ ਨੇ ਬਿਲਕੁਲ ਨਗਨਤਾ ਦੇ ਦਿੱਤੀ, ਜ਼ਰੂਰਤ ਤੋਂ ਜ਼ਿਆਦਾ ਨਗਨਤਾ। ਪਹਿਨਣਾ ਤੇ ਉਹ ਸੀ:-

***ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥***
***ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥*** (ਅੰਗ ੧੬)

baabaa hor painan khusee khuaar.
jit paidhai tan peerreeai man meh chalehi vikaar.1.rehaao.
*O Baba, the pleasures of other clothes are false.*
*Wearing them, the body is ruined, and wickedness and corruption enter into the mind.1.Pause.*

ਪਹਿਨਣਾ ਸਿਰਫ਼ ਤਨ ਢੱਕਣ ਵਾਸਤੇ ਸੀ, ਤਨ ਛੁਪਾਉਣ ਵਾਸਤੇ ਨਹੀਂ। ਮੂੰਹ ਛੁਪਾਉਣ ਵਾਸਤੇ ਨਹੀਂ। ਅੱਖਾਂ ਪਰਮਾਤਮਾ ਨੇ ਦੇਖਣ ਵਾਸਤੇ ਦਿੱਤੀਆਂ ਨੇ, ਛੁਪਾਉਣ ਵਾਸਤੇ ਨਹੀਂ। ਇਕ ਦੂਜੇ ਦਾ ਚਿਹਰਾ ਦੇਖ ਕੇ ਪਹਿਚਾਣ ਹੁੰਦੀ ਹੈ, ਇਹ ਢੱਕਣ ਵਾਸਤੇ ਨਹੀਂ ਹੈ। ਇਸਲਾਮ ਨੇ ਢੱਕ ਦਿੱਤਾ, ਇਸਾਈਅਤ ਨੇ ਬਿਲਕੁਲ ਨਗਨ ਕਰ ਦਿੱਤਾ। ਦਰਮਿਆਨਾ ਰਸਤਾ ਚੁਣਨਾ ਹੈ। ਐਸਾ ਪਹਿਨਣਾ ਹੈ ਜੋ ਮਰਯਾਦਾ ਵਿਚ ਹੋਵੇ। ਐਸਾ ਖਾਣਾ ਹੈ, ਜੋ ਮਰਯਾਦਾ ਵਿਚ ਹੋਵੇ। ਪ੍ਰਾਕਿਰਤਕ ਨਿਯਮ ਦੇ ਮੁਤਾਬਿਕ ਹੈ। ਈਸ਼ਵਰੀ ਨਿਯਮ ਦੇ ਮੁਤਾਬਿਕ ਹੈ। ਪਸ਼ੂਆਂ ਨੂੰ ਆਪਣੇ ਆਹਾਰ ਬਾਰੇ ਫ਼ੈਸਲਾ ਨਹੀਂ ਕਰਨਾ ਪੈਂਦਾ। ਕੁਦਰਤ ਨੇ ਖ਼ੁਦ ਉਹਨਾਂ ਦੀ ਵੰਡ ਕਰ ਦਿੱਤੀ ਹੈ। ਸ਼ੇਰ ਭੁੱਖਾ ਮਰ ਜਾਏਗਾ ਪਰ ਘਾਸ ਨਹੀਂ ਖਾਏਗਾ, ਮਾਸ ਖਾਏਗਾ। ਭੁੱਖੀ ਮਰ ਜਾਏਗੀ ਗਊ ਪਰ ਮਾਸ ਨਹੀਂ ਖਾਏਗੀ, ਘਾਹ ਖਾਏਗੀ। ਇਹਨਾਂ ਦਾ ਆਹਾਰ ਰੱਬ ਵਲੋਂ ਵੰਡ ਦਿੱਤਾ ਗਿਆ ਹੈ, ਤਕਸੀਮ ਹੈ। ਇਹਨਾਂ ਦੀਆਂ ਬਾਕੀ ਰੁਚੀਆਂ ਵੀ ਪਰਮਾਤਮਾ ਦੇ ਹੱਥ ਵਿਚ ਨੇ। ਨਿਯਮ ਵਿਚ ਜੀ ਰਹੇ ਨੇ, ਮਰਯਾਦਾ ਵਿਚ ਜੀ ਰਹੇ ਨੇ, ਮਰਯਾਦਾ ਵਿਚ ਖਾ ਰਹੇ ਨੇ ਔਰ ਮਰਯਾਦਾ ਵਿਚ ਪੀ ਰਹੇ ਨੇ। ਮਰਯਾਦਾ ਵਿਚ ਆਪਣੇ ਬੱਚਿਆਂ ਨੂੰ ਪੈਦਾ ਕਰ ਰਹੇ ਨੇ ਔਰ ਉਹਨਾਂ ਦੀ ਪਾਲਣਾ ਕਰ ਰਹੇ ਨੇ। ਪਸ਼ੂਆਂ ਦਾ ਸਭ ਕੁਛ ਬਿਲਕੁਲ ਮਰਯਾਦਾ ਵਿਚ ਚਲ ਰਿਹਾ ਹੈ। ਲੇਕਿਨ ਵਿਕਾਸ ਇਸ ਕਰਕੇ ਨਹੀਂ ਕਰ ਸਕੇ, ਕਿਉਂਕਿ ਗਿਆਨ ਤਕ ਨਹੀਂ ਜਾ ਸਕੇ। ਕਿਉਂਕਿ ਇਕੋ ਹੀ ਕਦਮ ਤੇ ਰੁਕੇ ਨੇ, ਧਰਮ ਖੰਡ ਤੇ। ਮਰਯਾਦਾ ਵਿਚ ਜੀ ਸਕਦੇ ਨੇ ਪਰ ਅੱਗੇ ਗਿਆਨ ਖੰਡ, ਸਰਮ ਖਡ ਇੱਥੇ ਨਹੀਂ ਪਹੁੰਚ ਸਕਦੇ। ਇਸ ਤਰ੍ਹਾਂ ਦੀ ਕੋਈ ਸੂਝ ਸਮਝ ਨਹੀਂ ਹੈ ਉਹਨਾਂ ਕੋਲ। ਬਾਕੀ ਸਭ ਕੁਛ ਮਰਯਾਦਾ ਵਿਚ ਹੈ। ਪੇਟ ਭਰ ਜਾਏ ਸ਼ੇਰ ਦਾ, ਭਾਵੇਂ ਕਿਤਨਾ ਵੀ ਸ਼ਿਕਾਰ ਉਸ ਦੇ ਸਾਹਮਣੇ ਕਿਉਂ ਨਾ ਪਿਆ ਹੋਵੇ, ਹਮਲਾ ਨਹੀਂ ਕਰਦਾ, ਸੁੱਤਾ ਹੀ ਰਹਿੰਦਾ ਹੈ। ਸ਼ਿਕਾਰ ਕੀਤਾ ਹੈ, ਖਾ ਲਿਆ ਹੈ, ਬਾਕੀ ਦੂਜਿਆਂ ਲਈ ਛੋੜ ਦਿੱਤਾ ਹੈ, ਨਹੀਂ ਖਾਂਦਾ, ਪੂਰਤੀ ਹੋ ਗਈ।

ਬਹੁਤ ਕੁਛ, ਪਸ਼ੂ, ਪੰਛੀ, ਕੀੜੇ ਮਕੌੜੇ ਪ੍ਰਾਕਿਰਤਕ ਜੀਵਨ ਦੇ ਮੁਤਾਬਿਕ ਜੀਅ ਰਹੇ

ਨੇ। ਉਹਨਾਂ ਦਾ ਜਿਊਣਾ ਮਰਯਾਦਾ ਵਿਚ ਹੈ, ਨਿਯਮ ਦੇ ਵਿਚ ਹੈ। ਦੇਖਦੇ ਹਾਂ ਮਨੁੱਖ ਦਾ ਕੁਛ ਵੀ ਮਰਯਾਦਾ ਦੇ ਵਿਚ ਨਹੀਂ। ਨਾ ਪਹਿਨਣਾ ਮਰਯਾਦਾ ਵਿਚ, ਨਾ ਵੇਖਣਾ ਮਰਯਾਦਾ ਵਿਚ, ਨਾ ਸੁਣਨਾ ਮਰਯਾਦਾ ਵਿਚ, ਨਾ ਸੋਚਣਾ ਮਰਯਾਦਾ ਵਿਚ ਔਰ ਹਾਲਾਤ ਐਸੇ ਹੋ ਗਏ ਨੇ ਕਿ ਨਾ ਹੱਸਣਾ ਮਰਯਾਦਾ ਵਿਚ ਅਤੇ ਨਾ ਰੋਣਾ ਮਰਯਾਦਾ ਵਿਚ। ਭਗਤਾਂ ਦਾ ਹੱਸਣਾ ਤੇ ਰੋਣਾਂ ਮਰਯਾਦਾ ਵਿਚ ਹੋ ਜਾਂਦਾ ਹੈ।

*ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥*
*ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥* (ਅੰਗ ੪੭੩)

rang haseh rang roveh chup bhee kar jaahe.
paravaah naahee kisai kaeree baajh sachae naah.
*In the Lord's Love, they laugh, and in the Lord's Love,*
*they weep, and also keep silent.*
*They do not care for anything else,*
*except their True Husband Lord.*

ਹਾਸਾ ਕਿਸ ਤੇ ਆਉਂਦਾ ਹੈ? ਦੂਜਿਆਂ ਦੀ ਕਮਜ਼ੋਰੀ ਤੇ। ਇਕ ਚਲਦਾ ਹੋਇਆ ਬੰਦਾ ਗਿਰ ਗਿਆ, ਹਾਸਾ ਨਿਕਲ ਜਾਂਦਾ ਹੈ। ਕਿਸੇ ਦੀ ਪੱਗ ਲਹਿ ਗਈ ਏ, ਹਾਸਾ ਆ ਜਾਂਦਾ ਹੈ। ਅਕਸਰ ਹਾਸਾ ਕਮਜ਼ੋਰ ਤੇ ਆਉਂਦਾ ਹੈ, ਤਾਕਤਵਰ ਤੇ ਨਹੀਂ ਆਉਂਦਾ। ਬਗ਼ੌਰ ਮੁਤਾਲਅ ਹੀ ਕਰ ਕੇ ਵੇਖ ਲੈਣਾ। ਨੀਵੀਂ ਤੋਂ ਨੀਵੀਂ ਮਜ਼ਾਕ ਵੀ ਕਮਜ਼ੋਰ ਨਾਲ ਕੀਤੀ ਜਾ ਸਕਦੀ ਹੈ, ਕਿਸੇ ਤਾਕਤਵਰ ਨਾਲ ਨਹੀਂ ਕੀਤੀ ਜਾ ਸਕਦੀ, ਸ਼ਕਤੀਸ਼ਾਲੀ ਨਾਲ ਨਹੀਂ ਕੀਤੀ ਜਾ ਸਕਦੀ। ਹਾਸਾ ਕੋਈ ਬਹੁਤ ਗਹਿਰਾ ਨਹੀਂ ਹੁੰਦਾ, ਉਤਲਾ ਹੁੰਦਾ ਹੈ, ਉੱਪਰ-ਉੱਪਰ ਹੁੰਦਾ ਹੈ। ਅਕਸਰ ਦੇਖਦੇ ਹਾਂ ਕਿ ਹੱਸਣ ਲਈ ਮਨੁੱਖ ਨੂੰ ਕੋਈ ਨੀਵੀਂ ਗੱਲ ਚਾਹੀਦੀ ਹੈ, ਕੋਈ ਮਜ਼ਾਕ। ਉਸ ਦੇ ਵਿਚ ੯੦ ਫ਼ੀ ਸਦੀ ਮਜ਼ਾਕ ਗੰਦਾ ਹੁੰਦਾ ਹੈ, ਨੀਵਾਂ ਹੁੰਦਾ ਹੈ। ਇਸ ਤੋਂ ਬਿਨਾਂ ਮਨੁੱਖ ਹੱਸ ਹੀ ਨਹੀਂ ਸਕਦਾ। ਹੱਸਣ ਲਈ ਕਿਸੇ ਨੂੰ ਕੋਝਾ ਪੇਸ਼ ਕਰਨਾ, ਕਿਸੇ ਨੂੰ ਵਿੰਗਾ ਟੇਢਾ ਪੇਸ਼ ਕਰਨਾ ਲਾਜ਼ਮੀ ਹੈ। ਨਹੀਂ ਤੇ ਹਾਸਾ ਆਉਂਦਾ ਹੀ ਨਹੀਂ। ਹਾਸਾ ਆਉਂਦਾ ਹੈ, ਦੂਜਿਆਂ ਦੀ ਕਮਜ਼ੋਰੀ ਤੇ, ਦੂਜਿਆਂ ਦੀ ਮਜਬੂਰੀ ਤੇ ਔਰ ਇਸ ਤਰ੍ਹਾਂ ਜਿਸ ਤਰ੍ਹਾਂ ਸਰਕਸ ਵਿਚ ਬੌਣੇ ਲੋਗ, ਮਸਖ਼ਰੇ ਲੋਗ ਰੱਖ ਦਿੱਤੇ ਜਾਂਦੇ ਨੇ, ਜੋਕਰ (ਮਖੌਲੀਆ)। ਦੋ-ਦੋ ਫ਼ੁੱਟ ਦੇ, ਢਾਈ-ਢਾਈ ਫ਼ੁੱਟ ਦੇ। ਉਹਨਾਂ ਦਾ ਸਰੀਰ ਦੇਖਣ, ਤੇ ਲੋਕਾਂ ਨੂੰ ਹਾਸਾ ਆ ਜਾਏ। ਹੁਣ ਉਸ ਦੀ ਮਜਬੂਰੀ ਹੈ, ਉਸ ਨੂੰ ਪੂਰਾ ਸਰੀਰ ਨਹੀਂ ਮਿਲਿਆ। ਬੌਣਾ ਰਹਿ ਗਿਆ ਹੈ, ਵਿਚਾਰੇ ਨੂੰ ਵੇਖ ਕੇ ਹਾਸਾ ਆਉਂਦਾ ਹੈ। ਕਿਸੇ ਦੇ ਸਾਰੇ ਦੰਦ ਬਾਹਰ ਨਿਕਲੇ ਹੋਏ ਨੇ, ਕਿਸੇ ਦੀ ਨੱਕ ਖ਼ਰਾਬ ਹੈ। ਕਿਸੇ ਦਾ ਮੂੰਹ ਮੱਥਾ ਠੀਕ ਨਹੀਂ, ਕਿਸੇ ਦੀ ਇਕ ਬਾਂਹ ਕੋਈ ਨਹੀਂ। ਕਿਸੇ ਦੀ ਇਕ ਲੱਤ ਟੁੱਟ ਗਈ ਏ, ਬੱਚੇ ਮਜ਼ਾਕ ਕਰਨਗੇ, ਲੰਗੜਾ ਹੈ, ਟੁੰਡਾ ਹੈ। ਅਕਸਰ ਮਜ਼ਾਕ ਆਉਂਦਾ ਹੈ, ਦੂਜਿਆਂ ਦੀ ਕਮਜ਼ੋਰੀ ਤੇ, ਦੂਜਿਆਂ ਦੀ ਮਜਬੂਰੀ ਤੇ। ਭਗਤ ਵੀ ਹੱਸਦਾ ਹੈ ਪਰ ਆਪਣੀ ਕਮਜ਼ੋਰੀ ਤੇ, ਬਸ ਇਤਨਾ ਫ਼ਰਕ ਹੈ। **ਰੰਗਿ ਹਸਹਿ,** ਕਿਉਂ? ਉਹਨੂੰ ਦਿਸਦਾ ਹੈ ਕਿ ਦੁਨੀਆਂ ਤੇ ਮੈਨੂੰ ਭਗਤ ਕਹਿ ਰਹੀ ਹੈ ਪਰ ਮੇਰੀਆਂ ਤੇ ਇਹ ਖ਼ੂਬੀਆਂ ਹੈਨ ਕੋਈ ਨਹੀਂ।

*ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥*
*ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥ ੬੧ ॥* (ਅੰਗ ੧੩੮੧)
Farida kaalae maiddae kaparrae kaalaa maiddaa vaes.
gunehee bhariaa mai firaa lok kehai darvaes.61.
*Farid, my clothes are black, and my outfit is black.*
*I wander around full of sins,*
*and yet people call me a dervish - a holy man.61.*

ਲੋਕੀਂ ਦਰਵੇਸ਼ ਕਹੀ ਜਾਂਦੇ ਨੇ। ਮੈਂ ਦਰਵੇਸ਼ ਨਹੀਂ, ਅੰਦਰ ਕਮਜ਼ੋਰੀਆਂ ਦਿਖਾਈ ਦਿੰਦੀਆਂ ਨੇ। ਜੈਸੇ ਕੋਈ ਅੰਤਰਮੁਖੀ ਹੋਵੇ ਪਹਿਲੇ ਪਹਿਲੇ ਤੇ ਉਸ ਨੂੰ ਆਪਣੀਆਂ ਕਮਜ਼ੋਰੀਆਂ ਹੀ ਦਿੱਸਣਗੀਆਂ, ਜਨਮਾਂ-ਜਨਮਾਂਤਰਾਂ ਦੀਆਂ। ਪਤਾ ਹੈ ਇਕੱਲਾ ਬੈਠਣ ਤੋਂ ਬੰਦਾ ਡਰਦਾ ਕਿਉਂ ਹੈ, ਇਕੱਲੇ ਬੈਠਣ ਤੇ ਮਨੁੱਖ ਨੂੰ ਆਪਣੀਆਂ ਕਮਜ਼ੋਰੀਆਂ ਦਿਖਾਈ ਦਿੰਦੀਆਂ ਨੇ। ਦੂਜਾ, ਤੀਜਾ, ਚੌਥਾ, ਪੰਜਵਾਂ ਚਾਹੀਦਾ ਹੈ। ਮੇਰੇ ਦੇਖੇ, ਮਰਯਾਦਾ ਵਿਚ ਜਿਉਣ ਵਾਲਾ ਮਨੁੱਖ ਓਹੀ ਹੈ ਜੋ ਇਕੱਲਾ ਬੈਠ ਸਕਦਾ ਹੈ। ਇਕੱਲਾ ਪ੍ਰਸੰਨ ਬੈਠ ਸਕਦਾ ਹੈ, ਇਕੱਲਾ ਅਨੰਦ ਵਿਚ ਬੈਠ ਸਕਦਾ ਹੈ। ਮੈਂ ਹੈਰਾਨ ਹਾਂ, ਮਨੁੱਖ ਪੁੱਤਰਾਂ ਨਾਲ ਬੈਠ ਸਕਦਾ ਹੈ, ਮਿੱਤਰਾਂ ਨਾਲ ਬੈਠ ਸਕਦਾ ਹੈ, ਪਰਵਾਰ ਨਾਲ ਬੈਠ ਸਕਦਾ ਹੈ। ਇਹ ਨਹੀਂ ਤੇ ਕਮ-ਅਜ਼-ਕਮ ਕੋਈ ਕਿਤਾਬ ਚਾਹੀਦੀ ਹੈ, ਕੋਈ ਰੇਡੀਓ ਚਾਹੀਦਾ ਹੈ, ਟੀ.ਵੀ.ਚਾਹੀਦਾ ਹੈ। ਕੁਛ ਨਾ ਕੁਛ ਚਾਹੀਦਾ ਹੈ। ਮਨੁੱਖ ਆਪਣੇ ਨਾਲ ਨਹੀਂ ਬੈਠ ਸਕਦਾ। ਪਤਨੀ ਨਾਲ ਬੈਠ ਸਕਦਾ ਹੈ, ਪਤਨੀ ਪਤੀ ਨਾਲ ਬੈਠ ਸਕਦੀ ਹੈ ਔਰ ਕਿਧਰੇ-ਕਿਧਰੇ ਦੁਸ਼ਮਨਾਂ ਨਾਲ ਵੀ ਬੈਠ ਸਕਦਾ ਹੈ, ਪਰ ਆਪਣੇ ਆਪ ਦੇ ਨਾਲ ਨਹੀਂ ਬੈਠ ਸਕਦਾ, ਕਾਰਣ? ਐਸਾ ਕਿਉਂ? ਪਤਾ ਹੈ, ਆਪਣੇ ਆਪ ਦੇ ਨਾਲ ਕੀ ਹੋਣਾ ਹੈ। ਜੈਸੇ ਬੰਦਾ ਅੰਤਰਮੁਖੀ ਹੁੰਦਾ ਹੈ, ਅੰਦਰ ਬੇਚੈਨੀਆਂ ਨੇ, ਗ਼ਮ ਹੈ, ਦੁੱਖ ਹੈ, ਤਨਾਓ ਹੈ, ਫਿਕਰ ਹੈ, ਚਿੰਤਾ ਹੈ। ਅਗਰ ਹੋਰ ਥੋੜਾ ਗਹਿਰਾ ਜਾਏ ਤੇ ਵਿਕਾਰ ਨੇ। ਇਸ ਲਈ ਮਨੁੱਖ ਇਕ ਦਮ ਆਪਣੇ ਤੋਂ ਭੱਜਦਾ ਹੈ। ਕੋਈ ਵੀ ਮਨੁੱਖ ਇਕੱਲਾ ਬੈਠਣਾ ਨਹੀਂ ਚਾਹੁੰਦਾ।

ਮੈਂ ਅਰਜ਼ ਕਰਾਂ, ਧਾਰਮਿਕ ਸਾਧਨਾ ਲਈ ਤੇ ਇਕੱਲ ਚਾਹੀਦੀ ਹੈ। ਧਰਮ ਦੀ ਸਾਧਨਾ ਤੂੰ ਇਕੱਲਾ ਬੈਠ, ਵਾਹਿਗੁਰੂ ਮੰਤਰ ਦਾ ਜਾਪ ਕਰ, ਜੈਸੇ ਹੀ ਤੇਰਾ ਧਿਆਨ ਅੰਤਰਮੁਖੀ ਹੋਵੇਗਾ, ਤੈਨੂੰ ਆਪਣੀਆਂ ਕਮਜ਼ੋਰੀਆਂ ਦਾ ਪਤਾ ਚਲੇਗਾ। ਤੈਨੂੰ ਆਪਣੀਆਂ ਮਜਬੂਰੀਆਂ ਦਾ ਪਤਾ ਚਲੇਗਾ। ਕਹਿੰਦੇ ਨੇ ਜਿਸ ਨੂੰ ਆਪਣੀਆਂ ਕਮਜ਼ੋਰੀਆਂ ਦਿਖਾਈ ਦੇ ਜਾਣ, ਉਹ ਸਾਧਕ ਹੈ, ਉਹ ਇਸ ਮਾਰਗ ਤੇ ਚਲ ਪਿਆ ਹੈ। ਜਿਸ ਨੇ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰ ਲਿਆ, ਸੰਤ ਹੋ ਗਿਆ।

*ਸਾਧ ਨਾਮ ਨਿਰਮਲ ਤਾ ਕੇ ਕਰਮ ॥* (ਅੰਗ ੨੯੬)
saadh naam niramal taa kae karam.
*He is called a Holy person;*
*his actions are immaculate and pure.*

ਲੇਕਿਨ ਪਹਿਲਾ ਕਦਮ ਤੇ ਏਹੀ ਹੈ ਕਿ ਅੰਦਰ ਕਮਜ਼ੋਰੀਆਂ ਦਿਖਾਈ ਦੇਣਗੀਆਂ।

ਆਖ਼ਰੀ ਮੁਗਲ ਸਮਰਾਟ, ਬਹਾਦਰ ਸ਼ਾਹ ਜ਼ਫ਼ਰ। ਉਸ ਦਾ ਇਕ ਸ਼ੇਅਰ ਸਾਹਮਣੇ ਆ ਗਿਆ ਹੈ, ਉਹ ਰੰਗੂਨ ਦੀ ਕੈਦ ਵਿਚ ਸੀ, ਓਥੇ ਹੀ ਮਰਿਆ ਔਰ ਜੇਲ੍ਹ ਦੀ ਤੰਗ ਕੋਠੜੀ ਵਿਚ ਜਦ ਅੰਗਰੇਜ਼ਾਂ ਨੇ ਉਸ ਨੂੰ ਬੰਦ ਕਰ ਦਿੱਤਾ ਅਤੇ ਹੋਰ ਕੋਈ ਚਾਰਾ ਰਿਹਾ ਨਾ, ਬਾਰ-ਬਾਰ ਆਪਣੇ ਆਪ ਦੇ ਨਾਲ ਬੈਠਣਾ, ਬੇਚੈਨ, ਦੁਖੀ ਆਖ਼ਿਰ ਤਸਬੀ ਫੇਰਨੀ ਸ਼ੁਰੂ ਕਰ ਦਿੱਤੀ, ਨਮਾਜ਼ ਪੜ੍ਹਨੀ ਸ਼ੁਰੂ ਕਰ ਦਿੱਤੀ, ਸਹਿਜੇ-ਸਹਿਜੇ ਧਿਆਨ ਗਹਿਰਾ ਜਾਣ ਲਗ ਪਿਆ। ਰੱਬ ਦਾ, ਪਰਮਾਤਮਾ ਦਾ ਜਪਿਆ ਹੋਇਆ ਨਾਮ ਵਿਅਰਥ ਨਹੀਂ ਜਾਂਦਾ, ਇਹ ਵੀ ਮੈਂ ਅਰਜ਼ ਕਰ ਦਿਆਂ :-

*ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ॥*

(ਅੰਗ ੭੮੪)

patit paavan har birad sadaaeae eik til nehee bhannai ghaalae.
*It is the Lord's natural way to purify sinners;*
*He does not overlook even an iota of service.*

ਇਕ ਤਿਲ ਜਿੰਨੀ ਘਾਲਣਾ ਵਿਅਰਥ ਨਹੀਂ ਜਾਂਦੀ, ਲੇਖੇ ਲਗਦੀ ਹੈ, ਫਲੀਭੂਤ ਹੁੰਦੀ ਹੈ। ਇਕ ਮਿੰਟ ਦਾ ਜਪਿਆ ਹੋਇਆ ਨਾਮ ਵੀ ਵਿਅਰਥ ਨਹੀਂ ਜਾਂਦਾ। ਇਕ ਘੰਟੇ ਦੀ ਕੀਤੀ ਹੋਈ ਬੰਦਗੀ ਵਿਅਰਥ ਨਹੀਂ ਜਾਂਦੀ। ਕੋਈ ਕਰੇ ਤੇ ਸਈ। ਬਹਾਦਰ ਸ਼ਾਹ ਜ਼ਫ਼ਰ ਦਾ ਧਿਆਨ ਅੰਤਰਮੁਖੀ ਹੋਣ ਲਗ ਪਿਆ ਔਰ ਇਹ ਬੜਾ ਬੁਲੰਦ-ਪਾਇਆ ਸ਼ਾਇਰ ਸੀ, ਕਵੀ ਸੀ। ਇਸ ਦੀ ਇਹ ਨਜ਼ਮ ਮਾਰਫ਼ਤ ਨਾਲ ਭਰੀ ਹੋਈ ਏ, ਬਹੁਤ ਵੱਡੀ ਸਚਾਈ ਨਾਲ ਭਰੀ ਹੋਈ ਏ। ਉਹ ਕਹਿੰਦਾ ਹੈ:-

ਜਬ ਨਾ ਥੀ ਅਪਨੇ ਗੁਨਾਹੋਂ ਕੀ ਖ਼ਬਰ,
ਦੇਖਤੇ ਥੇ ਦੁਨੀਆਂ ਕੇ ਐਬੋ ਹੁਨਰ।
ਜਬ ਅਪਨੇ ਗੁਨਾਹੋਂ ਪੇ ਪੜੀ ਨਿਗਾਹ,
ਤੋ ਜਹਾਨ ਮੇਂ ਕੋਈ ਬੁਰਾ ਨਾ ਰਹਾ।
ਜ਼ਫ਼ਰ ਆਦਮੀ ਉਸ ਕੋ ਨਾ ਜਾਨੀਏਗਾ,
ਹੋ ਵੋ ਕਿਤਨਾ ਹੀ ਆਲਮ ਵਾ ਫ਼ੈਯਾਜ਼ੋ ਸਖਾ।
ਜਿਸੇ ਐਸ਼ ਮੇਂ ਯਾਦੇ ਖ਼ੁਦਾ ਨਾ ਰਹੀ।
ਜਿਸੇ ਤੈਸ਼ ਮੇਂ ਖ਼ੌਫ਼ੇ ਖ਼ੁਦਾ ਨਾ ਰਹਾ।

ਕਹਿੰਦਾ ਜਦ ਮੇਰੀਆਂ ਨਿਗਾਹਾਂ ਬਾਹਰ ਸਨ ਤੋ ਦੁਨੀਆਂ ਕੋਈ ਵਿੰਗੀ ਦਿਸਦੀ ਸੀ, ਕੋਈ ਟੇਢੀ ਦਿਸਦੀ ਸੀ, ਕੋਈ ਕਰੂਪ ਦਿਸਦਾ ਸੀ, ਕੋਈ ਚੋਰ ਦਿਸਦਾ ਸੀ, ਕੋਈ ਠੱਗ ਦਿਸਦਾ ਸੀ, ਕੋਈ ਬੇਈਮਾਨ ਦਿਸਦਾ ਸੀ, ਕੋਈ ਸ਼ੈਤਾਨ ਦਿਸਦਾ ਸੀ, ਬੱਸ ਸਭ ਕੁਛ ਇਹੀ ਦਿਸਦਾ ਸੀ। ਪਰ ਅੱਜ ਧਿਆਨ ਅੰਤਰਮੁਖੀ ਹੋ ਗਿਆ ਹੈ, ਬਾਕੀ ਦੁਨੀਆਂ ਤਾਂ ਖ਼ੁਦਾ ਦਾ ਰੂਪ ਦਿਖਾਈ ਦੇਣ ਲਗ ਪਈ ਹੈ, ਮੈਨੂੰ ਆਪਣਾ ਆਪ ਸ਼ੈਤਾਨ ਦਿਖਾਈ ਦੇਣ ਲਗ ਪਿਆ ਹੈ। ਮੈਨੂੰ ਆਪਣੇ ਔਗੁਣ ਦਿਖਾਈ ਦੇਣ ਲਗ ਪਏ। ਬਾਕੀ ਦੁਨੀਆਂ ਤੇ ਚੰਗੀ ਦਿਖਾਈ ਦੇਣ ਲਗ ਪਈ ਹੈ। ਅੰਤਰਮੁਖੀ ਹੋਣ ਦੀ ਇਕ ਇਹ ਅਵਸਥਾ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ

ਕਹਿੰਦੇ ਨੇ:-

***ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਪ੍ਰਣਵਤਿ ਨਾਨਕੁ ਤਾਰੇ ਸੋਇ॥ ੪॥ ੧॥ ੨॥***

(ਅੰਗ ੭੨੮)

ham nehee changae buraa nehee koe.
pranavat Nanak taarae soe.4.1.2.
*I am not good; no one is bad.*
*Prays Nanak, He alone saves us! .4.1.2.*

ਸਾਡਾ ਕੋਈ ਦਾਅਵਾ ਨਹੀਂ ਕਿ ਅਸੀਂ ਚੰਗੇ ਹਾਂ ਪਰ ਸਾਡਾ ਕੋਈ ਐਸਾ ਆਖਣਾ ਨਹੀਂ ਕਿ ਦੁਨੀਆਂ ਬੁਰੀ ਹੈ। ਇਕ ਅਵਸਥਾ ਬਣਦੀ ਹੈ।

***ਹਮ ਨਹੀ ਚੰਗੇ ਬੁਰਾ ਨਹੀ ਕੋਇ॥***
***ਪ੍ਰਣਵਤਿ ਨਾਨਕੁ ਤਾਰੇ ਸੋਇ॥ ੪॥ ੧॥ ੨॥*** (ਅੰਗ ੭੨੮)

ਪਹਿਲੇ ਆਪਣੀਆਂ ਬੁਰਾਈਆਂ ਦਿਖਾਈ ਦਿੰਦੀਆਂ ਨੇ। ਭਗਤ ਕਬੀਰ ਜੀ ਵੀ ਕਹਿੰਦੇ ਨੇ:-

***ਕਬੀਰ ਸਭ ਤੇ ਹਮ ਬੁਰੇ... ॥***

ਪਰ ਜੇ ਕੋਈ ਸਾਡੇ ਕੋਲੋਂ ਫ਼ੈਸਲਾ ਲਵੇ ਤੇ ਅਸੀਂ ਆਖਾਂਗੇ ਕਬੀਰ ਸਾਰਿਆਂ ਨਾਲੋਂ ਚੰਗਾ ਹੈ, ਸਾਰਿਆਂ ਨਾਲੋਂ ਮਹਾਨ ਹੈ, ਸਾਰਿਆਂ ਨਾਲੋਂ ਉੱਤਮ ਹੈ। ਪਰ ਕਬੀਰ ਜੀ ਕਹਿੰਦੇ ਨੇ ਕਾਇਨਾਤ ਵਿਚ ਜਿਤਨੇ ਵੀ ਮਨੁੱਖ ਨੇ, ਮੈਂ ਸਾਰਿਆਂ ਨਾਲੋਂ ਭੈੜਾ ਹਾਂ। ਇਹ ਅੰਮ੍ਰਿਤਮਈ ਬਚਨ ਨੇ, ਇਹਨਾਂ ਨੂੰ ਕਿਧਰੇ ਅਤਿ ਕਥਨੀ ਵੀ ਨਾ ਸਮਝ ਲੈਣਾ, ਯਤਾਰਥ ਨੇ:-

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥ ੭॥*** (ਅੰਗ ੧੩੬੪)

kabeer sabh tae ham burae ham taj bhalo sabh koe.
jin aisaa kar boojhiaa meett hamaaraa soe.7.
*Kabeer, I am the worst of all. Everyone else is good.*
*Whoever understands this is a friend of mine.7.*

ਅੰਤਰਮੁਖੀ ਨੂੰ ਆਪਣੀਆਂ ਕਮਜ਼ੋਰੀਆਂ ਦਿਖਾਈ ਦਿੰਦੀਆਂ ਨੇ। ਉਹ ਬਾਹਰ ਲੋਕਾਂ ਦੇ ਉੱਤੇ ਉੱਪਰ-ਉੱਪਰ ਨਿਗਾਹ ਰੱਖਦਾ ਹੈ, ਗਹਿਰਾ ਨਹੀਂ ਜਾਂਦਾ। ਬਾਹਰ ਤਾਂ ਹਰ ਇਕ ਦੇ ਕੋਲ ਕੋਈ ਨਾ ਕੋਈ ਗੁਣ ਹੈ। ਮਨੁੱਖ ਆਪਣੀਆਂ ਚੰਗਿਆਈਆਂ ਦੀ ਪ੍ਰਦਰਸ਼ਨੀ ਕਰਦਾ ਹੈ, ਨੁਮਾਇਸ਼ ਕਰਦਾ ਹੈ। ਚੰਗਿਆਈਆਂ ਤੇ ਬੰਦੇ ਨੇ ਉੱਪਰ ਰੱਖੀਆਂ ਹੋਈਆਂ ਹੁੰਦੀਆਂ ਨੇ। ਮੈਂ ਦਾਨੀ ਹਾਂ, ਮੈ ਗਿਆਨੀ ਹਾਂ, ਮੈਂ ਸਤਸੰਗੀ ਹਾਂ। ਪਰ ਇਹ ਠੱਗ ਹੈ, ਇਹ ਚੋਰ ਹੈ, ਇਹ ਤੇ ਸਭ ਕੁਛ ਬੰਦੇ ਨੇ ਛੁਪਾ ਕੇ ਰਖਿਆ ਹੋਇਆ ਹੈ, ਪਰਦਿਆਂ ਵਿਚ ਰਖਿਆ ਹੋਇਆ ਹੈ। ਹਰ ਇਕ ਨੇ ਪਰਦੇ ਪਾਏ ਹੋਏ ਨੇ।

*ਚੰਗਿਆਈਆਂ ਉੱਪਰ ਲਈ ਫਿਰਦਾ ਹੈ। ਇਹਦੇ ਨਾਲ ਕੀ ਹੁੰਦਾ ਹੈ। ਹੁਣ ਦੂਜਿਆਂ ਦਾ ਉੱਪਰ-ਉੱਪਰ ਦੇਖਣਾ, ਹੁਣ ਉੱਪਰ-ਉੱਪਰ ਤੇ ਸਾਰੇ ਹੀ ਚੰਗੇ ਨੇ। ਕੋਈ ਵੀ ਬੁਰਾ ਨਹੀਂ

ਹੈ। ਇਕ ਵੀ ਬੁਰਾ ਨਹੀਂ ਹੈ। ਉੱਪਰ-ਉੱਪਰ ਦੇਖਣਾ ਹੋਵੇ ਤਾਂ ਬੜੇ-ਬੜੇ ਡਾਕੂਆਂ ਦੇ ਉੱਪਰ ਵੀ ਕੁਛ ਨਾ ਕੁਛ ਭਲਾਈ ਦਿਖਾਈ ਦੇ ਜਾਂਦੀ ਹੈ। ਆਪਣੇ ਅੰਦਰ ਗਹਿਰੀ ਝਾਤ ਮਾਰਨੀ ਹੋਵੇ, ਗੁਸਤਾਖ਼ੀ ਮੁਆਫ਼, ਤਾਂ ਬੜੇ ਤੋਂ ਬੜੇ ਸਤਸੰਗੀਆਂ ਨੂੰ ਵੀ ਆਪਣੇ ਅੰਦਰ ਬੁਰਾਈ ਦਿਖਾਈ ਦੇ ਜਾਏਗੀ, ਕੁਛ ਨਾ ਕੁਛ ਖ਼ਾਮੀ ਦਿਖਾਈ ਦੇ ਜਾਏਗੀ। ਕੁਛ ਨਾ ਕੁਛ ਕਮਜ਼ੋਰੀ ਦਿਖਾਈ ਦੇ ਜਾਏਗੀ। ਇਕ ਤੇ ਇਹ ਹੈ ਕਿ ਦੂਜਿਆਂ ਨੂੰ ਸਿਰਫ਼ ਉੱਪਰ-ਉੱਪਰ ਵੇਖਣਾ, ਆਪਣੇ ਵਿਚ ਗਹਿਰਾ ਦੇਖਣਾ, ਜੈਸੇ ਗਹਿਰਾ ਦੇਖਦੇ ਹਾਂ ਤੇ ਆਪਣੇ ਅੰਦਰ ਤੇ ਕਈ ਜਨਮਾਂ ਦੇ ਮਾੜੇ ਸੰਸਕਾਰ ਪਏ ਨੇ, ਬੜਾ ਕੁਛ ਪਿਆ ਹੈ। ਇਸ ਤਰ੍ਹਾਂ ਦੇ ਪੁਰਸ਼ ਜਗਤ ਦੀ ਨਿੰਦਾ ਕਰਨ ਤੋਂ ਬਾਜ ਆ ਜਾਂਦੇ ਨੇ ਔਰ ਆਪਣੇ ਆਪ ਨੂੰ ਕਹਿੰਦੇ ਨੇ, ਅਸੀਂ ਬੁਰੇ ਹਾਂ:-

*ਕਬੀਰ ਸਭ ਤੇ ਹਮ ਬੁਰੇ..... ॥*

ਸੰਸਾਰੀ ਤੇ ਜਿਹੜਾ ਰਾਜਨੀਤਕ ਹੈ, ਇਹ ਦੂਜਿਆਂ ਦੀ ਸੱਤ ਪੀੜ੍ਹੀਆਂ ਨੂੰ ਭੰਡਣ ਲਗ ਪੈਂਦਾ ਹੈ। ਇਸ ਦਾ ਪਿਉ ਇੰਜ ਹੁੰਦਾ ਸੀ, ਇਸ ਦਾ ਦਾਦਾ ਇੰਜ ਹੁੰਦਾ ਸੀ, ਇਹਦਾ ਪੜਦਾਦਾ ਵੀ ਚੋਰ ਸੀ, ਇਸ ਦਾ ਨਕੜਦਾਦਾ (Great Grand Father) ਵੀ ਚੋਰ ਸੀ। ਬੜਾ ਦੂਰ ਤਕ ਚਲਾ ਜਾਂਦਾ ਹੈ, ਬੜਾ ਗਹਿਰਾ ਚਲਾ ਜਾਂਦਾ ਹੈ। ਇਹਦੇ ਬੱਚੇ ਵੀ ਠੀਕ ਨਹੀਂ, ਇਸ ਦੀ ਪਤਨੀ ਵੀ ਠੀਕ ਨਹੀਂ। ਇਹਦੇ ਭਰਾ ਵੀ ਠੀਕ ਨਹੀਂ, ਇਹ ਤੇ ਸਾਰਾ ਚੋਰਾਂ ਦਾ ਕੁਨਬਾ ਹੈ। ਬੜਾ ਗਹਿਰਾ ਚਲਾ ਜਾਂਦਾ ਹੈ। ਜਦ ਕੋਈ ਮਨੁੱਖ ਦੂਜਿਆਂ ਦੀ ਗਹਿਰਾਈ ਵਿਚ ਜਾਂਦਾ ਹੈ। ਆਪਣੀ ਗਹਿਰਾਈ ਤੋਂ ਬਚ ਜਾਂਦਾ ਹੈ, ਇਹ ਕੁਦਰਤੀ ਗੱਲ ਹੈ। ਬਾਰ-ਬਾਰ ਦੂਜਿਆਂ ਨੂੰ ਭੰਡਣ ਵਾਲਾ ਮਨੁੱਖ ਇਸ ਗੱਲ ਦਾ ਸਬੂਤ ਦੇ ਰਿਹਾ ਹੈ ਕਿ ਇਸ ਨੇ ਆਪਣੇ ਅੰਦਰ ਝਾਤੀ ਨਹੀਂ ਮਾਰੀ। ਬਸ ਇਤਨੀ ਗੱਲ ਹੈ। ਇਹ ਅੰਤਰਮੁਖੀ ਨਹੀਂ ਹੈ। ਇਹਨੂੰ ਮਰਯਾਦਾ ਵਿਚ ਜਿਊਣ ਦੀ ਜਾਚ ਨਹੀਂ ਆਈ। ਯਕੀਨ ਜਾਣੋ, ਸਤ ਪੁਰਸ਼ ਕਦੇ ਕਿਸੇ ਨੂੰ ਸਿੱਧਾ ਨਹੀਂ ਕਹਿੰਦਾ ਕਿ ਤੂੰ ਬੁਰਾ ਹੈਂ। ਦਿੱਸ ਪਿਆ ਸੀ ਧੰਨ ਗੁਰੂ ਨਾਨਕ ਦੇਵ ਜੀ ਨੂੰ ਕਿ ਤੂੰ ਸੱਜਣ ਨਹੀਂ ਹੈਂ, ਠੱਗ ਹੈਂ। ਪਰ ਬੜੇ ਸੋਹਣੇ ਢੰਗ ਨਾਲ ਉਸ ਨੂੰ ਉਪਦੇਸ਼ ਕੀਤਾ ਹੈ।

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥* (ਅੰਗ ੭੨੯)

ਐ ਸੱਜਣ ! ਸੱਜਣ ਤੇ ਓਹੀ ਨੇ ਜੋ ਹਮੇਸ਼ਾ ਨਾਲ ਹੋਵਣ ਅਤੇ ਦੁੱਖ ਸੁਖ ਵਿਚ ਸਾਥ ਦੇਣ, ਰਹਿਬਰੀ ਕਰਨ। ਸਤਿਗੁਰ ਦੇ ਕਹਿਣ ਦਾ ਢੰਗ, ਸੱਜਣ ! ਤੂੰ ਠੱਗੀ ਜ਼ਰੂਰ ਕਰ, ਪਰ ਠੱਗ ਬਣ ਕੇ ਠੱਗੀ ਕਰ, ਸੱਜਣ ਬਣ ਕੇ ਨਹੀਂ। ਜਦ ਤੂੰ ਸੱਜਣ ਬਣ ਕੇ ਕਰਦਾ ਹੈਂ ਤਾਂ ਬਹੁਤੇ ਤੇਰੀ ਗਰਿਫ਼ਤ ਵਿਚ ਆ ਜਾਂਦੇ ਨੇ ਅਤੇ ਸੱਜਣਤਾ ਬਦਨਾਮ ਹੋ ਜਾਂਦੀ ਹੈ, ਧਰਮ ਬਦਨਾਮ ਹੋ ਜਾਂਦਾ ਹੈ। ਜਦ ਕੋਈ ਧਰਮ ਦੇ ਨਾਂ ਤੇ ਠੱਗੀ ਕਰੇ ਤਾਂ ਬਹੁਤੀ ਦੁਨੀਆਂ ਨੂੰ, ਧਰਮ ਤੋਂ ਸੱਟ ਲਗ ਜਾਂਦੀ ਹੈ, ਧਰਮ ਦੇ ਰਸਤੇ ਤੇ ਚਲਣ ਤੋਂ ਰੁਕ ਜਾਂਦੇ ਨੇ। ਗੁਰੂ ਗੋਬਿੰਦ ਸਿੰਘ ਜੀ ਦਾ ਫ਼ਰਮਾਨ:-

*ਪਾਪ ਕਰੋ ਪਰਮਾਰਥ ਕੈ ਜਿਹ ਪਾਪਨ ਤੇ ਅਤਿ ਪਾਪ ਲਜਾਹੀ ॥*

(ਦਸਮ ਗ੍ਰੰਥ ਅੰਗ ੧੧੦)

paap karo parmaarath kai jih paapan tae att paap lajaahee.

*Under the pretence of superb spiritual knowledge,*
*you are committing such sins, realizing which*
*even the greatest sins feel abashed.*

ਪਾਪ ਵੀ ਸ਼ਰਮਸਾਰ ਹੋ ਜਾਂਦੇ ਨੇ ਉਸ ਬੰਦੇ ਤੋਂ, ਜਿਹੜਾ ਪਾਪ ਧਰਮ ਦੇ ਨਾਂ ਤੇ ਕਰਦਾ ਹੈ। ਧਰਮ ਦੇ ਨਾਂ ਤੇ ਠੱਗੀ, ਧਰਮ ਦੇ ਨਾਂ ਤੇ ਚੋਰੀ, ਧਰਮ ਦੇ ਨਾਂ ਤੇ ਯਾਰੀ, ਧਰਮ ਦੇ ਨਾਂ ਤੇ ਝਗੜਾ, ਧਰਮ ਦੇ ਨਾਂ ਤੇ ਕਲ ਕਲੇਸ਼, ਧਰਮ ਦੇ ਨਾਂ ਤੇ ਵਿਤਕਰੇ। ਤੇ ਕਹਿੰਦੇ ਨੇ, ਇਸ ਦੇ ਨਾਲ ਪਾਪ ਲਜਾਏਮਾਨ ਹੋ ਜਾਂਦੇ ਨੇ, ਬਈ ਕੰਬਖ਼ਤਾ ਤੂੰ ਸਾਨੂੰ ਕਿਹੜੀ ਜਗ੍ਹਾ ਵਰਤਿਆ, ਕਿਸ ਲਈ ਵਰਤਿਆ। ਪਾਪ ਵੀ ਕਹਿ ਦਿੰਦਾ ਹੈ, ਚਲੋ ਕਿਸੇ ਬੁਰੀ ਥਾਂ ਤੇ ਸਾਨੂੰ ਵਰਤਣਾ ਸੀ। ਤੂੰ ਸਾਨੂੰ ਵਰਤਿਆ ਧਰਮ ਦੇ ਨਾਂ ਤੇ।

***ਪਾਪ ਕਰੋ ਪਰਮਾਰਥ ਕੈ ਜਿਹ ਪਾਪਨ ਤੇ ਅਤਿ ਪਾਪ ਲਜਾਹੀ॥***

(ਦਸਮ ਗ੍ਰੰਥ, ਅੰਗ ੧੧੦)

ਧਰਮ ਦੇ ਨਾਂ ਤੇ ਤੂੰ ਚੋਰੀ ਕੀਤੀ, ਧਰਮ ਦੇ ਨਾਂ ਤੇ ਤੂੰ ਠੱਗੀ ਕੀਤੀ। ਪਾਪ ਵੀ ਕੰਬ ਉਠਦੇ ਨੇ। ਤੇ ਖ਼ੈਰ ਮੈਂ ਅਰਜ਼ ਕਰਾਂ, ਅਕਸਰ ਸਤ ਪੁਰਸ਼ ਦੂਜਿਆਂ ਦੇ ਵਿਚ ਗਹਿਰੇ ਨਹੀਂ ਜਾਂਦੇ, ਉੱਪਰ-ਉੱਪਰ ਦੇਖਦੇ ਨੇ, ਅਕਸਰ ਸਤ ਪੁਰਸ਼ ਆਪਣੇ ਵਿਚ ਬਹੁਤ ਗਹਿਰੇ ਜਾਂਦੇ ਨੇ ਤੇ ਜੈਸੇ ਗਹਿਰਾਈ ਵਿਚ ਜਾਂਦੇ ਨੇ ਤਾਂ ਜਨਮ-ਜਨਮਾਂਤਰਾਂ ਦੇ ਸੰਸਕਾਰ, ਪਤਿਤ ਸੰਸਕਾਰ ਦਿਖਾਈ ਦੇ ਜਾਂਦੇ ਨੇ, ਦਿਸ ਪੈਂਦੇ ਨੇ। ਆਮ ਸੰਸਾਰੀ ਦੂਜਿਆਂ ਵਿਚ ਬੜਾ ਗਹਿਰਾ ਜਾਂਦਾ ਹੈ, ਵੇਖੀਏ ਇਹਦਾ ਪਿਉ ਕੀ ਸੀ, ਇਹਦਾ ਦਾਦਾ ਕੀ ਸੀ, ਇਹਦਾ ਪੜਦਾਦਾ ਕੀ ਸੀ। ਰਾਜਨੀਤਕ ਲੋਗ ਜਦ ਇਕ ਦੂਜੇ ਨੂੰ ਭੰਡਣ ਲਗਦੇ ਨੇ ਤਾਂ ਇਕ ਦੂਜੇ ਨੂੰ , ਯਕੀਨ ਜਾਣੋ ਸੱਤ ਪੀੜ੍ਹੀਆਂ ਤਕ ਭੰਡ ਕੇ ਰੱਖ ਦਿੰਦੇ ਨੇ, ਕਬਰਾਂ ਵਿਚੋਂ ਮੁਰਦੇ ਕੱਢ ਛੱਡਦੇ ਨੇ। ਇਤਨਾ ਕਰਦੇ ਨੇ, ਕਿਉਂਕਿ ਦੂਜੇ ਵਿਚ ਬਹੁਤ ਗਹਿਰਾ ਜਾਣਾ। ਬੜਾ ਗਹਿਰਾ ਚਲਾ ਜਾਂਦੇ ਨੇ। ਬਹਾਦਰ ਸ਼ਾਹ ਜ਼ਫ਼ਰ ਵੀ ਕਿਸੇ ਵਕਤ ਰਾਜਨੀਤਕ ਸੀ, ਅੱਜ ਫਕੀਰ ਹੋ ਗਿਆ, ਅੱਜ ਬੰਦਗੀ ਕਰਨ ਲਗ ਪਿਆ, ਅੱਜ ਧਿਆਨ ਅੰਤਰਮੁਖੀ ਹੋ ਗਿਆ, ਤੇ ਕਹਿੰਦਾ ਹੈ:-

ਜਬ ਨਾ ਥੀ ਅਪੁਨੇ ਗੁਨਾਹੋਂ ਕੀ ਖ਼ਬਰ,
ਦੇਖਤੇ ਥੇ ਦੁਨੀਆਂ ਕੇ ਐਬੋ ਹੁਨਰ।
ਜਬ ਅਪਨੇ ਗੁਨਾਹੋਂ ਪੇ ਪੜੀ ਨਿਗਾਹ,
ਤੋ ਜਹਾਨ ਮੇਂ ਕੋਈ ਬੁਰਾ ਨਾ ਰਹਾ।

ਕੁਛ ਵੀ ਬੁਰਾ ਨਹੀ ਹੈ। ਆਪਣੀਆਂ ਹੀ ਖ਼ਾਮੀਆਂ ਦਿਸ ਪਈਆਂ, ਆਪਣੀਆਂ ਕਮਜ਼ੋਰੀਆਂ ਦਿਸ ਪਈਆਂ ਔਰ ਉਹਨਾਂ ਨੂੰ ਸੁਆਰਨ ਤੇ ਸੁਧਾਰਨ ਦਾ ਖ਼ਿਆਲ ਆ ਗਿਆ। ਭਾਈ ਗੁਰਦਾਸ ਜੀ ਨੇ ਇਕ ਲੰਬੀ ਚੌੜੀ ਗਾਥਾ ਲਿਖੀ ਹੈ ਇਕ ਪਉੜੀ ਵਿਚ। ਕਹਿੰਦੇ ਨੇ, ਦਰਜੋਧਨ ਸ੍ਰੀ ਕ੍ਰਿਸ਼ਨ ਜੀ ਦੇ ਕੋਲ ਆਏ ਤੇ ਕਹਿਣ ਲਗੇ ਸਾਡਾ ਫ਼ੈਸਲਾ ਕਰਾਓ ਅਤੇ ਕ੍ਰਿਸ਼ਨ ਜੀ ਕਹਿਣ ਲਗੇ ਮੈਂ ਏਹੀ ਸੋਚ ਰਿਹਾ ਸੀ ਕਿ ਮੈਂ ਤੁਹਾਡਾ ਫ਼ੈਸਲਾ ਕਰਨਾ ਹੈ। ਪਰ ਤੂੰ ਇੰਜ ਕਰ, ਹਸਤਨਾਪੁਰ ਵਿਚ ਆਪ ਜਾਹ ਅਤੇ ਜਿਹੜਾ ਸਭ ਤੋਂ ਨੇਕ ਬੰਦਾ ਹੋਵੇ, ਚੰਗਾ ਬੰਦਾ ਹੋਵੇ, ਉਸ ਨੂੰ ਲੱਭ ਕੇ ਲਿਆ। ਯੁਧਿਸ਼ਟਰ ਨੇ ਵੀ ਬੇਨਤੀ ਕੀਤੀ ਸੀ ਕਿ ਸਾਨੂੰ ਪਰਵਾਨ

ਹੈ ਤੁਸੀਂ ਸਾਡਾ ਫ਼ੈਸਲਾ ਕਰਨਾ। ਸ੍ਰੀ ਕ੍ਰਿਸ਼ਨ ਕਹਿਣ ਲਗੇ ਯੁਧਿਸ਼ਟਰ ਨੂੰ ਕਿ ਤੂੰ ਵੀ ਇਕ ਕੰਮ ਕਰ, ਇਸ ਹਸਤਨਾਪੁਰ ਵਿਚ ਜਿਹੜਾ ਸਭ ਤੋਂ ਭੈੜਾ ਹੋਵੇ, ਸਭ ਤੋਂ ਬੁਰਾ ਹੋਵੇ, ਸਭ ਤੋਂ ਦੁਸ਼ਟ ਹੋਵੇ ਉਸ ਨੂੰ ਲੱਭ ਕੇ ਲਿਆ। ਕਹਿੰਦੇ ਨੇ ਚਲੇ ਗਏ। ਦਿਨ ਢਲਦਿਆਂ ਦੁਰਜੋਧਨ ਵਾਪਸ ਆਇਆ ਪਰ ਇਕੱਲਾ। ਸ੍ਰੀ ਕ੍ਰਿਸ਼ਨ ਕਹਿਣ ਲੱਗੇ ਮੈਂ ਤੈਨੂੰ ਕਿਹਾ ਸੀ ਕਿ ਕੋਈ ਨੇਕ ਬੰਦਾ ਲੱਭ ਕੇ ਲਿਆ। ਕੋਈ ਸ਼ਰਾਫਤ ਦਾ ਮੁਜੱਸਮਾ, ਕੋਈ ਭਲੇਮਾਨਸੀ ਦੀ ਮੂਰਤੀ, ਕੋਈ ਨਿਰਮਾਣਤਾ ਦੀ ਮੂਰਤੀ, ਕੋਈ ਦੂਰ ਦ੍ਰਿਸ਼ਟ, ਕੋਈ ਸਤ ਪੁਰਸ਼, ਨੇਕ ਬੰਦਾ ਲੱਭ ਕੇ ਲਿਆ। ਦਰਜੋਧਨ ਕਹਿੰਦਾ, ਮੈਂ ਸਾਰੇ ਹਸਤਨਾਪੁਰ ਵਿਚ ਨਿਗਾਹ ਮਾਰੀ ਏ, ਕੰਬਖ਼ਤ ਸਾਰਿਆਂ ਦੇ ਵਿਚ ਕੁੱਝ ਨਾ ਕੁੱਝ ਖ਼ਾਮੀਆਂ ਨੇ, ਉਹਨਾਂ ਸਾਰਿਆਂ ਨਾਲੋਂ ਤੇ ਮੈਂ ਹੀ ਚੰਗਾ ਹਾਂ ਅਤੇ ਤੁਹਾਡੇ ਕੋਲ ਖੜਾ ਹਾਂ। ਕੀ ਫ਼ੈਸਲਾ ਕਰਨਾ ਹੈ ਕਰੋ। ਕਹਿੰਦੇ ਨੇ ਜਦ ਰਾਤ ਪੈ ਗਈ ਤੇ ਥੱਕਿਆ ਹਾਰਾ ਯੁਧਿਸ਼ਟਰ ਵੀ ਆ ਗਿਆ। ਇਹ ਵੀ ਇਕੱਲਾ ਆਇਆ ਅਤੇ ਸ੍ਰੀ ਕ੍ਰਿਸ਼ਨ ਕਹਿਣ ਲੱਗੇ ਤੈਨੂੰ ਕਿਹਾ ਸੀ, ਕੋਈ ਬੁਰਾ ਮਨੁੱਖ ਲੱਭ ਕੇ ਲਿਆ, ਤੂੰ ਨਹੀਂ ਲਿਆਇਆ। ਹੱਥ ਜੋੜ ਕੇ ਖੜਾ ਹੋ ਗਿਆ, ਕਹਿਣ ਲੱਗਾ ਕਿ ਤੁਹਾਡੇ ਸਾਹਮਣੇ ਹੀ ਖੜਾ ਹੈ। ਜੇ ਬੁਰਾ ਹੀ ਮਨੁੱਖ ਚਾਹੀਦਾ ਹੈ ਤਾਂ ਮੈਂ ਖੜਾ ਹਾਂ। ਮੈਂ ਦੇਖਿਆ ਹੈ, ਸਾਰੇ ਹੀ ਮੈਥੋਂ ਚੰਗੇ ਨੇ। ਤੁਸੀਂ ਕਿਹਾ ਸੀ ਸਭ ਤੋਂ ਬੁਰਾ, ਤੋ ਇਸ ਸ਼ਹਿਰ ਦਾ ਤੇ ਮੈਂ ਹੀ ਸਭ ਤੋਂ ਬੁਰਾ ਮਨੁੱਖ ਹਾਂ। ਹੁਣ ਐਸਾ ਨਹੀਂ ਸੀ ਕਿ ਹਸਤਨਾਪੁਰ ਵਿਚ ਬੁਰੇ ਨਹੀਂ ਸਨ ਤੇ ਭਲੇ ਨਹੀਂ ਸਨ, ਸਭ ਕੁਛ ਸਨ, ਪਰ ਦੇਖਣ-ਦੇਖਣ ਦਾ ਢੰਗ ਹੈ। ਇਕ ਦੂਜਿਆਂ ਦੇ ਉੱਤੇ ਉੱਪਰ-ਉੱਪਰ ਵੇਖ਼ਦਾ ਹੈ। ਉੱਪਰ-ਉੱਪਰ ਤੇ ਹਰ ਇਕ ਦੇ ਗੁਣ ਪਏ ਨੇ। ਇਕ ਦੂਜਿਆਂ ਵਿਚ ਬਹੁਤ ਗਹਿਰਾ ਵੇਖਦਾ ਹੈ ਪਰ ਆਪਣੇ ਵਿਚ ਉੱਪਰ-ਉੱਪਰ ਵੇਖਦਾ ਹੈ। ਹਰ ਮਨੁੱਖ ਦੇ ਉੱਪਰ-ਉੱਪਰ ਤੇ ਚੰਗਿਆਈਆਂ ਨੇ, ਹਰ ਮਨੁੱਖ ਨੇ ਉੱਪਰ-ਉੱਪਰ ਚਿਕਨਾ-ਚੁਪੜੀ ਕੀਤੀ ਹੋਈ ਏ, ਲੇਪਾਪੂਤੀ ਕੀਤੀ ਹੋਈ ਏ ਸ਼ਰਾਫ਼ਤ ਦੀ, ਭਲੇਮਾਣਸੀ ਦੀ, ਨੇਕੀ ਦੀ, ਹਰ ਇਕ ਨੇ ਆਪਣੇ ਉੱਪਰ ਪੇਂਟ ਕੀਤਾ ਹੋਇਆ ਹੈ, ਚਿਤਰਕਾਰੀ ਕੀਤੀ ਹੋਈ ਹੈ।

ਮੈਂ ਅਰਜ਼ ਕਰਾਂ ਜਿਹੜਾ ਮਨੁੱਖ ਥੋੜਾ ਜਿਹਾ ਅੰਤਰਮੁਖੀ ਹੁੰਦਾ ਹੈ, ਉਹ ਹੈਰਾਨ ਹੋ ਜਾਂਦਾ ਹੈ ਕਿ ਐਨੀਆਂ ਬੁਰਾਈਆਂ ਮੇਰੇ ਵਿਚ। ਇਸ ਵਾਸਤੇ ਆਪਣੇ ਆਪ ਦੇ ਨਾਲ ਬੈਠਣਾ ਬੜਾ ਔਖਾ ਹੈ। ਮਨੁੱਖ ਆਪਣੇ ਤੋਂ ਭੱਜਦਾ ਹੈ, ਦੂਰ ਹਟਦਾ ਹੈ। ਇਹ ਪੁੱਤਰ ਨਾਲ ਬੈਠ ਸਕਦਾ ਹੈ, ਮਿੱਤਰ ਨਾਲ ਬੈਠ ਸਕਦਾ ਹੈ, ਪਤਨੀ ਨਾਲ ਬੈਠ ਸਕਦਾ ਹੈ, ਪਤਨੀ ਪਤੀ ਨਾਲ ਬੈਠ ਸਕਦੀ ਹੈ। ਇਹ ਪੜੋਸੀਆਂ ਨਾਲ ਬੈਠ ਸਕਦਾ ਹੈ, ਕੁੱਝ ਨਹੀਂ ਤੇ ਕੋਈ ਕਿਤਾਬ ਚਾਹੀਦੀ ਹੈ, ਅਖ਼ਬਾਰ ਚਾਹੀਦੀ ਹੈ, ਟੀ. ਵੀ. ਚਾਹੀਦਾ ਹੈ, ਰੇਡੀਓ ਚਾਹੀਦਾ ਹੈ, ਮਨੁੱਖ ਆਪਣੇ ਆਪ ਨਾਲ ਨਹੀਂ ਬੈਠ ਸਕਦਾ।

ਇਕ ਫਕੀਰ ਨਦੀ ਦੇ ਤਟ ਤੇ ਇਕੱਲਾ ਬੈਠਾ ਸੀ, ਉਸ ਦੇ ਦੋਸਤ ਨੇ ਦੇਖਿਆ, ਬਈ ਮੇਰਾ ਮਿੱਤਰ ਇਕੱਲਾ ਬੈਠਾ ਹੈ। ਮੈਂ ਚਲ ਕੇ ਇਸ ਨੂੰ ਸਾਥ ਦੇਵਾਂ, ਇਕੱਲਾਪਨ ਮਨੁੱਖ ਨੂੰ ਅਖਰਦਾ ਹੈ। ਇਹ ਮੈਂ ਜੇਲ੍ਹ ਦੇ ਵਿਚ ਵੀ ਦੇਖਿਆ ਹੈ, ਸਭ ਤੋਂ ਕਰੜੀ ਸਜ਼ਾ ਜਿਸ ਨੂੰ ਦੇਣੀ ਹੋਵੇ, ਕਹਿੰਦੇ ਨੇ ਇਸ ਨੂੰ ਇਕੱਲਾ ਰੱਖੋ। ਇਸ ਦੇ ਨਾਲ ਦੂਜਾ ਨਹੀਂ ਹੋਣਾ ਚਾਹੀਦਾ, ਆਪੇ ਔਖਾ ਹੋਵੇਗਾ, ਆਪੇ ਮਾਨਸਿਕ ਤੌਰ ਤੇ ਬੇਚੈਨ ਹੋਵੇਗਾ, ਕਿਉਂਕਿ ਮਨ ਵਿਚ ਤੇ ਸਾਰੀਆਂ ਹੀ ਬੁਰਾਈਆਂ ਨੇ। ਇਕੱਲਾ ਮਨੁੱਖ ਤੇ ਮਨ ਦੇ ਤਲ ਤੇ ਜਿਊਣ ਲਗ ਪਵੇਗਾ। ਥੋੜਾ ਜਿਹਾ ਵੀ

ਅੰਤਰਮੁਖੀ ਹੋਵੇਗਾ ਤੇ ਅੰਦਰ ਫਿਕਰ, ਚਿੰਤਾ, ਦੁੱਖ, ਤਨਾਉ। ਸਭ ਤੋਂ ਵੱਡੀ ਭਾਰਤ ਤੇ ਦੁਨੀਆ ਵਿਚ ਸਜ਼ਾ ਮੰਨਦੇ ਨੇ ਕਿ ਇਸ ਨੂੰ ਇਕੱਲਾ ਰੱਖੋ। ਚਾਰ ਦਿਨਾਂ ਵਿਚ ਠੀਕ ਹੋ ਜਾਏਗਾ, ਆਖੇਗਾ ਮੈਨੂੰ ਸਾਰਿਆਂ ਨਾਲ ਰੱਖੋ।

ਤੇ ਕਹਿਣ ਤੋਂ ਮੁਰਾਦ, ਤਨਹਾਈ ਨੂੰ ਇਕ ਬੋਝ ਮੰਨਿਆਂ ਗਿਆ ਹੈ, ਇਕ ਦੁੱਖ ਮੰਨਿਆਂ ਗਿਆ ਹੈ। ਉਸ ਫਕੀਰ ਨੇ ਦੇਖਿਆ ਕਿ ਮੇਰਾ ਮਿੱਤਰ ਇਕੱਲਾ ਬੈਠਾ ਹੈ, ਇਸ ਨੂੰ ਮੈਂ ਸਾਥ ਦਿਆਂ। ਉਹ ਚਲਾ ਗਿਆ, ਜੈਸੇ ਹੀ ਉਸ ਫਕੀਰ ਦੇ ਕੋਲ ਬੈਠਦਾ ਹੈ ਤੇ ਕਹਿੰਦਾ ਹੈ, ਫਕੀਰ ਸਾਂਈ ਤੁਸੀਂ ਇਕੱਲੇ ਬੈਠੇ ਸੀ, ਮੈਂ ਤੁਹਾਡਾ ਸਾਥ ਦੇਣ ਲਈ ਆ ਗਿਆ ਹਾਂ। ਉਸ ਨੇ ਕਿਹਾ, ਮਿੱਤਰਾ, ਤੈਨੂੰ ਕਿਸ ਨੇ ਕਹਿ ਦਿੱਤਾ ਕਿ ਮੈਂ ਇਕੱਲਾ ਬੈਠਾ ਸੀ। ਮੈਂ ਤੇ ਆਪਣੇ ਆਪ ਦੇ ਨਾਲ ਬੈਠਾ ਸੀ, ਹੁਣ ਤੂੰ ਆਇਆ ਹੈਂ ਮੈਨੂੰ ਇਕੱਲਿਆਂ ਕਰ ਛੱਡਿਆ ਈ, ਮੈਨੂੰ ਆਪਣੇ ਨਾਲੋਂ ਤੋੜ ਦਿੱਤਾ ਈ।

ਧਰਮ ਦੀ ਇਹ ਸਾਧਨਾ ਹੈ ਕਿ ਪਹਿਲੇ ਚਰਣ ਵਿਚ ਆਪਣੇ ਆਪ ਦੇ ਨਾਲ ਬੈਠ, ਅਗਰ ਤੂੰ ਆਪਣੇ ਆਪ ਨਾਲ ਬੈਠਣ ਵਿਚ ਸਫਲ ਹੋ ਗਿਆ ਤੇ ਇਕ ਦਿਨ ਗੁਰੂ ਨਾਲ ਬੈਠੇਂਗਾ, ਰੱਬ ਨਾਲ ਬੈਠੇਂਗਾ। ਪਹਿਲੇ ਤੇ ਤੇਰਾ ਆਪਣਾ ਆਪ ਹੈ। ਪਰ ਜੇ ਤੂੰ ਆਪਣੇ ਆਪ ਨਾਲ ਬੈਠਣ ਵਿਚ ਸਫਲ ਨਾ ਹੋਇਆ ਤੇ ਗੁਰੂ ਕੋਲ ਨਹੀਂ ਬੈਠ ਸਕੇਂਗਾ। ਸਾਰੀ ਦੁਨੀਆਂ ਗੁਰਦੁਆਰੇ ਆਉਂਦੀ ਹੈ, ਕੌਣ ਗੁਰੂ ਕੋਲ ਬੈਠਦਾ ਹੈ? ਇਸ ਚੱਕਰ ਵਿਚ ਨਾ ਪੈਣਾ, ਗੁਸਤਾਖ਼ੀ ਮੁਆਫ਼, ਹਾਜ਼ਰੀ ਭਰਨੀ ਹੋਰ ਗੱਲ ਹੈ, ਗੁਰੂ ਦੀ ਹਜ਼ੂਰੀ ਵਿਚ ਚਲੇ ਜਾਣਾ ਹੋਰ ਗੱਲ ਹੈ। ਹਾਜ਼ਰੀ ਤੇ ਹਜ਼ਾਰਾਂ ਭਰ ਲੈਂਦੇ ਨੇ, ਕੋਈ ਬਹੁਤ ਵੱਡੀ ਗੱਲ ਨਹੀਂ। ਗੁਰੂ ਦੀ ਹਜ਼ੂਰੀ ਵਿਚ ਕੋਈ-ਕੋਈ ਜਾਂਦਾ ਹੈ, ਕਿਸੇ ਦੀ ਸੁਰਤ ਸ਼ਬਦ ਨਾਲ ਜੁੜਦੀ ਹੈ, ਜੋ ਅਨੰਦ ਲੈਂਦੀ ਹੋਵੇ, ਰਸ ਲੈਂਦੀ ਹੋਵੇ, ਨਹੀਂ ਤੇ ਗੁਰੂ ਦੀ ਹਜ਼ੂਰੀ ਵਿਚ ਕੋਈ ਨਹੀਂ ਜਾਂਦਾ। ਸਭ ਬੰਦੇ ਆਪਣੇ ਤੋਂ ਦੂਰ ਭੱਜਣ ਦੀ ਕੋਸ਼ਿਸ਼ ਕਰਦੇ ਨੇ। ਗੁਰੂ ਕੋਲ ਬੈਠਣ ਤੋਂ ਪਹਿਲੇ ਆਪਣੇ ਨਾਲ ਬੈਠਣਾ ਹੈ। ਗੁਰਦੁਆਰੇ ਬੈਠਿਆਂ-ਬੈਠਿਆਂ ਜਿਸ ਨੂੰ ਆਪਣੀਆਂ ਖ਼ਾਮੀਆਂ ਦਿੱਸਣ ਲਗ ਪੈਣ, ਆਪਣੀਆਂ ਕਮਜ਼ੋਰੀਆਂ ਦਿੱਸਣ ਲਗ ਪੈਣ, ਇਕ ਗੱਲ ਸਪੱਸ਼ਟ ਹੋ ਗਈ, ਕਿ ਇਸ ਨੂੰ ਆਪਣੇ ਆਪ ਨੂੰ ਦੇਖਣਾ ਆ ਗਿਆ ਹੈ। ਜਾਚ ਆ ਗਈ ਹੈ, ਢੰਗ ਆ ਗਿਆ ਹੈ, ਤੌਰ ਤਰੀਕਾ ਆ ਗਿਆ ਹੈ। ਧਰਮ ਦੀ ਮੂਲ ਸਾਧਨਾ ਹੈ, ਆਪਣੇ ਆਪ ਨੂੰ ਦੇਖਣਾ ਅਤੇ ਦੇਖ ਜਿੱਥੇ-ਜਿੱਥੇ ਤੇਰੀ ਹੋਂਦ ਬੇ-ਮਰਯਾਦਾ ਹੈ, ਵੇਖੀਂ ਕਿਧਰੇ ਤੇਰਾ ਹਾਸ਼ਾ ਬੇ-ਮਰਯਾਦਾ ਨਾ ਹੋਵੇ, ਮੈਂ ਫਿਰ ਅਰਜ਼ ਕਰਾਂ ਮਨੁੱਖ ਹੱਸਦਾ ਹੈ ਦੂਜਿਆਂ ਦੀ ਕਮਜ਼ੋਰੀ ਤੇ। ਮਨੁੱਖ ਰੋਂਦਾ ਹੈ ਆਪਣੀ ਮਜਬੂਰੀ ਤੇ, ਬਗ਼ੌਰ ਮੁਤਾਲਅਹ ਕਰਨਾ। ਹੱਸ ਪੈਂਦੇ ਨੇ ਸੰਤ ਵੀ ਆਪਣੀ ਕਮਜ਼ੋਰੀ ਤੇ, ਰੋ ਪੈਂਦੇ ਨੇ ਸੰਤ ਵੀ ਦੂਜਿਆਂ ਦੀ ਮਜਬੂਰੀ ਤੇ।

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥*** (ਆਸਾ ਕੀ ਵਾਰ)

ਦੂਜਿਆਂ ਦੀ ਮਜਬੂਰੀ ਦੇਖ ਕੇ ਸੰਤ ਰੋ ਪੈਂਦਾ ਹੈ, ਹੈਂ! ਦੂਜੇ ਇਤਨੇ ਮਜਬੂਰ ਨੇ, ਇਤਨੇ ਦੁਖੀ ਨੇ, ਇਤਨੇ ਬੇਜ਼ਾਰ ਨੇ। ਹੱਸ ਪੈਂਦਾ ਹੈ ਆਪਣੀ ਕਮਜ਼ੋਰੀ ਤੇ। ਧੰਨ ਗੁਰੂ ਰਾਮਦਾਸ ਜੀ ਮਹਾਰਾਜ ਜੀ ਦਾ ਇਕ ਬੜਾ ਕੀਮਤੀ ਵਾਕ:-

***ਹਰਿ ਜਨੁ ਗੁਨ ਗਾਵਤ ਹਸਿਆ॥*** (ਅੰਗ ੧੩੧੯)

har jan gun gaavat hasiaa.
*The humble servant of the Lord*
*sings the Lord's Praise, and blossoms forth.*

ਹਰੀ ਦਾ ਜਨ ਪ੍ਰਭੂ ਦੇ ਗੁਣ ਗਾਉਂਦਿਆਂ ਗਾਉਂਦਿਆਂ ਹਸ ਪਿਆ। **ਹਰਿ ਜਨੁ ਗੁਨ ਗਾਵਤ ਹਸਿਆ॥** ਕਿਉਂ ਹਾਸੇ ਦੀ ਕੀ ਲੋੜ ਪੈ ਗਈ? ਆਪਣੀਆਂ ਕਮਜ਼ੋਰੀਆਂ ਦਿਖਾਈ ਦਿੱਤੀਆਂ। ਕਮਜ਼ੋਰੀਆਂ ਚਾਹੇ ਆਪਣੀਆਂ ਹੋਣ, ਚਾਹੇ ਦੂਜੇ ਦੀਆਂ, ਹਾਸਾ ਤੇ ਆਵੇਗਾ ਹੀ। ਜੋ ਆਪਣੀਆਂ ਕਮਜ਼ੋਰੀਆਂ ਤੇ ਹੱਸ ਪਿਆ ਉਹ ਸੰਤ ਹੈ, ਉਹ ਭਗਤ ਹੈ ਅਤੇ ਜੋ ਦੂਜਿਆਂ ਦੀ ਕਮਜ਼ੋਰੀ ਤੇ ਹੱਸਦਾ ਪਿਆ ਹੈ, ਉਹ ਸੰਸਾਰੀ ਹੈ, ਹੋਰ ਕੀ ਹੈ। ਇਹ ਬਾਹਰ ਮੁਖੀ ਬੰਦਾ ਹੈ। **ਰੰਗਿ ਰੋਵਹਿ,** ਉਹ ਰੋਂਦਾ ਹੈ ਦੂਜਿਆਂ ਦੀ ਮਜਬੂਰੀ ਤੇ। ਜਦ ਕੋਈ ਮੇਰੇ ਕੋਲੋਂ ਪੁਛਦਾ ਹੈ ਕਿ ਧੰਨ ਗੁਰੂ ਨਾਨਕ ਦੇਵ ਜੀ ਨੇ ਨੌਂ ਖੰਡ ਪ੍ਰਿਥਵੀ ਦਾ ਭਰਮਣ ਕੀਤਾ, ਬਾਰ੍ਹਾਂ-ਬਾਰ੍ਹਾਂ ਸਾਲ ਦੀ ਇਕ-ਇਕ ਉਦਾਸੀ, ਇਤਨੇ ਪੈਂਡੇ ਦੀ ਕੀ ਲੋੜ ਸੀ। ਇਕੋ ਹੀ ਜਵਾਬ ਨਿਕਲਦਾ ਹੈ, ਗੁਰੂ ਨਾਨਕ ਦੁਖੀ ਸੀ। ਹੁਣ ਤਰਕ ਖੜੀ ਹੋ ਜਾਂਦੀ ਹੈ ਕਿ ਜਿਹੜਾ ਆਪ ਦੁਖੀ ਸੀ, ਉਹ ਸੁਖ ਕਿਸ ਤਰ੍ਹਾਂ ਦੇ ਸਕਦਾ ਹੈ? ਦਰਅਸਲ ਇਹ ਦੁੱਖ ਦੂਜਿਆਂ ਦਾ ਸੀ। ਆਪਣਾ ਨਹੀਂ ਸੀ, ਦੂਜਿਆਂ ਦਾ ਸੀ।

ਮੈਂ ਇਸ ਦੇ ਉੱਤੇ ਇਕ ਉਦਾਹਰਣ ਦਿਆਂ, ਬੱਚਾ ਬਿਮਾਰ ਹੈ, ਰਾਤ ਦਾ ਵਕਤ ਹੈ। ਬੱਚਾ ਬੇਚੈਨ ਹੈ, ਹੁਣ ਮਾਂ ਵੀ ਬੇਚੈਨ ਹੈ। ਬੱਚਾ ਦੁਖੀ ਹੈ, ਹੁਣ ਮਾਂ ਵੀ ਦੁਖੀ ਹੈ। ਬੱਚੇ ਨੂੰ ਨੀਂਦ ਨਹੀਂ ਆ ਰਹੀ, ਤੜਪ ਰਿਹਾ ਹੈ, ਮਾਂ ਨੂੰ ਵੀ ਨੀਂਦ ਨਹੀਂ ਆ ਰਹੀ। ਮਾਂ ਨੂੰ ਆਖਿਆ ਜਾ ਸਕਦਾ ਹੈ ਕਿ ਤੂੰ ਆਰਾਮ ਨਾਲ ਸੌਂ ਜਾਹ, ਤਾਪ ਤੇ ਬੱਚੇ ਨੂੰ ਚੜ੍ਹਿਆ ਹੈ, ਤੈਨੂੰ ਥੋੜੀ ਚੜ੍ਹਿਆ ਹੈ? ਪਰ ਨਹੀਂ, ਅਗਰ ਕਿਸੇ ਮਨੋਵਿਗਿਆਨਿਕ ਕੋਲੋਂ ਪੁਛੋਗੇ, ਜਿਹੜਾ ਤਾਪ ਬੱਚੇ ਦੇ ਤਨ ਨੂੰ ਚੜ੍ਹਿਆ ਹੈ, ਓਹੀ ਤਾਪ ਮਾਂ ਦੇ ਮਨ ਨੂੰ ਚੜ੍ਹਿਆ ਹੈ। ਬੱਚਾ ਤਨ ਕਰਕੇ ਦੁਖੀ ਹੈ, ਮਾਂ ਮਨ ਕਰਕੇ ਦੁਖੀ ਹੈ। ਬੱਚੇ ਦੀ ਸਾਰੀ ਪੀੜਾ, ਬੱਚੇ ਦਾ ਸਾਰਾ ਦੁੱਖ, ਉਸ ਨੂੰ ਉਸ ਨੇ ਆਪਣੇ ਮਨ ਵਿਚ ਵਸਾ ਲਿਆ ਹੈ, ਵਿਚਾਰੀ ਤੜਪ ਰਹੀ ਹੈ। ਇਕ ਬੱਚੇ ਦਾ ਦੁੱਖ ਜਦ ਮਾਂ ਨੇ ਆਪਣੇ ਹਿਰਦੇ ਵਿਚ ਵਸਾਇਆ ਤੇ ਸਾਰੀ ਰਾਤ ਸੌਂ ਨਹੀਂ ਸਕੀ, ਤੜਪਦੀ ਰਹੀ ਅਤੇ ਸਾਰੀ ਦੁਨੀਆਂ ਦਾ ਦੁੱਖ ਦਰਦ ਗ਼ਮ ਜਿਸ ਗੁਰੂ ਨਾਨਕ ਦੇਵ ਜੀ ਦੇ ਹਿਰਦੇ ਵਿਚ ਸੀ, ਉਹ ਆਰਾਮ ਨਾਲ ਸੁਲਤਾਨਪੁਰ ਰਹਿੰਦੇ ਤਾਂ ਕਿਸ ਤਰ੍ਹਾਂ ਰਹਿੰਦੇ? ਉਹ ਆਰਾਮ ਨਾਲ ਤਲਵੰਡੀ ਰਹਿੰਦੇ ਤਾਂ ਕਿਸ ਤਰ੍ਹਾਂ ਰਹਿੰਦੇ? ਜਗਤ ਦਾ ਗ਼ਮ ਲਈ ਫਿਰਦਾ ਸੀ, ਜਗਤ ਦਾ ਦਰਦ ਲਈ ਫਿਰਦਾ ਸੀ। ਇਸ ਕਰਕੇ ਧੰਨ ਗੁਰੂ ਨਾਨਕ ਦੇਵ ਜੀ ਨਾਲ ਸ਼ਬਦ ਜੁੜ ਗਏ ਦਰਦੀ ਦਾਤਾ। ਲੋਕਾਂ ਦਾ ਦਰਦ ਵੰਡਾਉਣ ਵਾਲਾ। ਲੋਕੀਂ ਖੁਸ਼ੀਆਂ ਵੰਡਾਉਣ ਵਾਸਤੇ ਤਾਂ ਮਿਲ ਜਾਣਗੇ, ਦਰਦ ਕੋਈ ਨਹੀਂ ਵੰਡਾਉਂਦਾ। ਗੁਰੂ ਤੇਗ ਬਹਾਦਰ ਜੀ ਮਹਾਰਾਜ ਕਹਿੰਦੇ ਨੇ:-

***ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ॥*** (ਅੰਗ ੧੪੨੮)
sukh mai bahu sangee bheae dukh mai sang na koe.
*In good times, there are many companions around,*
*but in bad times, there is no one at all.*

ਸੁਖ ਹੈ, ਤਾਂ ਸੁਖ ਵੰਡਾਉਣ ਵਾਸਤੇ ਤਾਂ ਬਹੁਤ ਸਾਰੇ ਆ ਜਾਣਗੇ, ਬੜੇ ਸੰਗੀ ਸਾਥੀ

ਲੱਭਣਗੇ, ਬੜੇ ਮਿੱਤਰ ਲੱਭਣਗੇ। ਪਰ ਜਦ ਤੂੰ ਪੀੜਾ ਵਿਚ ਹੋਇਆ, ਦੁੱਖ ਵਿਚ ਹੋਇਆ, ਬਿਪਤਾ ਵਿਚ ਹੋਇਆ, ਚਿਰਾਗ ਲੈ ਕੇ ਵੀ ਤੂੰ ਸਾਥੀ ਲੱਭੇਂਗਾ, ਨਹੀਂ ਮਿਲੇਗਾ, ਤੇਰਾ ਦਰਦ ਕੌਣ ਵੰਡਾਏਗਾ? ਤੇਰੇ ਦੁੱਖ ਦਾ ਕੌਣ ਭਾਈਵਾਲ ਬਣੇ? ਤੇਰੀ ਪੀੜਾਂ ਤੇ ਮੁਸੀਬਤ ਦਾ ਕੌਣ ਭਾਈਵਾਲ ਬਣੇ? ਇਸ ਵਾਸਤੇ ਦਰਬਾਰੇ ਅਕਬਰੀ ਦੇ ਨੌਂ ਰਤਨਾਂ ਵਿਚੋਂ ਇਕ ਬੜਾ ਕੀਮਤੀ ਰਤਨ, ਜਨਾਬ ਕਵੀ ਰਹੀਮ, ਉਹ ਇਕ ਬੜੀ ਕੀਮਤੀ ਗੱਲ ਕਹਿੰਦਾ ਹੈ:-

**ਰੇ ਮਨ ਬਿਪਤਾ ਹੂੰ ਭਲੀ**

ਕਹਿੰਦਾ ਮੁਸੀਬਤ ਵੀ ਚੰਗੀ ਹੈ, ਪੀੜਾ ਵੀ ਚੰਗੀ ਹੈ, ਬਿਪਤਾ ਵੀ ਚੰਗੀ ਏ।

**ਰੇ ਮਨ ਬਿਪਤਾ ਹੂੰ ਭਲੀ ਜੋ ਥੋਰੇ ਦਿਨ ਹੋਇ।**

ਹੋਵੇ ਥੋੜੇ ਦਿਨਾਂ ਲਈ, ਕੁਛ ਦਿਨਾਂ ਲਈ। ਇਹ ਨਹੀਂ ਕਿ ਬਿਪਤਾ ਘਰ ਵਿਚ ਆਏ ਤੇ ਨਿਕਲਣ ਦਾ ਨਾਮ ਹੀ ਨਾ ਲਵੇ। ਕਹਿੰਦਾ ਹੈ ਬਿਪਤਾ ਚੰਗੀ ਹੈ, ਬਸ਼ਰਤੇ ਕਿ ਥੋੜੇ ਦਿਨਾਂ ਲਈ ਆਵੇ।

**ਰੇ ਮਨ ਬਿਪਤਾ ਹੂੰ ਭਲੀ ਜੋ ਥੋਰੇ ਦਿਨ ਹੋਇ।**
**ਹਿਤ ਅਨਹਿਤ ਸਭ ਜਗਤ ਮਹਿ ਜਾਨ ਪਰਤ ਸਭ ਕੋਇ।**

ਫਿਰ ਪਤਾ ਚੱਲ ਜਾਂਦਾ ਹੈ, ਹਿਤੂ ਕੌਣ ਹੈ, ਆਪਣਾ ਕੌਣ ਹੈ, ਬੇਗਾਨਾ ਕੌਣ ਹੈ, ਫੌਰਨ ਪਤਾ ਚੱਲ ਜਾਂਦਾ ਹੈ। ਉਹ ਬਿਪਤਾ ਦੱਸ ਦਿੰਦੀ ਹੈ, ਉਹ ਅਪਦਾ ਦੱਸ ਦਿੰਦੀ ਹੈ। ਉਹ ਮੁਸੀਬਤ ਦੱਸ ਦਿੰਦੀ ਹੈ। ਖੁਸ਼ੀ ਵਿਚ ਤੇ, ਖੁਸ਼ੀਆਂ ਵੰਡਾਉਣ ਵਾਸਤੇ ਤੇ ਸਾਰਾ ਜ਼ਮਾਨਾ ਆ ਜਾਏਗਾ ਪਰ ਦੁੱਖ ਕੋਈ ਨਹੀਂ ਵੰਡਾਉਂਦਾ। ਦੁੱਖ ਵੰਡਾਉਣ ਵਾਸਤੇ ਨਿਕਲੇ ਧੰਨ ਗੁਰੂ ਨਾਨਕ ਦੇਵ ਜੀ, ਕਿਧਰੇ ਕੋਹੜੀ ਦਾ ਦੁੱਖ ਵੰਡਾਉਂਦੇ ਨੇ, ਕਿਧਰੇ ਅਗਿਆਨੀਆਂ ਦਾ ਦੁੱਖ ਵੰਡਾਉਂਦੇ ਨੇ, ਕਿਧਰੇ ਜੋ ਮਾਨਸਿਕ ਤਲ ਤੇ ਰੋਗੀ ਨੇ, ਉਹਨਾਂ ਦਾ ਦੁੱਖ ਵੰਡਾਉਂਦੇ ਨੇ, ਨੌਂ ਖੰਡ ਪ੍ਰਿਥਵੀ ਵਿਚ ਭਰਮਣ ਕਰਦੇ ਨੇ। ਇਹ ਐਸਾ ਵੈਦ ਸੀ, ਜੋ ਬਿਨਾਂ ਬੁਲਾਇਆਂ ਪਹੁੰਚਦਾ ਸੀ ਤੇ ਬਿਨਾਂ ਫ਼ੀਸ ਦੇ ਪਹੁੰਚਦਾ ਸੀ। ਇਤਨਾ ਦਰਦ, ਇਤਨੀ ਪੀੜਾ। ਦਰਦੀ ਦਾਤਾ। ਦੇਖਿਆ ਹੰਕਾਰ ਦੇ ਰੋਗ ਵਿਚ ਪੀੜਤ ਨੇ ਸੁਮੇਰ ਦੇ ਜੋਗੀ, ਤੇ ਪਹੁੰਚ ਗਏ ਸੁਮੇਰ ਪਰਬਤ ਤੇ। ਦੇਖਿਆ ਅਗਿਆਨ ਨਾਲ ਪੀੜਤ ਨੇ ਇਹ ਮੱਕੇ ਦੇ ਹਾਜ਼ੀ, ਇਹ ਬਦੂ (ਇਕ ਜ਼ਾਤੀ ਦਾ ਨਾਮ ਹੈ ਜੋ ਲੁੱਟਮਾਰ ਕਰਦੇ ਰਹਿੰਦੇ ਨੇ), ਸਤਿਗੁਰੂ ਓਥੇ ਵੀ ਪਹੁੰਚ ਗਏ। ਵੇਖਿਆ ਸਰੀਰਕ ਤਲ ਤੇ ਰੋਗੀ ਹੈ ਇਕ ਕੋਹੜੀ, ਉਸ ਦੀ ਝੁੱਗੀ ਵਿਚ ਵੀ ਪਹੁੰਚ ਗਏ। ਭਰਮ, ਵਹਿਮ ਪ੍ਰਸਤੀ ਦਾ ਬੋਝ ਚੁੱਕੀ ਫਿਰਦੇ ਨੇ ਹਰੀਦੁਆਰ ਬ੍ਰਾਹਮਣ ਦੇ, ਬਨਾਰਸ ਦੇ ਬ੍ਰਾਹਮਣ, ਸਤਿਗੁਰੂ ਓਥੇ ਵੀ ਪਹੁੰਚ ਗਏ ਔਰ ਇਕ ਬੈਠਾ ਹੈ ਲੋਕਾਂ ਨੂੰ ਠੱਗਦਾ ਪਿਆ ਹੈ (ਸੱਜਣ ਠੱਗ), ਧਰਮ ਦਾ ਜਾਮਾ ਪਹਿਣ ਕੇ ਔਰ ਧਰਮ ਦੇ ਨਾਮ ਤੇ ਠੱਗੀ ਜਾਂਦਾ ਹੈ, ਲੋਕਾਂ ਨੂੰ ਪੀੜਤ ਕਰੀ ਜਾਂਦਾ ਹੈ, ਆਪ ਬੇਚੈਨ ਹੋ ਰਿਹਾ ਹੈ, ਸਤਿਗੁਰੂ ਓਥੇ ਵੀ ਪਹੁੰਚ ਗਏ। ਐਸਾ ਦਰਦੀ ਦਾਤਾ। ਮੈਂ ਅਰਜ਼ ਕਰਾਂ, ਸੁਖ ਦੁਨੀਆਂ ਵੰਡਾ ਸਕਦੀ ਹੈ, ਦੁੱਖ ਕਿਸੇ ਨੇ ਨਹੀਂ ਵੰਡਾਉਣਾ।

ਤੇ ਹੁਣ ਮੈਂ ਅਰਜ਼ ਕਰਾਂ ਸੰਤ ਹੱਸਦਾ ਹੈ ਆਪਣੀ ਮਜਬੂਰੀ ਤੇ। ਰੋਂਦਾ ਹੈ ਦੂਜਿਆਂ ਦੀ ਮਜਬੂਰੀ ਤੇ। ਸੰਤ ਹੱਸਦਾ ਹੈ ਆਪਣੀ ਕਮਜ਼ੋਰੀ ਤੇ, ਆਪਣੇ ਔਗੁਣਾਂ ਤੇ, ਸੰਤ ਰੋ ਪੈਂਦਾ ਹੈ

ਦੂਜੇ ਦੇ ਦੁੱਖਾਂ ਤੇ, **ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥** ਉਸ ਦੀ ਖ਼ਾਮੋਸ਼ੀ ਵਿਚ ਵੀ ਕੋਈ ਰਸ ਹੈ, ਜੇ ਚੁੱਪ ਵੀ ਬੈਠਾ ਹੈ ਤੇ ਵਾਕਈ ਚੁੱਪ ਬੈਠਾ ਹੈ। ਇਹ ਨਹੀਂ ਕਿ ਉਹਦੇ ਮਨ ਵਿਚ ਕੋਈ ਨਾਜਾਇਜ਼ ਫੁਰਨੇ ਪਏ ਚਲਦੇ ਨੇ, ਸਮਾਧੀ ਲੀਨ ਹੈ। ਇਕਾਗਰ ਬੈਠਾ ਹੈ। ਰੋ ਰਿਹਾ ਹੈ ਕਿਸੇ ਮਸਤੀ ਵਿਚ, ਹੱਸ ਰਿਹਾ ਹੈ ਕਿਸੇ ਰੰਗ ਵਿਚ।

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥*** (ਆਸਾ ਕੀ ਵਾਰ)

ਭਾਈ ਨੰਦ ਲਾਲ ਜੀ ਕਲਗੀਧਰ ਪਾਤਸ਼ਾਹ ਦੇ ਅਨਿੰਨ ਸੇਵਕ ਜੀ ਨੇ ਤੇ ਇਕ ਗੱਲ ਬੜੀ ਗਜ਼ਬ ਦੀ ਕਹਿ ਦਿੱਤੀ। ਉਹ ਕਹਿੰਦੇ ਨੇ:-

**ਸ਼ਾਖੇ ਉਮੀਦੇ ਆਸ਼ਿਕ....।**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ ਭਗਤ ਔਰ ਜਿਸ ਤੇ ਕਲਗੀਧਰ ਪਾਤਸ਼ਾਹ ਬੜਾ ਮਾਣ ਕਰਦੇ ਸੀ।

**ਸ਼ਾਖੇ ਉਮੀਦੇ ਆਸ਼ਿਕ ਹਰਗਿਜ਼ ਸਮਰ ਨਾਗੀਰਦ।**

ਐ ਪ੍ਰੇਮੀ ! ਐ ਰੱਬ ਦੇ ਮਾਰਗ ਦੇ ਪਾਂਧੀ, ਤੂੰ ਉਮੀਦ ਦਾ ਬੂਟਾ ਲਾਇਆ ਹੈ, ਆਸਾ ਦਾ ਬੂਟਾ ਲਇਆ ਹੈ। ਇਸ ਨੂੰ ਮਿਲਾਪ ਦਾ ਫਲ ਨਹੀਂ ਲਗੇਗਾ। **ਹਰਗਿਜ਼ ਸਮਰ ਨਾਗੀਰਦ,** ਸਮਰ ਕਹਿੰਦੇ ਨੇ ਫਲ ਨੂੰ। ਹਰਗਿਜ਼ ਫਲੀਭੂਤ ਨਹੀਂ ਹੋਵੇਗਾ। ਕਿਉਂ? ਤੂੰ ਇਸ ਉਮੀਦ ਦੇ ਬੂਟੇ ਨੂੰ, ਇਸ ਆਸਾ ਦੇ ਬੂਟੇ ਨੂੰ ਸਿੰਜਿਆ ਤੇ ਹੈ ਨਹੀਂ, ਪਾਣੀ ਤੇ ਪਾਇਆ ਹੀ ਨਹੀਂ। ਹੁਣ ਪਾਣੀ ਕੀ ਪਾਈਏ? ਤੂੰ ਉਮੀਦ ਦਾ ਬੂਟਾ ਲਾਇਆ ਹੈ, ਰੱਬ ਮਿਲੇ। ਤੂੰ ਆਸਾ ਦਾ ਬੂਟਾ ਲਾਇਆ ਹੈ ਕਿ ਮੈਂ ਗੁਰੂ ਨਾਲ ਜੁੜਾਂ। ਇਹ ਬੂਟਾ ਫਲੀਭੂਤ ਨਹੀਂ ਹੋਵੇਗਾ।

***ਸ਼ਾਖੇ ਉਮੀਦੇ ਆਸ਼ਿਕ ਹਰਗਿਜ਼ ਸਮਰ ਨਾਗੀਰਦ।***
***ਅਜ਼ ਆਬੇ ਅਸ਼ਕਿ ਮੈਜ਼ਗਾਂ ਤਾ ਸ਼ਬਜ਼ ਤਰ ਨਾ ਬਾਸ਼ਦ।***

ਜਿਤਨੇ ਚਿਰ ਤਕ ਆਪਣੀਆਂ ਅੱਖਾਂ ਦਾ ਜਲ ਇਸ ਉਮੀਦ ਦੇ ਬੂਟੇ ਵਿਚ ਨਹੀਂ ਪਾਵੇਂਗਾ, ਰੱਬੀ ਮਿਲਾਪ ਦੇ ਫਲ ਨਹੀਂ ਲਗਣ ਲਗਾ। **ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥ ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥** ਤੇ ਮੈਂ ਅਰਜ਼ ਕਰਾਂ ਧਰਮ ਖੰਡ, ਮਰਯਾਦਾ ਵਿਚ ਹੱਸਣਾ ਹੋਵੇ, ਮਰਯਾਦਾ ਵਿਚ ਰੋਣਾ ਹੋਵੇ। ਮਰਯਾਦਾ ਵਿਚ ਖਾਣਾ ਹੋਵੇ, ਮਰਯਾਦਾ ਵਿਚ ਪਹਿਨਣਾ ਹੋਵੇ। ਪਹਿਨਣਾ ਐਸਾ ਨਾ ਹੋਵੇ ਕਿ ਜਿਸਮ ਦੀ ਪ੍ਰਦਰਸ਼ਨੀ ਹੋਵੇ। ਸਾਹਿਬ ਗੁਰੂ ਨਾਨਕ ਦੇਵ ਜੀ ਮਹਾਰਾਜ ਇਸ ਨੂੰ ਇੰਜ ਬਿਆਨ ਕਰਦੇ ਨੇ:-

***ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ॥*** (ਅੰਗ ੧੨੪੩)
rannaa hoeeaa bodheeaa puras hoeae seeaad.
*Women have become playful,*
*and men have become hunters.*

ਸਈਆਦ ਕਹਿੰਦੇ ਨੇ ਸ਼ਿਕਾਰੀ ਨੂੰ, ਜ਼ਾਲਮ ਨੂੰ, ਬੋਧੀਆਂ ਕਹਿੰਦੇ ਨੇ, ਚੰਚਲ,

ਪ੍ਰਦਰਸ਼ਨੀ ਕਰਨ ਵਾਲੀਆਂ। ਇਸਤ੍ਰੀ ਆਪਣੇ ਜਿਸਮ ਦੀ ਨੁਮਾਇਸ਼ ਕਰਨਾ ਚਾਹੁੰਦੀ ਹੈ, ਪ੍ਰਦਰਸ਼ਨੀ ਚੰਚਲਤਾਈ ਦੀ ਅਤੇ ਪੁਰਸ਼ ਸ਼ਿਕਾਰੀ ਬਣਿਆ ਹੋਇਆ ਹੈ। ਉਹ ਇਸ ਤਾਕ ਦੇ ਵਿਚ ਹੈ। ਉਸ ਦੀ ਤੱਕਣੀ ਇਸ ਤਰ੍ਹਾਂ ਦੀ ਹੈ, ਉਸ ਦੀ ਖੋਜ ਇਸ ਤਰ੍ਹਾਂ ਦੀ। ਬੜੀ ਉਸ ਦੀ ਜ਼ਾਲਮ ਬਿਰਤੀ ਅਤੇ ਬੜੀ ਉਸ ਦੀ ਸ਼ਿਕਾਰੀ ਬਿਰਤੀ, ਉਹ ਸ਼ਿਕਾਰੀ ਏ ਅਤੇ ਇਹ ਖ਼ੁਦ ਸ਼ਿਕਾਰ ਬਣਦੀ ਏ, ਜਿਸਮ ਦੀ ਪ੍ਰਦਰਸ਼ਨੀ ਕਰਦੀ ਏ।

*ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ॥*
*ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ॥* (ਅੰਗ ੧੨੪੩)

rannaa hoeeaa bodheeaa puras hoeae seeaad.
seel sanjam such bhannee khaanaa khaaj ahaaj.
*Women have become playful,*
*and men have become hunters.*
*Humility, self-control and purity have run away;*
*people eat the uneatable, forbidden food.*

ਨਾ ਸੀਲ ਹੈ, ਨਾ ਸੁੱਚ ਹੈ, ਨਾ ਸੰਜਮ ਹੈ, ਨਾ ਸ਼ਰਮ ਹੈ, ਨਾ ਹਯਾ। ਇਕ ਸ਼ਿਕਾਰੀ ਹੈ, ਇਕ ਪ੍ਰਦਰਸ਼ਨੀ ਕਰਨਾ ਚਾਹੁੰਦੀ ਹੈ। ਇਕ ਆਪਣੇ ਜਿਸਮ ਦੀ ਨੁਮਾਇਸ਼ ਕਰਨਾ ਚਾਹੁੰਦੀ ਹੈ, ਦੂਜਾ ਦੇਖਣਾ ਚਾਹੁੰਦਾ ਹੈ, ਇਹ ਸ਼ਿਕਾਰੀ ਹੈ। ਇਸ ਤਰ੍ਹਾਂ ਦੀ ਅਗਰ ਬਿਰਤੀ ਇਸਤ੍ਰੀ ਦੀ ਹੈ ਅਤੇ ਇਸੇ ਤਰ੍ਹਾਂ ਦੀ ਬਿਰਤੀ ਪੁਰਸ਼ ਦੀ ਹੈ ਤੇ ਪਤਾ ਹੈ ਔਲਾਦ ਕਿਸ ਤਰ੍ਹਾਂ ਦੀ ਹੁੰਦੀ ਹੈ, ਸਤਿਗੁਰ ਕਹਿੰਦੇ ਨੇ:-

*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ॥*
*ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥ ੧॥* (ਅੰਗ ੫੫੬)

kalee andar Nanakaa jinnaa daa aoutaar.
putt jinura dheea jinnuri joru jinna da sikadar.1.
*In this Dark Age of Kali Yuga, O Nanak,*
*the demons have taken birth.*
*The son is a demon, and the daughter is a demon;*
*the wife is the chief of the demons.1.*

ਧੀਆਂ ਪੁੱਤਰ ਜਿੰਨ ਭੂਤ ਪੈਦਾ ਹੋਣਗੇ ਹੋਰ ਕੀ ਏ। ਧੀਆਂ ਵੀ ਜਿੰਨ ਪੈਦਾ ਹੋਣਗੀਆਂ, ਪੁੱਤ ਵੀ ਜਿੰਨ ਪੈਦਾ ਹੋਣਗੇ। ਇੱਥੋਂ ਦਾ ਤੇ ਮੈਂ ਕਹਿ ਨਹੀਂ ਸਕਦਾ, ਭਾਰਤ ਵਿਚ ਤੇ ਦਾਸ ਥਾਂ ਥਾਂ ਤੇ ਭਰਮਣ ਕਰਦਾ ਹੈ ਤੇ ਕਈ ਮਾਂ ਬਾਪ ਕਹਿ ਦਿੰਦੇ ਨੇ, ਗਿਆਨੀ ਜੀ ਇਸ ਬੱਚੇ ਨੇ ਸਾਨੂੰ ਬੜਾ ਵਖ਼ਤ ਪਾਇਆ ਹੈ। ਸਾਰੇ ਮੁਹੱਲੇ ਨੂੰ ਵਖ਼ਤ ਪਾਇਆ, ਕੁਛ ਦਿਨਾਂ ਵਾਸਤੇ ਤੁਸੀਂ ਆਪਣੇ ਕੋਲ ਰੱਖ ਲਉ, ਤੇ ਮੈਂ ਕਹਿੰਦਾ ਹੁੰਦਾ ਹਾਂ ਕਿ ਜਿਹੜਾ ਭੂਤ ਤੁਹਾਨੂੰ ਚਿੰਬੜਿਆ ਹੋਇਆ ਹੈ, ਉਹ ਮੈਨੂੰ ਚੰਬੇੜਨਾ ਜੇ। ਮੈਂ ਕਿਹੜੇ ਸੰਗਲ ਰੱਖੇ ਨੇ ਜੋ ਇਸ ਨੂੰ ਬੰਨ੍ਹ ਕੇ ਰੱਖਾਂਗਾ। ਇਹ ਤੇ ਭੂਤ ਹੈ, ਤੁਹਾਨੂੰ ਵਖ਼ਤ ਪਾਇਆ ਹੈ, ਪਰਵਾਰ ਨੂੰ ਵਖ਼ਤ ਪਾਇਆ ਹੈ, ਸਾਰੇ ਮੁਹੱਲੇ ਨੂੰ ਵਖ਼ਤ ਪਾਇਆ ਹੈ, ਇਹ ਤੇ ਭੂਤ ਹੈ। ਆਖ਼ਿਰ ਭੂਤ ਪਰੇਤ ਹੀ ਪੈਦਾ ਹੋਣਗੇ, ਹੋਰ ਕੀ ਏ।

**ਕਲੀ ਅੰਦਰਿ ਨਾਨਕਾ**, ਸਤਿਗੁਰੂ ਗੁਰ ਨਾਨਕ ਦੇਵ ਜੀ ਮਹਾਰਾਜ ਜੀ ਨੇ ਜੋ ਹਾਲਾਤ ਨੂੰ ਵੇਖ ਕੇ, ਜੋ ਆਪਣੇ ਕਿਆੜੇ ਪੇਸ਼ ਕੀਤੇ ਨੇ ਬਿਲਕੁਲ ਪਰਤੱਖ ਦਿਖਾਈ ਦਿੰਦੇ ਨੇ। **ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ॥ ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥ ੧॥** ਕਿਸੇ ਨੇ ਸਾਰੇ ਪਰਵਾਰ ਨੂੰ ਵਖ਼ਤ ਪਾਇਆ, ਕਿਸੇ ਨੇ ਸਾਰੇ ਮੁਹੱਲੇ ਨੂੰ ਵਖ਼ਤ ਪਾਇਆ ਹੈ, ਕਿਸੇ ਨੇ ਸਾਰੇ ਸ਼ਹਿਰ ਨੂੰ ਵਖ਼ਤ ਪਾਇਆ ਹੈ। ਕੁੱਝ ਐਸੇ ਵੀ ਹੁੰਦੇ ਨੇ, ਸਾਰੀ ਕੌਮ ਨੂੰ ਵਖ਼ਤ ਪਾ ਦਿੰਦੇ ਨੇ, ਸਾਰੇ ਦੇਸ਼ ਨੂੰ ਵਖ਼ਤ ਪਾ ਦਿੰਦੇ ਨੇ। ਭੂਤ, ਪਰੇਤ ਚੰਬੜਦੇ ਨੇ ਜੈਸੇ, ਕਲੇਸ਼ ਬਰਪਾ ਕਰਨਾ। ਘਰ ਵਿਚ ਰੁਦਨ, ਘਰ ਵਿਚ ਕਲੇਸ਼, ਦੁੱਖ ਤੇ ਸੰਤਾਪ। ਅਗਰ ਜਿਊਣਾ ਮਰਯਾਦਾ ਵਿਚ ਨਹੀਂ, ਖਾਣਾ ਮਰਯਾਦਾ ਵਿਚ ਨਹੀਂ, ਪੀਣਾ ਮਰਯਾਦਾ ਵਿਚ ਨਹੀਂ, ਪਹਿਨਣਾ ਮਰ੍ਯਾਦਾ ਵਿਚ ਨਹੀਂ। ਹੱਸਣਾ ਤੇ ਰੋਣਾ ਮਰਯਾਦਾ ਵਿਚ ਨਹੀਂ, ਤੇ ਆਖਿਰ ਅੰਜਾਮ ਤੇ ਮਾੜਾ ਹੋਵੇਗਾ।

ਕੁਦਰਤ ਨੇ ਸਭ ਕੁੱਝ ਨਾਪ ਤੋਲ ਕੇ ਰੱਖਿਆ ਹੈ। ਦੇਖੋ ਸਾਡੇ ਸਰੀਰ ਵਿਚ ੯੮ ਡਿਗਰੀ ਤਕ ਗਰਮੀ ਰਹੇ ਤਾਂ ਹੀ ਅਸੀਂ ਤੰਦਰੁਸਤ ਹਾਂ। ਇਕ ਵਧ ਜਾਏ, ੯੯ ਹੋ ਜਾਏ, ਸੌ ਹੋ ਜਾਏ, ਮੰਜੇ ਤੇ ਪੈ ਜਾਂਦੇ ਹਾਂ, ਨਹੀਂ ਉੱਠ ਸਕਦੇ। ਗਰਮੀ ਪਰਮਾਤਮਾ ਨੇ ਨਾਪ ਤੋਲ ਕੇ ਰੱਖੀ ਹੈ। ਇਹ ਸਰੀਰ ਇੰਜ ਕਹਿ ਲਉ ਬਿਲਕੁਲ ਏਅਰ ਕੰਨਡੀਸ਼ਨ ਹੈ। ਪਰਮਾਤਮਾ ਨੇ ਇਸ ਤਰ੍ਹਾਂ ਦਾ ਬਣਾਇਆ ਹੈ ਕਿ ਭਾਵੇਂ ਬਰਫ਼ ਪੈਂਦੀ ਹੋਵੇ ੯੮ ਰਹੇਗੀ ਅਤੇ ਭਾਵੇਂ ਲੂ ਚਲਦੀ ਹੋਵੇ ਅੰਦਰ ੯੮ ਰਹੇਗੀ, ਰੱਬ ਨੇ ਨਾਪ ਤੋਲ ਕੇ ਰੱਖੀ ਹੈ। ਪਰ ਮਨੁੱਖ ਖਾਣ ਪੀਣ ਦੀ ਬਦਪਰਹੇਜ਼ੀ ਕਰਕੇ ਇਸ ਨਿਯਮ ਨੂੰ ਤੋੜਦਾ ਹੈ।

ਬ਼ਗੌਰ ਮੁਤਾਲਅਹ ਕਰਨਾ। ਸਭ ਕੁਛ ਪਰਮਾਤਮਾ ਨੇ ਜਿਸਮ ਵਿਚ ਨਾਪ ਤੋਲ ਕੇ ਰਖਿਆ ਹੈ, ਮਰਯਾਦਾ ਵਿਚ। ਜਦੋਂ ਮਨੁੱਖ ਖਾਣ ਪੀਣ ਦੀ ਬੇ-ਸੰਜਮੀ ਕਰਦਾ ਹੈ, ਰਹਿਣ, ਉੱਠਣ, ਬੈਠਣ ਦੀ ਬੇ-ਸੰਜਮੀ ਕਰਦਾ ਹੈ, ਇਹਨਾਂ ਤਤਾਂ ਦਾ ਡਿਸਿਪਲਨ (Discipline) ਬਿਗੜ ਜਾਂਦਾ ਹੈ। ਮਰਯਾਦਾ ਟੁੱਟ ਜਾਂਦੀ ਏ, ਮਰਯਾਦਾ ਭੰਗ ਹੋ ਜਾਂਦੀ ਏ। ਜਿਸ ਬੰਦੇ ਨੇ ਆਪਣੇ ਜਿਸਮ ਦੀ ਮਰਯਾਦਾ ਨੂੰ ਭੰਗ ਕਰ ਦਿੱਤਾ ਹੈ, ਗੁਸਤਾਖ਼ੀ ਮੁਆਫ਼ ਉਹ ਆਪਣੇ ਪਰਵਾਰ ਦੀ ਮਰਯਾਦਾ ਵੀ ਭੰਗ ਕਰੇਗਾ, ਉਹ ਸੰਸਾਰ ਦੀ ਮਰਯਾਦਾ ਵੀ ਭੰਗ ਕਰੇਗਾ, ਉਹ ਗੁਰੂ ਦੀ ਮਰਯਾਦਾ ਵੀ ਭੰਗ ਕਰਨ ਦੀ ਕੋਸ਼ਿਸ਼ ਕਰੇਗਾ। ਉਹ ਹਰ ਪਾਸੇ ਕੋਸ਼ਿਸ਼ ਕਰੇਗਾ ਕਿ ਕੁਛ ਵੀ ਮਰਯਾਦਾ ਵਿਚ ਨਾ ਰਹੇ। ਉਹ ਮਰਯਾਦਾ ਦੀ ਪਾਲਣਾ ਵੀ ਨਹੀਂ ਕਰੇਗਾ। ਉਹ ਮਰਯਾਦਾ ਤੋੜੇਗਾ। ਉਹ ਟਰੈਫਿਕ ਰੂਲ (Traffic rule) ਵੀ ਤੋੜ ਸਕਦਾ ਹੈ, ਟਰੈਫਿਕ ਦੇ ਨਿਯਮ ਵੀ ਮੈਂ ਨਹੀਂ ਮੰਨਣੇ। ਸੜਕਾਂ ਤੇ ਚਲਣ ਦੇ ਜੋ ਨਿਯਮ ਹਨ, ਇਹਨਾਂ ਨੂੰ ਵੀ ਤੋੜੇਗਾ। ਜੋ ਜਿਸਮ ਦੇ ਤਲ ਤੇ ਉਖੜਿਆ ਹੋਇਆ ਹੈ, ਕਹਿੰਦੇ ਨੇ ਹਰ ਤਲ ਤੇ ਉਖੜੇਗਾ। ਹਰ ਥਾਂ ਤੇ ਮਰਯਾਦਾ ਨੂੰ ਤੋੜੇਗਾ, ਹਰ ਥਾਂ ਤੇ ਮਰਯਾਦਾ ਨੂੰ ਪਰ੍ਹਾਂ ਸੁੱਟੇਗਾ। ਇਸ ਤਰ੍ਹਾਂ ਦੇ ਬੰਦੇ ਨੂੰ ਕਹਿੰਦੇ ਨੇ ਇਹ ਪਰਮਾਤਮਾ ਦੇ ਮਾਰਗ ਦਾ ਪਾਂਧੀ ਨਹੀਂ, ਇਹ ਤੇ ਧਰਮ ਖੰਡੀ ਵੀ ਨਹੀਂ ਹੈ।

*ਰਾਤੀ ਰੁਤੀ ਥਿਤੀ ਵਾਰ॥*
*ਪਵਣ ਪਾਣੀ ਅਗਨੀ ਪਾਤਾਲ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥*
*ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥*

*ਤਿਨ ਕੇ ਨਾਮ ਅਨੇਕ ਅਨੰਤ॥*
*ਕਰਮੀ ਕਰਮੀ ਹੋਇ ਵੀਚਾਰੁ॥*
*ਸਚਾ ਆਪਿ ਸਚਾ ਦਰਬਾਰੁ॥*

ਸਾਹਿਬ ਕਹਿੰਦੇ ਨੇ ਹਰ ਇਕ ਦੇ ਕਰਮਾਂ ਦੀ ਵਿਚਾਰ ਹੋਵੇਗੀ। ਕਰਮ ਮਰਯਾਦਾ ਵਿਚ ਸਨ ਕਿ ਬੇ-ਮਰਯਾਦਾ। ਖਾਣਾ ਪੀਣਾ ਬੇ-ਮਰਯਾਦਾ ਹੈ, ਰੋਗ ਪੈਦਾ ਹੋ ਜਾਣਗੇ। ਆਪ ਪੜ੍ਹ ਕੇ ਹੈਰਾਨ ਹੋਵੋਗੇ, ਆਯੁਰਵੇਦ ਆਚਾਰੀਆ ਕਹਿੰਦੇ ਨੇ, ਸਾਡੇ ਸਰੀਰ ਵਿਚ ਜੋ ਰੋਗ ਪੈਦਾ ਹੁੰਦੇ ਨੇ ਉਹ ਨੱਬੇ ਫ਼ੀ ਸਦੀ ਰੋਗ ਅਹਾਰਕ ਨੇ, ਖਾਣ ਪੀਣ ਦੀ ਬਦਪਰਹੇਜ਼ੀ ਤੋਂ। ਦਸ ਫ਼ੀ ਸਦੀ ਜੱਦੀ ਹੋ ਸਕਦੇ ਨੇ ਖਾਨਦਾਨੀ, ਜਾਂ ਰੋਗਾਂ ਦੇ ਕਾਰਣ ਹੋਰ ਹੋ ਸਕਦੇ ਨੇ। ਨੱਬੇ ਫ਼ੀ ਸਦੀ ਰੋਗ ਅਹਾਰਕ ਨੇ। ਮਨੁੱਖ ਆਪਣੇ ਸਰੀਰ ਦੇ ਅਨੁਕੂਲ ਨਹੀਂ ਚਲਦਾ। ਉਹਨਾਂ ਨੇ ਇਕ ਨਿਯਮ ਵੀ ਦਸਿਆ ਹੈ **ਵਾਤ, ਪਿਤ ਅਤੇ ਕਫ਼।** ਉਹ ਜਿਹੜੇ ਨੱਬੇ ਫ਼ੀ ਸਦੀ ਰੋਗ ਮੰਨੇ ਨੇ, ਉਹ ਕਹਿੰਦੇ ਨੇ ਜਦ ਬੰਦੇ ਨੂੰ ਤਾਪ ਚੜ੍ਹਿਆ ਹੈ, ਜਦ ਮਨੁੱਖ ਦੁਖੀ ਹੋਇਆ ਹੈ, ਪੀੜਤ ਹੋਇਆ ਹੈ, ਰੋਗੀ ਹੋਇਆ ਹੈ, ਉਹ ਕਹਿੰਦਾ ਹੈ ਕਿ ਇਹਨਾਂ ਕਾਰਣਾਂ ਕਰਕੇ ਹੋਇਆ ਹੋਵੇਗਾ। ਵੈਦ ਧਨੰਤਰ, ਹਕੀਮ ਲੁਕਮਾਨ ਜਿਨ੍ਹਾਂ ਨੇ ਆਯੁਰਵੇਦ ਦੇ ਉੱਤੇ ਬਹੁਤ ਵੱਡਾ ਕੰਮ ਕੀਤਾ ਹੈ। ਅੱਜ ਤੋਂ ਹਜ਼ਾਰਾਂ ਸਾਲ ਪਹਿਲੇ ਉਹਨਾਂ ਨੇ ਜੜ੍ਹੀ ਬੂਟੀਆਂ ਦਾ ਜੋ ਸੁਭਾਅ ਦੱਸਿਆ ਹੈ, ਅਜੋਕੀ ਸਾਇੰਸ ਉਸ ਤੋਂ ਉਲਟ ਨਹੀਂ ਦੱਸ ਸਕੀ, ਓਹੀ ਹੈ। **ਵਾਤ, ਪਿਤ ਅਤੇ** ਕਫ਼, ਉਹ ਕਹਿੰਦੇ ਨੇ ਜਿਸ ਦੇ ਸਰੀਰ ਵਿਚ **ਪਿਤ ਪਰਧਾਨ** ਹੁੰਦੀ ਹੈ, ਪਿਤ, ਗਰਮੀ ਵਧ ਗਈ ਏ ਯਾ ਉਸ ਨੇ ਮਾਦਾ ਵਧਾ ਦਿੱਤਾ ਹੈ, ਯਾ ਗਰਮੀ ਪਰਧਾਨ ਸਰੀਰ ਹੈ, ਐਸੇ ਬੰਦੇ ਨੂੰ ਉਹ ਚੀਜ਼ਾਂ ਖਾਣ ਤੋਂ ਸੰਕੋਚ ਕਰਨਾ ਚਾਹੀਦਾ ਹੈ, ਜਿਨ੍ਹਾਂ ਦੀ ਤਾਸੀਰ ਗਰਮ ਹੈ। ਨਹੀਂ ਤੇ ਪਿਤ ਵਧ ਜਾਏਗੀ ਔਰ ਇਸ ਪਿਤ ਤੋਂ ਹੋਰ ਅਨੇਕਾਂ ਰੋਗ ਹੋ ਸਕਦੇ ਨੇ, ਪੀਲੀਆ ਹੋ ਸਕਦਾ ਹੈ ਔਰ ਇਸ ਤਰ੍ਹਾਂ ਦੇ ਹੋਰ ਸੈਂਕੜੇ ਰੋਗ ਹੋ ਸਕਦੇ ਨੇ। ਜੇ ਕਫ਼ **ਮਤਲਬ ਪਾਣੀ ਪਰਧਾਨ** ਸਰੀਰ ਹੈ, ਐਸਾ ਮਨੁੱਖ ਜੇ ਉਹਨਾਂ ਚੀਜ਼ਾਂ ਨੂੰ ਖਾਵੇ ਜਿਨ੍ਹਾਂ ਦੀ ਤਾਸੀਰ ਬੜੀ ਠੰਢੀ ਹੈ ਅਗਰ ਖਾਏਗਾ ਤਾਂ ਜੋੜ ਹੀ ਦੁਖਣਗੇ, ਮੋਢੇ ਟੁੱਟਣਗੇ। ਹੋਰ ਹਜ਼ਾਰਾਂ ਤਰ੍ਹਾਂ ਦੀਆਂ ਬਿਮਾਰੀਆਂ ਪੈਦਾ ਹੋਣਗੀਆਂ। **ਵਾਤ ਮਤਲਬ ਵਾਈ, ਵਾਯੂ, ਜਿਸ ਦੇ ਸਰੀਰ ਵਿਚ ਵਾਯੂ ਪਰਧਾਨ** ਹੈ ਉਹ ਬਾਦੀ ਚੀਜ਼ਾਂ ਖਾਵੇ, ਹੋਰ ਵਾਯੂ ਵਧ ਜਾਏਗੀ ਅਤੇ ਵਧਦਿਆਂ ਹੀ ਇਸਦਾ ਸਰੀਰ ਨਿਢਾਲ ਹੋ ਜਾਏਗਾ। ਉਹ ਆਯੁਰਵੇਦ ਆਚਾਰੀਆ ਕਹਿੰਦੇ ਸਨ ਕਿ ਪਹਿਲੇ ਆਪਣੇ ਸਰੀਰ ਦੇ ਨਿਯਮ ਨੂੰ ਵੇਖ ਲੈ ਕਿ ਸਰੀਰ ਵਿਚ ਕਿਹੜੀ ਚੀਜ਼ ਪਰਧਾਨ ਹੈ। ਪਿਤ ਪਰਧਾਨ ਹੈ, ਕਫ਼ ਪਰਧਾਨ ਹੈ ਜਾਂ ਵਾਯੂ ਪਰਧਾਨ ਹੈ। ਇਹ ਵੀ ਆਪਣੇ ਆਪ ਵਿਚ ਇਕ ਵਿਗਿਆਨ ਹੈ, ਸੂਝ ਤੇ ਸਮਝ ਹੈ।

ਇਸ ਵਾਸਤੇ ਸਾਹਿਬ ਕਹਿੰਦੇ ਨੇ ਜ਼ਮੀਨ ਤੇ ਮੈਂ ਦੇਖਦਾ ਹਾਂ, ਰਾਤਾਂ ਨੇ, ਰੁੱਤਾਂ ਨੇ, ਥਿੱਤਾਂ ਨੇ, ਵਾਰ ਨੇ ਸਭ ਮਰਯਾਦਾ ਵਿਚ ਚਲ ਰਹੇ ਨੇ। ਦਰਿਆ ਮਰਯਾਦਾ ਵਿਚ ਚਲ ਰਹੇ ਨੇ, ਸਾਗਰ ਮਰਯਾਦਾ ਵਿਚ ਹੈ, ਸੂਰਜ, ਚੰਦ, ਤਾਰੇ ਮਰਯਾਦਾ ਵਿਚ ਨੇ, ਜ਼ਮੀਨ ਮਰਯਾਦਾ ਵਿਚ ਘੁੰਮ ਰਹੀ ਹੈ ਔਰ ਤੂੰ ਬੇ-ਮਰਯਾਦਾ। ਮਰਯਾਦਾ ਵਿਚ ਜੀ। ਤੇਰਾ ਤਾਂ ਸਭ ਕੁਝ ਬੇ-ਮਰਯਾਦਾ ਵਿਚ ਹੈ, ਤੇਰਾ ਉਠਣਾ ਬੇ-ਮਰਯਾਦਾ, ਤੇਰਾ ਸੌਣਾ ਬੇ-ਮਰਯਾਦਾ, ਤੇਰਾ ਖਾਣਾ ਬੇ-ਮਰਯਾਦਾ, ਤੇਰਾ ਪਹਿਨਣਾ ਬੇ-ਮਰਯਾਦਾ, ਤੇਰਾ ਹੱਸਣਾ ਤੇ ਰੋਣਾ ਬੇ-ਮਰਯਾਦਾ। ਸਭ

ਕੁਛ ਮਰਯਾਦਾ ਵਿਚ ਚਾਹੀਦਾ ਹੈ। **ਇਹ ਧਰਤੀ ਧਰਮ ਕਮਾਉਣ ਵਾਸਤੇ ਹੈ। ਇਹ ਧਰਤੀ ਇਸ ਵਾਸਤੇ ਹੈ ਕਿ ਤੂੰ ਮਰਯਾਦਾ ਵਿਚ ਰਹਿ।** ਧਰਤੀ ਖ਼ੁਦ ਮਰਯਾਦਾ ਵਿਚ ਹੈ ਅਤੇ ਤੂੰ ਧਰਤੀ ਤੇ ਚਲ ਰਿਹਾ ਹੈਂ ਤੇ ਮਰਯਾਦਾ ਵਿਚ ਚਲ। ਧਰਤੀ ਖ਼ੁਦ ਮਰਯਾਦਾ ਵਿਚ ਘੁੰਮ ਰਹੀ ਹੈ, ਇਸ ਵਾਸਤੇ ਤੂੰ ਧਰਤੀ ਤੇ ਜਿਊਣਾ ਹੈ ਤਾਂ ਮਰਯਾਦਾ ਵਿਚ ਜੀ।

ਮਹਾਂਪੁਰਸ਼ਾਂ ਨੇ ਕੁਛ ਬੈਰੂਨੀ ਮਰਯਾਦਾਂ ਬਣਾਈਆਂ ਨੇ। ਧਰਮ ਖੰਡ, ਇਸਲਾਮ ਨੇ ਸ਼ਰ੍ਹਾ ਬਣਾ ਦਿੱਤੀ। ਹਿੰਦੂ ਧਰਮ ਨੇ ਕਰਮ ਕਾਂਡ ਬਣਾ ਦਿੱਤਾ। ਸਤਿਗੁਰੂ ਨੇ ਵੀ ਸਾਡੇ ਵਾਸਤੇ ਧਾਰਮਿਕ ਮਰਯਾਦਾ ਬਣਾ ਦਿੱਤੀ, ਸਰੀਰ ਦੀ ਮਰਯਾਦਾ ਬਣਾ ਦਿੱਤੀ ਹੈ। ਜਿਹੜਾ ਤੋੜੇ, ਉਹ ਤੇ ਅਜੇ ਪਹਿਲੇ ਪੜਾਉ ਤੇ ਵੀ ਨਹੀਂ। ਕਲਗੀਧਰ ਪਿਤਾ ਨੇ ਕਹਿ ਦਿੱਤਾ ਸੀ ਕਿ ਮੈਂ ਆਤਮਾ ਕਰਕੇ **ਗੁਰੂ ਗ੍ਰੰਥ** ਵਿਚ ਹਾਂ ਔਰ ਮੈਂ ਸਰੀਰ ਕਰਕੇ **ਗੁਰੂ ਪੰਥ** ਵਿਚ ਹਾਂ, ਗੁਰੂ ਪੰਥ। ਪੰਥ ਦੇ ਦਰਸ਼ਨ, ਮੇਰੀ ਕਾਇਆ ਦੇ ਦਰਸ਼ਨ ਨੇ। ਗਰੰਥ ਦੇ ਦਰਸ਼ਨ, ਮੇਰੀ ਆਤਮਾ ਦੇ ਦਰਸ਼ਨ ਨੇ। ਸ਼ਬਦ ਨੂੰ ਜੋ ਸੁਣੇਗਾ ਉਹ ਮੇਰੀ ਆਤਮਾ ਨਾਲ ਜੁੜੇਗਾ ਔਰ ਜੋ ਸੰਗਤ ਦੇ ਦਰਸ਼ਨ ਕਰੇਗਾ, ਪੰਗਤ ਦੇ ਦਰਸ਼ਨ ਕਰੇਗਾ, ਪੰਥ ਦੇ ਦਰਸ਼ਨ ਕਰੇਗਾ ਉਹ ਮੇਰੀ ਕਾਇਆ ਦੇ ਦਰਸ਼ਨ ਨੇ।

***ਸਿੱਖ ਸੋ ਰਹਤ ਪੰਚ ਜੋ ਮਿਲੇ, ਮਮ ਸਰੂਪ ਸੋ ਜਾਨੋ ਭਲੇ।***
***ਸਿੱਖ ਪੰਚੋਂ ਮੇਂ ਮੇਰੋ ਵਾਸਾ, ਪੂਰਨ ਕਰੋਂ ਧਰੋਂ ਜਿਂਹ ਆਸਾ।*** (ਸਰਬ ਲੋਹ ਗ੍ਰੰਥ)

ਮੈਂ ਕਾਇਆ ਕਰਕੇ ਪੰਥ ਵਿਚ ਹਾਂ। ਅਗਰ ਕੋਈ ਤੁਹਾਨੂੰ ਕਹੇ, ਕਿ ਦੇਹਧਾਰੀ ਗੁਰੂ ਤੋਂ ਬਿਨਾਂ ਗੱਲ ਨਹੀਂ ਬਣਦੀ, ਕਹਿ ਦਿੱਤਾ ਕਰੋ, ਪੰਥ ਸਾਡਾ ਦੇਹਧਾਰੀ ਗੁਰੂ ਹੈ। ਅਸੀਂ ਪੰਥ ਦੇ ਦਰਸ਼ਨ ਕਰਦੇ ਹਾਂ, ਗੁਰੂ ਦੇ ਦਰਸ਼ਨ ਨੇ। ਸੰਗਤ ਦੇ ਦਰਸ਼ਨ:-

***...ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ ੨ ॥*** (ਅੰਗ ੯੪)
....vich sangat har prabh vasai jeeo.2.
*In that Congregation, the Lord God abides.2.*

ਪੰਥ ਦੀ ਆਪਣੀ ਇਕ ਅਹਿਮੀਅਤ ਹੈ ਔਰ ਜਦ ਪੰਥ ਗੁਰੂ ਹੈ ਤੇ ਸਤਿਗੁਰੂ ਨੇ ਅਖ਼ਤਿਆਰਾਤ ਦੇ ਦਿੱਤੇ ਸਨ ਪੰਜਾਂ ਨੂੰ। ਅੱਜ ਤੋਂ ਪੰਜਾਹ ਸੱਠ ਸਾਲ ਪਹਿਲੇ, ਪੰਜਾਹ ਸੱਠ ਬੰਦਿਆਂ ਨੇ, ਸਾਲ ਡੇਢ ਸਾਲ ਮਿਹਨਤ ਕਰਕੇ, ਸਿੱਖ, ਸਿੰਘ ਦੀ ਮਰਯਾਦਾ (ਤਰਤੀਬ ਦਿੱਤੀ) ਲਿਖੀ, ਜਿਸ ਨੂੰ ਅਕਾਲ ਤਖ਼ਤ ਦਾ ਖਰੜਾ ਕਹਿੰਦੇ ਨੇ, ਜਿਸ ਦੇ ਵਿਚ ਸੰਤਾਂ ਦੇ ਵੀ ਦਸਖ਼ਤ ਨੇ, ਗੁਣੀ ਗਿਆਨੀਆਂ ਦੇ ਵੀ ਦਸਖ਼ਤ ਨੇ, ਉਸ ਵਕਤ ਦੇ ਆਲਿਮ ਵਿਦਵਾਨ, ਮੁਦੱਬਰ ਸਭ ਦੇ ਸਾਈਨ (Signature) ਨੇ ਔਰ ਇਕ ਸਾਲ ਲਗਾਤਾਰ ਮਿਹਨਤ ਕੀਤੀ ਗਈ। ਵਿਚਾਰ ਵਟਾਂਦਰਾ ਕੀਤਾ ਗਿਆ, ਤਾਂ ਇਹ ਨਤੀਜਾ ਨਿਕਲਿਆ। ਜੈਸੇ ਟਰੈਫਿਕ ਰੂਲ ਕੋਈ ਇਕ ਦੋ ਬੰਦੇ ਹੀ ਬਣਾਉਂਦੇ ਹੋਣਗੇ ਪਰ ਪਾਲਣਾ ਤੇ ਸਾਰਾ ਦੇਸ਼ ਕਰਦਾ ਹੈ। ਕਰੋੜਾਂ ਬੰਦੇ ਟਰੈਫਿਕ ਰੂਲ ਥੋੜੀ ਬਣਾਉਂਦੇ ਨੇ। ਕਰੋੜਾਂ ਬੰਦੇ ਟਰੈਫਿਕ ਰੂਲ ਮੰਨਦੇ ਨੇ। ਦੋ ਚਾਰ ਟਰੈਫਿਕ ਰੂਲ ਬਣਾਉਂਦੇ ਨੇ। ਜਣਾ-ਖਣਾ ਨਹੀਂ ਬਣਾਉਂਦਾ। ਜਣੇ-ਖਣੇ ਨੂੰ ਮੰਨਣੇ ਪੈਂਦੇ ਨੇ, ਜੋ ਟਰੈਫਿਕ ਰੂਲ ਬਣ ਗਏ ਨੇ। ਇਸ ਤਰ੍ਹਾਂ ਜਣਾ-ਖਣਾ ਪੰਥ ਦੀ ਮਰਯਾਦਾ ਨਹੀਂ ਬਣਾਉਂਦਾ ਅਤੇ ਜਣੇ-ਖਣੇ ਨੂੰ ਕੋਈ ਹੱਕ ਨਹੀਂ, ਕਿਸੇ ਨੂੰ ਕੋਈ ਹੱਕ ਨਹੀਂ। ਮਰਯਾਦਾ ਨੂੰ ਮੰਨਣਾ ਸਾਡਾ ਫਰਜ਼ ਹੈ। ਮਰਯਾਦਾ ਬਣਾਉਣੀ ਸਾਡਾ ਹੱਕ ਨਹੀਂ, ਪੰਥ ਦਾ ਹੱਕ ਹੈ ਔਰ ਆਖ਼ਰੀ ਫ਼ੈਸਲਾ

ਅਕਾਲ ਤਖ਼ਤ ਦਾ। ਇਹ ਚਾਰ ਕੁੰਟਾਂ ਵਿਚ ਉਸ ਵਕਤ ਜੋ ਸਤਿਗੁਰਾਂ ਨੇ ਤਖ਼ਤ ਬਣਾਏ ਸਨ, ਪੁਰਾਣੇ, ਪਰਮਾਣਿਕ ਇਹ ਤਖ਼ਤ, ਇਕ ਦੱਖਣ ਵਿਚ ਹਜ਼ੂਰ ਸਾਹਿਬ, ਇਕ ਪੂਰਬ ਵਿਚ ਪਟਨਾ ਸਾਹਿਬ, ਉਤਰ ਵਿਚ ਅਨੰਦਪੁਰ ਸਾਹਿਬ ਸੀ (ਪਰਾਚੀਨ) ਔਰ ਦੱਖਣ ਵਿਚ, ਲਹਿੰਦੀ ਤਰਫ਼ ਪੈ ਜਾਂਦਾ ਸੀ ਸ੍ਰੀ ਅਕਾਲ ਤਖ਼ਤ। ਜੇ ਕਿਧਰੇ ਝਗੜਾ ਹੈ ਆਪਸ ਵਿਚ ਸਿੱਖਾਂ ਦਾ, ਕਰਨਾਟਕ ਤਾਮਿਲ, ਕੈਰਲਾ, ਮਹਾਰਾਸ਼ਟਰ, ਮਧਯ ਭਾਰਤ ਜੋ ਤਖ਼ਤ ਹੈ ਜਾ ਕੇ ਨਿਪਟਾ ਲਉ, ਭਾਵ ਹਜ਼ੂਰ ਸਾਹਿਬ। ਬੰਗਾਲ ਹੈ, ਆਸਾਮ ਹੈ, ਬਿਹਾਰ ਹੈ, ਕੋਈ ਆਪਸ ਵਿਚ ਮਤਭੇਦ ਨੇ ਨਿਪਟਾ ਲਉ ਸ੍ਰੀ ਪਟਨਾ ਸਾਹਿਬ। ਪਰ ਜੇ ਕਿਧਰੇ ਤਖ਼ਤਾਂ ਦਾ ਵੀ ਆਪਸ ਵਿਚ ਮਤਭੇਦ ਹੈ, ਤੇ ਫਿਰ ਨਿਪਟਾਉ ਸ੍ਰੀ ਅਕਾਲ ਤਖ਼ਤ ਸਾਹਿਬ, ਆਖ਼ਰੀ ਫ਼ੈਸਲਾ ਅਕਾਲ ਤਖ਼ਤ ਦਾ। ਜੇ ਤਖ਼ਤਾਂ ਦਾ ਵੀ ਆਪਸ ਵਿਚ ਮਤਭੇਦ ਹੈ। ਬਦਕਿਸਮਤੀ ਹੈ ਸਾਡਾ ਬਹੁਤ ਕੁਛ ਹਿਲਾ ਦਿੱਤਾ ਗਿਆ ਹੈ। ਪਤਾ ਹੈ ਕਿਉਂ? ਅਗਰ ਕਿਸੇ ਕੌਮ ਨੂੰ ਖੇਰੂੰ-ਖੇਰੂੰ ਕਰਨਾ ਹੋਵੇ ਤਾਂ ਜਿਹੜਾ ਉਸ ਦਾ ਇਸ਼ਟ ਹੈ, ਉਸ ਦੇ ਮੁਕਾਬਲੇ ਤੇ ਹੋਰ ਇਸ਼ਟ ਪੈਦਾ ਕਰ ਦਿਉ। ਇਸ ਲਈ ਗੁਰੂ ਗਰੰਥ ਸਾਹਿਬ ਦੇ ਮੁਕਾਬਲੇ ਤੇ ਕਈ ਹੋਰ ਦਸ ਵੀਹ ਗੁਰੂ ਪੈਦਾ ਕਰ ਦਿੱਤੇ ਗਏ ਨੇ, ਕੋਈ ਨਿਰੰਕਾਰੀ ਹੈ, ਕੋਈ ਨਾਮਧਾਰੀ ਹੈ, ਕੋਈ ਰਾਧਾ ਸੁਆਮੀ ਹੈ, ਕੋਈ ਕਿਲ੍ਹੇ ਵਾਲੇ ਨੇ ਅਤੇ ਕੋਈ ਹੋਰ ਦਸ ਵੀਹ ਨੇ। ਭਾਵੇਂ ਆਪਣੇ ਆਪ ਨੂੰ ਕਹਿੰਦੇ ਤੇ ਉਹ ਸੰਤ ਨੇ ਪਰ, ਖਿਮਾਂ ਕਰਨੀ, ਉਹ ਗੁਰੂ ਹੀ ਬਣੇ ਬੈਠੇ ਨੇ। ਜਿਸ ਢੰਗ ਨਾਲ ਉਹ ਚਲਦੇ ਪਏ ਨੇ, ਕਿਉਂਕਿ ਹਰ ਇਕ ਨੇ ਆਪਣੀ-ਆਪਣੀ ਮਰਯਾਦਾ ਬਣਾ ਲਈ ਹੈ, ਉਹ ਕਹਿੰਦੇ ਨੇ ਸਾਡੇ ਡੇਰੇ ਦੀ ਇਹ ਮਰਯਾਦਾ ਹੈ, ਸਾਡੀ ਇਹ ਹੈ। ਤੇ ਪੁੱਛਿਆ ਜਾ ਸਕਦਾ ਹੈ ਕਿ ਫਿਰ ਪੰਥ ਦੀ ਕੀ ਮਰਯਾਦਾ ਹੈ। ਇਕ ਦੀ ਇਹ ਹੈ, ਦੂਜੇ ਦੀ ਉਹ ਹੈ, ਤੀਜੇ, ਚੌਥੇ ਦੀ ਉਹ ਹੈ। ਕਈ ਦਫ਼ਾ ਸਿੱਖ ਜੋ ਰੋਜ਼ ਗੁਰਦੁਆਰੇ ਆਉਣ ਵਾਲੇ ਵੀ ਨੇ ਕਹਿੰਦੇ ਨੇ, ਨਹੀਂ ਜੀ ਅਸੀਂ ਤੇ ਆਪਣੇ ਢੰਗ ਦੀ ਮਰਯਾਦਾ ਚਲਾਉਣੀ ਹੈ। ਫਿਰ ਤੇ ਰਾਧਾ ਸੁਆਮੀਆਂ ਨੂੰ ਭੰਡਣ ਦੀ ਕੋਈ ਲੋੜ ਹੀ ਨਹੀਂ। ਨਿਰੰਕਾਰੀਆਂ ਨੂੰ ਭੰਡਣ ਦੀ ਕੋਈ ਲੋੜ ਹੀ ਨਹੀਂ। ਸ਼ਾਇਦ ਸਾਡੇ ਨਾਲੋਂ ਜ਼ਿਆਦਾ ਬਾਣੀ ਪੜ੍ਹਦੇ ਨੇ। ਸਿਰਫ ਸਾਡੀ ਮਰਯਾਦਾ ਹੀ ਤੇ ਨਹੀਂ ਮੰਨਦੇ, ਕਹਿੰਦੇ ਨਹੀਂ ਮੰਨਦੇ। ਇਹ ਮੈਂ ਸਿਰਫ ਪੰਥਕ ਦਰਦ ਨੂੰ ਮੁਖ ਰੱਖ ਕੇ ਤੁਹਾਡੇ ਸਾਹਮਣੇ ਰੱਖ ਰਿਹਾ ਹਾਂ ਇਹ ਗੱਲ, ਕੋਈ ਈਰਖਾ ਵੱਸ ਹੋ ਕੇ ਨਹੀਂ।

ਇਕ ਗੁਰੂ ਦੇ ਮੁਕਾਬਲੇ ਤੇ ਦਸ ਵੀਹ ਗੁਰੂ ਖੜੇ ਕਰ ਦਿੱਤੇ ਨੇ, ਕੌਮ ਖੇਰੂੰ-ਖੇਰੂੰ ਕਰ ਦਿੱਤੀ ਔਰ ਜਿਹੜੀ ਕੌਮ ਧਾਰਮਿਕ ਤੌਰ ਤੇ ਇਕ ਨਾ ਹੋਵੇ ਉਸ ਨੂੰ ਸਿਆਸੀ ਤੌਰ ਤੇ ਇਕ ਕਰਨਾ ਬੜਾ ਔਖਾ ਹੈ, ਬਹੁਤ ਕਠਿਨ ਹੈ। ਗੁਰੂ ਗਰੰਥ ਸਾਹਿਬ ਜੀ ਦੇ ਮੁਕਾਬਲੇ ਤੇ ਕੁਛ ਗੁਰੂ ਖੜੇ ਕਰ ਦਿੱਤੇ ਗਏ ਔਰ ਇਸ ਤਰ੍ਹਾਂ ਦੇ ਗੁਰੂਆਂ ਨੇ ਕਦੇ ਪੰਥ ਦਾ ਸਾਥ ਨਹੀਂ ਦਿੱਤਾ, ਇਤਿਹਾਸ ਸਾਹਮਣੇ ਹੈ। ਮਰਯਾਦਾ ਖੇਰੂੰ-ਖੇਰੂੰ ਕਰੋ, ਬਿਲਕੁਲ ਡੀਵਾਈਡ (Divide) ਕਰ ਦਿਉ, ਤਕਸੀਮ ਕਰ ਦਿਉ, ਟੁੱਕੜੇ-ਟੁੱਕੜੇ ਕਰ ਦਿਉ। ਅੱਜ ਇਹ ਕੌਮ ਧਾਰਮਿਕ ਤੌਰ ਤੇ ਵੀ ਵੰਡੀ ਹੋਈ ਏ, ਸਿਆਸੀ ਤੌਰ ਤੇ ਵੀ ਵੰਡੀ ਹੋਈ ਏ। ਇਸ ਲਈ ਦੂਰ ਦ੍ਰਿਸ਼ਟ ਚਿੰਤਾਤੁਰ ਨੇ, ਕੀ ਬਣੇਗਾ? ਕੀ ਹੋਵੇਗਾ? ਇਹ ਤੇ ਧਾਰਮਿਕ ਤੌਰ ਤੇ ਵੀ ਤਕਸੀਮ ਹੋ ਗਏ। ਇਹ ਤੇ ਸਿਆਸੀ ਤੌਰ ਤੇ ਵੀ ਤਕਸੀਮ ਹੋ ਗਏ ਨੇ। ਅਕਾਲ ਤਖ਼ਤ ਇਕ ਹੈ ਅਤੇ ਬਦਕਿਸਮਤੀ ਜਥੇਦਾਰ ਇਸ ਵਕਤ ਤਿੰਨ ਨੇ। ਮੈਂ ਭਾਰਤ ਵਿਚ ਵੀ ਐਲਾਨ ਕੀਤਾ ਸੀ ਕਿ ਜਿਹੜੇ ਦੋ ਆਪਣਾ ਨਾਮ ਵਿਦਡਰਾ (Withdraw) ਕਰ ਲੈਣਗੇ, ਮੈਂ ਆਪਣਾ ਮਸਤਕ ਉਹਨਾਂ ਦੇ

ਕਦਮਾਂ ਤੇ ਰੱਖਾਂਗਾ। ਇਕ ਰਹਿਣ ਦਿਉ ਤਾਕਿ ਸਾਡੀ ਪੁਰਾਣੀ ਪਰੰਪਰਾ ਚਲੇ। ਤਾਕਿ ਅਸੀਂ ਮਾਣ ਨਾਲ ਕਹਿ ਸਕੀਏ ਕਿ ਅਸੀਂ ਸਭ ਇਕ ਹਾਂ, ਬਿਲਕੁਲ ਇਕ ਹਾਂ। ਲੇਕਿਨ ਸਾਡੀ ਇਸ ਏਕਤਾ ਨੂੰ, ਸਾਡੀ ਇਸ ਇਕ ਨੂੰ, ਬਹੁਤ ਸੱਟ ਵੱਜੀ ਏ, ਭਾਵੇਂ ਸਾਡੀ ਗੱਲ ਤੇ ਇਕ ਤੋਂ ਸ਼ੁਰੂ ਹੁੰਦੀ ਏ, ਗੁਰੂ ਗਰੰਥ ਸਾਹਿਬ ਦਾ ਪਹਿਲਾ ਅੱਖਰ ਇਕ ਹੈ। ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਇਕ ਤੋਂ ਆਰੰਭ ਹੁੰਦੀ ਹੈ। ਅਸੀਂ ਸਾਰੀ ਦੁਨੀਆਂ ਨੂੰ ਉਸ ਇਕ ਨਾਲ ਜੋੜਨਾ ਸੀ, ਬਦਕਿਸਮਤੀ ਅਸੀਂ ਆਪ ਵੀ ਇਕ ਨਹੀਂ ਰਹੇ। ਇਹ ਬਹੁਤ ਵੱਡੀ ਗੱਲ ਹੈ। ਲਗਦਾ ਹੈ ਕਿ ਕੋਈ ਵੀ ਮਰਯਾਦਾ ਦੀ ਪਾਲਣਾ ਕਰਨ ਨੂੰ ਤਿਆਰ ਨਹੀਂ। ਨਾ ਸਰੀਰਕ ਮਰਯਾਦਾ, ਨਾ ਈਸ਼ਵਰੀ ਮਰਯਾਦਾ, ਨਾ ਗੁਰੂ ਦੀ ਮਰਯਾਦਾ, ਕੇਵਲ ਆਪਣੀ ਮਰਯਾਦਾ। ਜੇ ਆਪਣੀ ਮਰਯਾਦਾ ਚਲਾਵਾਂਗੇ ਤਾਂ ਸਰੀਰ ਬਿਮਾਰ ਹੋ ਜਾਏਗਾ। ਆਪਣੀ ਮਰਯਾਦਾ ਚਲਵਾਂਗੇ, ਪੰਥ ਖੇਰੂੰ-ਖੇਰੂੰ ਹੋ ਜਾਏਗਾ। ਆਪਣੀ ਮਰਯਾਦਾ ਚਲਾਵਾਂਗੇ, ਤਾਂ ਬਿਖਰ ਜਾਵਾਂਗੇ। ਪੰਥ ਦੀ ਮਰਯਾਦਾ ਗੁਰੂ ਦੀ ਮਰਯਾਦਾ, ਈਸ਼ਵਰ ਦੀ ਮਰਯਾਦਾ। ਜਿਸ ਤਰ੍ਹਾਂ ਜ਼ਮੀਨ ਦੇ ਉੱਤੇ ਸਭ ਕੁਛ ਮਰਯਾਦਾ ਵਿਚ ਚਲ ਰਿਹਾ ਹੈ।

*ਰਾਤੀ ਰੁਤੀ ਥਿਤੀ ਵਾਰ॥*
*ਪਵਣ ਪਾਣੀ ਅਗਨੀ ਪਾਤਾਲ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥*

ਇਹ ਧਰਮਸਾਲ ਹੈ, ਜੀਵਾਂ ਦੇ ਧਰਮ ਕਮਾਉਣ ਦੀ ਜਗ੍ਹਾ। ਸਭ ਕੁਛ ਧਰਮ ਵਿਚ ਚਲ ਰਿਹਾ ਹੈ। ਰਾਤ ਚਲ ਰਹੀ ਹੈ, ਦਿਨ ਚਲ ਰਿਹਾ ਹੈ, ਦਰਿਆ ਚਲ ਰਹੇ ਨੇ, ਗ੍ਰਹਿ ਨਛੱਤਰ ਚਲ ਰਹੇ ਨੇ। ਸੂਰਜ, ਚੰਦ, ਤਾਰੇ ਚਲ ਰਹੇ ਨੇ। ਜ਼ਮੀਨ ਧਰਮ ਵਿਚ ਚਲ ਰਹੀ ਹੈ, ਨਿਯਮ ਵਿਚ ਚਲ ਰਹੀ ਹੈ, ਮਰਯਾਦਾ ਵਿਚ ਚਲ ਰਹੀ ਹੈ, ਹੇ ਬੰਦੇ ! ਅਗਰ ਕੋਈ ਨਿਯਮ ਵਿਚ ਨਹੀਂ ਚਲ ਰਿਹਾ ਤੇ ਉਹ ਤੂੰ ਹੈਂ। ਤੂੰ ਨਿਯਮ ਵਿਚ ਨਹੀਂ ਚਲ ਰਿਹਾ। ਤੇਰਾ ਸਭ ਕੁਛ ਬੇ-ਨਿਯਮ ਹੈ, ਬੇ-ਮਰਯਾਦਾ ਹੈ।

ਹੁਣ ਸਾਨੂੰ ਪਤਾ ਚਲਣਾ ਚਾਹੀਦਾ ਹੈ ਕਿ ਅਸੀਂ ਪਹਿਲੇ ਪੜਾਉ ਵਿਚ ਵੀ ਹਾਂ ਕਿ ਨਹੀਂ, ਧਰਮ ਖੰਡ ਵਿਚ ਵੀ ਹਾਂ ਕਿ ਨਹੀਂ। ਧਰਮ ਵੀ ਧਾਰਨ ਕੀਤਾ ਹੈ ਕਿ ਨਹੀਂ, ਪੰਜਵਾਂ ਸੱਚ ਖੰਡ ਤਾਂ ਅਜੇ ਬਹੁਤ ਦੂਰ ਹੈ।

*ਸਚ ਖੰਡਿ ਵਸੈ ਨਿਰੰਕਾਰੁ॥*
sach khandd vasai nirankaar.
*In the realm of Truth, the Formless Lord abides.*

ਅਸੀਂ ਪਹਿਲੇ ਪੜਾਅ ਤੇ ਵੀ ਪਹੁੰਚੇ ਹਾਂ ਕਿ ਨਹੀਂ, ਇਹਨਾਂ ਮਰਯਾਦਾਂ ਤੇ ਕਿਵੇਂ ਚਲਣਾ ਹੈ, ਕਿਵੇਂ ਇਸ ਮਾਰਗ ਤੇ ਚਲਣਾ ਹੈ, ਜੋ ਗੁਰੂ ਨਾਨਕ, ਕਲਗੀਧਰ ਪਿਤਾ ਨੇ ਸਾਡੇ ਸਾਹਮਣੇ ਇਹ ਮਰਯਾਦਾਂ ਰੱਖੀਆਂ ਨੇ, ਤੁੱਛ ਬੁੱਧੀ ਦੇ ਅਨੁਸਾਰ, ਇਕ ਪਾਠੀ ਦੀ ਤਰ੍ਹਾਂ ਪੜ੍ਹ ਕੇ, ਮੈਂ ਤੁਹਾਡੇ ਸਾਹਮਣੇ ਰੱਖਦਾ ਜਾਵਾਂਗਾ। ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਸਚ ਖੰਡ, ਸਿਲਸਿਲਾਵਾਰ ਇਹ ਸਾਰੀਆਂ ਵਿਚਾਰਾਂ ਆਪ ਜੀ ਦੇ ਸਾਹਮਣੇ ਰੱਖਾਂਗਾ।

# ਭਾਗ ੪

*ਮੂਕ ਉਚਰੈ ਸਾਸਤ੍ਰ ਖਟ ਪਿੰਗੁ ਗਿਰਨ ਚੜਿ ਜਾਇ॥*
*ਅੰਧ ਲਖੈ ਬਧਰੋ ਸੁਨੈ ਜੌ ਕਾਲ ਕ੍ਰਿਪਾ ਕਰਾਇ॥੨॥*
mook oucharai saasatar khatt ping giran charr jaae.
andh lakhai badharo sunai ja kaal kripaa karaae.2.
*The mute can utter six Shastras,*
*the cripple can climb the mountain;*
*The blind can see and the deaf can listen;*
*If the Immortal Lord shows grace.2.*

ਸਨਮਾਨ ਯੋਗ ਗੁਰੂ ਰੂਪ ਸਾਧ ਸੰਗਤ ਜੀਓ ਗੁਰਦੇਵ ਦੀ ਸਨਿਮਰ ਫਤਹਿ ਪ੍ਰਵਾਨ ਕਰਨੀ ਜੀ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥*

ਗੁਰੂ ਪੰਥ, ਗੁਰਮਤਿ ਮਾਰਗ ਦੇ ਜਿਹੜੇ ਵੱਖ-ਵੱਖ ਪੜਾਅ ਨੇ, ਜਿਨ੍ਹਾਂ ਦਾ ਜ਼ਿਕਰ ਪਹਿਲੇ ਪਾਤਸ਼ਾਹ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੇ ਆਪਣੀ ਪਹਿਲੀ ਬਾਣੀ, ਜਪੁਜੀ ਸਾਹਿਬ ਵਿਚ ਕੀਤਾ ਹੈ, ਉਹ ਵਿਚਾਰਾਂ ਮੈਂ ਆਪ ਜੀ ਦੇ ਸਾਹਮਣੇ ਰੱਖ ਰਿਹਾ ਹਾਂ, ਮਹਿਜ਼ ਇਸ ਭਾਵ ਨੂੰ ਮੁੱਖ ਰੱਖ ਕੇ ਕਿ ਹਰ ਇਕ ਨੂੰ ਇਹ ਸੂਝ ਹੋਵੇ, ਪਤਾ ਚਲੇ, ਕਿ ਅਸੀਂ ਕਿਸ ਪੜਾਅ ਤੇ ਹਾਂ। ਚਲੇ ਵੀ ਹਾਂ ਕਿ ਨਹੀਂ ਔਰ ਕਿਤਨੀ ਦੂਰ ਤਕ ਗਏ ਹਾਂ। ਗੁਰਬਾਣੀ ਦੱਸ ਦਿੰਦੀ ਹੈ ਔਰ ਗੁਰਬਾਣੀ ਬਾਕਾਇਦਾ ਇਕ-ਇਕ ਪੜਾਅ ਦਾ ਜ਼ਿਕਰ ਕਰਦੀ ਹੈ।

ਥੋੜਾ ਜਿਹਾ ਮੈਂ ਦੁਹਰਾ ਦਿਆਂ, ਹਿੰਦੂ ਧਰਮ ਨੇ, ਜਿਸ ਨੂੰ ਸਨਾਤਨ ਮੱਤ ਕਹਿੰਦੇ ਨੇ, ਦੋ ਪੜਾਅ ਮੰਨੇ, ਤੀਸਰੀ ਮੰਜ਼ਿਲ। ਕਰਮ ਕਾਂਡ, ਉਪਾਸ਼ਨਾ ਕਾਂਡ, ਇਹ ਦੋ ਪੜਾਅ ਨੇ। ਗਿਆਨ ਕਾਂਡ ਇਹ ਪ੍ਰਾਪਤੀ ਹੈ, ਇਹ ਮੰਜ਼ਿਲ ਹੈ। ਗਿਆਨ ਦੀ ਪ੍ਰਾਪਤੀ ਹੀ ਭਗਵਾਨ ਦੀ ਪ੍ਰਾਪਤੀ ਏ।

ਇਸਲਾਮ ਨੇ ਤਿੰਨ ਪੜਾਅ ਮੰਨੇ ਨੇ, ਚੌਥੀ ਮੰਜ਼ਿਲ ਮੰਨੀ ਏ, ਸ਼ਰੀਅਤ, ਤਰੀਕਤ, ਮਾਰਫ਼ਤ ਅਤੇ ਚੌਥੀ ਮੰਜ਼ਿਲ ਹਕੀਕਤ। ਹਕੀਕਤ ਦੇ ਅੱਖਰੀ ਅਰਥ ਨੇ ਸੱਚਾਈ। ਸੱਚ ਤਕ ਪਹੁੰਚਣਾ, ਸੱਚ ਮੰਜ਼ਿਲ ਹੈ, ਸੱਚ ਖ਼ੁਦਾ ਹੈ, ਸੱਚ ਈਸ਼ਵਰ ਹੈ। ਇਹ ਪੜਾਅ ਨੇ ਸ਼ਰੀਅਤ, ਤਰੀਕਤ, ਮਾਰਫ਼ਤ।

ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਮੰਜ਼ਿਲ ਦਾ ਨਾਮ ਦਸਿਆ ਹੈ ਸੱਚ ਖੰਡ। ਚਾਰ ਪੜਾਅ ਨੇ, ਧਰਮ ਖੰਡ, ਗਿਆਨ ਖੰਡ, ਸਰਮ ਖੰਡ ਅਤੇ ਕਰਮ ਖੰਡ ਅਤੇ ਫਿਰ ਮੰਜ਼ਿਲ ਸੱਚ ਖੰਡ। ਕਲ੍ਹ ਦਾਸ ਨੇ ਧਰਮ ਖੰਡ ਦੀ ਕੁਛ ਵਿਚਾਰ ਰਖੀ ਸੀ ਔਰ ਇਕ-ਇਕ ਖੰਡ ਦੀ ਵਿਚਾਰ

ਗੁਰੂ ਨਾਨਕ ਦੇਵ ਜੀ ਮਹਾਰਾਜ ਆਪ ਕਰਦੇ ਨੇ।

*ਰਾਤੀ ਰੁਤੀ ਥਿਤੀ ਵਾਰ॥*
*ਪਵਣ ਪਾਣੀ ਅਗਨੀ ਪਾਤਾਲ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥*

ਇਸ ਧਰਤੀ ਦੇ ਉੱਤੇ, ਰੁੱਤਾਂ ਨੇ ਥਿੱਤਾਂ ਨੇ, ਵਾਰ ਹੈ, ਪਵਣ ਚਲ ਰਹੀ ਹੈ, ਪਾਣੀ ਚਲ ਰਿਹਾ ਹੈ, ਅਗਨੀ ਹੈ, ਸਭ ਮਰਯਾਦਾ ਵਿਚ ਹੈ। ਗ੍ਰਹਿ ਨਛੱਤਰ ਨੇ, ਸੂਰਜ, ਚੰਦ, ਤਾਰੇ ਨੇ, ਸਭ ਕੁਛ ਮਰਯਾਦਾ ਵਿਚ ਹੈ। ਮਰਯਾਦਾ ਕਹਿੰਦੇ ਨੇ ਸਿਰਫ ਪਹੁੰਚਾਉਣ ਵਾਸਤੇ ਹੁੰਦੀ ਹੈ, ਚਲਾਉਣ ਵਾਸਤੇ ਹੁੰਦੀ ਹੈ। ਅਗਰ ਕੋਈ ਮਰਯਾਦਾ ਨੂੰ ਸਿਰਫ ਮੰਜ਼ਿਲ ਸਮਝ ਲਵੇ, ਟਿਕਾਣਾ ਹੀ ਸਮਝ ਲਵੇ, ਫਿਰ ਉਹ ਮਰਯਾਦਾ ਵਿਚ ਫਸ ਕੇ ਰਹਿ ਜਾਂਦਾ ਹੈ, ਅਗਾਂਹ ਨਹੀਂ ਪਹੁੰਚਦਾ, ਰਹਿ ਜਾਂਦਾ ਹੈ। ਧਰਮ ਖੰਡ ਇੰਜ ਕਹਿ ਲਉ ਕਿ ਧਰਮ ਦੇ ਮਾਰਗ ਦੀ ਸ਼ੁਰੂਆਤ ਹੈ। ਇਸ ਨੂੰ ਮੈਂ ਇਕ ਝਰਨੇ ਨਾਲ ਤਸ਼ਬੀਹ ਦਿਆਂ, ਬਹੁਤ ਧਿਆਨ ਨਾਲ ਪੜ੍ਹਨਾ। ਸ਼ੁਰੂ-ਸ਼ੁਰੂ ਵਿਚ ਜਦ ਪਹਾੜਾਂ ਦੇ ਸੀਨੇ ਚੀਰ ਕੇ ਕੋਈ ਪਾਣੀ ਨਿਕਲਦਾ ਹੈ, ਝਰਨਾ ਨਿਕਲਦਾ ਹੈ, ਉਹਦੇ ਵਿਚ ਤੇਜ਼ੀ ਬੜੀ ਹੁੰਦੀ ਹੈ। ਬਹਾਅ ਬੜਾ ਤਿੱਖਾ ਹੁੰਦਾ ਹੈ। ਸ਼ੁਰੂ-ਸ਼ੁਰੂ ਵਿਚ ਜਦ ਕੋਈ ਧਾਰਮਿਕ ਬਣਦਾ ਹੈ, ਜਿਸ ਦੇ ਅੰਦਰ ਲਗਨ ਪੈਦਾ ਹੋ ਜਾਂਦੀ ਹੈ, ਚਾਹੇ ਉਹ ਨਵਾਂ ਮੁਸਲਮਾਨ ਬਣੇ, ਚਾਹੇ ਉਹ ਨਵਾਂ ਸਨਾਤਨੀ ਬਣੇ, ਚਾਹੇ ਨਵਾਂ ਕ੍ਰਿਸ਼ਚਨ ਬਣੇ, ਚਾਹੇ ਨਵਾਂ-ਨਵਾਂ ਗੁਰਮਤਿ ਦੇ ਮਾਰਗ ਤੇ ਚਲੇ, ਉਸ ਦੇ ਵਿਚ ਬਹਾਉ ਬੜਾ ਹੋਵੇਗਾ, ਤੇਜ਼ੀ ਬੜੀ ਹੋਵੇਗੀ। ਔਰ ਇਸ ਤਰ੍ਹਾਂ ਦੀ ਤੇਜ਼ੀ ਹੋਵੇਗੀ ਉਸ ਝਰਨੇ ਵਿਚ, ਜਿਵੇਂ ਹੁਣੇ ਪਹੁੰਚਿਆ ਸਾਗਰ ਤਕ। ਤੇਜ਼ੀ ਤੇ ਬੜੀ ਹੋਵੇਗੀ ਲੇਕਿਨ ਗਹਿਰਾਈ ਨਹੀਂ ਹੋਵੇਗੀ। ਬਹਾਅ ਬੜਾ ਹੋਵੇਗਾ, ਲੇਕਿਨ ਗਹਿਰਾਈ ਨਹੀਂ ਹੋਵੇਗੀ। ਧਰਮ ਖੰਡੀ ਮਨੁੱਖ ਕੋਲ ਮਰਯਾਦਾ ਹੋਵੇਗੀ, ਗਹਿਰਾਈ ਨਹੀਂ ਹੋਵੇਗੀ। ਕੁਛ ਵੀ ਨਹੀਂ ਹੋਵੇਗਾ, ਪਰ ਠੀਕ ਹੈ ਪਹਿਲਾ ਪੜਾਅ ਤੇ ਹੈ। ਜਿਸ ਬੂੰਦ ਨੇ ਸਾਗਰ ਤਕ ਪਹੁੰਚਣਾ ਹੈ, ਆਖ਼ਿਰ ਕਈ ਪੜਾਵਾਂ ਤੋਂ ਲੰਘ ਕੇ ਪਹੁੰਚੇਗੀ। ਧਰਮ ਖੰਡ ਇਕ ਪੜਾਅ ਹੈ, ਮੰਜ਼ਿਲ ਨਹੀਂ। ਜਿਵੇਂ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਜਾਣਾ ਹੈ ਤੇ ਪਹਿਲੇ ਸ਼ਹਿਰ ਨੂੰ ਛੱਡਣਾ ਪੈਂਦਾ ਹੈ, ਉਸ ਤੋਂ ਅੱਗੇ ਲੰਘਣਾ ਪੈਂਦਾ ਹੈ। ਜੋ ਨਿਯਮ ਅਸੀਂ ਬਾਹਰ ਦੇਖਦੇ ਹਾਂ, ਓਹੀ ਨਿਯਮ ਅੰਦਰ ਨੇ।

***ਜੋ ਬ੍ਰਹਮੰਡੇ ਸੋਈ ਪਿੰਡੇ.... ॥*** (ਅੰਗ ੬੯੫)

jo brehmanddae soee pinddae jo khojai so paavai.
*The One who pervades the Universe also dwells in the body; whoever seeks Him, finds Him there.*

ਜੋ ਕੁਛ ਬ੍ਰਹਿਮੰਡ ਦੇ ਵਿਚ ਹੈ, ਜੈਸੇ ਨਿਯਮ ਯਾ ਪਰਮਾਤਮਾ। ਸਹੀ ਉਸੇ ਤਰ੍ਹਾਂ ਦੇ ਨਿਯਮ ਤੇ ਓਹੀ ਪਰਮਾਤਮਾ ਮਨੁੱਖ ਦੇ ਅੰਦਰ ਹੈ ਔਰ ਓਹੀ ਕੁੱਝ ਚਲ ਰਿਹਾ ਹੈ।

***ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥*** (ਅੰਗ ੬੯੫)

ਸ਼ੁਰੂ-ਸ਼ੁਰੂ ਵਿਚ ਜਦ ਕੋਈ ਧਾਰਮਿਕ ਬਣਦਾ ਹੈ, ਨਵਾਂ-ਨਵਾਂ ਸਿੱਖ ਬਣੇ, ਨਵਾਂ-

ਨਵਾਂ ਜੋਗੀ ਬਣੇ। ਮੈਂ ਦੇਖਿਆ ਹੈ, ਹਿੰਦੋਸਤਾਨ ਤੋਂ ਇਸ ਪਾਸੇ ਕਈ ਜੋਗੀ ਆਉਂਦੇ ਨੇ, ਲੋਕੀਂ ਉਹਨਾਂ ਦੇ ਪਿੱਛੇ ਚਲਦੇ ਨੇ ਬੜਾ ਬਹਾਅ ਹੁੰਦਾ ਹੈ, ਬੜੀ ਤੇਜ਼ੀ ਹੁੰਦੀ ਹੈ ਔਰ ਉਹਨਾਂ ਦੀ ਤੇਜ਼ੀ ਦੇਖ ਕੇ ਇੰਜ ਪਤਾ ਚਲਦਾ ਹੈ, ਕਿ ਹੁਣੇ ਪਹੁੰਚੇ ਤੇ ਹੁਣੇ ਪਹੁੰਚੇ। ਪਰ ਇਹ ਕੁਛ ਦਿਨ ਦੀ ਤੇਜ਼ੀ ਹੁੰਦੀ ਹੈ ਬੱਸ, ਕੁਛ ਦਿਨ ਦੀ। ਉਸ ਵਿਚ ਕੋਈ ਗਹਿਰਾਈ ਨਹੀਂ ਹੁੰਦੀ, ਸਿਰਫ ਉਤਲਾ-ਪਨ ਹੁੰਦਾ ਹੈ। ਬਹਾਉ ਬੜਾ ਤਿੱਖਾ ਹੁੰਦਾ ਹੈ, ਤੇਜ਼ੀ ਬੜੀ ਹੁੰਦੀ ਹੈ, ਮਰਯਾਦਾ ਤੇ ਜ਼ੋਰ ਬੜਾ ਹੈ। ਅਗਰ ਕੋਈ ਝਰਨੇ ਦਾ ਪਾਣੀ ਕਿਸੇ ਚਟਾਨ ਨਾਲ ਟਕਰਾ ਕੇ, ਉਥੇ ਹੀ ਪ੍ਰਕਰਮਾਂ ਕਰਦਾ ਰਹੇ, ਅੱਗੇ ਵਗੇ ਹੀ ਨਾ, ਜਾਏ ਹੀ ਨਾ। ਸ਼ਾਇਦ ਉਥੇ ਰੁਕਾਵਟ ਪੈਦਾ ਹੋ ਜਾਏ ਤੇ ਉਸ ਰੁਕਾਵਟ ਕਰਕੇ ਸੜਾਂਦ ਵੀ ਪੈਦਾ ਹੋ ਜਾਏ, ਤੇ ਕਿਧਰੇ ਪਿੱਛੋਂ ਬਹਾਉ ਵੀ ਰੁਕ ਜਾਏ ਤੇ ਜਿਸ ਤਰ੍ਹਾਂ ਰੁਕਿਆ ਹੋਇਆ ਪਾਣੀ ਸੜ ਜਾਂਦਾ ਹੈ, ਧਰਮ ਖੰਡ ਦੇ ਉੱਤੇ ਰੁਕੀ ਹੋਈ ਸੁਰਤ, ਉਸ ਵਿਚ ਬੜੀ ਬਦਬੋ ਆ ਜਾਂਦੀ ਹੈ, ਕੱਟੜ ਹੋ ਜਾਂਦਾ ਹੈ, ਈਰਖਾਲੂ ਹੋ ਜਾਂਦਾ ਹੈ, ਝਗੜਾਲੂ ਹੋ ਜਾਂਦਾ ਹੈ ਔਰ ਧਰਮ ਦੇ ਨਾਂ ਤੇ ਬੜੇ-ਬੜੇ ਝਗੜਿਆਂ ਨੂੰ ਜਨਮ ਦੇਵੇਗਾ।

ਕਹਿੰਦੇ ਨੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲਿਆਂ ਨੂੰ ਨਵਾਬ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਕਹਿੰਦੇ ਨੇ ਇਸ ਸਭਾ ਵਿਚ ੧੭ ਬੰਦੇ ਬੈਠੇ ਸਨ, ਯਾ ਇੰਜ ਕਹਿ ਲਉ ੧੭ ਜੱਜ ਬੈਠੇ ਸਨ, ਜਿਨ੍ਹਾਂ ਨੇ ਫ਼ੈਸਲਾ ਦੇਣਾ ਸੀ। ਇਸ ਵਿਚ ਨਵਾਬ ਮਲੇਰਕੋਟਲਾ ਵੀ ਸੀ, ਦੀਵਾਨ ਸੁੱਚਾ ਨੰਦ ਵੀ ਸੀ, ਆਲੇ-ਦੁਆਲੇ ਦੇ ਛੋਟੇ-ਛੋਟੇ ਹੋਰ ਨਵਾਬ ਵੀ ਸਨ। ਸੂਬਾ ਸਰਹਿੰਦ ਵਜੀਦ ਖਾਂ ਵੀ ਸੀ। ਸਤਾਰ੍ਹਵਾਂ ਬੰਦਾ ਸੀ ਮਜ਼ਹਬੀ ਮੁਖੀ ਕਾਜ਼ੀ। ਕਹਿੰਦੇ ਨੇ ਯਕੇ-ਬਾਦ ਦੀਗਰੇ, ਹਰ ਇਕ ਆਪਣਾ-ਆਪਣਾ ਫ਼ੈਸਲਾ ਸੁਣਾਈ ਜਾ ਰਿਹਾ, ਤੇ ਕਾਜ਼ੀ ਕੋਲੋਂ ਪੁੱਛਿਆ ਗਿਆ, ਬਈ ਚਲੋ ਇਹ ਸਹੀ ਦੱਸੇਗਾ, ਬੱਚੇ ਮਾਸੂਮ ਨੇ ਤੇ ਇਸਲਾਮ ਕਹਿੰਦਾ ਹੈ ਕਿ ਮਾਸੂਮ ਦਾ ਖ਼ੂਨ ਜ਼ਮੀਨ ਤੇ ਨਹੀਂ ਡੁਲ੍ਹਣਾ ਚਾਹੀਦਾ। ਇਸਲਾਮ ਦੀ ਸ਼ਰ੍ਹਾ ਇਹ ਕਹਿੰਦੀ ਹੈ। ਜਿਹੜਾ ਸ਼ਰ੍ਹਾ ਦਾ ਕਾਨੂੰਨ ਮੁਹੰਮਦ ਸਾਹਿਬ ਨੇ ਬਣਾਇਆ ਸੀ, ਉਸ ਵਿਚ ਇਹ ਹੈ ਕਿ ਇਸਤ੍ਰੀ ਤੇ ਬੱਚੇ ਦਾ ਖ਼ੂਨ ਜ਼ਮੀਨ ਤੇ ਨਹੀਂ ਡੁਲ੍ਹਣਾ ਚਾਹੀਦਾ, ਉਹ ਮੁਆਫ਼ ਨਹੀਂ ਹੋਵੇਗਾ। ਖ਼ੁਦਾ ਮੁਆਫ਼ ਨਹੀਂ ਕਰੇਗਾ। ਇਕ ਔਰਤ ਇਕ ਮਾਸੂਮ ਬੱਚਾ ਨਾਬਾਲਗ਼। ਸੂਬਾ ਸਰਹਿੰਦ ਨੇ ਕਿਹਾ ਕਿ ਇਹ ਤੇ ਨਾਬਾਲਗ਼ ਨੇ। ਨੌਂ ਸਾਲ ਦੀ ਉਮਰ ਤੇ ਕੁੱਝ ਉਮਰ ਨਹੀਂ ਹੈ, ਇਹ ਤੇ ਬਹੁਤ ਛੋਟੇ ਨੇ। ਇਸਲਾਮ ਇਹ ਕਹਿੰਦਾ ਹੈ ਕਿ ਬੱਚਿਆਂ ਦਾ ਖ਼ੂਨ, ਜ਼ਮੀਨ ਤੇ ਨਹੀਂ ਡੁਲ੍ਹਣਾ ਚਾਹੀਦਾ। ਯਾਨੀ ਇੰਜ ਕਹਿ ਲਉ ਵਜੀਦ ਖਾਂ ਦੇ ਮਨ ਵਿਚ ਛੋੜਨ ਦਾ ਖ਼ਿਆਲ ਪੈਦਾ ਹੋ ਗਿਆ। ਛੋੜ ਦੇਈਏ, ਛੋਟੇ ਨੇ, ਮਾਸੂਮ ਨੇ। ਕਾਜ਼ੀ ਕਹਿੰਦਾ, ਖ਼ੂਨ ਡੋਲ੍ਹਣ ਦੀ ਲੋੜ ਹੀ ਕੀ ਹੈ। ਇਹਨਾਂ ਨੂੰ ਜ਼ਿੰਦਾ ਦੀਵਾਰ ਵਿਚ ਚਿਣ ਦੇਈਏ, ਆਪੇ ਮਰ ਜਾਣਗੇ, ਗੱਲ ਖ਼ਤਮ। ਖ਼ੂਨ ਨਹੀਂ ਡੁਲ੍ਹੇਗਾ। ਇਹ ਕਾਜ਼ੀ ਦਾ ਫ਼ੈਸਲਾ। ਕਿਸ ਕਾਜ਼ੀ ਦਾ? ਜਿਸ ਦੇ ਹੱਥ ਵਿਚ ਤੱਸਬੀ ਸੀ, ਅੱਲਾ ਹੂ, ਅੱਲਾ ਹੂ ਜਪੇ ਪਿਆ। ਬਗ਼ਲ ਵਿਚ ਕੁਰਾਨ ਸ਼ਰੀਫ਼ ਸੀ, ਸਾਰਾ ਦਿਨ ਕੁਰਾਨ ਦੀਆਂ ਆਇਤਾਂ ਵੀ ਪੜ੍ਹਦਾ ਹੈ। ਪੰਜ ਵਕਤ ਦਾ ਪੱਕਾ ਨਮਾਜ਼ੀ, ਰੋਜ਼ਾ ਵੀ ਰੱਖਦਾ ਹੈ, ਕੁਰਾਨ ਦੀ ਤਲਾਵਤ ਵੀ ਕਰਦਾ ਹੈ। ਜ਼ਕਾਤ ਦਿੰਦਾ ਹੈ ਔਰ ਗਜ਼ਬ ਦੀ ਗੱਲ, ਮੱਕੇ ਮਦੀਨੇ ਦਾ ਹੱਜ ਕਰਕੇ ਵੀ ਆਇਆ ਹੈ। ਹਾਜੀ ਵੀ ਹੈ। ਕਾਜ਼ੀ ਜਿਸ ਨੇ ਸ਼ਰ੍ਹਾ ਦਾ ਫ਼ੈਸਲਾ ਸੁਣਾਉਣਾ ਹੁੰਦਾ ਹੈ, ਇਸ ਨੇ ਸਾਰਿਆਂ ਦੇ ਮਨ ਬਦਲ ਦਿੱਤੇ। ਕਹਿੰਦਾ ਇਹਨਾਂ ਨੂੰ ਜ਼ਿੰਦਾ ਦੀਵਾਰਾਂ ਵਿਚ ਚਿਣ ਦਿਉ, ਖ਼ੂਨ ਵੀ ਨਹੀਂ ਡੁਲ੍ਹੇਗਾ, ਆਪੇ ਖ਼ਤਮ ਹੋ ਜਾਣਗੇ, ਛੋੜਨ ਦੀ ਕੀ ਲੋੜ ਹੈ, ਖ਼ੂਨ

ਨਹੀਂ ਡੁਲ੍ਹੇਗਾ। ਅਗਰ ਸ਼ਰ੍ਹਾ ਇਹ ਕਹਿੰਦੀ ਹੈ ਕਿ ਨਾਬਾਲਗ ਦਾ ਖ਼ੂਨ ਨਾ ਡੁਲ੍ਹੇ ਤੋਂ ਨਹੀਂ ਡੁਲ੍ਹੇਗਾ। ਉਹਨੇ ਢੰਗ ਲੱਭਿਆ, ਇਕ ਤਰੀਕਾ ਲੱਭ ਲਿਆ। ਵਰਨਾ ਹੋ ਸਕਦਾ ਹੈ ਕਿ ਮੁਹੰਮਦ ਸਾਹਿਬ ਨੇ ਤੇ ਇਹ ਆਖਿਆ ਸੀ ਕਿ ਮਾਸੂਮਾਂ ਦਾ ਖ਼ੂਨ ਨਾ ਡੁਲ੍ਹੇ। ਬੱਚਿਆਂ ਦਾ ਖ਼ੂਨ ਨਾ ਡੁਲ੍ਹੇ, ਜੋ ਛੋਟੇ ਨੇ ਪਰ ਉਸ ਨੇ ਢੰਗ ਕੱਢ ਲਿਆ। ਮੈਂ ਕਈ ਦਫ਼ਾ ਇਤਿਹਾਸ ਪੜ੍ਹ ਕੇ ਹੈਰਾਨ ਹੋ ਜਾਂਦਾ ਹਾਂ ਕਿ ਉਸ ਦੇ ਹੱਥ ਵਿਚ ਤੱਸਬੀ ਸੀ, ਅੱਲਾ ਹੂ ਅੱਲਾ ਹੂ ਜਪਦਾ ਸੀ। ਬਗ਼ਲ ਵਿਚ ਕੁਰਾਨ ਸ਼ਰੀਫ ਵੀ ਸੀ, ਬਾਕਾਇਦਾ ਪੜ੍ਹਦਾ ਵੀ ਸੀ। ਪੰਜ ਵਕਤ ਦਾ ਪੱਕਾ ਨਮਾਜ਼ੀ ਵੀ ਸੀ ਔਰ ਜ਼ਕਾਤ ਵੀ ਦਿੰਦਾ ਸੀ, ਰੋਜ਼ੇ ਵੀ ਰੱਖਦਾ ਸੀ, ਪਰ ਹਿਰਦਾ ਇਤਨਾ ਕਠੋਰ, ਇਤਨਾ ਸਖ਼ਤ, ਇਤਨਾ ਪੱਥਰ ਦਿਲ। ਸਤਿਗੁਰੂ ਕਹਿੰਦੇ ਨੇ:-

*ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ॥*
*ਹਰਿ ਦਰਗਹ ਕਹੁ ਕੈਸੇ ਗਵੈ॥* (ਅੰਗ ੨੭੮)
anik jatan kar aatam nehee dravai.
har dargeh kahu kaisae gavai.
*He makes all sorts of efforts,*
*but his soul is still not softened*
*how can he go to the Court of the Lord?*

ਧਰਮ ਦੀ ਦੁਨੀਆਂ ਵਿਚ ਬਹੁਤ ਕੁਛ ਕਰੇ, ਪਰ ਹਿਰਦਾ ਕੋਮਲ ਨਹੀਂ ਹੋਇਆ, ਇਹ ਪਰਮਾਤਮਾ ਤਕ ਕਿਸ ਤਰ੍ਹਾਂ ਪਹੁੰਚੇਗਾ। ਅਗਰ ਧਰਮ ਖੰਡ ਵਿਚ ਕਿਸੇ ਦੀ ਸੁਰਤ ਰੁਕ ਜਾਏ, ਕਹਿੰਦੇ ਨੇ, ਉਹ ਬੰਦਾ ਜਿਤਨਾ ਕਠੋਰ ਹੁੰਦਾ ਹੈ, ਰੂਹੇ-ਜ਼ਮੀਨ ਤੇ ਹੋਰ ਇਤਨਾ ਕਠੋਰ ਨਹੀਂ ਹੋ ਸਕਦਾ। ਬ੍ਰਾਹਮਣ ਤਬਕਾ ਜਿਨ੍ਹਾਂ ਦੀ ਸੁਰਤ ਰੁਕ ਗਈ ਸੀ, ਹਾਲਾਂਕਿ ਚਾਰੇ ਵੇਦਾਂ ਦੇ ਉਹ ਪਾਠੀ ਸਨ, ਉਪਨਿਸ਼ਦਾਂ ਦੇ ਉਹ ਗਿਆਨੀ, ਗੀਤਾ ਦਾ ਉਹ ਪਾਠ ਕਰਨ ਵਾਲੇ, ਦੇਵਤਿਆਂ ਦੇ ਉਪਾਸ਼ਕ, ਲੇਕਿਨ ਹਿਰਦਾ ਇਤਨਾ ਕਠੋਰ ਹੋ ਗਿਆ ਕਿ ਪੰਜ ਹਜ਼ਾਰ ਸਾਲ ਤਕ ਕਿਰਤੀ ਬੰਦਿਆਂ ਲਈ ਧਰਮ ਮੰਦਰਾਂ ਦੇ ਦਰਵਾਜ਼ੇ ਵੀ ਬੰਦ ਰੱਖੇ, ਵਿਦਿਆਲਿਆਂ ਦੇ ਦਰਵਾਜ਼ੇ ਵੀ ਬੰਦ ਰੱਖੇ। ਕਿਨ੍ਹਾਂ ਨੇ? ਧਾਰਮਿਕ ਬੰਦਿਆਂ ਨੇ। ਕਹਿੰਦੇ ਨੇ ਧਾਰਮਿਕ ਮਨੁੱਖ ਜਦ ਕਠੋਰ ਹੋਵੇਗਾ, ਇਤਨਾ ਹੋਰ ਕੋਈ ਕਠੋਰ ਨਹੀਂ ਹੋ ਸਕਦਾ ਜਿਤਨਾ ਕਿ ਧਾਰਮਿਕ ਬੰਦਾ। ਪਾਣੀ ਰੁਕ ਗਿਆ ਹੈ, ਗੰਦਾ, ਬਦਬੂਦਾਰ ਹੋ ਗਿਆ ਹੈ, ਬਹਾਉ ਰੁਕ ਗਿਆ ਹੈ। ਪਰ ਸ਼ੁਰੂ-ਸ਼ੁਰੂ ਵਿਚ ਜਦ ਇਹ ਝਰਨਾ ਵਗਦਾ ਹੈ, ਬਹਾਉ ਬੜਾ ਤਿੱਖਾ ਹੁੰਦਾ ਹੈ, ਬੜਾ ਤੇਜ਼ ਹੁੰਦਾ ਹੈ।

ਮੈਂ ਫਿਰ ਅਰਜ਼ ਕਰਾਂ, ਨਵਾਂ-ਨਵਾਂ ਕੋਈ ਮੁਸਲਮਾਨ ਬਣੇ, ਨਮਾਜ਼ ਨਹੀਂ ਖੁੰਝਾਉਂਦਾ, ਰੋਜ਼ਾ ਨਹੀਂ ਖੁੰਝਾਉਂਦਾ। ਸਭ ਕੁਛ ਦੀ ਪਾਲਣਾ ਕਰਦਾ ਹੈ। ਨਵਾਂ-ਨਵਾਂ ਕੋਈ ਜਦ ਚਲਦਾ ਹੈ, ਧਾਰਮਿਕ ਮਰਯਾਦਾ ਦੀ ਪੂਰੀ ਜ਼ੋਰ-ਸ਼ੋਰ ਨਾਲ ਪਾਲਣਾ ਕਰਦਾ ਹੈ ਔਰ ਉਦੋਂ ਉਸ ਦੀ ਸੁਰਤ ਰੁਕ ਜਾਂਦੀ ਹੈ ਜਦ ਉਹ ਮਰਯਾਦਾ ਨੂੰ ਮੰਜ਼ਿਲ ਸਮਝ ਲੈਂਦਾ ਹੈ, ਟਿਕਾਣਾ ਸਮਝ ਲੈਂਦਾ ਹੈ ਅਤੇ ਅੱਗੇ ਚੱਲਣੋ ਰਹਿ ਜਾਂਦਾ ਹੈ। ਉਮੀਦ ਹੈ ਆਪ ਗਹਿਰਾਈ ਨਾਲ ਇਹਨਾਂ ਵਿਚਾਰਾਂ ਨੂੰ ਲੈ ਰਹੇ ਹੋਵੋਗੇ, ਕਿਉਂਕਿ ਪੰਜ ਖੰਡ ਸਤਿਗੁਰੂ ਮਹਾਰਾਜ ਜੀ ਦੱਸਦੇ ਪਏ ਨੇ ਔਰ ਫ਼ੈਸਲਾ ਵੀ ਇਹ ਕਰਨਾ ਹੈ ਕਿ ਅਸੀਂ ਕਿੱਥੇ ਪਹੁੰਚੇ ਹਾਂ। ਫ਼ੈਸਲਾ ਕਰਨਾ ਹੈ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਅਨੁਸਾਰ, ਆਪਣੀ ਸੋਚਣੀ ਦੇ ਮੁਤਾਬਿਕ ਨਹੀਂ।

ਜਦ ਕੋਈ ਪਹਿਲੇ ਪੜਾਅ ਤੇ ਰੁਕ ਜਾਂਦਾ ਹੈ, ਮੈਂ ਸਮਝਦਾ ਹਾਂ ਰੂਹੇ-ਜ਼ਮੀਨ ਤੇ ਇਤਨੀ ਕੋਈ ਚੀਜ਼ ਕਠੋਰ ਨਹੀਂ, ਜਿਤਨਾ ਕਿ ਉਹ ਕਠੋਰ ਹੋ ਜਾਂਦਾ ਹੈ। ਮੈਂ ਦੇਖਦਾ ਹਾਂ ਈਰਾਨ ਦੇ ਸ਼ਹਿਨਸ਼ਾਹ ਨੇ ਕਤਈ ਇਤਨੇ ਜ਼ੁਲਮ ਨਹੀਂ ਢਾਏ ਸਨ, ਜਿਤਨੇ ਖ਼ੁਮੈਨੀ (ਜੋ ਹੁਣ ਦਾ ਹੁਕਮਰਾਨ ਹੈ) ਨੇ ਢਾਹ ਦਿੱਤੇ। ਮੈਂ ਸਟੇਜ ਤੋਂ ਦੋ ਸ਼ਬਦ ਕਹਿ ਰਹਿਾ ਹਾਂ, ਮਜ਼ਹਬੀ ਬੰਦਾ, ਪੱਕਾ ਨਮਾਜ਼ੀ ਔਰ ਨਿੱਕੀ-ਨਿੱਕੀ ਗੱਲ ਦੇ ਉੱਤੇ ਮਨੁੱਖ ਕਤਲ ਹੋ ਰਹੇ ਨੇ। ਇੰਡੀਆ ਵਿਚ ਜੋ ਆਂਕੜੇ ਮੇਰੇ ਕੋਲ ਪੜ੍ਹਨ ਵਿਚ ਆਏ, ਦੋ ਲੱਖ ਤੋਂ ਵਧ ਈਰਾਨੀ ਖ਼ੁਮੈਨੀ ਦੇ ਇਸ਼ਾਰਿਆਂ ਨਾਲ ਕਤਲ ਕੀਤੇ ਗਏ। ਕੁੱਝ ਪੁਲਸੀਏ, ਕੁੱਝ ਫ਼ੌਜ ਦੇ ਅਫ਼ਸਰ। ਆਖ਼ਿਰ ਉਹ ਪਹਿਲੇ ਜਿਸ ਸ਼ਹਿਨਸ਼ਾਹ ਦੇ ਮੁਲਾਜ਼ਿਮ ਸਨ ਉਸ ਦਾ ਹੁਕਮ ਮੰਨਦੇ ਰਹੇ। ਜਿਸ ਦੀ ਨੌਕਰੀ, ਉਸ ਦਾ ਹੁਕਮ। ਉਸ ਦੇ ਵਿਚ ਚੰਗੇ-ਚੰਗੇ ਸਿਆਣੇ ਮਨੁੱਖ, ਸਾਇੰਟਿਸਟ (Scientist) ਲਾਇਰ (Lawyer) ਵੀ ਸਨ, ਡਾਕਟਰ (Doctors) ਵੀ ਸਨ, ਹੋਰ ਵੀ ਬੜੇ-ਬੜੇ ਸੂਝਵਾਨ, ਉਹਨਾਂ ਦੇ ਚੰਗੇ-ਚੰਗੇ ਔਹਦੇ (Ranks) ਵੀ ਸਨ, ਕਤਲ ਕਰਾ ਦਿੱਤੇ, ਖ਼ਤਮ ਕਰ ਦਿੱਤੇ। ਇਹ ਝੂਠੇ ਹਨ, ਇਹਨਾਂ ਨੂੰ ਕੱਢੋ। ਇਹ ਹਾਲ ਹੈ ਮਜ਼ਹਬੀ ਬੰਦੇ ਦਾ, ਪੰਜ ਵਕਤ ਦਾ ਪੱਕਾ ਨਮਾਜ਼ੀ, ਰੋਜ਼ੇ ਰੱਖਣ ਵਾਲਾ, ਹੱਜ ਵੀ ਕਰਕੇ ਆਇਆ ਹੈ, ਕੁਰਾਨ ਦਾ ਹਾਫ਼ਿਜ਼ ਵੀ ਹੈ, ਫਿਰ ਹਿਰਦੇ ਦਾ ਇਤਨਾ ਕਠੋਰ।

ਇਕ ਆਪਣੇ ਘਰ ਦੀ ਉਦਾਹਰਣ ਦਿਆਂ ਭਾਵ (ਸਿੱਖ ਸਮਾਜ ਦੀ ਇਤਿਹਾਸਿਕ ਘਟਨਾ ਦੀ)। ਮਹੰਤ ਨਾਰਾਇਣ ਦਾਸ, ਨਨਕਾਣਾ ਸਾਹਿਬ ਦਾ ਮੁਖੀ ਪੁਜਾਰੀ, ਹਿਰਦੇ ਦਾ ਕਿਤਨਾ ਕਠੋਰ ਹੈ ਕਿ ਇਸ ਦੀਆਂ ਅੱਖਾਂ ਦੇ ਸਾਹਮਣੇ ਸਿੱਖਾਂ ਨੂੰ ਜੰਡਾਂ ਨਾਲ ਬੰਨ੍ਹ ਕੇ, ਉਲਟਾ ਲਟਕਾਇਆ ਗਿਆ ਔਰ ਜ਼ਿੰਦਾ ਜਲਾਇਆ ਗਿਆ ਅਤੇ ਇਹ ਵੇਖ ਵੇਖ ਕੇ ਖ਼ੁਸ਼ ਹੁੰਦਾ ਰਿਹਾ। ਇਹ ਮਹੰਤ, ਹੱਦ ਹੋ ਗਈ। ਸੰਤ, ਮਹੰਤ, ਹੈਰਾਨਗੀ ਹੁੰਦੀ ਹੈ। ਸਤਿਗੁਰੂ ਦੀ ਬਾਣੀ ਪੜ੍ਹਨ ਵਾਲਾ, ਨਿਰੀ ਬਾਣੀ ਹੀ ਨਹੀਂ ਪੜ੍ਹਨ ਵਾਲਾ, ਅਰਥ ਵੀ ਕਰਨ ਵਾਲਾ, ਬੜਾ ਸੂਝਵਾਨ, ਬੜੀ ਗੱਲ। ਕਾਰਣ ਕੀ? ਪਹਿਲੇ ਪੜਾਅ ਤੇ ਹੀ ਸੁਰਤ ਰੁਕ ਗਈ। ਝਰਨਾ ਛੁੱਟਿਆ ਬੜਾ ਤੇਜ਼ੀ ਨਾਲ, ਅੱਗੇ ਚਟਾਨਾਂ ਆ ਗਈਆਂ, ਰਸਤਾ ਨਾ ਬਣਾ ਸਕਿਆ, ਰੁਕ ਗਿਆ। ਗੰਦਾ ਹੋ ਗਿਆ ਪਾਣੀ, ਬਦਬੂ ਆਉਣ ਲਗ ਪਈ। ਧਰਮ ਖੰਡ ਵਿਚ ਰੁਕੇ ਹੋਏ ਮਨੁੱਖਾਂ ਕੋਲ ਯਾ ਇੰਜ ਕਹਿ ਲਉ ਧਰਮੀ ਬੰਦਿਆਂ ਕੋਲ, ਜਦ ਇਸ ਤਰ੍ਹਾਂ ਦੀ ਧਰਮ ਦੀ ਸੜਾਂਦ ਆਵੇ ਤੇ ਜਗਤ ਵਿਚ ਨਾਸਤਿਕਤਾ ਫੈਲਦੀ ਹੈ। ਲੋਕੀਂ ਕਹਿੰਦੇ ਨੇ, ਇਸ ਤਰ੍ਹਾਂ ਦੇ ਧਰਮ ਨੂੰ ਕੀ ਕਰਨਾ ਹੈ।

ਸਿਆਣੇ ਈਰਾਨੀ ਜੋ ਮੈਨੂੰ ਮਿਲੇ, ਇਧਰ ਆਸਟਰੇਲੀਆ ਵਿਚ ਵੀ ਮਿਲੇ, ਕਈ ਵਿਚਾਰੇ ਨੱਸੇ, ਓਧਰ ਚਲੇ ਗਏ ਨੇ। ਦੋ ਬੜੇ ਸਿਆਣੇ ਬੰਦੇ, ਉਹਨਾਂ ਦੀ ਜ਼ਬਾਨੀ, ਕਹਿੰਦੇ ਸਾਨੂੰ ਤੇ ਇਸਲਾਮ ਤੋਂ ਨਫ਼ਰਤ ਹੋ ਗਈ ਏ। ਸਿਰਫ਼ ਖ਼ੁਮੈਨੀ ਨੂੰ ਵੇਖ ਕੇ, ਐਨੇ ਸਿਆਣੇ ਬੰਦੇ ਮਾਰ ਦਿੱਤੇ ਗਏ ਕਿ ਦੇਸ਼ ਸੌ ਸਾਲ ਪਿਛੜ ਗਿਆ ਹੈ। ਈਰਾਨ ਸ਼ਿਖਰ ਤੇ ਸੀ, ਬੜਾ ਅਮੀਰ ਦੇਸ਼, ਬੜੀ ਗੱਲ, ਸੌ ਸਾਲ ਪਿਛਾੜ ਕੇ ਰੱਖ ਦਿੱਤਾ। ਧਾਰਮਿਕ ਬੰਦੇ ਨਾਲ ਤੇ ਦੇਸ਼ ਉੱਨਤ ਹੋਣਾ ਚਾਹੀਦਾ ਸੀ, ਮਹਾਨ ਹੋਣਾ ਚਾਹੀਦਾ ਸੀ। ਨਹੀਂ ਹੋਇਆ, ਪਿਛੜ ਗਿਆ। ਧਾਰਮਿਕ ਜ਼ਰੂਰ ਸੀ ਪਰ ਧਰਮ ਦਾ ਬਹਾਉ ਰੁਕ ਗਿਆ ਸੀ। ਪਹਿਲੇ ਤੇਜ਼ੀ, ਫਿਰ ਰੁਕਾਵਟ। ਤੇਜ਼ੀ ਵਿਚ ਸ਼ੋਰ ਬੜਾ ਹੁੰਦਾ ਹੈ। ਜਿਨ੍ਹਾਂ ਨੇ ਕਦੀ ਪਹਾੜਾਂ ਵਿਚ ਝਰਨੇ ਦੇਖੇ ਹੋਣ, ਪੱਥਰਾਂ ਨਾਲ

ਟਕਰਾਉਂਦੇ ਨੇ, ਬੜਾ ਸ਼ੋਰ। ਨਵਾਂ-ਨਵਾਂ ਜਦ ਕੋਈ ਧਾਰਮਿਕ ਬਣਦਾ ਹੈ, ਉਹਦੀ ਜ਼ਿੰਦਗੀ ਵਿਚ ਟਕਰਾਉ ਬੜਾ ਹੁੰਦਾ ਹੈ। ਇਸ ਦੇ ਨਾਲ ਗੁੱਥਮਗੁੱਥਾ, ਉਹਦੇ ਨਾਲ ਗੁੱਥਮਗੁੱਥਾ, ਇਹਦੇ ਨਾਲ ਟਕਰਾਅ, ਉਹਦੇ ਨਾਲ ਟਕਰਾਅ। ਇਹ ਨਹੀਂ ਹੋਣਾ ਚਾਹੀਦਾ, ਉਹ ਨਹੀਂ ਹੋਣਾ ਚਾਹੀਦਾ। ਇਹ ਸ਼ੋਰ-ਸ਼ਰਾਬਾ ਬਹੁਤ ਹੋਵੇਗਾ। ਚਾਹੇ ਉਹ ਹਿੰਦੂ ਜਗਤ ਦੇ ਹੋਵਣ, ਗੁਸਤਾਖ਼ੀ ਮੁਆਫ਼, ਚਾਹੇ ਇਸਲਾਮੀ ਜਗਤ ਦੇ ਨੇ, ਚਾਹੇ ਈਸਾਈ ਜਗਤ ਦੇ ਨੇ, ਚਾਹੇ ਕੋਈ ਨਵੇਂ-ਨਵੇਂ ਜੋਗੀ ਬਣੇ ਨੇ, ਮੈਂ ਦੇਖਦਾ ਹਾਂ ਬੜਾ ਬਹਾਉ। ਬੜਾ ਟਕਰਾਉ, ਬੜਾ ਸ਼ੋਰ-ਸ਼ਰਾਬਾ।

ਜੋਗੀਆਂ ਦੀ ਬੜੀ ਲਹਿਰ ਚੱਲੀ ਸੀ, ਅੱਜ ਤੋਂ ਕੋਈ ਦਸ ਪੰਦਰਾਂ ਸਾਲ ਪਹਿਲੇ, ਹੁਣ ਠੰਢੀ ਪੈ ਗਈ ਹੈ, ਰਹਿ ਗਈ ਹੈ। ਜਣਾ-ਖਣਾ ਜੋਗੀ ਬਣ ਰਿਹਾ ਸੀ, ਮੈਂ ਤੇ ਦੇਖ ਕੇ ਹੈਰਾਨ ਸੀ, ਲੇਕਿਨ ਹੁਣ ਰਹਿ ਗਈ। ਇਕ ਬੂੰਦ ਨੂੰ ਸਾਗਰ ਤਕ ਪਹੁੰਚਣ ਲਈ, ਕਈ ਬੂੰਦਾਂ ਦਾ ਸਹਾਰਾ ਚਾਹੀਦਾ ਹੈ, ਇਕੱਲੀ ਬੂੰਦ ਨਹੀਂ ਪਹੁੰਚ ਸਕਦੀ। ਜ਼ਮੀਨ ਪੀ ਜਾਏਗੀ, ਸੂਰਜ ਦੀਆਂ ਕਿਰਨਾਂ ਸੁਕਾ ਦੇਣਗੀਆਂ। ਰਸਤੇ ਦੀਆਂ ਚਟਾਨਾਂ ਨਹੀਂ ਜਾਣ ਦੇਣਗੀਆਂ, ਕੋਈ ਇਕ ਰੋਕ ਹੈ? ਇਕੱਲੀ ਬੂੰਦ ਕਿਸ ਤਰ੍ਹਾਂ ਪਹੁੰਚੇਗੀ। ਇਕ ਬੂੰਦ ਅਗਰ ਚੱਲੀ ਏ, ਉਸ ਨੂੰ ਸਾਗਰ ਤਕ ਪਹੁੰਚਣ ਲਈ ਕਰੋੜਾਂ ਬੂੰਦਾਂ ਦਾ ਸਹਾਰਾ ਚਾਹੀਦਾ ਹੈ। ਅਗਰ ਇਕੱਲੀ ਚੱਲ ਪਈ ਤਾਂ ਜ਼ਮੀਨ ਹੀ ਪੀ ਜਾਏਗੀ। ਇਕੱਲੀ ਚੱਲ ਪਈ ਤਾਂ ਸੂਰਜ ਦੀਆਂ ਕਿਰਨਾਂ ਹੀ ਸੁਕਾ ਦੇਣਗੀਆਂ। ਇਕੱਲੀ ਚਲ ਪਈ ਤਾਂ ਰਸਤੇ ਵਿਚ ਪੱਥਰ ਹੀ ਰੋਕ ਕੇ ਰੱਖ ਦੇਣਗੇ, ਚਟਾਨਾਂ ਹੀ ਰੋਕ ਕੇ ਰੱਖ ਦੇਣਗੀਆਂ, ਕਿਸ ਤਰ੍ਹਾਂ ਜਾਏਗੀ? ਮਨੁੱਖ ਆਪਣੀ ਸਮਰੱਥਾ ਨਾਲ ਇਕੱਲਿਆਂ ਨਹੀਂ ਚੱਲ ਸਕਦਾ, ਪਦਾਰਥਾਂ ਵਿਚ ਹੀ ਜਜ਼ਬ ਹੋ ਕੇ ਰਹਿ ਜਾਏਗਾ। ਪਦਾਰਥ ਹੀ ਪੀ ਜਾਣਗੇ। ਕਈਆਂ ਨੂੰ ਪਦਾਰਥ ਹੀ ਪੀ ਜਾਂਦੇ ਨੇ। ਚੱਲਣ ਜੋਗਾ ਨਹੀਂ ਛੱਡਦੇ। ਕਈਆਂ ਨੂੰ ਗ਼ਮ ਤੇ ਦੁੱਖ ਸੁਕਾ ਛੱਡਦੇ ਨੇ, ਚੱਲਣ ਜੋਗੇ ਨਹੀਂ ਰਹਿੰਦੇ ਅਤੇ ਕਈਆਂ ਨੂੰ ਔਕੜਾਂ, ਰੋਕਾਂ, ਇਹੀ ਰੋਕ ਕੇ ਰੱਖ ਦਿੰਦੀਆਂ ਨੇ, ਗੱਲ ਖ਼ਤਮ।

ਅੱਜ ਮੈਨੂੰ ਛੱਤੀ, ਸੈਂਤੀ ਸਾਲ ਹੋ ਗਏ ਨੇ ਕਥਾ ਕਰਦਿਆਂ ਨੂੰ (ਇਹ ਗੱਲ ੧੯੯੨ ਦੀ ਹੈ), ਜਦੋਂ ਦੀ ਮੈਂ ਹੋਸ਼ ਸੰਭਾਲੀ ਅਤੇ ਇਸ ਲਾਈਨ ਵਿਚ ਹਾਂ। ਬਚਪਨ ਤੋਂ ਹੀ ਇਸੇ ਲਾਈਨ ਵਿਚ। ਮੇਰੇ ਦੇਖੇ, ਬੜੇ-ਬੜੇ ਸਿੱਖ ਗੁਰਦਵਾਰਿਆਂ ਵਿਚ ਜਾਣ ਵਾਲੇ, ਦੂਸਰੇ ਵੀਰ ਮੰਦਰਾਂ ਵਿਚ ਜਾਣ ਵਾਲੇ ਯਾ ਮੁਸਲਿਮ ਭਾਈ ਮਸਜਿਦਾਂ ਵਿਚ ਜਾਣ ਵਾਲੇ, ਚੱਲੇ ਪਰ ਥੋੜੀ ਦੂਰ ਗਏ ਤੇ ਰੁਕ ਗਏ, ਰਹਿ ਗਏ। ਪਰ ਜਦ ਨਵੇਂ-ਨਵੇਂ ਚੱਲੇ ਸਨ ਤੇ ਬੜਾ ਬਹਾਉ ਸੀ, ਬੜੀ ਤੇਜ਼ੀ ਸੀ। ਇੰਜ ਲਗਦਾ ਸੀ, ਜਿਵੇਂ ਪਹਾੜ ਵਿਚੋਂ ਝਰਨੇ ਫੁੱਟੇ ਨੇ ਅਤੇ ਅਗਾਂਹ ਵੀ ਪਹਾੜਾਂ ਦੇ ਸੀਨੇ ਚੀਰਦੇ ਜਾਣਗੇ ਔਰ ਪਹੁੰਚ ਜਾਣਗੇ ਸਾਗਰ ਤਕ, ਪਰ ਨਹੀਂ, ਕੁਛ ਵੀ ਨਹੀਂ। ਇਹ ਤੇਜ਼ੀ ਸ਼ੁਰੂ-ਸ਼ੁਰੂ ਵਿਚ ਹੁੰਦੀ ਹੈ। ਅਗਰ ਉਸੇ ਹੀ ਤੇਜ਼ੀ ਨੂੰ ਮਨੁੱਖ ਅਗਾਂਹ ਵੀ ਕਾਇਮ ਰੱਖ ਸਕੇ ਤੇ ਫਿਰ ਗਹਿਰਾਈ ਵੀ ਹੋਵੇ। ਮੈਦਾਨੀ ਇਲਾਕਿਆਂ ਵਿਚ ਦਰਿਆ ਆਉਂਦੇ ਨੇ, ਹੋਰ ਗਹਿਰੇ ਹੋ ਜਾਂਦੇ ਨੇ। ਇਕ ਬੂੰਦ ਨੂੰ ਕਈ ਹੋਰ ਬੂੰਦਾਂ ਮਿਲ ਜਾਂਦੀਆਂ ਨੇ। ਝਰਨੇ ਨੂੰ ਹੋਰ ਕਈ ਝਰਨਿਆਂ ਦਾ ਸਹਾਰਾ ਮਿਲ ਜਾਂਦਾ ਹੈ। ਇਕ ਸਤਸੰਗੀ ਨੂੰ ਕਈ ਸਤਸੰਗੀਆਂ ਦਾ ਸਹਾਰਾ ਚਾਹੀਦਾ ਹੈ, ਤਾਂ ਜਾ ਕੇ ਗੱਲ ਬਣੇਗੀ, ਤਾਂ ਜਾ ਕੇ ਚੱਲ ਸਕੇਗਾ, ਵਰਨਾ ਨਹੀਂ ਚੱਲ ਸਕੇਗਾ। ਅਸੀਂ ਰੋਜ਼ ਅਰਦਾਸ ਕਰਦੇ ਹਾਂ ਔਰ ਅਰਦਾਸ ਵਿਚ ਇਹ ਸ਼ਬਦ ਐਡ ਕੀਤੇ ਹੋਏ ਨੇ:-

***ਸੋਈ ਸੰਤ ਗੁਰਮੁਖ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚੇਤੇ ਆਵੇ।***

ਇਹ ਤੇ ਅਸੀਂ ਸ਼ਬਦ ਐਡ (Add) ਕੀਤੇ ਹੋਏ ਨੇ, ਰੋਜ਼ ਮੰਗ ਕਰਦੇ ਹਾਂ ਗੁਰੂ ਤੋਂ। **ਸੋਈ ਸੰਤ ਗੁਰਮੁਖ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚੇਤੇ ਆਵੇ।** ਹੇ ਗੁਰੂ! ਐਸੇ ਮਿਲਾ, ਜਿਨ੍ਹਾਂ ਨੂੰ ਵੇਖੀਏ ਤੂੰ ਚੇਤੇ ਆਵੇਂ। ਜੇ ਸਿੱਖ ਨੂੰ ਵੇਖਦਿਆਂ ਝਗੜਾ ਚੇਤੇ ਆਵੇ, ਲੜਾਈ ਚੇਤੇ ਆਵੇ, ਵਿਤਕਰੇ ਚੇਤੇ ਆਉਣ, ਜ਼ਾਤ-ਪਾਤ ਚੇਤੇ ਆਵੇ, ਇਲਾਕਾ ਚੇਤੇ ਆਵੇ, ਬਿਰਾਦਰੀਵਾਦ ਚੇਤੇ ਆਵੇ, ਤਾਂ ਇਹ ਸਿੱਖ ਨਹੀਂ ਹੈ। ਸਿੱਖ ਉਹ ਜਿਸਨੂੰ ਵੇਖਦਿਆਂ ਗੁਰੂ ਚੇਤੇ ਆਵੇ। ਸਿੱਖ ਉਹ ਜਿਸ ਨੂੰ ਵੇਖਦਿਆਂ ਪਰਮਾਤਮਾ ਚੇਤੇ ਆਵੇ, ਪ੍ਰਭੂ ਚੇਤੇ ਆਵੇ ਔਰ ਮਿੱਤਰ ਵੀ ਓਹੀ ਹੈ।

***ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥***
***ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥੨॥*** (ਅੰਗ ੫੨੦)

jinaa disandarria durmat vannjai mitar asaaddarrae saeee.
ho tootaedi jag sabaaeiaa jan Nanak viralae kaeee.2.
*The sight of them banishes my evil-mindedness;*
*they are my only true friends.*
*I have searched the whole world; O servant Nanak,*
*how rare are such persons! .2.*

ਮਹਾਰਾਜ ਕਹਿੰਦੇ ਨੇ ਬਹੁਤ ਨਹੀਂ ਹਨ, ਥੋੜੇ ਨੇ। ਮਹਾਤਮਾ ਬੁੱਧ ਆਪਣੇ ਚਚੇਰੇ ਭਰਾ ਅਨੰਦ, ਜੋ ਉਹਨਾਂ ਦਾ ਚੇਲਾ ਬਣ ਚੁਕਿਆ ਸੀ, ਨੂੰ ਇਕ ਬੜੀ ਕੀਮਤੀ ਗੱਲ ਕਹਿੰਦਾ ਹੈ, **ਅਨੰਦ, ਬਹੁਤ ਵੱਡੀ ਭੀੜ ਦੇ ਵਿਚ ਕੋਈ ਚੰਗੇ ਮਨੁੱਖ ਨਹੀਂ ਹੁੰਦੇ ਤੇ ਚੰਗੇ ਮਨੁੱਖਾਂ ਦੀ ਕਤਈ ਭੀੜ ਨਹੀਂ ਹੁੰਦੀ।** ਬਸ ਇਤਨਾ ਹੀ, ਇਹ ਸੂਤਰ ਨੇ। ਜੋ ਬੋਧੀਆਂ ਦਾ ਗਰੰਥ ਹੈ ਧੰਮਪਤ, ਉਸ ਦੇ ਵਿਚ ਬਸ ਸਵਾਲ ਨੇ ਅਤੇ ਜੁਆਬ ਨੇ। ਇਹ ਉਹਨਾਂ ਦਾ ਧਾਰਮਿਕ ਗ੍ਰੰਥ ਹੈ, ਉਸ ਨੂੰ ਉਹ ਧੰਮਪਤ ਕਹਿੰਦੇ ਨੇ। ਕਿਸੇ ਭਿਖਸ਼ੂ ਦਾ ਸਵਾਲ ਹੈ, ਮਹਾਤਮਾ ਬੁੱਧ ਨੇ ਉਸ ਦਾ ਜੁਆਬ ਦੇ ਦਿੱਤਾ ਬਸ ਉਹ ਕਲਮਬੰਦ ਕੀਤਾ ਹੋਇਆ ਹੈ। ਪਹਿਲੀ ਲਾਈਨ ਵਿਚ ਲਿਖਿਆ ਹੋਇਆ ਹੈ, ਧੰਮਪਤ। ਹਜ਼ਾਰਾਂ ਭਿਖਸ਼ੂ ਸਨ, ਹਜ਼ਾਰਾਂ ਸੁਆਲ ਨੇ, ਉਹਨਾਂ ਦਾ ਜੁਆਬ ਦਿੱਤਾ ਹੈ ਮਹਾਤਮਾ ਬੁੱਧ ਨੇ। ਉਸ ਨੂੰ ਲਿਖਤੀ ਰੂਪ ਮਹਾਤਮਾ ਬੁੱਧ ਤੋਂ ਕੋਈ ਪੰਜ ਸੌ ਸਾਲ ਬਾਅਦ ਲੰਕਾ ਵਿਚ ਦਿੱਤਾ ਗਿਆ, ਉਸ ਨੂੰ ਕਹਿੰਦੇ ਨੇ ਧੰਮਪਤ। ਹੁਣ ਕਿਧਰੇ **ਅਨੰਦ** ਦਾ ਇਕ ਪ੍ਰਸ਼ਨ ਸੀ ਕਿ ਭਗਵਨ, ਫਲਾਣੇ ਜੋਗੀ ਕੋਲ ਬੜੀ ਭੀੜ ਹੈ ਤੇ ਮਹਾਤਮਾ ਬੁੱਧ ਨੇ ਕਹਿ ਦਿੱਤਾ ਔਹ ਅਨੰਦ ! **ਬਹੁਤ ਵੱਡੀ ਭੀੜ ਵਿਚ ਕੋਈ ਚੰਗੇ ਮਨੁੱਖ ਨਹੀਂ ਹੁੰਦੇ ਤੇ ਚੰਗੇ ਮਨੁੱਖਾਂ ਦੀ ਕਤਈ ਭੀੜ ਨਹੀਂ ਹੁੰਦੀ।**

***ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥੨॥***

ਬਹੁਤ ਕੀਮਤੀ ਗੱਲ ਕਹਿ ਗਿਆ, ਸੋਹਣੇ ਢੰਗ ਨਾਲ, ਔਰ ਬੜੇ ਠਰ੍ਹੰਮੇ ਨਾਲ। ਜਿਹੜੀ ਗੱਲ ਠਰ੍ਹੰਮੇ ਨਾਲ ਆਖੀ ਜਾਏ ਉਹ ਕਾਬਲੇ-ਕਬੂਲ ਹੋ ਜਾਂਦੀ ਏ। ਜਦ ਦਰਿਆ ਦੀ ਤੇਜ਼ੀ, ਰਵਾਨੀ ਰੁਕ ਜਾਂਦੀ ਏ ਔਰ ਐਨ ਸਹਿਜ ਅਵਸਥਾ ਵਿਚ ਮੈਦਾਨੀ ਇਲਾਕਿਆਂ ਵਿਚ

ਜਦ ਦਰਿਆ ਵਗਦਾ ਹੈ, ਉਥੇ ਹੀ ਇਸ਼ਨਾਨ ਹੋ ਸਕਦਾ ਹੈ। ਜਿੱਥੇ ਬੜੀ ਤੇਜ਼ੀ ਹੋਵੇ, ਉਥੇ ਇਸ਼ਨਾਨ ਕਰਨਾ ਮੁਸ਼ਕਿਲ ਹੈ। ਜਿੱਥੇ ਬੜਾ ਟਕਰਾਉ ਹੋਵੇ, ਮੁਸ਼ਕਿਲ ਹੈ। ਜਿੱਥੇ ਬਹਾਉ ਹੋਵੇ ਉਥੇ ਤੇ ਬੰਦਾ ਵਹਿ ਜਾਂਦਾ ਹੈ, ਇਸ਼ਨਾਨ ਨਹੀਂ ਕਰ ਸਕਦਾ। ਇਸ ਲਈ ਲਾਜ਼ਮੀ ਹੀ ਠਹੰਮਾ ਆ ਜਾਣਾ ਚਾਹੀਦਾ ਹੈ। ਸੁਕਰਾਤ ਵੀ ਕਹਿੰਦੇ ਨੇ ਕਿ ਜਦ ਮੈਂ ਛੋਟਾ ਸੀ, ਛੋਟਾਪਨ ਜ਼ਿੰਦਗੀ ਦੇ ਹਰ ਪਹਿਲੂ ਵਿਚ ਹੋ ਸਕਦਾ ਹੈ, ਕੋਈ ਸਿਆਸੀ ਤੌਰ ਤੇ ਛੋਟਾ ਹੋ ਸਕਦਾ ਹੈ, ਕੋਈ ਸਮਾਜਿਕ ਤੌਰ ਤੇ, ਕੋਈ ਧਾਰਮਿਕ ਤੌਰ ਤੇ, ਕੋਈ ਸਰੀਰਕ ਤੌਰ ਤੇ, ਕੋਈ ਮਾਨਸਿਕ ਤੌਰ ਤੇ, ਛੋਟਾ-ਪਨ, ਵੱਡਾ-ਪਨ, ਜ਼ਿੰਦਗੀ ਦੇ ਹਰ ਪਹਿਲੂ ਵਿਚ ਆਉਂਦਾ ਹੈ। ਸੁਕਰਾਤ ਕਹਿੰਦੇ ਨੇ ਜਦ ਮੈਂ ਬੱਚਾ ਸੀ ਤੇ ਬੱਚਿਆਂ ਵਿਚ ਬੈਠ ਕੇ ਮੈਂ ਦਾਅਵਾ ਕਰਦਾ ਸੀ ਕਿ ਮੈਂ ਸਭ ਕੁਛ ਜਾਣਦਾ ਹਾਂ, ਮੈਨੂੰ ਸਭ ਕੁਛ ਪਤਾ ਹੈ। ਕਹਿੰਦਾ ਜਦ ਮੈਂ ਜਵਾਨ ਹੋਇਆ ਅਤੇ ਜਵਾਨਾਂ ਵਿਚ ਬੈਠ ਕੇ ਮੈਂ ਇਹ ਆਖਣਾ ਸ਼ੁਰੂ ਕੀਤਾ, ਕਿ ਕੁਛ ਐਸਾ ਵੀ ਹੈ ਜੋ ਮੈਂ ਨਹੀਂ ਜਾਣਦਾ। ਕਹਿੰਦਾ ਅੱਜ ਮੈਂ ਬੁੱਢਾ ਹੋ ਗਿਆ ਹਾਂ ਅੱਜ ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਮੈਂ ਕੁਛ ਵੀ ਨਹੀਂ ਜਾਣਦਾ, ਬਿਲਕੁਲ ਕੁਛ ਵੀ ਨਹੀਂ ਜਾਣਦਾ। ਐ ਪਰਮਾਤਮਾ ! ਤੂੰ ਤੇ ਇਕ ਸਾਗਰ ਦੀ ਤਰ੍ਹਾਂ ਹੈਂ। ਇਕ ਪਾਣੀ ਦੀ ਚਮਚ ਮੈਨੂੰ ਮਿਲ ਵੀ ਗਈ ਤਾਂ ਕੀ ਮਿਲੀ, ਮੈਂ ਕੁਛ ਵੀ ਨਹੀਂ ਜਾਣਦਾ। ਇਹ ਗਹਿਰਾਈ ਹੋ ਗਈ। ਬਹੁਤ ਵੱਡੀ ਗਹਿਰਾਈ, ਮੈਂ ਸਭ ਕੁਛ ਜਾਣਦਾ ਹਾਂ। ਇਹ ਉਤਲਾ-ਪਨ, ਬਿਲਕੁਲ ਉਤਲਾ-ਪਨ।

ਤੇ ਧਰਮ ਖੰਡ ਦੇ ਵਿਚ ਬਹਾਉ ਤੇ ਬੜਾ ਤਿੱਖਾ ਹੈ, ਮਰਯਾਦਾ ਹੈ। ਜਿਸ ਤਰ੍ਹਾਂ ਰਾਤਾਂ, ਰੁੱਤਾਂ, ਥਿੱਤ, ਵਾਰ, ਪਉਣ, ਪਾਣੀ, ਸਭ ਕੁਛ ਮਰਯਾਦਾ ਵਿਚ ਚਲ ਰਿਹਾ ਹੈ, ਜ਼ਿੰਦਗੀ ਮਰਯਾਦਾ ਵਿਚ ਹੈ, ਤੇਜ਼ੀ ਬੜੀ ਹੈ ਪਰ ਗਹਿਰਾਈ ਨਹੀਂ ਹੈ, ਪਹੁੰਚ ਨਹੀਂ ਹੈ। ਅਜੇ ਤੇ ਪਹਿਲਾ ਪੜਾਅ ਹੈ। ਇਸ ਪਹਿਲੇ ਪੜਾਅ ਵਿਚ ਤੇਜ਼ੀ ਹੁੰਦੀ ਏ, ਨਵਾਂ-ਨਵਾਂ ਜੋ ਚਲ ਪਿਆ। ਤੇ ਨਵੀਨਤਾ ਵਿਚ, ਮੈਂ ਅਰਜ਼ ਕਰਾਂ ਜਦ ਕੋਈ ਬੱਚਾ ਨਵਾਂ-ਨਵਾਂ ਪਹਿਲੇ ਦਿਨ ਬੋਲਣਾ ਸਿੱਖਦਾ ਹੈ ਤੇ ਚੁੱਪ ਨਹੀਂ ਕਰਦਾ, ਉੱਚੀ ਬੋਲੀ ਜਾਂਦਾ ਹੈ, ਬੋਲੀ ਜਾਂਦਾ ਹੈ। ਪਹਿਲੇ ਤੇ ਮਾਂ ਬਾਪ ਦੀ ਕੋਸ਼ਿਸ਼ ਹੁੰਦੀ ਹੈ ਕਿ ਬੱਚਾ ਬੋਲੇ ਤੇ ਜਦ ਉਸ ਨੂੰ ਬੋਲਣਾ ਆ ਜਾਂਦਾ ਹੈ ਫਿਰ ਚੁੱਪ ਨਹੀਂ ਕਰਦਾ, ਚੁੱਪ ਕਰਾਉਣਾ ਪੈਂਦਾ ਹੈ। ਇਹ ਹਕੀਕਤ ਹੈ, ਇਹ ਇਕ ਬਹੁਤ ਵੱਡੀ ਸਚਾਈ ਹੈ। ਜਦ ਕੋਈ ਸ਼ੁਰੂ-ਸ਼ੁਰੂ ਵਿਚ ਚਲਦਾ ਹੈ ਤੇ ਤੇਜ਼ੀ ਬੜੀ, ਬਹਾਉ ਬੜਾ, ਟਕਰਾਉ ਵੀ ਬੜਾ ਲੇਕਿਨ ਗਹਿਰਾਈ ਨਹੀਂ ਹੈ। ਜਿਤਨਾ ਧਾਰਮਿਕ ਦੁਨੀਆਂ ਵਿਚ ਖ਼ੂਨ-ਖ਼ਰਾਬਾ ਹੋਇਆ ਹੈ, ਧਰਮ ਖੰਡ ਵਿਚ ਹੋਇਆ ਹੈ। ਆਪ ਪੜ੍ਹ ਕੇ ਵੀ ਹੈਰਾਨ ਹੋਵੋਗੇ ਜੋ ਮੇਰੇ ਕੋਲ ਆਂਕੜੇ ਨੇ, ਸਿਆਸੀ ਤੌਰ ਤੇ ਵੀ ਇਤਨਾ ਖ਼ੂਨ-ਖ਼ਰਾਬਾ ਨਹੀਂ ਹੋਇਆ ਜਿਤਨਾ ਕਿ ਧਰਮ ਦੇ ਨਾਂ ਤੇ ਹੋਇਆ ਹੈ। ਹਿਟਲਰ ਨੇ ਜਰਮਨ ਲੋਕਾਂ ਨੂੰ ਉਕਸਾਅ ਦਿੱਤਾ ਕਿ ਯਹੂਦੀਆਂ ਨੇ ਈਸਾ ਨੂੰ ਸੂਲੀ ਤੇ ਚਾੜ੍ਹਿਆ ਹੈ, ਮਾਰੋ ਯਹੂਦੀਆਂ ਨੂੰ, ਕਰੋੜਾਂ ਯਹੂਦੀ ਮੌਤ ਦੇ ਘਾਟ ਉਤਾਰ ਦਿੱਤੇ ਗਏ। ਇਹ ਡੇਢ ਕਰੋੜ ਬੰਦਿਆਂ ਦਾ ਕਾਤਲ ਹੈ, ਹਿਟਲਰ। ਮਜ਼ਹਬ ਦਾ ਨਾਅਰਾ ਦੇ ਦਿੱਤਾ। ਮਜ਼ਹਬ ਦੀ ਗੱਲ ਕਰ ਦਿੱਤੀ ਔਰ ਇਸੇ ਤਰ੍ਹਾਂ ਹਿੰਦੂ ਮੁਸਲਮਾਨ ਪਤਾ ਨਹੀਂ ਕਿਤਨੀ ਦਫ਼ਾ ਫ਼ਸਾਦ ਹੋਏ ਨੇ, ਸੰਨ ਸੰਤਾਲੀ (੧੯੪੭) ਸਾਡੇ ਸਾਹਮਣੇ ਹੈ। ਲੱਖਾਂ ਹਿੰਦੂ ਸਿੱਖ ਕਤਲ ਹੋਏ, ਲੱਖਾਂ ਮੁਸਲਮਾਨ ਕਤਲ ਹੋਏ। ਕਿਸ ਕਰਕੇ ਕਤਲ ਹੋਏ? ਹਿੰਦੂ ਮੁਸਲਿਮ ਦੇ ਨਾਂ ਤੇ, ਸਿੱਖ ਮੁਸਲਿਮ ਦੇ ਨਾਂ ਤੇ। ਹੋਰ ਤੇ ਕੋਈ ਗੱਲ ਨਹੀਂ ਸੀ। ਜਿਹੜੇ ਹਿੰਦੂ ਮੁਸਲਮਾਨ ਬਣ ਗਏ

ਉਹ ਅਜੇ ਵੀ ਪਾਕਿਸਤਾਨ ਠਹਿਰੇ ਹੋਏ ਨੇ। ਜਿਹੜੇ ਸਿੱਖ ਬਣ ਗਏ ਉਹ ਅਜੇ ਵੀ ਭਾਰਤ ਵਿਚ ਨੇ। ਇਧਰ ਜਿਹੜੇ ਮੁਸਲਮਾਨ ਬਣ ਗਏ, ਉਹ ਅਜੇ ਵੀ ਆਰਾਮ ਨਾਲ ਰਹਿ ਰਹੇ ਨੇ। ਮਜ਼ਹਬ ਦੇ ਨਾਂ ਤੇ ਇਤਨਾ ਵੱਡਾ ਖ਼ੂਨ-ਖ਼ਰਾਬਾ ਹੋਇਆ। ਤੇਰਾਂ ਲੱਖ ਬੋਧ ਭਿਖਸ਼ੂ, ਬ੍ਰਾਹਮਣਾਂ ਨੇ ਜ਼ਿੰਦਾ ਜਲਾਏ। ਮਜ਼ਹਬੀ ਝਗੜਾ, ਧਾਰਮਿਕ ਝਗੜਾ, ਧਾਰਮਿਕ ਮਤਭੇਦ। ਧਰਮ ਦੀ ਰੂਹ-ਰਵਾਂ ਅਤੇ ਧਰਮ ਦੀ ਜਿੰਦ ਤੇ ਪਿਆਰ ਹੈ ਅਤੇ ਧਰਮ ਦੇ ਨਾਂ ਤੇ ਖ਼ੂਨ-ਖ਼ਰਾਬਾ। ਇਹ ਇਸਲਾਮੀ ਦੁਨੀਆਂ ਵਿਚ ਹੁੰਦਾ ਰਿਹਾ। ਇਹ ਹਿੰਦੂਆਂ ਦੀ ਦੁਨੀਆਂ ਵਿਚ ਹੁੰਦਾ ਰਿਹਾ। ਇਹ ਬੋਧੀਆਂ ਦੀ ਦੁਨੀਆਂ ਵਿਚ ਹੁੰਦਾ ਰਿਹਾ। ਇਹ ਯਹੂਦੀਆਂ ਦੀ ਦੁਨੀਆਂ ਵਿਚ ਹੁੰਦਾ ਰਿਹਾ। ਬੜਾ ਹੋਇਆ ਹੈ, ਬਹੁਤ ਹੋਇਆ ਹੈ, ਬੜਾ ਅਨਰਥ। ਇੱਥੋਂ ਹੀ ਕਈ ਨਾਸਤਿਕ ਬਣ ਗਏ, ਬਈ ਕੀ ਕਰਨਾ ਹੈ ਇਸ ਤਰ੍ਹਾਂ ਦੇ ਮਜ਼ਹਬ ਦੇ ਵਿਚ, ਜਿਸ ਵਿਚ ਇਤਨਾ ਖ਼ੂਨ-ਖ਼ਰਾਬਾ ਹੈ। ਇੱਥੋਂ ਹੀ ਕਈ ਨਾਸਤਿਕ ਬਣੇ, ਇਸਲਾਮੀ ਦੁਨੀਆਂ ਵਿਚ, ਈਸਾਈਆਂ ਵਿਚ, ਹਿੰਦੂਆਂ ਵਿਚ ਔਰ ਗੁਸਤਾਖ਼ੀ ਮੁਆਫ਼ ਸਿੱਖਾਂ ਵਿਚ। ਕੀ ਕਰਨਾ ਹੈ ਇਸ ਮਾਰਗ ਤੇ ਚੱਲ ਕੇ।

ਮੂਲ ਗੱਲ ਮੈਂ ਅਰਜ਼ ਕਰਾਂ, ਅਗਰ ਪਹਿਲੇ ਪੜਾਉ ਤੇ ਹੀ ਪਾਣੀ ਰੁਕ ਗਿਆ ਹੈ, ਤੋ ਉਸ ਪਾਣੀ ਵਿਚ ਬਦਬੂ ਆਵੇਗੀ। ਸੁਰਤ ਰੁਕ ਗਈ ਏ ਤੋ ਧਾਰਮਿਕ ਮਨੁੱਖ ਦੇ ਅੰਦਰ ਵੀ ਨਫ਼ਰਤ, ਘਿਰਣਾ ਤੇ ਜ਼ੁਲਮ ਦੀ ਬਦਬੂ ਆਵੇਗੀ। ਵਿਤਕਰਿਆਂ ਦੀ ਬਦਬੂ ਆਵੇਗੀ ਔਰ ਸ਼ਾਇਦ ਬਾਕੀਆਂ ਨਾਲੋਂ ਵੀ ਜ਼ਿਆਦਾ ਕਠੋਰ ਹੋਵੇ।

ਮੱਕੇ ਦੇ ਇਮਾਮ ਨੇ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਸੀਨੇ ਵਿਚ ਖਿੱਚ ਕੇ ਲੱਤ ਮਾਰੀ ਸੀ।

*ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫ਼ਰ ਕੁਫ਼ਾਰੀ ॥*

(ਭਾ: ਗੁਰਦਾਸ, ਵਾਰ ੧, ਪਉੜੀ ੩੨)

jivan maaree latt dee kaeharraa sutaa kufar kufaaree.

*The qazi named Jivan kicked him*
*and asked who was this infidel enacting blasphemy.*

ਹੈਰਾਨ ਹੋ ਜਾਂਦਾ ਹਾਂ ਮੈਂ, ਹੱਦ ਹੋ ਗਈ, ਤੂੰ ਇਮਾਮ ਹੈਂ? ਤੂੰ ਲੋਕਾਂ ਨੂੰ ਖ਼ੁਦਾ ਨਾਲ ਜੋੜਦਾ ਹੈਂ। ਤੂੰ ਪਿਆਰ ਮੁਹੱਬਤ ਦਾ ਸਬਕ ਦਿੰਦਾ ਹੈਂ। ਇਕ ਥੱਕਾ ਹਾਰਿਆ ਪੁਰਸ਼ ਫ਼ਕੀਰ, ਵਲੀ ਅੱਲਾ ਸੁੱਤਾ ਹੈ, ਤੂੰ ਕਮ-ਅਜ਼-ਕਮ ਪਹਿਲੇ ਉਸ ਦੇ ਨਾਲ ਗੱਲਬਾਤ ਤੇ ਕਰ, ਤੂੰ ਪਹਿਲੇ ਹੀ ਖਿੱਚ ਕੇ ਸੀਨੇ ਵਿਚ ਲੱਤ ਮਾਰਦਾ ਹੈਂ, ਫਿਰ ਗਾਲ੍ਹ ਵੀ ਕੱਢਦਾ ਹੈਂ।

*ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫ਼ਰ ਕੁਫ਼ਾਰੀ ॥*

ਇਹ ਕੌਣ ਮਹਾਨ ਕਾਫ਼ਰਾਂ ਦਾ ਕਾਫ਼ਰ ਸੁੱਤਾ ਪਿਆ ਹੈ ਔਰ ਸੀਨੇ ਵਿਚ ਖਿੱਚ ਕੇ ਲੱਤ ਮਾਰੀ। ਕਿਸੇ ਸੁਹਾਗਣ ਨੂੰ ਵਿਧਵਾ ਕਹਿ ਦੇਣਾ ਇਹ ਤੇ ਇਕ ਬਹੁਤ ਵੱਡੀ ਤੌਹੀਨ ਹੈ। ਕਿਸੇ ਰੱਬ ਨਾਲ ਜੁੜੇ ਹੋਏ ਨੂੰ ਕਾਫ਼ਰ ਕਹਿ ਦੇਣਾ ਇਹ ਤੇ ਇਕ ਬਹੁਤ ਵੱਡੀ ਗਾਲ੍ਹ ਹੈ। ਔਰ ਇਹ ਗਾਲ੍ਹ ਕੱਢੀ। ਸਿਰਫ਼ ਕੱਢੀ ਹੀ ਨਹੀਂ, ਸੀਨੇ ਵਿਚ ਖਿੱਚ ਕੇ ਲੱਤ ਵੀ ਮਾਰੀ। ਜਦ ਸੁਰਤ ਰੁਕਦੀ ਹੈ ਅਤੇ ਜਿਹੜੀ ਕਠੋਰਤਾ ਜਨਮ ਲੈਂਦੀ ਹੈ, ਕਹਿੰਦੇ ਨੇ ਰੂਹੇ-ਜ਼ਮੀਨ ਤੇ ਇਸ ਤਰ੍ਹਾਂ ਦੀ ਕਠੋਰਤਾ ਹੋਰ ਕਿਧਰੇ ਨਹੀਂ ਮਿਲਦੀ। ਬਹੁਤ ਵੱਡੀ ਕਠੋਰਤਾ ਜਨਮ ਲੈਂਦੀ ਹੈ। ਇਸੇ ਹੀ

ਕਠੋਰਤਾ ਨੂੰ ਦੇਖ ਕੇ ਕੁਛ ਦਾਰਸ਼ਨਿਕ ਸਿਆਣੇ ਨਾਸਤਿਕ ਹੋ ਗਏ ਪਰ ਇਹ ਵੀ ਕੋਈ ਇਲਾਜ ਨਹੀਂ ਸੀ। ਅਗਰ ਬਾਂਹ ਤੇ ਜ਼ਖ਼ਮ ਹੈ ਤੇ ਬਾਂਹ ਕੱਟਣ ਦੀ ਲੋੜ ਨਹੀਂ, ਉਸ ਦਾ ਇਲਾਜ ਕਰਨਾ ਚਾਹੀਦਾ ਸੀ। ਇਹਨਾਂ ਨੇ ਬਾਂਹ ਹੀ ਕੱਟ ਦਿੱਤੀ, ਕਈ ਨਾਸਤਿਕ ਹੀ ਹੋ ਗਏ, ਕੀ ਕਰਨਾ ਹੈ ਧਾਰਮਿਕਤਾ ਵਾਲੇ ਪਾਸੇ ਚੱਲ ਕੇ। ਨਹੀਂ, ਇਲਾਜ ਕਰਨਾ ਚਾਹੀਦਾ ਸੀ, ਸੋਚਣਾ ਚਾਹੀਦਾ ਸੀ। ਆਪਣੀ ਸੁਰਤ ਦੀ ਰਵਾਨੀ ਕਾਇਮ ਰੱਖਣੀ ਚਾਹੀਦੀ ਸੀ।

ਹੁਣ ਮੈਂ ਅਰਜ਼ ਕਰਾਂ, ਇਕ ਬੂੰਦ ਆਪਣੇ ਤਲ ਤੇ ਕਤਈ ਨਹੀਂ ਪਹੁੰਚ ਸਕਦੀ ਪਰਮਾਤਮਾ ਤਕ। ਇਕ ਬੂੰਦ ਆਪਣੇ ਜ਼ੋਰ ਨਾਲ ਕਤਈ ਨਹੀਂ ਪਹੁੰਚ ਸਕਦੀ ਸਾਗਰ ਤਕ, ਸਵਾਲ ਹੀ ਪੈਦਾ ਨਹੀਂ ਹੁੰਦਾ। ਬੜੀ ਦੂਰੀ ਹੈ, ਜ਼ਮੀਨ ਪੀ ਜਾਏਗੀ, ਤੇ ਜੇ ਜ਼ਮੀਨ ਨੇ ਨਾ ਪੀਤਾ ਤਾਂ ਸੂਰਜ ਦੀਆਂ ਕਿਰਣਾਂ ਸੁਕਾ ਦੇਣਗੀਆਂ। ਰਸਤੇ ਵਿਚ ਅਨੇਕਾਂ ਰੋਕਾਂ ਨੇ। ਐ ਬੰਦੇ ਬਿਨਾਂ ਸਤਸੰਗ ਤੋਂ, ਬਿਨਾਂ ਗੁਰੂ ਦੀ ਕਿਰਪਾ ਤੋਂ, ਬਿਨਾਂ ਨਾਮ ਅਭਿਆਸੀਆਂ ਦੀ ਮਹਿਫਲ ਤੋਂ, ਤੂੰ ਨਹੀਂ ਪਹੁੰਚ ਸਕੇਂਗਾ ਪਰਮਾਤਮਾ ਤਕ। ਸਵਾਲ ਹੀ ਪੈਦਾ ਨਹੀਂ ਹੁੰਦਾ, ਮੁਸ਼ਕਿਲ ਹੈ। ਸ਼ੁਰੂ-ਸ਼ੁਰੂ ਵਿਚ, ਨਵਾਂ-ਨਵਾਂ ਬੰਦਾ ਜਦ ਚਲਦਾ ਹੈ ਤਾਂ ਬਹਾਉ ਬੜਾ ਹੁੰਦਾ ਹੈ, ਅਗਾਂਹ ਚਲ ਕੇ ਇਸ ਬਹਾਉ ਨੂੰ ਕਾਇਮ ਰਖਣਾ ਬੜਾ ਔਖਾ ਹੈ, ਸ਼ੁਰੂ-ਸ਼ੁਰੂ ਵਿਚ, ਜ਼ਿਆਦਾ ਨਹੀਂ। ਬੱਸ ਥੋੜੀ ਦੂਰ ਤਕ। ਫਿਰ ਰੋਕਾਂ ਖੜੀਆਂ ਹੋ ਜਾਂਦੀਆਂ ਨੇ ਔਰ ਜੇ ਕਿਧਰੇ ਇਸ ਤਰ੍ਹਾਂ ਦਾ ਪੁਰਸ਼ ਰੁਕ ਗਿਆ ਹੈ ਔਰ ਧਰਮ ਦਾ ਵੀ ਨਾਮ ਲੈ ਰਿਹਾ ਹੈ ਤੇ ਕਹਿੰਦੇ ਨੇ ਜਿਹੜੀ ਕਠੋਰਤਾ ਉਸ ਦੇ ਅੰਦਰ ਪੈਦਾ ਹੋਵੇਗੀ, ਉਹ ਕਿਸੇ ਰਾਜਨੀਤਕ ਦੇ ਅੰਦਰ ਵੀ ਨਹੀਂ ਹੋਵੇਗੀ।

ਜਿਵੇਂ ਹੁਣੇ ਮੈਂ ਅਰਜ਼ ਕੀਤੀ ਸੀ ਕਿ ਨਵਾਬ ਵਜੀਦ ਖਾਂ ਤੇ ਕਹਿੰਦਾ ਸੀ, ਬੱਚੇ ਮਾਸੂਮ ਨੇ, ਛੋਟੇ ਨੇ, ਨਾਬਾਲਿਗ਼ ਨੇ ਅਤੇ ਇਸਲਾਮ ਕਹਿੰਦਾ ਹੈ ਕਿ ਨਾਬਾਲਿਗ਼ ਦਾ ਖ਼ੂਨ ਨਹੀਂ ਡੁਲ੍ਹਣਾ ਚਾਹੀਦਾ। ਪਰ ਕਾਜ਼ੀ ਕਹਿੰਦਾ ਹੈ ਕੋਈ ਲੋੜ ਨਹੀਂ ਖ਼ੂਨ ਡੋਲ੍ਹਣ ਦੀ, ਇਹਨਾਂ ਨੂੰ ਜ਼ਿੰਦਾ ਹੀ ਦੀਵਾਰ ਵਿਚ ਚਿਣ ਦਿਉ, ਗੱਲ ਖ਼ਤਮ। ਛੋੜਨ ਦੀ ਕੀ ਲੋੜ ਹੈ, ਖ਼ੂਨ ਨਹੀਂ ਡੋਲ੍ਹਦੇ। ਇਹ ਕਾਜ਼ੀ ਦਾ ਫ਼ੈਸਲਾ। ਕਿਸ ਕਾਜ਼ੀ ਦਾ? ਜਿਸ ਦੇ ਹੱਥ ਵਿਚ ਤਸਬੀ ਹੈ, ਬਗ਼ਲ ਵਿਚ ਕੁਰਾਨ ਸ਼ਰੀਫ ਹੈ, ਪੰਜ ਵਕਤ ਦਾ ਪੱਕਾ ਨਮਾਜ਼ੀ ਹੈ, ਸੁਰਤ ਰੁਕ ਗਈ ਹੈ। ਸੁਰਤ ਦੇ ਵਿਚ ਰਵਾਨੀ ਨਹੀਂ ਰਹੀ। ਕਾਰਣ? ਅੱਗੇ ਚੜ੍ਹਾਈਆਂ ਨੇ। ਮੈਦਾਨੀ ਰਸਤਾ ਨਹੀਂ ਹੈ। ਪਾਣੀ ਨਿਵਾਣ ਦੇ ਵਿਚ ਤੇ ਆਪਣੇ ਆਪ ਜਾਏਗਾ, ਅੱਗੇ ਚੜ੍ਹਾਈਆਂ ਆ ਗਈਆਂ ਨੇ:-

***ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥ ੧੬੫॥***

(ਅੰਗ ੧੩੭੩)

eik avaghatt ghatti raam kee tih charr rehiou kabir.165.
*There is a difficult and treacherous cliff on that path to the Lord;*
*Kabeer is climbing that cliff.165.*

ਹੁਣ ਤੇ ਮੁਸ਼ਕਿਲ ਹੈ, ਬਹੁਤ ਔਖਾ ਹੈ ਚੜ੍ਹਾਈਆਂ ਤੇ ਚੜ੍ਹਨਾ, ਨਿਵਾਣ ਵਿਚ ਤੇ ਪਾਣੀ ਦਾ ਬਹਾਉ ਸੀ, ਹੁਣ ਮੁਸ਼ਕਿਲ ਹੈ ਚੜ੍ਹਨਾ, ਰੋਕਾਂ ਖੜੀਆਂ ਹੋ ਗਈਆਂ। ਤੇ ਸ਼ੁਰੂ-ਸ਼ੁਰੂ ਵਿਚ ਜਦੋਂ ਕੋਈ ਨਵਾਂ ਬਣਦਾ ਹੈ, ਦੇਖਦੇ ਹਾਂ ਬੜਾ ਬਹਾਅ, ਬੜੀ ਤੇਜ਼ੀ, ਬੜੀਆਂ ਡੀਗਾਂ, ਬੜਾ ਹੰਕਾਰ, ਬੜਾ ਸ਼ੋਰ-ਸ਼ਰਾਬਾ ਹੁੰਦਾ ਹੈ, ਕੁਦਰਤੀ ਗੱਲ ਹੈ ਔਰ ਹੋਵੇਗਾ। ਇਸਲਾਮੀ ਦੁਨੀਆਂ ਵਿਚ ਵੀ ਮੈਂ ਦੇਖਦਾ ਹਾਂ, ਕੋਈ ਨਵਾਂ ਮੁਸਲਮਾਨ ਬਣਦਾ ਹੈ ਯਾ ਨਵਾਂ ਨਵਾਂ ਹੱਜ

ਕਰਕੇ ਆਉਂਦਾ ਹੈ, ਬੜੀ ਤੇਜ਼ੀ ਹੁੰਦੀ ਹੈ, ਬੜਾ ਬਹਾਅ ਹੁੰਦਾ ਹੈ। ਲੇਕਿਨ ਅਗਾਂਹ ਚਲ ਕੇ ਇਸ ਨੂੰ ਕਾਇਮ ਰਖਣਾ ਬੜਾ ਔਖਾ ਹੁੰਦਾ ਹੈ। ਸ਼ੋਰ-ਸ਼ਰਾਬਾ ਬੜਾ ਹੁੰਦਾ ਹੈ, ਇਹ ਨਹੀਂ ਚਾਹੀਦਾ, ਉਹ ਨਹੀਂ ਚਾਹੀਦਾ, ਇਹ ਨਾ ਕਰੋ, ਉਹ ਨਾ ਕਰੋ। ਸਾਰਾ ਜ਼ੋਰ ਕਈ ਦਫ਼ਾ ਦੂਸਰਿਆਂ ਨਾਲ ਟਕਰਾਉ ਤੇ ਲਗ ਜਾਂਦਾ ਹੈ, ਆਪਣੇ ਆਪ ਨੂੰ ਸੁਧਾਰਨ ਤੇ ਨਹੀਂ, ਅੰਤਰਮੁਖੀ ਹੋਣ ਤੇ ਨਹੀਂ। ਅਗਰ ਜਪ ਜਾਰੀ ਰਹੇ, ਧਰਮ ਦੀ ਮੂਲ ਸਾਧਨਾ ਕੀ ਹੈ? ਜਪ। ਹੁਣ ਮੈਂ ਧਰਮ ਦੀ ਦੋ ਪੰਗਤੀਆਂ ਵਿਚ ਵਿਆਖਿਆ ਵੀ ਕਰ ਦਿਆਂ। ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਕੀਤੀ ਏ:-

*ਸਰਬ ਧਰਮ ਮਹਿ ਸ੍ਰੇਸਟ ਧਰਮੁ ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥* (ਅੰਗ ੨੬੬)
sarab dharam meh sraesatt dharam.
har ko naam jap niramal karam.
*Of all religions, the best religion*
*is to chant the Name of the Lord and maintain pure conduct.*

ਸਾਰੇ ਧਰਮਾਂ ਨਾਲੋਂ ਇਹ ਸਰੇਸ਼ਟ ਧਰਮ ਹੈ ਤੇ ਧਰਮ ਖੰਡ ਦੀ ਵਿਆਖਿਆ, ਪਹਿਲੇ ਪੜਾਅ ਦੀ ਵਿਆਖਿਆ। ਹੁਣ ਕੋਈ ਕਹੇਗਾ ਹਿੰਦੂ ਧਰਮ ਸਰੇਸ਼ਟ ਹੈ, ਕੋਈ ਕਹੇਗਾ ਇਸਲਾਮ ਸਰੇਸ਼ਟ ਹੈ, ਸਿੱਖ ਕਹਿਣਗੇ ਸਾਡਾ ਧਰਮ ਸਰੇਸ਼ਟ ਹੈ, ਕ੍ਰਿਸ਼ਚਨ ਕਹਿਣਗੇ ਸਾਡਾ ਧਰਮ ਸਰੇਸ਼ਟ ਹੈ। ਆਪਣੇ-ਆਪਣੇ ਦਾਅਵੇ, ਦਰਅਸਲ ਇਹ ਰਸਤਿਆਂ ਦੇ ਨਾਮ ਨੇ। **ਇਕ ਹੋਰ ਵੀ ਮੈਂ ਅਰਜ਼ ਕਰ ਦਿਆਂ ਦੁਨੀਆਂ ਵਿਚ ਬੇਸ਼ਤਰ ਮਜ਼ਹਬ ਨੇ। ਗੁਰੂ ਨਾਨਕ ਦੇਵ ਜੀ ਨੇ ਇਕ ਧਰਮ ਦਿੱਤਾ ਹੈ। ਧਰਮ ਵਿਚ ਧਰਮ ਦੀ ਸਮਾਈ ਹੈ। ਮਜ਼ਹਬ ਦੇ ਵਿਚ ਮਜ਼ਹਬ ਦੀ ਸਮਾਈ ਨਹੀਂ ਹੈ।** ਮਸਜਿਦ ਵਿਚ ਜਾ ਕੇ ਕੋਈ ਰਾਮ ਦੀ ਧੁਨੀ ਨਹੀਂ ਅਲਾਪ ਸਕਦਾ ਔਰ ਮੰਦਿਰ ਵਿਚ ਜਾ ਕੇ ਕੋਈ ਅੱਲਾ-ਹੂ ਦਾ ਨਾਅਰਾ ਨਹੀਂ ਲਗਾ ਸਕਦਾ। ਓਥੇ ਇਹ ਗੱਲ ਨਹੀਂ ਹੋ ਸਕਦੀ। ਮਜ਼ਹਬ ਦੋਨੋਂ ਵਿਪਰੀਤ ਨੇ, ਦੋਨੋ ਮੁਖ਼ਾਲਿਫ਼ ਨੇ। ਸਿੱਖ ਇਕ ਧਰਮ ਹੈ, ਇੱਥੇ ਅੱਲਾ ਦੀ ਸਦਾਅ ਵੀ ਹੈ, ਰਾਮ ਦੀ ਧੁਨੀ ਵੀ ਹੈ, ਗੁਰਬਾਣੀ ਦਸਦੀ ਹੈ :-

***ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥***
***ਕੋਈ ਸੇਵੈ ਗੁਸਈਆ ਕੋਈ ਅਲਾਹਿ ॥ ੧ ॥*** (ਅੰਗ ੮੮੫)
koee bolai raam raam koee khudaae.
koee saevai guseeaa koee alaahi.1.
*Some call Him, 'Ram, Ram', and some call Him, 'Khuda-i'.*
*Some serve Him as 'Gusain', others as 'Allaah'.1.*

ਇੱਥੇ ਮਸਜਿਦ ਦੀ ਅਜ਼ਾਨ ਵੀ ਹੈ, ਇੱਥੇ ਮੁਰਲੀ ਦੀ ਤਾਨ ਵੀ ਹੈ।

***ਧਨਿ ਧੰਨਿ ਓ ਰਾਮ ਬੇਨੁ ਬਾਜੈ ॥***
***ਮਧੁਰ ਮਧੁਰ ਧੁਨਿ ਅਨਹਤ ਗਾਜੈ ॥ ੧ ॥ ਰਹਾਉ ॥***
***ਧਨਿ ਧਨਿ ਮੇਘਾ ਰੋਮਾਵਲੀ ॥***
***ਧਨਿ ਧਨਿ ਕ੍ਰਿਸਨ ਓਢੈ ਕਾਂਬਲੀ ॥ ੧ ॥***

ਧਨਿ ਧਨਿ ਤੂ ਮਾਤਾ ਦੇਵਕੀ॥
ਜਿਹ ਗ੍ਰਿਹ ਰਮਈਆ ਕਵਲਾਪਤੀ॥੨॥
ਧਨਿ ਧਨਿ ਬਨ ਖੰਡ ਬਿੰਦ੍ਰਾਬਨਾ॥
ਜਹ ਖੇਲੈ ਸ੍ਰੀ ਨਾਰਾਇਨਾ॥੩॥
ਬੇਨੁ ਬਜਾਵੈ ਗੋਧਨੁ ਚਰੈ॥
ਨਾਮੇ ਕਾ ਸੁਆਮੀ ਆਨਦ ਕਰੈ॥੪॥੧॥

(ਅੰਗ ੯੮੮)

ਦੇਵਕੀ ਦਾ ਪੁੱਤਰ ਕ੍ਰਿਸ਼ਨ। ਭਗਤ ਨਾਮ ਦੇਵ ਜੀ ਦਾ ਸ਼ਬਦ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ, ਮੁਰਲੀ ਦੀ ਤਾਨ ਪਈ ਗੂੰਜਦੀ ਏ, ਮਸਜਿਦ ਦੀ ਅਜ਼ਾਨ ਵੀ ਗੂੰਜ ਰਹੀ ਏ।

*ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥*
*ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ॥੭੦॥* (ਅੰਗ ੧੩੮੧)

Farida bae nivaajaa kutiaa eaeh na bhalee reet.
kabehee chal na aaeiaa panjae vakhat maseet.70.
*Fareed: O faithless dog, this is not a good way of life.*
*You never come to the mosque for your five daily prayers.70.*

ਐ ਨਮਾਜ਼ ਤੋਂ ਹੀਣੇ ਕੁੱਤੇ। ਬਹੁਤ ਵੱਡੀ ਤਾੜਨਾ ਕੀਤੀ ਏ ਫਰੀਦ ਜੀ ਨੇ :-

*ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥*

ਇਹ ਤੇਰੇ ਵਾਸਤੇ ਠੀਕ ਨਹੀਂ ਹੈ।

*ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ॥੭੦॥*

ਇਹ ਸਾਨੂੰ ਨਹੀਂ (ਭਾਵ ਸਿੱਖਾਂ ਨੂੰ ਨਹੀਂ) ਪੰਜ ਵਖ਼ਤ ਦੇ ਨਮਾਜ਼ੀਆਂ ਨੂੰ ਹੈ। ਅਸੀਂ ਪੰਜ ਟਾਈਮ ਗੁਰਦੁਆਰੇ ਨਹੀਂ ਆਉਂਦੇ, ਦੋ ਟਾਈਮ ਆਉਂਦੇ ਹਾਂ। ਸਾਨੂੰ ਦੋ ਵਕਤ ਦੀ ਹਦਾਇਤ ਹੈ।

*ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ॥੭੦॥*

ਪੰਜ ਵਕਤ ਨਮਾਜ਼ ਪੜ੍ਹਨ ਦੀ ਤੇ ਮਸੀਤ ਵਿਚ ਆਉਣ ਦਾ ਉਪਦੇਸ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਮੁਸਲਮਾਨ ਭਾਈਆਂ ਵਾਸਤੇ ਹੈ। ਇਹ ਧਰਮ ਹੈ।

ਸਿੱਖ ਇਕ ਧਰਮ ਹੈ। ਇਹ ਸਾਗਰ ਦੀ ਤਰ੍ਹਾਂ ਹੈ, ਸਾਰੀਆਂ ਨਦੀਆਂ ਆ ਕੇ ਸਮਾ ਗਈਆਂ ਨੇ ਇਸ ਵਿਚ। ਇੱਥੇ ਨਾਮਦੇਵ ਬੀਠਲ ਬੀਠਲ ਦਾ ਜਾਪ ਕਰਦਾ ਸੀ।

*ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ॥* (ਅੰਗ ੪੮੫)

eebhai beethal oobhai beethal beethal bin sansaar nehee.
*The Lord is here, the Lord is there; without the Lord,*
*there is no world at all.*

ਕਬੀਰ ਪੰਥੀਆਂ ਦਾ ਗੁਰਮੰਤ੍ਰ ਸਤਿਨਾਮ ਹੈ, ਇਸ ਵਾਸਤੇ ਕਬੀਰ ਪੰਥੀਆਂ ਨੂੰ ਅੱਜ ਵੀ ਸਤਨਾਮੀਏ ਕਹਿੰਦੇ ਨੇ। ਜੈ ਦੇਵ ਗੋਬਿੰਦ ਗੋਬਿੰਦ ਜਪਦਾ ਸੀ।

***ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ॥***
***ਜੈਦੇਵ ਆਇਉ ਤਸ ਸਫੁਟੰ ਭਵ ਭੂਤ ਸਰਬ ਗਤੰ॥੫॥੧॥*** (ਅੰਗ ੫੨੬)

gobind gobindaet jap nar sakal sidh padang.
jaidhaev aaeio tas safuttan bhav bhoot sarab gatang.5.1.
*Meditate on the Lord of the Universe, the Lord of the Universe, O man; He is the source of all the spiritual powers of the Siddhas.*
*Jai Dayv has openly come to Him; He is the salvation of all, in the past, present and future.5.1.*

ਸੁਆਮੀ ਰਾਮਾ ਨੰਦ ਜੀ ਰਾਮ ਰਾਮ ਜਪਦੇ ਸਨ। ਫਰੀਦ ਅੱਲਾ ਹੂ, ਅੱਲਾ ਹੂ ਦੀ ਧੁਨੀ ਰਟਦਾ ਸੀ, ਸਾਰੇ ਹੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੈਠੇ ਨੇ। ਸਭ ਦੇ ਸਭ ਹੀ ਬੈਠੇ ਨੇ। ਇਕ ਸਿੱਖ ਹੀ ਹੈ ਜੋ ਅੱਲਾ ਨੂੰ ਸੁਣ ਕੇ ਵੀ ਖੁਸ਼ ਹੁੰਦਾ ਹੈ। ਰਾਮ ਨਾਮ ਸੁਣ ਕੇ ਵੀ ਖੁਸ਼ ਹੁੰਦਾ ਹੈ। ਗੋਬਿੰਦ ਨੂੰ ਸੁਣ ਕੇ ਵੀ ਖੁਸ਼ ਹੁੰਦਾ ਹੈ, ਸਤਿਨਾਮ ਨੂੰ ਸੁਣ ਕੇ ਵੀ ਪ੍ਰਸੰਨ ਹੁੰਦਾ ਹੈ। ਅਗਰ ਇਹ ਪ੍ਰਸੰਨ ਨਹੀਂ ਹੋ ਰਿਹਾ ਤੇ ਕਮ-ਅਜ਼-ਕਮ ਇਹ ਸਿੱਖ ਨਹੀਂ ਹੈ। ਕਿਉਂਕਿ ਗੁਰੂ ਦੀ ਆਵਾਜ਼ ਹੈ, ਗੁਰੂ ਦੇ ਬੋਲ ਨੇ ਜਿਸ ਨੂੰ ਅਸੀਂ ਮੱਥਾ ਪਏ ਟੇਕਦੇ ਹਾਂ, ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਨੂੰ। ਮਸਜਿਦ ਵਿਚ ਰਾਮ ਵਾਸਤੇ ਥਾਂ ਨਹੀਂ ਹੈ, ਮੰਦਰ ਵਿਚ ਅੱਲਾ ਵਾਸਤੇ ਥਾਂ ਨਹੀਂ ਹੈ, ਯਾ ਇੰਜ ਕਹਿ ਲਉ ਅੱਲਾ ਤੇ ਰਾਮ ਟਕਰਾਉਂਦੇ ਰਹੇ ਨੇ, ਬੜੀ ਬੁਰੀ ਤਰ੍ਹਾਂ। ਇਸ ਵਕਤ ਵੀ ਹਿੰਦੋਸਤਾਨ ਵਿਚ ਟਕਰਾ ਰਹੇ ਨੇ, ਬਾਬਰੀ ਮਸਜਿਦ ਤੇ ਰਾਮ ਜਨਮ ਭੂਮੀ। ਬੜਾ ਟਕਰਾਉ ਹੈ, ਬੜਾ ਸ਼ੋਰ-ਸ਼ਰਾਬਾ ਹੈ। ਦੋ ਤਿੰਨ ਦਫ਼ਾ ਓਥੇ ਵੀ ਗੋਲੀ ਚਲ ਚੁੱਕੀ ਹੈ ਔਰ ਬਹੁਤ ਸਾਰੇ ਬੰਦੇ ਮਰ ਚੁੱਕੇ ਨੇ। ਬੜਾ ਸ਼ੋਰ-ਸ਼ਰਾਬਾ ਹੈ। ਇਕ ਦਫ਼ਾ ਦੇਸ਼ ਦੇ ਉਪ ਪ੍ਰਧਾਨ ਮੰਤਰੀ ਬਣੇ ਸ੍ਰੀ ਦੇਵੀ ਲਾਲ ਜੀ ਨੇ ਕਿਧਰੇ ਆਵਾਜ਼ ਲਾ ਦਿੱਤੀ ਕਿ ਜੇ ਖ਼ੂਨ-ਖ਼ਰਾਬੇ ਤੋਂ ਬਚਣਾ ਹੈ ਤਾਂ ਇਸ ਨੂੰ ਗੁਰਦੁਆਰਾ ਬਣਾ ਦਿਉ। ਇਹ ਉਸ ਦੇ ਅਲਫ਼ਾਜ਼ ਸਨ ਅਤੇ ਸਾਰੇ ਪੇਪਰਾਂ ਵਿਚ ਛਪੇ ਸਨ। ਗੁਰਦੁਆਰਾ ਬਣਾ ਦਿਉ, ਅੱਲਾ ਰਾਮ ਦੋਵੇਂ ਰਹਿ ਜਾਣਗੇ, ਉਂਜ ਮੁਸ਼ਕਿਲ ਹੈ। ਸਿਆਣਿਆਂ ਦੀ ਇੰਜ ਸੂਝ ਸਮਝ ਹੈ। ਹਿੰਦੂ ਕਹਿੰਦੇ ਨੇ ਇੱਥੇ ਮੰਦਰ ਹੋਵੇਗਾ, ਮਸਜਿਦ ਨਹੀਂ। ਮੁਸਲਮਾਨ ਕਹਿੰਦੇ ਨੇ ਇੱਥੇ ਮਸਜਿਦ ਹੋਵੇਗੀ, ਮੰਦਰ ਨਹੀਂ। ਮੰਦਰ ਤੇ ਮਸਜਿਦ ਦਾ ਟਕਰਾਉ। ਰਾਮ ਤੇ ਅੱਲਾ ਦਾ ਟਕਰਾਉ। ਜਿਹੜੇ ਵਿਚਾਰ ਮਨੁੱਖ ਦੇ ਵਿਚਕਾਰ ਦੀਵਾਰ ਦੀ ਤਰ੍ਹਾਂ ਖੜੇ ਹੋ ਜਾਣ ਅਤੇ ਜਿਹੜੇ ਵਿਚਾਰ ਬੰਦੇ ਨੂੰ ਬੰਦੇ ਨਾਲ ਨਹੀਂ ਮਿਲਣ ਦਿੰਦੇ, ਉਹ ਵਿਚਾਰ ਬੰਦੇ ਨੂੰ ਰੱਬ ਨਾਲ ਵੀ ਨਹੀਂ ਜੁੜਨ ਦੇਣਗੇ, ਸਵਾਲ ਹੀ ਪੈਦਾ ਨਹੀਂ ਹੁੰਦਾ। ਜਿਹੜੇ ਵਿਚਾਰ ਮਨੁੱਖ ਨੂੰ ਮਨੁੱਖ ਤੋਂ ਦੂਰ ਕਰਨ, ਉਹ ਵਿਚਾਰ ਮਨੁੱਖ ਨੂੰ ਖ਼ੁਦਾ ਨਾਲ ਨਹੀਂ ਜੋੜ ਸਕਦੇ, ਇਤਨਾ ਆਪ ਸੋਚ ਲੈਣਾ। ਜਿਹੜੇ ਵੀਚਾਰ ਬੰਦੇ ਨੂੰ ਬੰਦੇ ਨਾਲ ਜੋੜਨ ਓਹੀ ਵਿਚਾਰ ਬੰਦੇ ਨੂੰ ਰੱਬ ਨਾਲ ਜੋੜੇਗਾ, ਈਸ਼ਵਰ ਨਾਲ ਜੋੜੇਗਾ। ਗੁਰੂ ਨਾਨਕ ਨੇ ਇਹੀ ਦਰਸ (lesson) ਦਿੱਤਾ। ਸਾਰੇ ਸੰਸਾਰ ਨੂੰ ਡਾਕਟਰ ਮੁਹੰਮਦ ਇਕਬਾਲ ਕਹਿੰਦਾ ਹੈ, ਇਕੋ ਇੱਕ ਅਵਤਾਰੀ ਪੁਰਸ਼ ਹੈ, ਜਿਸ ਦੀ ਗੱਲ ਨਾ ਉਦੋਂ ਸਮਝੀ ਗਈ, ਨਾ ਹੁਣ ਸਮਝੀ ਗਈ। ਉਸ ਦੀ ਇਕ ਨਜ਼ਮ ਹੈ, ਬਾਂਗੇ ਦਰਾ

ਵਿਚ। ਨਜ਼ਮ ਦਾ ਸਿਰਲੇਖ ਹੈ ਗੁਰੂ ਨਾਨਕ।

***ਸ਼ਮਾ ਹੱਕ ਸੇ ਜੋ ਮੁਨੱਵਰ ਹੋ ਯਹ ਵੋ ਮਹਿਫ਼ਲ ਨਾ ਥੀ***
***ਬਾਰਸ਼ੇ ਰਹਮਤ ਹੁਈ ਲੇਕਿਨ ਜ਼ਮੀਂ ਕਾਬਲ ਨਾ ਥੀ।***

ਐ ਗੁਰੂ ਨਾਨਕ ! ਤੂੰ ਕਦਮ-ਕਦਮ ਦੇ ਉੱਤੇ ਸੱਚ ਦਾ ਦੀਵਾ ਜਲਾਇਆ, ਪਰ ਮਹਿਫ਼ਲ ਤੇ ਅੰਧਿਆਂ ਦੀ ਸੀ। ਤੇਰੀ ਰੋਸ਼ਨੀ ਤੋਂ ਕਿਸੇ ਨੇ ਲਾਭ ਨਹੀਂ ਉਠਾਇਆ। ਇਹ ਅੰਧੇ ਕੀ ਲਾਭ ਉਠਾਉਣਗੇ। ਇਕਬਾਲ ਐਸਾ ਕਹਿੰਦਾ ਹੈ। **ਸ਼ਮਾਂ ਹੱਕ ਸੇ,** ਹੱਕ ਕਹਿੰਦੇ ਨੇ ਸੱਚ ਨੂੰ, ਸ਼ਮ੍ਹਾਂ ਕਹਿੰਦੇ ਨੇ ਦੀਵੇ ਨੂੰ। ਤੂੰ ਕਦਮ-ਕਦਮ ਤੇ ਸੱਚ ਦਾ ਦੀਵਾ ਜਲਾਇਆ, **ਸ਼ਮਾ ਹੱਕ ਸੇ ਜੋ ਮੁਨੱਵਰ ਹੋ ਯਹ ਵੋ ਮਹਿਫ਼ਲ ਨਾ ਥੀ। ਬਾਰਸ਼ੇ ਰਹਮਤ ਹੁਈ ਲੇਕਿਨ ਜ਼ਮੀਂ ਕਾਬਲ ਨਾ ਥੀ।**

ਤੂੰ ਤੇ ਕਦਮ-ਕਦਮ ਤੇ ਰਹਿਮਤ ਦੀ ਬਾਰਿਸ਼ ਕੀਤੀ ਏ, ਪਰ ਜ਼ਮੀਨ ਪਥਰੀਲੀ ਸੀ ਕੁਛ ਉੱਗਿਆ ਨਹੀਂ, ਕੁੱਝ ਪੈਦਾ ਨਹੀਂ ਹੋਇਆ। ਇਕਬਾਲ ਵੀ ਮਾਯੂਸੀ ਜ਼ਾਹਿਰ ਕਰਦਾ ਹੈ ਬਈ ਐ ਗੁਰੂ ਨਾਨਕ ਤੂੰ ਇਤਨੀ ਰਹਿਮਤ ਕੀਤੀ, ਇਤਨਾ ਵਰਸਿਆ ਹੈਂ। ਅਰਬ ਦੇਸ਼ਾਂ ਤੇ ਵਰਸਿਆ ਹੈਂ, ਈਰਾਨ ਤੇ ਵਰਸਿਆ ਹੈਂ, ਅਫਗਾਨਿਸਤਾਨ ਤੇ ਵਰਸਿਆ ਹੈਂ, ਬਲਖ਼ ਬੁਖਾਰਾ ਜੋ ਰਸ਼ੀਆ ਦਾ ਇਲਾਕਾ ਹੈ ਤੂੰ ਓਥੇ ਵੀ ਵਰਸਦਾ ਰਿਹਾ ਹੈਂ। ਸਾਰੇ ਹਿੰਦੋਸਤਾਨ ਦੇ ਤੀਰਥਾਂ ਤੇ ਤੂੰ ਵਰਸਿਆ ਹੈਂ। ਲੰਕਾ ਵਿਚ ਤੂੰ ਵਰਸਿਆ ਹੈਂ, ਬਰਮਾ, ਤਿੱਬਤ, ਭੁਟਾਨ, ਲੇਹ ਲਦਾਖ਼ ਔਰ ਕੁੱਝ ਚਾਈਨਾ ਦਾ ਇਲਾਕਾ, ਕਿੱਥੇ-ਕਿੱਥੇ ਤੂੰ ਨਹੀਂ ਵਰਸਿਆ ਪਰ ਇਕਬਾਲ ਕਹਿੰਦਾ ਹੈ, ਪੈਦਾ ਕੁਛ ਨਹੀਂ ਹੋਇਆ, ਕਿਉਂ? ਜ਼ਮੀਨ ਪਥਰੀਲੀ ਸੀ। ਲਾਭ ਕੁਛ ਵੀ ਨਹੀਂ ਹੋਇਆ, ਮਹਿਫ਼ਲ ਅੰਧਿਆਂ ਦੀ ਸੀ। ਮਿਹਨਤ ਤੂੰ ਬਹੁਤ ਕੀਤੀ, ਐਸੀ ਕਿਹੜੀ ਥਾਂ ਹੈ ਜਿੱਥੇ ਤੂੰ ਦੀਵਾ ਨਹੀਂ ਜਲਾਇਆ। ਐਸੀ ਕਿਹੜੀ ਥਾਂ ਹੈ ਜਿੱਥੇ ਤੂੰ ਵਰਸਿਆ ਨਹੀਂ। ਪਰ ਇਕਬਾਲ ਕਹਿੰਦਾ ਹੈ ਕਿ ਮੈਨੂੰ ਅਫ਼ਸੋਸ ਹੈ ਕਿ, **ਸ਼ਮਾ ਹੱਕ ਸੇ ਜੋ ਮੁਨੱਵਰ ਹੋ ਯਹ ਵੋ ਮਹਿਫ਼ਲ ਨਾ ਥੀ। ਬਾਰਸ਼ੇ ਰਹਮਤ ਹੁਈ ਲੇਕਿਨ ਜ਼ਮੀਂ ਕਾਬਲ ਨਾ ਥੀ।** ਤੇਰੀ ਕੋਸ਼ਿਸ਼ ਸੀ ਕਿ ਪੁਰਾਣ ਤੇ ਕੁਰਾਨ ਨੂੰ ਇਕ ਕਰ ਦੇਈਏ। ਤੇਰੀ ਕੋਸ਼ਿਸ਼ ਸੀ ਮੰਦਰ ਨੂੰ ਮਸਜਿਦ ਦੇ ਨੇੜੇ ਲਿਆਈਏ, ਰੋਜ਼ੇ ਨੂੰ ਵਰਤ ਦੇ ਨੇੜੇ ਲਿਆਈਏ, ਰਾਮ ਨੂੰ ਅੱਲਾ ਦੇ ਨੇੜੇ ਲਿਆਈਏ, ਸਾਰੀ ਜ਼ਿੰਦਗੀ ਤੂੰ ਇਹ ਕੋਸ਼ਿਸ਼ ਕਰਦਾ ਰਿਹਾ, ਅੰਤਿਮ ਸਮੇਂ ਕੀ ਹੋਇਆ ਜਦ ਸਤਿਗੁਰੂ ਜੋਤੀ ਜੋਤ ਸਮਾਏ, ਹਿੰਦੂ ਮੁਸਲਿਮ ਲੜ ਪਏ, ਕਰਤਾਰਪੁਰ ਦੇ ਵਿਚ। ਡਾਂਗਾਂ ਲੈ ਕੇ ਆ ਗਏ, ਤਲਵਾਰਾਂ ਲੈ ਕੇ ਆ ਗਏ। ਮੁਸਲਮਾਨ ਕਹਿਣ ਇਹ ਮੱਕੇ ਦੀ ਹੱਵਾ ਹੈ, ਇਹ ਅੱਲਾ ਦੇ ਨਾਮ ਤੋਂ ਵੀ ਨਫ਼ਰਤ ਨਹੀਂ ਕਰਦਾ ਸੀ, ਇਹ ਮੁਸਲਮਾਨ ਹੈ। ਅਸੀਂ ਇਸ ਦੀ ਕਬਰ ਬਣਾਵਾਂਗੇ। ਸਾਡਾ ਮੁਰਸ਼ਦ ਹੈ, ਸਾਡਾ ਵਲੀ ਹੈ। ਹਿੰਦੂ ਕਹਿਣ ਲਗੇ ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਹਿੰਦੂ ਘਰਾਣੇ ਵਿਚ ਜਨਮ ਹੋਇਆ, ਇਸ ਦੇ ਪਿਤਾ ਦਾ ਨਾਮ ਸੀ ਕਲਿਆਣ ਦਾਸ। ਬੇਦੀ ਘਰਾਣਾ:-

***ਜਿਨੈ ਬੇਦ ਪਠਿਓ ਸੁ ਬੇਦੀ ਕਹਾਏ॥*** (ਗੁਰੂ ਗੋਬਿੰਦ ਸਿੰਘ ਜੀ)

jinai baed pathiou so baedee kehaaeae.

*Those who studied the Vedas, were called Vedis (Bedis).*

ਜੋ ਬੇਦ ਪੜ੍ਹਦੇ ਸਨ ਉਹਨਾਂ ਦੇ ਘਰਾਂ ਵਿਚ ਇਸ ਦਾ ਜਨਮ ਹੋਇਆ ਹੈ। ਮਾਂ ਦਾ ਨਾਮ ਤ੍ਰਿਪਤਾ ਹੈ। ਅਸੀਂ ਤੇ ਕਬਰ ਨਹੀਂ ਬਣਨ ਦਿਆਂਗੇ। ਅਸੀਂ ਦਾਹ ਸੰਸਕਾਰ ਕਰਾਂਗੇ। ਝਗੜਾ

ਹੋਣ ਲੱਗਾ। ਹਿੰਦੂ ਦਾਅਵਾ ਕਰਨ ਇਹ ਹਿੰਦੂ ਸੀ, ਮੁਸਲਿਮ ਦਾਅਵਾ ਕਰਨ ਇਹ ਮੁਸਲਮਾਨ ਸੀ। ਦੁਨੀਆਂ ਵਿਚ ਇਹ ਪਹਿਲਾ ਰਹਿਬਰੀ ਪੁਰਸ਼ ਹੈ ਕਿ ਦੋ ਤਰ੍ਹਾਂ ਦੇ ਵਿਪਰੀਤ ਮਜ਼ਹਬ ਦਾਅਵਾ ਪਏ ਕਰਦੇ ਨੇ ਇਸ ਪੁਰਸ਼ ਦੇ ਉੱਪਰ। ਕਿਸੇ ਸਿਆਣੇ ਨੇ ਕਹਿ ਦਿੱਤਾ, ਜ਼ਰਾ ਚੱਦਰ ਚੁੱਕ ਕੇ ਵੇਖੋ ਤੇ ਸਹੀ। ਔਰ ਵਾਕਿਈ ਜਦ ਵੇਖੀ, ਓਥੇ ਇਕ ਗੁਲਾਬ ਦਾ ਫੁੱਲ ਪਿਆ ਹੈ। ਬਾਕੀ ਕੁਛ ਨਹੀਂ ਸੀ। ਇਸ਼ਾਰਾ ਕਰ ਗਏ ਮੈਂ ਤੇ ਇਕ ਮਹਿਕ ਸੀ, ਸੁਗੰਧ ਸੀ। ਸੁਗੰਧੀ ਹਿੰਦੂ ਮੁਸਲਿਮ ਨਹੀਂ ਹੁੰਦੀ।

*ਨਾ ਹਮ ਹਿੰਦੂ ਨ ਮੁਸਲਮਾਨ ॥*
*ਅਲਹ ਰਾਮ ਕੇ ਪਿੰਡੁ ਪਰਾਨ ॥ ੪ ॥* (ਅੰਗ ੧੧੩੬)

naa ham hindu naa musalmaan.
aleh raam kae pindd paraan.4.
*I am not a Hindu, nor am I a Muslim.*
*My body and breath of life belong to Allah -*
*to Raam - the God of both.4.*

ਮਹਿਕ। ਸੂਰਜ ਦੀ ਰੋਸ਼ਨੀ ਵੀ ਕੋਈ ਹਿੰਦੂ ਮੁਸਲਮਾਨ ਹੁੰਦੀ ਏ? ਫੁੱਲਾਂ ਦੀ ਮਹਿਕ ਵੀ ਕੋਈ ਹਿੰਦੂ ਮੁਸਲਮਾਨ ਹੁੰਦੀ ਏ? ਮਹਿਕ, ਮੈਂ ਤੇ ਮਹਿਕ ਸੀ। ਉਸ ਮਹਿਕ ਨੂੰ ਕਿਵੇਂ ਕਬਰ ਵਿਚ ਪਾਉਗੇ। ਉਸ ਮਹਿਕ ਨੂੰ ਕਿਵੇਂ ਜਲਾਉਗੇ।

*ਬਾਬਾ ਮੜ੍ਹੀ ਨਾ ਗੋਰ, ਗੁਰੂ ਅੰਗਦ ਕੇ ਹੀਏ ਮਾਹਿ।*
*ਪੁਨ ਸਤਸੰਗਤ ਔਰ ਨਿਸ ਦਿਨ ਬਸਥੋ ਮੈਂ ਕਰੋਂ।*

ਭਾਈ ਸੰਤੋਖ ਸਿੰਘ ਜੀ ਲਿਖਦੇ ਨੇ ਬਾਬੇ ਜੀ ਦਾ ਉਪਦੇਸ਼, ਬਈ ਮੈਂ, ਗੁਰੂ ਅੰਗਦ ਦੇ ਹਿਰਦੇ ਵਿਚ ਹਾਂ, ਸੰਗਤ ਵਿਚ ਵਸਿਆ ਹੋਇਆ ਹਾਂ। ਮੈਂ ਮੜ੍ਹੀਆਂ ਵਿਚ ਨਹੀਂ ਹਾਂ, ਕਬਰਾਂ ਵਿਚ ਨਹੀਂ ਹਾਂ। ਪਰ ਕੀਤਾ ਕੀ ਜਾਏ, ਹਿੰਦੂ ਮੁਸਲਿਮ ਤਨਾਓ ਵਿਚ। ਆਖ਼ਿਰ ਬਾਬੇ ਦੀ ਗੱਲ ਨਹੀਂ ਸਮਝੇ। ਉਹਨਾਂ ਨੇ ਇਹ ਫ਼ੈਸਲਾ ਕੀਤਾ ਇਹ ਜਿਹੜੀ ਚੱਦਰ ਹੈ, ਅੱਧੀ-ਅੱਧੀ ਫਾੜਦੇ ਹਾਂ। ਅੱਧੀ ਹਿੰਦੂ ਲੈਣ, ਅੱਧੀ ਮੁਸਲਿਮ ਲੈਣ। ਇਹ ਫ਼ੈਸਲਾ ਹੋਇਆ ਸੀ, ਇਤਿਹਾਸ ਇਹ ਕਹਿੰਦਾ ਹੈ।

ਕਰਤਾਰਪੁਰ ਰਾਵੀ ਦੇ ਕੰਢੇ ਜਿੱਥੇ ਗੁਰੂ ਨਾਨਕ ਦੀ ਚੱਦਰ ਦੇ ਦੋ ਟੁਕੜੇ ਕੀਤੇ ਗਏ, ਓਥੋਂ ਹੀ ਦੇਸ਼ ਦੇ ਦੋ ਟੁਕੜੇ ਹੋ ਗਏ। ਡੇਰਾ ਬਾਬਾ ਨਾਨਕ ਇਕ ਪਾਸੇ ਹੋ ਗਿਆ, ਨਨਕਾਣਾ ਸਾਹਿਬ ਇਕ ਪਾਸੇ ਹੋ ਗਿਆ। ਹੈਰਾਨਗੀ ਦੀ ਗੱਲ, ਓਥੋਂ ਦੋ ਟੁਕੜੇ ਹੋ ਗਏ। ਜੇ ਗਹਿਰਾਈ ਨਾਲ ਦੇਖੀਏ, ਇਹ ਚੱਦਰ ਦੇ ਟੁਕੜੇ ਨਹੀਂ ਹੋਏ ਸਨ। ਹਿੰਦੂ ਮੁਸਲਿਮ ਟੁਕੜੇ-ਟੁਕੜੇ ਹੋ ਗਏ ਓਥੋਂ ਹੀ। ਸਾਰੀ ਜ਼ਿੰਦਗੀ ਸਤਿਗੁਰ ਜੋੜਦੇ ਰਹੇ। ਚੱਦਰ ਦੋ ਫਾੜ ਕਰ ਦਿੱਤੀ ਗਈ। ਹਿੰਦੂਆਂ ਨੇ ਬਾਕਾਇਦਾ ਉਸ ਚੱਦਰ ਦਾ ਦਾਹ ਸੰਸਕਾਰ ਕਰਕੇ ਸਮਾਧ ਬਣਾਈ। ਮੁਸਲਮਾਨਾਂ ਨੇ ਬਾਕਾਇਦਾ, ਰਾਵੀ ਦੇ ਕੰਢੇ ਤੇ ਕਬਰ ਖੋਦ ਕੇ, ਚੱਦਰ ਦਫ਼ਨ ਕਰ ਦਿੱਤੀ, ਕਬਰ ਖੜੀ ਕਰ ਦਿੱਤੀ। ਇਹ ਗੱਲ ਰੱਬ ਨੂੰ ਕਿੱਥੇ ਮਨਜ਼ੂਰ ਸੀ। ਰਾਤ ਨੂੰ ਰਾਵੀ ਦਾ ਪਾਣੀ ਇਤਨਾ ਚੜ੍ਹਿਆ, ਇਤਨਾ ਹੜ੍ਹ ਆਇਆ, ਕਿਧਰੇ ਪਿੱਛੇ ਮੀਂਹ ਪਿਆ, ਕਬਰ ਵੀ ਵਹਿ ਗਈ, ਮੜ੍ਹੀ ਵੀ ਵਹਿ ਗਈ। ਬਾਬਾ ਮੜ੍ਹੀ ਨਾ ਗੋਰ, ਗੁਰੂ ਅੰਗਦ ਕੇ ਹੀਏ ਮਾਹਿ। ਪੁਨ ਸਤਸੰਗਤ ਔਰ ਨਿਸਦਿਨ

ਬਸਥੋ ਮੈਂ ਕਰੋਂ।

ਧਾਰਮਿਕ ਮਨੁੱਖਾਂ ਨੇ ਹੀ ਇਕ ਦੂਜੇ ਨੂੰ ਮਾਰਨ ਲਈ ਲਾਠੀਆਂ ਚੁੱਕ ਲਈਆਂ ਸਨ, ਇਕ ਦੂਜੇ ਨੂੰ ਮਾਰਨ ਲਈ। ਜਦ ਗੁਰੂ ਨਾਨਕ ਦੇਵ ਜੀ ਮਹਾਰਾਜ ਚੱਦਰ ਦੇ ਥੱਲੇ ਸਨ। ਕਾਰਣ? ਰੁਕੀ ਹੋਈ ਸੁਰਤ, ਨਹੀਂ ਸਮਝ ਸਕੇ ਬਾਬੇ ਨੂੰ।

ਮੈਂ ਅਰਜ਼ ਕਰਾਂ ਸ਼ੁਰੂ-ਸ਼ੁਰੂ ਵਿਚ ਤੇਜ਼ੀ ਬੜੀ ਹੁੰਦੀ ਹੈ, ਅਗਰ ਕੋਈ ਇਸ ਤੇਜ਼ੀ ਨੂੰ, ਅਗਾਂਹ ਚਲ ਕੇ ਹੋਰ ਗਹਿਰਾਈ ਵਿਚ ਬਦਲ ਸਕੇ ਅਤੇ ਹੋਰ ਬਹੁਤ ਸਾਰੀਆਂ ਬੂੰਦਾਂ ਦਾ ਆਸਰਾ ਲੈ ਸਕੇ। ਬੜਾ ਨਿਰਮਾਣ ਸ਼ਬਦ ਦਿੱਤਾ ਸੀ ਸਾਨੂੰ ਗੁਰੂ ਨਾਨਕ ਦਵ ਜੀ ਨੇ, ਸਿੱਖ। ਤੂੰ ਮਰਦੇ ਦਮ ਤਕ ਕਬੂਲ ਕਰ ਕਿ ਮੈਂ ਕੁਛ ਨਹੀਂ ਜਾਣਦਾ, ਮੈਂ ਸਿੱਖਣਾ ਹੈ। ਮੈਂ ਅਜੇ ਵੀ ਸਿੱਖਣਾ ਹੈ, ਮੈਂ ਕੁਛ ਨਹੀਂ ਜਾਣਦਾ। ਮੈਨੂੰ ਕੁਛ ਨਹੀਂ ਪਤਾ।

ਇਸ ਦੇ ਸੰਬੰਧ ਵਿਚ ਇਕ ਗਾਥਾ ਚੇਤੇ ਆ ਗਈ ਏ, ਤੁਹਾਡੇ ਸਾਹਮਣੇ ਰੱਖਾਂ ਤੇ ਫਿਰ ਅਗਲੇ ਖੰਡ ਦੀ ਵਿਚਾਰ। ਮੈਂ ਇਤਨਾ ਖ਼ੁਲਾਸਾ ਇਸ ਵਾਸਤੇ ਕੀਤਾ ਹੈ ਕਿ ਸ਼ੁਰੂ-ਸ਼ੁਰੂ ਵਿਚ ਤੇਜ਼ੀ ਬੜੀ ਹੁੰਦੀ ਹੈ। ਲੇਕਿਨ ਅਗਾਂਹ ਚਲ ਕੇ ਅਗਰ ਇਹ ਤੇਜ਼ੀ ਗਹਿਰਾਈ ਵਿਚ ਨਹੀਂ ਬਦਲੀ, ਰੁਕਾਵਟ ਵਿਚ ਬਦਲ ਗਈ ਹੈ ਤੇ ਧਾਰਮਿਕ ਮਨੁੱਖ ਕੱਟੜ ਹੋ ਕੇ ਇਤਨਾ ਕਠੋਰ ਹੋ ਜਾਂਦਾ ਹੈ ਕਿ ਰੂਹੇ-ਜ਼ਮੀਨ ਵਿਚ ਕੋਈ ਕਠੋਰ ਨਹੀਂ ਹੁੰਦਾ। ਬ੍ਰਾਹਮਣਾਂ ਨੇ ਜਿਹੜੇ ਜ਼ੁਲਮ ਢਾਹੇ, ਕਿਸੇ ਨੇ ਨਹੀਂ ਢਾਹੇ, ਧਾਰਮਿਕ ਸਨ। ਮੌਲਵੀਆਂ ਨੇ ਜਿੰਨੇ ਜ਼ੁਲਮ ਢਾਹੇ ਯਕੀਨ ਜਾਣੋ ਕਿਸੇ ਨੇ ਨਹੀਂ ਢਾਹੇ। ਇਕਬਾਲ ਲਾਹੌਰ ਦਾ ਰਹਿਣ ਵਾਲਾ ਸੀ ਤੇ ਜਿਸ ਮਹੱਲੇ ਵਿਚ ਰਹਿੰਦਾ ਸੀ, ਓਥੇ ਨਵਾਂ ਮੰਦਰ ਵੀ ਬਣ ਰਿਹਾ ਸੀ, ਨਵੀਂ ਮਸਜਿਦ ਵੀ ਬਣ ਰਹੀ ਸੀ, ਬੜਾ ਜ਼ੋਰ। ਜਦ ਮਸਜਿਦ ਦੇ ਕੋਲੋਂ ਲੰਘੇ ਤੇ ਹੱਸ ਪਏ, ਅੱਗੇ ਮੰਦਰ ਸੀ, ਓਥੇ ਵੀ ਦੋ ਕਦਮ ਰੁਕੇ, ਤੇ ਫਿਰ ਹੱਸ ਪਏ। ਨਹੀਂ ਰਿਹਾ ਗਿਆ, ਮੌਲਵੀ ਕੋਲੋਂ, ਉਹ ਪਿੱਛਾ ਕਰਦਾ ਹੈ। ਇਕਬਾਲ ਮਸਜਿਦ ਨੂੰ ਵੇਖ ਕੇ, ਖ਼ੁਦਾ ਦੇ ਘਰ ਨੂੰ ਵੇਖ ਕੇ ਹੱਸਿਆ ਹੈਂ ਔਰ ਤਨਜ਼ੀ ਹਾਸੀ। ਤੇਰੀ ਹਾਸੀ ਵਿਚ ਤਾਨ੍ਹਾ ਸੀ। ਬ੍ਰਾਹਮਣ ਨੇ ਵੀ ਕਿਹਾ, ਹੱਦ ਹੋ ਗਈ ਭਗਵਾਨ ਦਾ ਮੰਦਰ ਹੈ, ਤੂੰ ਨੱਕ ਚੜ੍ਹਾ ਕੇ ਹੱਸਦਾ ਹੈਂ, ਮੰਦਰ ਨੂੰ ਵੇਖ ਕੇ। ਐਸਾ ਕਿਉਂ ਕਰਦਾ ਹੈਂ। ਇਹ ਸ਼ਾਇਰ ਕਹਿੰਦਾ ਹੈ:-

*ਸੱਚ ਕਹਿ ਦੂੰ ਏ ਬ੍ਰਾਹਮਣ ਗਰ ਤੂੰ ਬੁਰਾ ਨਾ ਮਾਨੇ।*

ਬ੍ਰਾਹਮਣ ਹੋਵੇ ਤੇ ਫਿਰ ਬੁਰਾ ਨਾ ਮੰਨੇ, ਸਵਾਲ ਹੀ ਪੈਦਾ ਨਹੀਂ ਹੁੰਦਾ। ਮੌਲਵੀ ਹੋਵੇ ਤੇ ਫਿਰ ਬੁਰਾ ਨਾ ਮੰਨੇ ਔਰ ਐਵੇਂ ਅਖੌਤੀ ਗਿਆਨੀ ਦਾ ਯਾ ਸਿੱਖ ਹੋਣ ਦਾ ਲਕਬ ਲੱਗਾ ਹੋਵੇ ਤੇ ਫਿਰ ਬੁਰਾ ਨਾ ਮੰਨੇ, ਗੁਸਤਾਖ਼ੀ ਮੁਆਫ਼। ਸਿੱਖ ਉਹ ਹੈ ਜੋ ਸੱਚ ਸੁਣ ਸਕੇ, ਮੁਸਲਮਾਨ ਉਹ ਹੈ ਜੋ ਸੱਚ ਸੁਣ ਸਕੇ, ਹਿੰਦੂ ਉਹ ਹੈ ਜੋ ਸੱਚ ਸੁਣ ਸਕੇ। ਬੜੀ ਸੋਹਣੀ ਵਿਆਖਿਆ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ। ਇਕਬਾਲ ਕਹਿੰਦਾ ਹੈ ਪਹਿਲੀ ਸ਼ਰਤ ਹੈ ਕਿ ਅਗਰ ਤੂੰ ਬੁਰਾ ਨਾ ਮੰਨੇਂ।

ਸੱਚ ਕਹਿ ਦੂੰ ਏ ਬ੍ਰਾਹਮਣ ਗਰ ਤੂੰ ਬੁਰਾ ਨਾ ਮਾਨੇ।
ਤੇਰੇ ਸਨਮ ਕਦੋਂ ਕੇ ਬੁੱਤ ਹੋ ਗਏ ਪੁਰਾਨੇ।
ਅਪਨੋਂ ਸੇ ਬੈਰ ਰਖਨਾ ਤੂੰਨੇ ਬੁਤੋਂ ਸੇ ਸੀਖਾ।

ਆਪਣਿਆਂ ਨਾਲ ਵਿਤਕਰੇ-ਬਾਜ਼ੀ, ਇਹਨਾਂ ਹੀ ਬੁੱਤਾਂ ਤੋਂ, ਤਸਵੀਰਾਂ ਤੋਂ, ਤੂੰ ਸਿੱਖੀ

ਹੈ, ਹੋਰ ਕੀ ਏ। ਪਾੜੇ ਪਾਈ ਜਾਂਦਾ ਹੈਂ, ਇਹਨਾਂ ਮੂਰਤੀਆਂ ਦੀ ਪੂਜਾ ਕਰਕੇ। ਪੱਥਰ ਨੂੰ ਪੂਜ ਪੂਜ ਕੇ, ਦਿਲ ਆਪਣਾ ਪੱਥਰ ਕਰੀ ਜਾਂਦਾ ਹੈਂ, ਹੋਰ ਕੀ ਏ। ਇਹੀ ਕੁਛ ਕਰੀ ਜਾਂਦਾ ਹੈਂ ਔਰ ਗੁਰੂ ਗ੍ਰੰਥ ਸਾਹਿਬ ਦਾ ਫ਼ੈਸਲਾ ਹੈ:-

***ਜੈਸਾ ਸੇਵੈ ਤੈਸੋ ਹੋਇ॥ ੪॥*** (ਅੰਗ ੨੨੩)

jaisaa saevai taiso hoe.4.

*They become just like the One they serve.4.*

ਰੱਬ ਨੂੰ ਜੈਸਾ ਮੰਨੋਗੇ ਤੈਸੇ ਹੋ ਜਾਉਗੇ ਔਰ ਨਾਮਦੇਵ ਤੇ ਇਕ ਕਦਮ ਅੱਗੇ ਜਾਂਦੇ ਨੇ। ਉਹ ਕਹਿੰਦੇ ਨੇ, ਅਗਰ ਰੱਬ ਨੂੰ ਇਸਤ੍ਰੀ ਮੰਨ ਲਿਆ, ਤੇ ਅਗਲਾ ਜਨਮ ਇਸਤ੍ਰੀ ਦਾ ਹੋਵੇਗਾ। ਅਗਰ ਰੱਬ ਨੂੰ ਪੁਰਸ਼ ਮੰਨ ਲਿਆ ਹੈ ਕਿਸੇ ਇਸਤ੍ਰੀ ਨੇ, ਅਗਲਾ ਜਨਮ ਉਸ ਦਾ ਪੁਰਸ਼ ਦਾ ਹੋਵੇਗਾ। ਇਹ ਵੀ ਮੈਂ ਅਰਜ਼ ਕਰ ਦਿਆ, ਪਰਮਾਤਮਾ ਇਸਤ੍ਰੀ ਤੇ ਪੁਰਸ਼ ਨਹੀਂ ਹੈ। ਉਹ ਤੇ:-

***ਨਾਰਿ ਨ ਪੁਰਖੁ ਕਹਹੁ ਕੋਊ ਕੈਸੇ॥*** (ਅੰਗ ੬੨੩)

naar na purakh kehahu kooo kaisae.

*He is not male, and He is not female;*
*how can anyone describe Him?*

ਭਗਤ ਨਾਮਦੇਵ ਜੀ ਮਹਾਰਾਜ ਕਹਿੰਦੇ ਨੇ:-

***ਮਹਾ ਮਾਈ ਕੀ ਪੂਜਾ ਕਰੈ॥***
***ਨਰ ਸੈ ਨਾਰਿ ਹੋਇ ਅਉਤਰੈ॥ ੩॥*** (ਅੰਗ ੮੭੪)

mehaa maaee kee poojaa karai.
nar sai naar hoe aoutarai.3.

*One who worships the Great Goddess Maya*
*will be reincarnated as a woman, and not a man.3.*

ਮਾਤਾ ਮਾਤਾ ਦੇ ਜਗਰਾਤੇ, ਮਾਂ ਮਾਂ ਦੇ ਜਗਰਾਤੇ, ਇਸਤ੍ਰੀ ਮੰਨ ਲਿਆ ਹੈ ਪਰਮਾਤਮਾ ਨੂੰ, ਅਗਲਾ ਜਨਮ ਨਾਰੀ ਦਾ, ਇਸਤ੍ਰੀ ਦਾ। ਅੰਦਰ ਨਾਰੀ ਦੇ ਸੰਸਕਾਰ ਬਣਨਗੇ। ਕਿਉਂਕਿ ਜਿਸ ਵਿਚ ਧਿਆਨ ਜੋੜਾਂਗੇ, ਓਹੀ ਤੇ ਸੰਸਕਾਰ ਬਣਨਗੇ, ਹੋਰ ਕੀ ਏ। ਪੱਥਰ ਵਿਚ ਧਿਆਨ ਜੋੜਾਂਗੇ, ਦਿਲ ਪੱਥਰ ਹੀ ਬਣੇਗਾ ਹੋਰ ਕੀ ਏ। **ਜੈਸਾ ਸੇਵੈ ਤੈਸੋ ਹੋਇ॥**

**ਸੱਚ ਕਹਿ ਦੂੰ ਏ ਬ੍ਰਾਹਮਣ ਗਰ ਤੂੰ ਬੁਰਾ ਨਾ ਮਾਨੇ।**
**ਤੇਰੇ ਸਨਮ ਕਦੋਂ ਕੇ ਬੁੱਤ ਹੋ ਗਏ ਪੁਰਾਨੇ।**
**ਅਪਨੋਂ ਸੇ ਬੈਰ ਰਖਨਾ ਤੂੰਨੇ ਬੁਤੋਂ ਸੇ ਸੀਖਾ।**
**ਜੰਗ ਓ ਜਦਲ ਸਿਖਾਯਾ ਵਾਈਜ਼ ਕੋ ਭੀ ਖ਼ੁਦਾ ਨੇ।**

ਐ ਜਿਹੜਾ ਮੌਲਵੀ ਹੈ, ਇਸ ਨੂੰ ਵੀ ਖ਼ੁਦਾ ਨੇ ਇਕੋ ਹੀ ਗੱਲ ਸਿਖਾਈ ਹੈ, ਜਹਾਦ, ਲਾਹੀ ਜਾ ਗਰਦਨਾਂ ਅਗਲਿਆਂ ਦੀਆਂ। ਉਡਾਈ ਜਾਹ ਅਗਲਿਆਂ ਦੀਆਂ ਪੱਗਾਂ, ਉਸ ਨੂੰ

ਵੀ ਇਕੋ ਹੀ ਗੱਲ ਆਉਂਦੀ ਹੈ।

**ਅਪਨੋਂ ਸੇ ਬੈਰ ਰਖਨਾ ਤੂੰਨੇ ਬੁਤੋਂ ਸੇ ਸੀਖਾ।**
**ਜੰਗ ਓ ਜਦਲ ਸਿਖਾਯਾ ਵਾਈਜ਼ ਕੋ ਭੀ ਖ਼ੁਦਾ ਨੇ।**
**ਤੰਗ ਆ ਕੇ ਮੈਂ ਨੇ ਆਖ਼ਿਰ ਦੈਰ ਓ ਹਰਮ ਕੋ ਛੋੜਾ,**
**ਵਾਈਜ਼ ਕਾ ਵਾਜ਼ ਛੋੜਾ, ਛੋੜੇ ਤੇਰੇ ਫਸਾਨੇ।**

ਐ ਬ੍ਰਾਹਮਣ! ਤੰਗ ਆ ਕੇ ਮੈਂ ਮਸਜਿਦ ਵੀ ਛੋੜ ਦਿੱਤੀ ਹੈ, ਮੰਦਰ ਵੀ ਛੋੜ ਦਿੱਤਾ ਹੈ, ਨਹੀਂ ਜਾਂਦਾ। ਜੇ ਮਸਜਿਦ ਵਿਚ ਜਾਂਦਾ ਹਾਂ ਤੇ ਓਥੇ ਕਹਿੰਦੇ ਨੇ ਹਿੰਦੂ ਕਾਫ਼ਰ ਨੇ ਅਤੇ ਜੇ ਮੰਦਰ ਆਉਂਦਾ ਹਾਂ ਤਾਂ ਕਹਿੰਦੇ ਨੇ ਮੁਸਲਮਾਨ ਮਲੇਸ਼ ਨੇ। ਦੀਵਾਰਾਂ ਖੜੀਆਂ ਹੁੰਦੀਆਂ ਨੇ। ਜੇ ਰੱਬ ਦਾ ਨਾਂ ਵੀ ਬੰਦੇ ਨੂੰ ਬੰਦੇ ਨਾਲ ਨਹੀਂ ਮਿਲਣ ਦਿੰਦਾ ਤੇ ਇਸ ਤਰ੍ਹਾਂ ਦੇ ਰੱਬ ਨੂੰ ਮੈਂ ਕੀ ਕਰਾਂ। ਮੈਂ ਮੰਦਰ ਜਾਣਾ ਛੋੜ ਦਿੱਤਾ ਹੈ, ਨਹੀਂ ਜਾਂਦਾ। ਮੈਂ ਮਸਜਿਦ ਦੀ ਤਰਫ਼ ਦੇਖਣਾ ਛੋੜ ਦਿੱਤਾ ਹੈ! **ਤੰਗ ਆ ਕੇ ਮੈਂ ਨੇ ਆਖ਼ਿਰ**, ਤੰਗ ਹੋ ਕੇ, ਬਿਲਕੁਲ ਤੰਗ ਹੋ ਕੇ, ਮਜਬੂਰ ਹੋ ਕੇ,

**ਤੰਗ ਆ ਕੇ ਮੈਂ ਨੇ ਆਖ਼ਿਰ ਦੈਰ ਓ ਹਰਮ ਕੋ ਛੋੜਾ,**
**ਵਾਈਜ਼ ਕਾ ਵਾਜ਼ ਛੋੜਾ, ਛੋੜੇ ਤੇਰੇ ਫਸਾਨੇ।**

ਛੋੜ ਦਿੱਤੇ ਮੈਂ ਤੇਰੇ ਕਿੱਸੇ, ਇਹ ਪੁਰਾਣ ਕਥਾਵਾਂ ਤੇਰੀਆਂ ਮੈਂ ਨਹੀਂ ਸੁਣਦਾ। ਮੌਲਵੀ ਦੀ ਕੁਰਾਨ ਦੀ ਤਲਾਵਤ ਮੈਂ ਨਹੀਂ ਸੁਣਦਾ, ਕਿਉਂਕਿ ਦੋਹਾਂ ਵਿਚੋਂ ਨਫ਼ਰਤ ਦੀ ਬੂ ਆਉਂਦੀ ਏ, ਹੰਕਾਰ ਦੀ ਬੂ ਆਉਂਦੀ ਏ, ਵਿਤਕਰਿਆਂ ਦੀ ਬੂ ਆਉਂਦੀ ਏ। ਤੇ ਖ਼ੁਦਾ ਸਾਰਿਆਂ ਦਾ ਹੈ ਸਾਂਝਾ ਹੈ। ਇਹ ਖ਼ੁਦਾ ਦੇ ਨਾਂ ਤੇ ਪਾੜ ਰਿਹਾ, ਭਗਵਾਨ ਦੇ ਨਾਂ ਤੇ ਪਾੜ ਰਿਹਾ ਹੈ।

ਮਜ਼ਹਬੀ ਤਲ ਤੇ ਐਸਾ ਵੀ ਹੋਇਆ ਹੈ, ਮੁਹੰਮਦ ਸਾਹਿਬ ਪਕੜ ਵਿਚ ਆਏ। ਬਦਰ ਦੀ ਲੜਾਈ ਵਿਚ ਉਹਨਾਂ ਦੇ ਅਗਲੇ ਦੰਦ ਤੋੜ ਦਿੱਤੇ ਗਏ ਸਨ। ਮਜ਼ਹਬੀ ਤੌਰ ਤੇ ਸਹਿਮਤ ਨਹੀਂ ਸਨ। ਬਦਰ ਦੀ ਲੜਾਈ ਵਿਚ ਪਕੜ ਵਿਚ ਆ ਗਏ ਔਰ ਅਗਲਿਆਂ ਨੇ ਪਤਾ ਹੈ ਕੀ ਕੀਤਾ? ਪੱਥਰਾਂ ਨਾਲ ਦੰਦ ਤੋੜੇ, ਮੁਹੰਮਦ ਸਾਹਿਬ ਦੇ। ਇਸੇ ਹੀ ਮਜ਼ਹਬੀ ਜਨੂੰਨ ਨੇ, ਭਾਈ ਮਨੀ ਸਿੰਘ ਦੇ ਬੰਦ-ਬੰਦ ਕਟਵਾਏ। ਇਸੇ ਹੀ ਮਜ਼ਹਬੀ ਜਨੂੰਨ ਨੇ ਭਾਈ ਦਿਆਲੇ ਨੂੰ ਉਬਲਦੀ ਦੇਗ ਵਿਚ ਉਬਲਵਾ ਦਿੱਤਾ। ਜਹਾਂਗੀਰ ਦੇ ਇਸੇ ਹੀ ਮਜ਼ਹਬੀ ਜਨੂੰਨ ਨੇ ਧੰਨ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਤੇ ਬੈਠਾ ਦਿੱਤਾ। ਉਬਲਦੀ ਦੇਗ ਵਿਚ। ਤੋਜ਼ਕੇ ਜਹਾਂਗੀਰੀ ਪੜ੍ਹੀ ਤੇ ਹੈਰਾਨਗੀ ਹੋਈ, ਉਹ ਝੂਠ ਦੀ ਦੁਕਾਨ ਕਹਿੰਦਾ ਹੈ।

ਜਦ ਵੀ ਕਿਸੇ ਦੀ ਮਜ਼ਹਬ ਦੇ ਨਾਂ ਤੇ, ਧਰਮ ਦੇ ਨਾਂ ਤੇ ਸੁਰਤ ਰੁਕਦੀ ਏ, ਉਹ ਕਠੋਰ ਹੋ ਜਾਂਦਾ ਹੈ। ਸ਼ਾਇਦ ਰਾਜਨੀਤਕ ਨਾਲੋਂ ਵੀ ਜ਼ਿਆਦਾ ਕਠੋਰ ਹੋ ਜਾਂਦਾ ਹੈ। ਬਹੁਤ ਅੰਧਾ ਹੋ ਜਾਂਦਾ ਹੈ, ਬਿਲਕੁਲ ਅੰਧਾ ਹੋ ਜਾਂਦਾ ਹੈ। ਜਿਸ ਤਰ੍ਹਾਂ ਮੁਸਲਮਾਨ ਹੋਏ ਔਰ ਜਿਸ ਤਰ੍ਹਾਂ ਦੇ ਜ਼ੁਲਮ ਗੁਰੂ ਘਰ ਉੱਤੇ ਢਾਹੇ। ਜੈਸੇ ਕਿ ਬ੍ਰਾਹਮਣ ਹੋਏ, ਬਾਈ ਧਾਰ ਦੇ ਰਾਜੇ ਹੋਏ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨਾਲ ਤਾ ਜ਼ਿੰਦਗੀ ਵੈਰ ਕਮਾਉਂਦੇ ਰਹੇ। ਔਰ ਇਕ ਨੁਕਤਾ ਹੋਰ ਵੀ ਤੁਹਾਡੇ ਸਾਹਮਣੇ ਰੱਖਾਂ। ਕਹਿੰਦੇ ਨੇ ਜਿਹੜੇ ਸਤਾਰਾਂ ਜੱਜ ਬੈਠੇ ਸਨ ਸੂਬਾ ਸਰਹਿੰਦ ਦੀ ਕਚਹਿਰੀ ਵਿਚ। ਸਭ ਤੋਂ ਪਹਿਲੇ ਵਜੀਦ ਖਾਂ ਨੇ ਦੀਵਾਨ ਸੁੱਚਾ ਨੰਦ ਤੋਂ ਪੁੱਛਿਆ, ਤੂੰ ਦੱਸ

ਇਹਨਾਂ ਬੱਚਿਆਂ ਦਾ ਕੀ ਕਰੀਏ। ਉਸ ਨੇ ਆਖਿਆ:-

*ਈ ਫ਼ਰਜੰਦੇ ਮਾਰ ਅਸਤ।*

ਇਹ ਸ਼ਬਦ ਲਿਖੇ ਨੇ ਮਾਰ। ਪਰਸ਼ੀਅਨ ਵਿਚ ਸੱਪ ਨੂੰ ਕਹਿੰਦੇ ਨੇ ਮਾਰ। ਫ਼ਰਜੰਦ ਕਹਿੰਦੇ ਨੇ ਲੜਕਿਆਂ ਨੂੰ, ਬੱਚਿਆਂ ਨੂੰ, ਈ ਫ਼ਰਜੰਦੇ ਮਾਰ ਅਸਤ। ਇਹ ਸੱਪ ਦੇ ਬੱਚੇ ਨੇ। ਦੀਵਾਨ ਸੁੱਚਾ ਨੰਦ ਉਸ ਦੇ ਇਹ ਬੋਲ। ਈ ਫ਼ਰਜੰਦੇ ਮਾਰ ਅਸਤ। ਇਹ ਸੱਪ ਦੇ ਬੱਚੇ ਨੇ, ਇਹ ਵੱਡੇ ਹੋ ਕੇ ਡੰਗ ਮਾਰਨ, ਇਹਨਾਂ ਦਾ ਸਿਰ ਅੱਜ ਹੀ ਕੁਚਲ ਦਿਉ। ਕਮਾਲ ਹੈ ਸੁੱਚਾ ਨੰਦ ਜੋ ਬ੍ਰਾਹਮਣ ਹੈ। ਗੀਤਾ ਪੜ੍ਹਨ ਵਾਲਾ, ਮੂਰਤੀ ਦੀ ਪੂਜਾ ਕਰਨ ਵਾਲਾ। ਮਾਲਾ ਫੇਰਨ ਵਾਲਾ, ਤਿਲਕ ਲਾਉਣ ਵਾਲਾ, ਜਨੇਊ ਪਹਿਨਣ ਵਾਲਾ। ਹੈਰਾਨਗੀ ਹੈ, ਐਨਾ ਧਾਰਮਿਕ ਬੰਦਾ, ਐਨਾ ਕਠੋਰ। ਕਿਉਂਕਿ ਮੈਂ ਜਦ ਆਪਣੇ ਢੰਗ ਨਾਲ ਇਤਿਹਾਸ ਪੜ੍ਹਦਾ ਹਾਂ, ਮੈਂ ਹੈਰਾਨ ਹੋ ਜਾਂਦਾ ਹਾਂ, ਕਿ ਧਾਰਮਿਕ ਬੰਦਿਆਂ ਦੇ ਇਹ ਫ਼ੈਸਲੇ। ਧਾਰਮਿਕ ਮਨੁੱਖਾਂ ਦੀ ਇਹ ਸੋਚਣੀ। ਦੀਵਾਨ ਵਿਚ ਬੈਠਾ ਸੀ, ਸਭਾ ਵਿਚ ਬੈਠਾ ਸੀ, ਕਚਹਿਰੀ ਵਿਚ ਬੈਠਾ ਸੀ, ਤਿਲਕ ਲਾ ਕੇ, ਜਨੇਊ ਪਹਿਨਿਆਂ ਹੋਇਆ ਹੈ। ਸਵੇਰੇ-ਸਵੇਰੇ ਤਾਜ਼ੀ ਪੂਜਾ ਪਾਠ ਕਰ ਕੇ ਆਇਆ ਹੈ। ਬੈਠਾ ਹੈ ਅਤੇ ਵਜੀਦ ਖਾਂ ਪੁੱਛਦਾ ਹੈ, ਦੱਸੋ। ਤੂੰ ਦੱਸ ਪਹਿਲੇ ਇਹਨਾਂ ਬੱਚਿਆਂ ਦਾ ਕੀ ਕਰੀਏ। ਕਾਜ਼ੀ ਦਾ ਫ਼ੈਸਲਾ ਤੇ ਆਖ਼ਰੀ ਸੀ, ਖ਼ੂਨ ਡੋਲ੍ਹਣ ਦੀ ਕੋਈ ਲੋੜ ਨਹੀਂ, ਦੀਵਾਰ ਦੇ ਵਿਚ ਚਿਣ ਦਿਉ। ਸੁੱਚਾ ਨੰਦ ਕਹਿੰਦਾ ਹੈ, ਈ ਫ਼ਰਜੰਦੇ ਮਾਰ ਸਤ, ਇਹ ਸੱਪ ਦੇ ਬੱਚੇ ਨੇ, ਮਾਰ ਕਹਿੰਦੇ ਨੇ ਸੱਪ ਨੂੰ। ਕਲਗੀਧਰ ਨੂੰ ਵੀ ਪਤਾ ਚਲ ਗਿਆ ਕਿ ਮੇਰੇ ਬੱਚਿਆਂ ਨੂੰ ਸੱਪ ਦਾ ਬੱਚਾ ਆਖਿਆ ਹੈ। ਆਪ ਪੜ੍ਹ ਕੇ ਹੈਰਾਨ ਹੋਵੋਗੇ, ਕਲਗੀਧਰ ਨੇ ਇਹ ਸ਼ਬਦ ਕਬੂਲ ਕਰ ਲਏ। ਜ਼ਫ਼ਰਨਾਮੇ ਵਿਚ ਦਰਜ ਨੇ। ਜਿਹੜਾ ਜ਼ਫ਼ਰਨਾਮਾ ਔਰੰਗਜ਼ੇਬ ਨੂੰ ਲਿਖਿਆ ਹੈ ਉਹਦੇ ਬੋਲ:-

**ਜ਼ਫ਼ਰਨਾਮਹ**

zafaranaamaha

The Epistle of Victory

*ਸ੍ਰੀ ਮੁਖਵਾਕ ਪਾਤਿਸ਼ਾਹੀ ੧੦॥*

sree mukhavaak paathishaahee 10.

*The Epistle of Victory uttered and written by the Tenth Master Guru Gobind Singh. (This letter of victory was written in Persian by Guru Gobind Singh to Aurangzeb, the Emperor of India in the year 1707 A.D. from the village DINA KANGAR (South of Panjab).*

*ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ॥*
*ਕਿ ਬਾਕੀ ਬਮਾਂਦਸਤੁ ਪੇਚੀਦਹ ਮਾਰ॥ ੭੮॥*

chihaa shudh ke choon baachagaa kushteh chaar.
ke baakee bamaadasat paecheedeh maar.78.

*It matters little that you have killed (my) four sons,*
*But the coiled snake (Khalsa) remains alive.78.*

*ਚਿਹ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ॥*
*ਕਿ ਆਤਿਸ਼ ਦਮਾਂ ਰਾ ਫ਼ਰੋਜ਼ਾ ਕੁਨੀ॥ ੭੯॥* (ਅੰਗ ੧੪੨੦-੨੮)

chih mardi ke akhagar khamochaa kunee.
ke aathish dhamaa raa firozaa kunee.79.
*What sort of valour is it that you are putting out few sparks;*
*By dint of which you have stirred up a tremendous fire around you.79.*

ਮਾਰ ਕਹਿੰਦੇ ਨੇ ਸੱਪ ਨੂੰ। ਕਲਗੀਧਰ ਪਾਤਸ਼ਾਹ ਔਰੰਗਜ਼ੇਬ ਨੂੰ ਕਹਿੰਦੇ ਨੇ ਕੀ ਹੋਇਆ ਤੂੰ ਮੇਰੇ ਚਾਰ ਬੱਚੇ ਮਾਰ ਦਿੱਤੇ, ਚਿਹਾ ਸ਼ੁਦ, ਮਤਲਬ ਕੀ ਹੋਇਆ:-

*ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ॥*
*ਕਿ ਬਾਕੀ ਬਮਾਂਦਸਤੁ ਪੇਚੀਦਹ ਮਾਰ॥ ੭੮॥*

ਅਜੇ ਪੇਚੀਦਾ ਸੱਪ ਮੌਜੂਦ ਨੇ। ਪਤਾ ਨਹੀਂ ਇਸ ਤਰ੍ਹਾਂ ਦੇ ਕਿਤਨੇ ਬੱਚਿਆਂ ਨੂੰ ਜਨਮ ਦੇਵੇਗਾ। ਅਜੇ ਪੇਚੀਦਾ ਸਪਨੀ ਮੌਜੂਦ ਹੈ। ਤੂੰ ਇਹ ਨਾ ਸਮਝੀਂ ਕਿ ਚਾਰ ਸੱਪ ਦੇ ਬੱਚੇ ਮਾਰ ਦਿੱਤੇ ਨੇ। ਨਹੀਂ, ਇਹ ਤੈਨੂੰ ਯਾਦ ਹੋਣਾ ਚਾਹੀਦਾ ਹੈ ਕਿ ਅਜੇ ਪੇਚੀਦਾ ਸੱਪ ਮੌਜੂਦ ਹੈ। ਮੈਂ ਇਸ ਨੂੰ ਹੋਰ ਰੂਪ ਵਿਚ ਲਿਆ ਕਿ ਚਲੋ ਦੀਵਾਨ ਸੁੱਚਾ ਨੰਦ ਨੇ ਕਹਿ ਦਿੱਤਾ— ਈ ਫ਼ਰਜੰਦੇ ਮਾਰ ਸਤ, ਬਈ ਇਹ ਸੱਪ ਦੇ ਬੱਚੇ ਨੇ ਪਰ ਕਲਗੀਧਰ ਨੇ ਕਬੂਲ ਕਰ ਲਿਆ ਕਿ ਠੀਕ। ਮੈਂ ਇਸ ਦ੍ਰਿਸ਼ਟੀਕੋਣ ਨਾਲ ਵੀ ਪੜ੍ਹਨ ਦੀ ਕੋਸ਼ਿਸ਼ ਕੀਤੀ ਕਿ ਸਤਿਗੁਰੂ ਨੇ ਕਿਉਂ ਕਬੂਲ ਕਰ ਲਿਆ। ਉਹਦਾ ਇਕ ਕਾਰਣ? ਸਿੱਖ ਜਿਧਰ ਵੀ ਜਾ ਰਿਹਾ ਹੋਵੇ, ਮੁਗਲ ਸਿੱਖ ਨਹੀਂ ਕਹਿੰਦੇ ਸਨ। ਉਹ ਕਹਿੰਦੇ ਸਨ, **ਈ ਮਾਰ ਨੀ ਰਫ਼ਤੀ, ਈ ਮਾਰ ਨੀ ਆਮਦ**। ਇਹ ਸੱਪ ਜਾ ਰਿਹਾ ਹੈ। ਇਹ ਸੱਪ ਹੈ। ਕੋਈ ਸਿੱਖ ਨਹੀਂ ਕਹਿੰਦਾ ਸੀ। ਸਿੱਖ ਨੂੰ ਵੇਖ ਕੇ ਹੀ ਕਹਿੰਦੇ ਸਨ ਕਿ ਉਹ ਸੱਪ ਜਾ ਰਿਹਾ ਹੈ। ਉਹ ਸੱਪ ਆ ਰਿਹਾ ਹੈ, ਉਸ ਸਮੇਂ ਹਾਲਾਤ ਐਸੇ ਬਣ ਗਏ ਸਨ। **ਈ ਮਾਰ ਨੀ ਰਫ਼ਤੀ, ਈ ਮਾਰ ਨੀ ਆਮਦ**। ਚਾਰੋਂ ਪਾਸੇ ਦੀ ਫ਼ਿਜ਼ਾ ਐਸੀ ਬਣ ਗਈ, ਮਾਹੌਲ ਐਸਾ ਬਣ ਗਿਆ। ਸਤਿਗੁਰੂ ਕਹਿਣ ਲੱਗੇ ਕੋਈ ਗੱਲ ਨਹੀਂ, ਸੱਪ ਤੇ ਸੱਪ ਹੀ ਸਈ। ਅਸੀਂ ਦੁਸ਼ਟ ਲਈ ਜ਼ਾਲਿਮ ਲਈ ਸੱਪ ਹਾਂ, ਮਜ਼ਲੂਮ ਲਈ ਅੰਮ੍ਰਿਤ ਹਾਂ, ਆਬੇ-ਹਿਯਾਤ ਹਾਂ ਪਰ ਦੁਸ਼ਟ ਲਈ ਸੱਪ ਹਾਂ। ਕਬੂਲ, ਅਜੇ ਤਕ ਵੀ ਇਹ ਸਿਲਸਿਲਾ ਕਬੂਲ ਹੈ। ਅਜੇ ਵੀ ਗੁਰੂ ਕੇ ਸਿੱਖ ਜਦ ਆਪਣੇ ਬੱਚੇ ਨੂੰ ਗੁਰਦੁਆਰੇ ਲੈ ਆਉਂਦੇ ਨੇ ਨਾਮ ਰਖਾਉਣ ਲਈ, ਤੇ ਗ੍ਰੰਥੀ ਸਿੰਘ ਅੱਜ ਵੀ ਅਰਦਾਸ ਕਰਦੇ ਨੇ ਪਾਤਸ਼ਾਹ ਭੁਜੰਗੀ ਨੂੰ ਨਾਮ ਬਖਸ਼ੋ। ਪਤਾ ਹੈ, ਸੱਪ ਨੂੰ ਸੰਸਕ੍ਰਿਤ ਵਿਚ ਕਹਿੰਦੇ ਨੇ ਭੁਜੰਗ। ਭੁਜੰਗੀ ਨੂੰ ਨਾਮ ਬਖਸ਼ੋ, ਸੱਪ ਦੇ ਬੱਚੇ ਨੂੰ ਨਾਮ ਬਖਸ਼ੋ। ਪਰ ਜੇ ਕਿਧਰੇ ਬੱਚੀ ਲੈ ਆਏ, ਪਾਤਸ਼ਾਹ ਭੁਜੰਗਣ ਨੂੰ ਨਾਮ ਬਖਸ਼ੋ, ਸੱਪ ਦੀ ਬੱਚੀ ਨੂੰ ਨਾਮ ਬਖਸ਼ੋ, ਹੈਰਾਨਗੀ। ਅਜੇ ਵੀ ਕਬੂਲ, ਅਜੇ ਵੀ ਪ੍ਰਚੱਲਿਤ, ਭੁਜੰਗ। ਭੁਜੰਗ ਸੱਪ ਨੂੰ ਕਹਿੰਦੇ ਨੇ, ਭੁਜੰਗੀ ਸੱਪ ਦਾ ਬੱਚਾ। ਭੁਜੰਗਣ ਸੱਪ ਦੀ ਬੱਚੀ। ਸਤਿਗੁਰੂ ਨੇ ਜੋ ਕਬੂਲ ਕਰ ਲਿਆ, ਠੀਕ ਹੈ, **ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ॥ ਕਿ ਬਾਕੀ ਬਮਾਂਦਸਤੁ ਪੇਚੀਦਹ ਮਾਰ॥** ਐ ਔਰੰਗਜ਼ੇਬ ਪੇਚੀਦਾ ਸੱਪ ਮੌਜੂਦ ਹੈ। ਕੀ ਹੋਇਆ ਤੂੰ ਚਾਰ ਸੱਪ ਦੇ ਬੱਚੇ ਮਾਰ ਦਿੱਤੇ।

ਸਤਿਗੁਰੂ ਨੇ ਖਿੜੇ ਮੱਥੇ ਤਸਲੀਮ ਕਰ ਲਿਆ ਅਸੀਂ ਸਿਰਫ਼ ਜ਼ਾਲਿਮ ਲਈ ਤੇ ਜ਼ਹਿਰ

ਹਾਂ, ਮਜ਼ਲੂਮ ਲਈ ਅੰਮ੍ਰਿਤ ਹਾਂ, ਹਲੇਮ ਹਾਂ, ਬਿਲਕੁਲ ਆਬੇ-ਹਿਯਾਤ ਹਾਂ। ਅਸੀਂ ਸਿਰਫ਼ ਦੁਸ਼ਟ ਲਈ ਜ਼ਹਿਰ ਹਾਂ, ਇਹ ਕਬੂਲ ਕਰ ਲਿਆ ਔਰ ਗਜ਼ਬ ਦੀ ਗੱਲ ਕਿ ਐਸਾ ਕਬੂਲ ਕੀਤਾ ਹੈ, ਇਹ ਭੁਜੰਗੀ, ਭੁਜੰਗਣ ਸ਼ਬਦ ਸਿੰਘਾਂ ਦੇ ਬੱਚਿਆਂ ਨਾਲ ਜੁੜ ਹੀ ਗਿਆ। ਅਜੇ ਤਕ ਜੁੜਿਆ ਹੋਇਆ ਹੈ, ਭਾਈ ਸਾਹਿਬ ਅਰਦਾਸ ਕਰਦੇ ਨੇ, ਗੁਰੂ ਦੇ ਅੱਗੇ, ਭੁਜੰਗੀ ਨੂੰ ਨਾਮ ਬਖਸ਼ੋ ਜੀ, ਭੁਜੰਗਣ ਨੂੰ ਨਾਮ ਬਖਸ਼ੋ।

ਹੁਣ ਮੈਂ ਅਰਜ਼ ਕਰਾਂ ਇਹ ਜਿਹੜੇ ਸ਼ਬਦ ਸਨ, **ਈਂ ਫ਼ਰਜ਼ੰਦੇ ਮਾਰ ਸਤ**, ਇਹ ਦੀਵਾਨ ਸੁੱਚਾ ਨੰਦ ਦੇ ਮੂੰਹੋਂ ਨਿਕਲੇ ਨੇ, ਜਿਸ ਨੇ ਜਨੇਊ ਪਹਿਨਿਆਂ ਹੋਇਆ ਹੈ, ਮੱਥੇ ਤੇ ਤਿਲਕ ਲਾਇਆ ਹੋਇਆ ਹੈ। ਹੱਥ ਵਿਚ ਮਾਲਾ ਹੈ, ਬਿਲਕੁਲ ਤਾਜ਼ੀ-ਤਾਜ਼ੀ ਪੂਜਾ ਪਾਠ ਕਰਕੇ ਆਇਆ ਹੈ ਅਤੇ ਸਵੇਰੇ-ਸਵੇਰੇ ਦੀਵਾਨ ਵਿਚ ਆ ਕੇ ਬੈਠਾ ਹੈ ਅਤੇ ਸਵੇਰੇ-ਸਵੇਰੇ ਰੋਜ਼ ਬੱਚਿਆਂ ਨੂੰ ਪੇਸ਼ ਕੀਤਾ ਜਾਂਦਾ ਸੀ। ਅੱਜ ਤੀਜਾ ਦਿਨ ਸੀ ਤੇ ਕਹਿੰਦਾ ਹੈ, **ਈਂ ਫ਼ਰਜ਼ੰਦੇ ਮਾਰ ਸਤ**। ਧਾਰਮਿਕ ਬੰਦਾ ਇਤਨਾ ਕਠੋਰ ਔਰ ਉਹ ਮੌਲਵੀ ਕਹਿੰਦਾ ਹੈ, ਖ਼ੂਨ ਡੋਲ੍ਹਣ ਦੀ ਕੀ ਲੋੜ ਹੈ, ਦੀਵਾਰ ਵਿਚ ਚਿਣ ਦਿਉ, ਇਹ ਕਾਜ਼ੀ ਕਹਿੰਦਾ ਹੈ।

ਮੈਂ ਜਦ ਦੁਨੀਆਂ ਦਾ ਇਸ ਢੰਗ ਦਾ ਮਜ਼ਹਬੀ ਇਤਿਹਾਸ ਪੜ੍ਹਦਾ ਹਾਂ, ਹੈਰਾਨਗੀ ਹੋ ਜਾਂਦੀ ਹੈ। ਜਿਨ੍ਹਾਂ ਨੇ ਮੁਹੰਮਦ ਸਾਹਿਬ ਦੇ ਦੰਦ ਤੋੜੇ ਸਨ, ਉਹ ਵੀ ਧਾਰਮਿਕ ਹੋਣ ਦਾ ਬੜਾ ਦਾਅਵਾ ਕਰਦੇ ਸਨ। ਏਥਨ ਦੇ ਪ੍ਰਸਿੱਧ ਸੰਤ, ਜਿਨ੍ਹਾਂ ਨੇ ਸੁਕਰਾਤ ਨੂੰ ਜ਼ਹਿਰ ਦਾ ਪਿਆਲਾ ਦੇ ਕੇ ਮਾਰ ਦਿੱਤਾ ਸੀ, ਉਹ ਵੀ ਧਾਰਮਿਕ ਹੋਣ ਦਾ ਬੜਾ ਦਾਅਵਾ ਕਰਦੇ ਸਨ। ਜਿਨ੍ਹਾਂ ਨੇ ਈਸਾ ਨੂੰ ਸੂਲੀ ਤੇ ਚਾੜ੍ਹ ਦਿੱਤਾ ਸੀ, ਉਹ ਵੀ ਧਾਰਮਿਕ ਹੋਣ ਦਾ ਬੜਾ ਦਾਅਵਾ ਕਰਦੇ ਸਨ। ਔਰ ਜਿਸ ਸ਼ਹਿਨਸ਼ਾਹ ਨੇ ਆਪਣੇ ਹੁਕਮ ਨਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਦਿੱਲੀ ਵਿਚ ਸ਼ਹੀਦ ਕੀਤਾ, ਪਿੰਜਰੇ ਵਿਚ ਰੱਖਿਆ, ਸਖ਼ਤੀਆਂ ਕੀਤੀਆਂ, ਇਹ ਵੀ ਬੜਾ ਦਾਅਵਾ ਕਰਦਾ ਸੀ। ਇਸ ਦੇ ਹੱਥ ਵਿਚ ਵੀ ਤਸਬੀ ਹੁੰਦੀ ਸੀ, ਪੰਜ ਵਕਤ ਦਾ ਪੱਕਾ ਨਮਾਜ਼ੀ ਸੀ, ਰੋਜ਼ਾ ਵੀ ਰੱਖਦਾ ਸੀ, ਕੁਰਾਨ ਦੀ ਤਲਾਵਤ ਵੀ ਕਰਦਾ ਸੀ। ਸਭ ਕੁਛ ਕਰਦਾ ਸੀ ਔਰ ਬੜਾ ਮਜ਼ਹਬੀ ਬੰਦਾ, ਲੇਕਿਨ ਇਤਨਾ ਕਠੋਰ। ਇਤਨੀ ਕਠੋਰਤਾ, ਆਪਣੇ ਤਿੰਨੇ ਭਰਾ ਇਸ ਨੇ ਮਾਰੇ, ਆਪਣੇ ਪਿਉ ਨੂੰ ਕੈਦ ਕੀਤਾ। ਆਪਣੀਆਂ ਭੈਣਾਂ ਦੀ ਸ਼ਾਦੀ ਨਹੀਂ ਕੀਤੀ। ਆਪਣੀ ਬੱਚੀ ਦੀ ਵੀ ਸ਼ਾਦੀ ਨਹੀਂ ਕੀਤੀ। ਹੈਰਾਨਗੀ ਇਤਨਾ ਕਠੋਰ। ਇਹ ਮੈਂ ਸਭ ਕੁਛ ਇਸ ਵਾਸਤੇ ਆਖਿਆ ਹੈ ਕਿ ਸ਼ੁਰੂ-ਸ਼ੁਰੂ ਵਿਚ ਤੇਜ਼ੀ ਬੜੀ ਹੈ, ਅਗਰ ਰੁਕਾਵਟ ਆ ਗਈ, ਜਪ ਨਹੀਂ, ਤਪ ਨਹੀਂ, ਸਿਮਰਨ ਨਾ ਹੋਇਆ ਤੋ ਇਸ ਤਰ੍ਹਾਂ ਦਾ ਪੁਰਸ਼ ਇਤਨਾ ਕਠੋਰ ਹੋ ਜਾਂਦਾ ਹੈ, ਰੂਹੇ-ਜ਼ਮੀਨ ਤੇ ਹੋਰ ਕੋਈ ਨਹੀਂ ਹੁੰਦਾ। ਇਤਿਹਾਸ ਬਿਲਕੁਲ ਸਾਹਮਣੇ ਹੈ। ਔਰ ਇਹ ਕਥਾ ਕੀਰਤਨ ਇਸ ਵਾਸਤੇ ਹੈ ਕਿ ਰੁਕਾਵਟ ਨਾ ਆਵੇ, ਬਹਾਉ ਜਾਰੀ ਰਹੇ। ਇਸੇ ਵਾਸਤੇ ਅਸੀਂ ਅਰਦਾਸ ਵਿਚ ਸਬਦ ਐਡ (Add) ਕੀਤੇ ਹੋਏ ਨੇ, **"ਸੇਈ ਸੰਤ ਗੁਰਮੁਖ ਪਿਆਰੇ ਮੇਲ ਜਿਨ੍ਹਾਂ ਮਿਲਿਆਂ ਤੇਰਾ ਨਾਮ ਚੇਤੇ ਆਵੇ"**, ਤੇਰੀ ਯਾਦ ਬਣੀ ਰਹੇ, ਤੇਰਾ ਚਿੰਤਨ ਚਲਦਾ ਰਹੇ। ਤੇਰਾ ਸਿਮਰਨ ਚਲਦਾ ਰਹੇ, ਇਹ ਬਹਾਉ ਜਾਰੀ ਰਹੇ। **ਅਗਰ ਇਸ ਤਰੀਕੇ ਨਾਲ ਇਹ ਬਹਾਉ ਜਾਰੀ ਰਿਹਾ ਤਾਂ ਇਹ ਬਹਾਉ ਦੂਸਰੇ ਖੰਡ ਵਿਚ ਪਹੁੰਚ ਜਾਂਦਾ ਹੈ। ਜਿਸ ਦਾ ਨਾਮ ਹੈ ਗਿਆਨ ਖੰਡ।**

***ਧਰਮ ਖੰਡ ਕਾ ਏਹੋ ਧਰਮੁ॥***
***ਗਿਆਨ ਖੰਡ ਕਾ ਆਖਹੁ ਕਰਮੁ॥***
dharam khandd kaa eaeho dharam.
giaan khandd kaa aakhahu karam.
*This is righteous living in the realm of Dharma.*
*And now we speak of the realm of spiritual wisdom.*

ਧਰਮ ਖੰਡ ਦੀ ਤੋ ਇਤਨੀ ਗੱਲ ਹੈ ਕਿ ਮਰਯਾਦਾ ਵਿਚ ਹੈ ਸਭ ਕੁਛ। ਹੱਥ ਵੱਸ ਕੁਛ ਵੀ ਨਹੀਂ ਹੈ। ਗਹਿਰਾਈ ਵੀ ਨਹੀਂ ਹੈ, ਉਤਲਾਪਨ ਹੈ। ਤੇਜ਼ੀ ਬੜੀ ਹੈ, ਬਹਾਅ ਬਹੁਤ ਹੈ। ਰਵਾਨੀ ਬੜੀ ਜ਼ਿਆਦਾ ਹੈ, ਗਹਿਰਾਈ ਕੁੱਝ ਵੀ ਨਹੀਂ। ਕੁੱਝ ਸੂਝ ਸਮਝ ਨਹੀਂ ਹੈ। ਸਭ ਕੁਛ ਕਰੀ ਜਾ ਰਿਹਾ ਹੈ ਧਰਮ ਦੇ ਨਾਂ ਤੇ ਪਤਾ ਇਸ ਨੂੰ ਅਜੇ ਕੁਛ ਵੀ ਨਹੀਂ ਹੈ। ਕੁਛ ਵੀ ਸੂਝ ਨਹੀਂ, ਕੁਛ ਵੀ ਸਮਝ ਨਹੀਂ। ਲੇਕਿਨ ਅਗਰ ਇਹ ਬਹਾਉ ਜਾਰੀ ਰਿਹਾ, ਨਹੀਂ ਸਮਝ ਤੇ ਨਾ ਸਹੀ। ਅਗਰ ਜਪ ਤਪ ਜਾਰੀ ਰਿਹਾ। ਪਾਠ ਜਾਰੀ ਰਿਹਾ ਔਰ ਰੋਜ਼ ਦਾ ਸਤਸੰਗ ਵੀ ਜਾਰੀ ਰਿਹਾ ਔਰ ਗੁਰੂ ਦੇ ਅੱਗੇ ਅਰਦਾਸ ਵੀ ਹੋਵੇ ਤੇ ਸੁਰਤ ਪਹੁੰਚ ਜਾਂਦੀ ਏ ਗਿਆਨ ਖੰਡ ਦੇ ਵਿਚ।

ਸਾਡੀ ਸੁਰਤ ਰੁਕੇ ਨਾ, ਬਹਾਉ ਜਾਰੀ ਰਹੇ ਔਰ ਸਿਰਫ਼ ਬਹਾਉ ਹੀ ਜਾਰੀ ਨਾ ਰਹੇ, ਗਹਿਰਾਈ ਵੀ ਆਵੇ ਕੁੱਝ ਸਮਝ ਸੂਝ, ਕੁਛ ਪਤਾ ਵੀ ਚੱਲੇ। ਨਿਰੀਆਂ ਉਤਲੀਆਂ ਗੱਲਾਂ ਨਹੀਂ, ਥੋਥੀਆਂ ਗੱਲਾਂ ਨਹੀਂ, ਕਿਉਂਕਿ ਇਹਨਾਂ ਥੋਥੀਆਂ ਗੱਲਾਂ ਕਰਕੇ ਔਰ ਬਿਲਕੁਲ ਉਤਲੀਆਂ ਗੱਲਾਂ ਕਰਕੇ ਔਰ ਅਗਰ ਸੁਰਤ ਕਿਤੇ ਰੁਕ ਗਈ ਏ, ਯਕੀਨ ਜਾਣੋ ਇਸ ਤਰ੍ਹਾਂ ਦੇ ਪੁਰਸ਼ਾਂ ਦੀ ਜ਼ਿੰਦਗੀ ਨੂੰ ਦੇਖ ਕੇ, ਕਈ ਗੁਰੂ ਘਰ ਤੋਂ ਬੇਮੁਖ ਹੋ ਜਾਂਦੇ ਨੇ। ਕਈ ਧਰਮ ਤੋਂ ਬੇਮੁਖ ਹੋ ਜਾਂਦੇ ਨੇ। ਕਈ ਰੱਬ ਦਾ ਨਾਮ ਲੈਣ ਤੋਂ ਇਨਕਾਰੀ ਹੋ ਜਾਂਦੇ ਨੇ, ਕਈ ਉਦੋਂ ਇਹ ਸਿਲਸਿਲਾ ਵੇਖ ਕੇ ਇਸਲਾਮ ਤੋਂ ਵੀ ਇਨਕਾਰੀ ਹੋਏ। ਇਹ ਉਥਲਾ ਉਥਲਾਪਨ ਸਤਿਗੁਰ ਸਾਡਾ ਨਾ ਰੱਖੇ। ਗਹਿਰਾਈ ਵੀ ਆਵੇ, ਸੰਜੀਦਗੀ ਆਵੇ। ਸੂਝ ਸਮਝ ਆਵੇ। ਉਹ ਗਿਆਨ ਖੰਡ, ਦੂਸਰਾ ਇਹ ਜਿਹੜਾ ਬਹਾਉ ਹੈ ਜਦ ਗਿਆਨ ਖੰਡ ਵਿਚ ਪਹੁੰਚਦਾ ਹੈ,

ਦੂਜੇ ਪੜਾਅ ਤੇ ਜਦ ਸੁਰਤ ਪਹੁੰਚਦੀ ਹੈ ਤੇ ਓਥੋਂ ਦੀ ਜਿਹੜੀ ਹਾਲਤ ਹੈ, ਜਿਸ ਢੰਗ ਨਾਲ ਗੁਰੂ ਨਾਨਕ ਦੇਵ ਜੀ ਮਹਾਰਾਜ ਦੱਸਣਗੇ, ਉਹ ਤੁੱਛ ਬੁੱਧੀ ਅਨੁਸਾਰ ਇਕ ਪਾਠੀ ਦੀ ਤਰ੍ਹਾਂ ਪੜ੍ਹ ਕੇ ਤੁਹਾਡੇ ਸਾਹਮਣੇ ਮੈਂ ਰੱਖ ਰਿਹਾ ਹਾਂ। ਆਪਣੇ ਕੋਈ ਖ਼ਿਆਲ ਨਹੀਂ, ਆਪਣੀ ਕੋਈ ਵਿਚਾਰ ਨਹੀਂ, ਸਿਰਫ਼ ਪੜ੍ਹ ਕੇ ਵਿਚਾਰ ਤੁਹਾਡੇ ਸਾਹਮਣੇ ਮੈਂ ਰੱਖ ਦਿੰਦਾ ਹਾ। ਬਾਣੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੀ ਹੈ, ਬੁਨਿਆਦੀ ਗੱਲਾਂ ਸਾਰੀਆਂ ਉਹਨਾਂ ਦੀਆਂ ਹਨ।

***ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥***

# ਭਾਗ ੫

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*

*ਸਰਬ ਸੀਲ ਮਮੰ ਸੀਲੰ ਸਰਬ ਪਾਵਨ ਮਮ ਪਾਵਨਹ॥*
*ਸਰਬ ਕਰਤਬ ਮਮੰ ਕਰਤਾ ਨਾਨਕ ਲੇਪ ਛੇਪ ਨ ਲਿਪ੍ਤੇ॥ ੩੮॥* (ਅੰਗ ੧੩੫੭)

sarab seel mamang seelang
sarab paavan mam paavaneh.
sarab karathab mamang karathaa
Nanak laep shaep n lipaathae.38.
*He blesses all with humility;*
*He has blessed me with humility as well.*
*He purifies all, and He has purified me as well.*
*The Creator of all is the Creator of me as well.*
*O Nanak, no blame or stain sticks to Him.38.*

*ਬੇਸੁਮਾਰ ਅਥਾਹ ਅਗਨਤ ਅਤੋਲੈ॥*
*ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ॥ ੮॥ ੨੧॥* (ਅੰਗ ੨੯੨)

baesumaar athaah aganat atolai.
jio bulaavahu thio Nanak daas bolai.8.21.
*He is beyond calculation, beyond measure,*
*uncountable and unfathomable.*
*As You inspire him to speak,*
*O Lord, so does servant Nanak speak.8.21.*

ਸਨਮਾਨ ਯੋਗ ਗੁਰੂ ਰੂਪ ਸਾਧ ਸੰਗਤ ਜੀਓ! ਗੁਰਦੇਵ ਦੀ ਸਨਿਮਰ ਫਤਹਿ ਪ੍ਰਵਾਨ ਕਰਨੀ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥*

ਇਕ ਲੜੀਵਾਰ ਵਿਚਾਰ ਦਾਸ ਆਪ ਜੀ ਦੇ ਸਾਹਮਣੇ ਰੱਖ ਰਿਹਾ ਹੈ। ਜਿਵੇਂ ਸਰੀਰ ਵੱਖ-ਵੱਖ ਪੜਾਵਾਂ ਤੋਂ ਲੰਘਦਾ ਹੈ, ਹੂਬਹੂ ਧਾਰਮਿਕ ਦੁਨੀਆਂ ਸਮਾਜਿਕ ਦੁਨੀਆਂ ਔਰ ਰਾਜਨੀਤਕ ਦੁਨੀਆਂ ਵੀ ਇਹਨਾਂ ਹੀ ਪੜਾਵਾਂ ਤੋਂ ਲੰਘਦੀ ਏ। ਅਸੀਂ ਦੇਖ ਸਕਦੇ ਹਾਂ ਕਿਸੇ ਕੌਮ ਕੋਲ ਜਾਂ ਕਿਸੇ ਦੇਸ਼ ਕੋਲ, ਸਮਾਜਿਕ, ਪਰਵਾਰਿਕ ਤਲ ਦਾ ਬਚਪਨਾ ਹੋਵੇਗਾ, ਬੱਚਿਆਂ ਵਿਚ ਕੋਈ ਬਹੁਤ ਗਹਿਰਾਈ ਨਹੀਂ ਹੁੰਦੀ। ਹੁਣੇ ਲੜ ਪਏ, ਹੁਣੇ ਸੁਲਾਹ ਹੋ ਗਈ ਔਰ ਬਹੁਤ

ਛੋਟੀਆਂ-ਛੋਟੀਆਂ ਚੀਜ਼ਾਂ ਤੇ ਝਗੜਾ। ਬਿਲਕੁਲ ਨਿੱਕੀ-ਨਿੱਕੀ ਗੱਲ ਦੇ ਉੱਤੇ ਝਗੜਾ। ਇਸੇ ਹੀ ਤਰੀਕੇ ਨਾਲ ਜਿੱਥੇ ਪਰਵਾਰਿਕ ਤਲ ਤੇ ਬਚਪਨਾ ਹੋਵੇਗਾ, ਸਮਾਜਿਕ ਬਚਪਨਾ ਹੋਵੇਗਾ, ਓਥੇ ਵਿਵਾਦ ਹੋਵੇਗਾ। ਕਿਧਰੇ-ਕਿਧਰੇ ਕੋਈ ਸਮਾਜ ਜਵਾਨ ਹੋ ਜਾਂਦਾ ਹੈ, ਬਾਲਗ਼ ਹੋ ਜਾਂਦਾ ਹੈ, ਕਿਧਰੇ-ਕਿਧਰੇ ਬਜ਼ੁਰਗੀ ਹੈ, ਠਹਿਰਾਉ ਹੈ, ਪੁਖ਼ਤਗੀ ਹੈ, ਪਕਿਆਈ ਹੈ। ਇਸੇ ਤਰ੍ਹਾਂ ਕਿਧਰੇ-ਕਿਧਰੇ ਰਾਜਨੀਤੀ ਵਿਚ ਵੀ ਬਚਪਨਾ ਹੁੰਦਾ ਹੈ, ਉਥਲਾਪਨ ਹੁੰਦਾ ਹੈ, ਛੀਨਾ-ਝਪਟੀ ਜ਼ਿਆਦਾ, ਨਿੱਕੀ-ਨਿੱਕੀ ਗੱਲ ਦੇ ਉੱਤੇ ਉਤਾਰ ਚੜ੍ਹਾਅ ਜ਼ਿਆਦਾ। ਕਿਧਰੇ-ਕਿਧਰੇ ਕੋਈ ਕੌਮ, ਕੋਈ ਦੇਸ਼ ਰਾਜਨੀਤਕ ਤਲ ਤੇ ਬਾਲਗ਼ ਹੋ ਜਾਂਦਾ ਹੈ ਔਰ ਕਿਧਰੇ-ਕਿਧਰੇ ਬਜ਼ੁਰਗੀ ਵੀ ਦੇਖਣ ਨੂੰ ਮਿਲਦੀ ਹੈ। ਬਈ ਇਹ ਬਜ਼ੁਰਗ ਹੋ ਗਏ ਨੇ, ਬੜੇ ਸਿਆਣੇ ਨੇ, ਬਹੁਤ ਗਹਿਰੇ ਨੇ। ਜੋ ਇਸ ਢੰਗ ਨਾਲ ਰਾਜਨੀਤੀ ਦਾ ਅਧਿਐਨ ਕਰਦੇ ਨੇ, ਉਹ ਕਹਿੰਦੇ ਨੇ ਇੰਗਲੈਂਡ ਰਾਜਨੀਤੀ ਵਿਚ ਬਜ਼ੁਰਗ ਹੈ। ਅੱਜ ਵੀ ਰਾਜਨੀਤਕ ਤਲ ਤੇ ਜਿਹੜੀ ਉਸ ਦੀ ਸੋਚਣੀ ਹੈ ਬੜੀ ਗਹਿਰੀ ਹੈ, ਬੜੀ ਉੱਚੀ ਹੈ। ਅਮਰੀਕਾ ਨੂੰ ਕਹਿੰਦੇ ਨੇ ਨਾਬਾਲਗ਼ ਸੀ, ਬਾਲਗ਼ ਹੋ ਗਿਆ ਹੈ ਪਰ ਬਜ਼ੁਰਗ ਨਹੀਂ ਹੈ। ਹਿੰਦੁਸਤਾਨ ਨੂੰ ਕਹਿੰਦੇ ਨੇ ਰਾਜਨੀਤੀ ਦਾ ਬਚਪਨਾ ਹੈ ਓਥੇ। ਬਿਲਕੁਲ ਬਚਪਨਾ, ਛੋਟੀ-ਛੋਟੀ ਗੱਲ ਤੇ ਆਪਸੀ ਤਨਾਓ ਔਰ ਸਾਰੇ ਦੇਸ਼ ਦੇ ਵਿਚ ਵਿਸ਼ਾਲ ਤੌਰ ਤੇ ਛੀਨਾ-ਝਪਟੀ, ਖੋਹਾ-ਖਾਹੀ ਇਸ ਤਰ੍ਹਾਂ ਚਲ ਰਿਹਾ ਹੈ। ਕਿਧਰੇ-ਕਿਧਰੇ ਧਾਰਮਿਕ ਤਲ ਤੇ ਵੀ ਬਚਪਨਾ ਹੁੰਦਾ ਹੈ।

*ਮਾਥੇ ਤਿਲਕੁ ਹਥਿ ਮਾਲਾ ਬਾਨਾਂ॥*
*ਲੋਗਨ ਰਾਮੁ ਖਿਲਉਨਾ ਜਾਨਾਂ॥ ੧॥* (ਅੰਗ ੧੧੫੮)

maathae tilak hath maalaa baanaa.
logan raam khilounaa jaanaa.1.
*Some apply ceremonial marks to their foreheads,*
*hold malas in their hands, and wear religious robes.*
*Some people think that the Lord is a play-thing.1.*

ਬੱਚੇ ਲਈ ਹਰ ਚੀਜ਼ ਖਿਡੌਣਾ ਹੈ ਔਰ ਉਹ ਖੇਡਣਾ ਚਾਹੁੰਦਾ ਹੈ। ਜਿਸ ਦੇ ਲਈ ਇਹ ਕਥਾ ਔਰ ਕੀਰਤਨ, ਗੁਰਦੁਆਰਾ ਬੱਸ ਖਿਡੌਣਾ ਹੈ, ਸਮਾਂ ਪਾਸ ਕਰਨਾ ਹੈ, ਉੱਛਲ ਕੂਦ, ਐਵੇਂ ਸਮਾਂ ਪਾਸ ਕਰਨ ਲਈ ਆ ਗਏ। ਧਾਰਮਿਕ ਜੀਵਨ ਹੋਵੇਗਾ ਇਹਦੇ ਕੋਲ ਲੇਕਿਨ ਅਜੇ ਬੱਚਾ ਹੈ। **ਲੋਗਨ ਰਾਮੁ ਖਿਲਉਨਾ ਜਾਨਾਂ॥** ਕਿਧਰੇ-ਕਿਧਰੇ ਕੋਈ ਧਾਰਮਿਕ ਤਲ ਤੇ ਬਾਲਿਗ਼ ਹੋ ਗਿਆ ਹੁੰਦਾ ਹੈ, ਸੋਚ ਵਿਚਾਰ ਚਲ ਪਈ ਹੁੰਦੀ ਹੈ। ਕਿਧਰੇ-ਕਿਧਰੇ ਧਾਰਮਿਕ ਤਲ ਤੇ ਬੜੀ ਬਜ਼ੁਰਗੀ ਹੁੰਦੀ ਏ, ਸਕੂਨ ਹੁੰਦਾ ਹੈ, ਠਹਿਰਾਉ ਹੁੰਦਾ ਹੈ, ਗਹਿਰਾਈ ਹੁੰਦੀ ਏ, ਅਨੰਦ ਹੁੰਦਾ ਹੈ, ਸਮਾਧੀ ਹੁੰਦੀ ਏ। ਤੇ ਮੈਂ ਅਰਜ਼ ਕਰਾਂ ਹੂਬਹੂ ਜੋ ਨਿਯਮ ਸਰੀਰ ਤੇ ਲਾਗੂ ਹੈ, ਬਚਪਨਾ, ਜਵਾਨੀ ਤੇ ਬਿਰਧ ਅਵਸਥਾ, ਉਹ ਜ਼ਿੰਦਗੀ ਦੇ ਉੱਤੇ ਹਰ ਧਾਰਾ ਤੇ ਲਾਗੂ ਏ। ਜਦੋਂ ਕੋਈ ਧਾਰਾ ਪਹਾੜ ਵਿਚੋਂ ਨਿਕਲਦੀ ਹੈ, ਝਰਨਾ ਨਿਕਲਦਾ ਹੈ, ਉਸ ਦਾ ਬਚਪਨਾ ਹੈ। ਜਦ ਉਹ ਕਿਧਰੇ ਪਹਾੜਾਂ ਨੂੰ ਛੋੜ ਕੇ ਮੈਦਾਨੀ ਇਲਾਕੇ ਵਿਚ ਆਉਂਦਾ ਹੈ ਤੇ ਥੋੜਾ ਜਿਹਾ ਠਹਿਰਾਉ ਆਉਂਦਾ ਹੈ, ਇਹ ਉਹਦਾ ਬਾਲਿਗ਼ ਹੋਣਾ ਹੈ। ਅਗਾਂਹ ਚਲ ਕੇ ਜਦ ਗਹਿਰਾਈ ਵਧਦੀ ਹੈ, ਪਾਟ ਵਧਦਾ ਹੈ ਉਸ ਦਾ, ਇਹ ਉਸ ਦੀ ਬਜ਼ੁਰਗੀ ਹੁੰਦੀ ਏ।

ਧਰਮ ਦੀ ਦੁਨੀਆਂ ਵਿਚ ਵੀ ਐਸਾ ਹੁੰਦਾ ਹੈ, ਕਿ ਸ਼ੁਰੂਆਤ ਵਿਚ ਬਹੁਤ ਉਤਲਾਪਨ ਹੁੰਦਾ ਹੈ, ਗਹਿਰਾਈ ਨਹੀਂ ਹੁੰਦੀ। ਠੀਕ ਹੈ ਨਿਤਨੇਮ ਕਰ ਲਿਆ ਹੈ, ਗੁਰਦੁਆਰੇ ਆ ਰਿਹਾ ਹੈ ਔਰ ਨਿੱਕੀ-ਨਿੱਕੀ ਗੱਲ ਤੇ ਜਿਸ ਤਰ੍ਹਾਂ ਬੱਚੇ ਛੀਨਾ-ਝਪਟੀ ਕਰਦੇ ਨੇ, ਇਸ ਤਰ੍ਹਾਂ ਝਗੜਾ, ਰਾਜਨੀਤਕ ਦੁਨੀਆਂ ਵਿਚ ਵੀ ਮਿਲਦਾ ਹੈ, ਪਰਵਾਰਿਕ ਦੁਨੀਆਂ ਵਿਚ ਵੀ ਮਿਲਦਾ ਹੈ ਅਤੇ ਧਾਰਮਿਕ ਦੁਨੀਆਂ ਵਿਚ ਵੀ ਮਿਲਦਾ ਹੈ। ਔਰ ਜਿੱਥੇ ਹੈ, ਬਚਪਨਾ। ਬਜ਼ੁਰਗੀ ਨਹੀਂ ਹੈ, ਇਹ ਬਾਲਿਗ਼ ਨਹੀਂ ਹੋਏ। ਬਹਾਉ ਬੜਾ ਹੈ, ਤੇਜ਼ੀ ਬੜੀ ਹੈ, ਗਹਿਰਾਈ ਨਹੀਂ ਹੈ। ਤੋ ਧਰਮ ਖੰਡ ਵਿਚ ਸਾਹਿਬ ਕਹਿੰਦੇ ਨੇ ਜਿਸ ਨੇ ਧਾਰਮਿਕ ਜ਼ਿੰਦਗੀ ਸ਼ੁਰੂ ਕਰ ਦਿੱਤੀ, ਪਹਿਚਾਣ ਇਹ ਹੈ ਕਿ ਉਸ ਦਾ ਖਾਣਾ-ਪੀਣਾ, ਉਠਣਾ-ਬੈਠਣਾ, ਸੌਣਾ-ਜਾਗਣਾ, ਮਰਯਾਦਾ ਵਿਚ ਹੋ ਗਿਆ। ਪਰ ਧਰਮ ਸਿਰਫ ਇਸੇ ਤੇ ਨਹੀਂ ਖੜ੍ਹਾ ਕਿ ਕਿਸੇ ਦਾ ਖਾਣਾ-ਪੀਣਾ ਮਰਯਾਦਾ ਵਿਚ ਹੋ ਗਿਆ, ਉਠਣਾ-ਬੈਠਣਾ ਮਰਯਾਦਾ ਵਿਚ ਹੋ ਗਿਆ, ਇਹ ਪਹਿਲਾ ਪੜਾਅ ਹੈ। ਅਜੇ ਤੇ ਗੱਲ ਬਹੁਤ ਦੂਰ ਹੈ। ਇਹ ਠੀਕ ਹੈ ਕਿ ਸੰਜਮੀ ਹੋ ਗਿਆ ਹੈ, ਇਹ ਠੀਕ ਹੈ ਕਿ ਇਸ ਦੇ ਕੋਲ ਧਰਮ ਦਾ ਪਹਿਰਾਵਾ ਆ ਗਿਆ ਹੈ ਔਰ ਇਹ ਠੀਕ ਹੈ ਕਿ ਅੰਮ੍ਰਿਤ ਵੇਲੇ ਉਠਣ ਵੀ ਲੱਗ ਪਿਆ ਹੈ, ਬਾਣੀ ਵੀ ਪੜ੍ਹਨ ਲੱਗ ਪਿਆ ਹੈ। ਸਭ ਕੁਛ ਕਰਦਿਆਂ ਹੋਇਆਂ ਵੀ ਅਜੇ ਗਹਿਰਾਈ ਨਹੀਂ ਹੈ, ਅਜੇ ਕੋਈ ਰਸ ਨਹੀਂ ਹੈ, ਅਜੇ ਕੋਈ ਸੂਝ ਵੀ ਨਹੀਂ ਹੈ, ਸਮਝ ਵੀ ਨਹੀਂ ਹੈ। ਸਭ ਕੁਛ ਕਰ ਰਿਹਾ ਹੈ ਪਰ ਕੁਛ ਵੀ ਸਮਝ ਨਹੀਂ। ਇਹ ਧਰਮ ਦੀ ਪਹਿਲੀ ਸਟੇਜ ਹੈ। ਸਾਰੇ ਧਾਰਮਿਕ ਕਰਮ ਕਰ ਰਿਹਾ ਹੈ ਫਿਰ ਵੀ ਧਰਮ ਦੀ ਸਮਝ ਕੋਈ ਨਹੀਂ। ਔਰ ਕਿਉਂ ਕਰ ਰਿਹਾ ਹੈ, ਪਹੁੰਚਣਾ ਕਿੱਥੇ ਹੈ, ਇਸ ਦਾ ਵੀ ਪਤਾ ਕੋਈ ਨਹੀਂ। ਉਂਜ ਸਾਰੇ ਧਾਰਮਿਕ ਕਰਮ ਕਰ ਰਿਹਾ ਹੈ। ਇਹ ਕਰੀਬਨ-ਕਰੀਬਨ ਹਰ ਫਿਰਕੇ ਵਿਚ ਹੁੰਦਾ ਹੈ। ਇਸਲਾਮੀ ਜਗਤ ਵਿਚ, ਨਮਾਜ਼ ਪੜ੍ਹ ਰਹੇ ਨੇ, ਉਜ਼ੂ ਸਾਜ ਰਹੇ ਨੇ, ਮੁਸੱਲਾ ਵਿਛਾ ਕੇ ਸਭ ਕੁਛ ਕਰ ਰਹੇ ਨੇ, ਤਸਬੀ ਫੇਰ ਰਹੇ ਨੇ, ਕੁਰਾਨ ਦੀ ਤਲਾਵਤ ਕਰ ਰਹੇ ਨੇ, ਹੱਜ ਤੇ ਜਾ ਰਹੇ ਨੇ, ਰੋਜ਼ੇ ਰੱਖ ਰਹੇ ਨੇ, ਪਰ ਇਹ ਸਭ ਕੁਛ ਕਿਉਂ ਹੈ, ਗਹਿਰਾਈ ਕੁਛ ਵੀ ਨਹੀਂ, ਉਤਲਾਪਨ ਹੈ।

ਇਸੇ ਤਰੀਕੇ ਨਾਲ, ਹਰ ਮਜ਼ਹਬੀ ਦੁਨੀਆਂ ਵਿਚ, ਧਾਰਮਿਕ ਦੁਨੀਆਂ ਵਿਚ, ਵੱਖ-ਵੱਖ ਰਸਤਿਆਂ ਤੇ ਚਲਣ ਵਾਲਿਆਂ ਨੂੰ ਦੇਖ ਸਕਦੇ ਹਾਂ। ਸਿੱਖ ਜਗਤ ਵਿਚ ਵੀ ਇਸ ਤਰ੍ਹਾਂ ਦਾ ਅਸੀਂ ਦੇਖ ਸਕਦੇ ਹਾਂ। ਲੇਕਿਨ ਅਗਰ ਇਸ ਤਰੀਕੇ ਨਾਲ ਮਰਯਾਦਾ ਵਿਚ ਰਹਿ ਕੇ ਬਾਣੀ ਪੜ੍ਹਦਾ ਰਿਹਾ, ਜਪਦਾ ਰਿਹਾ, ਇਕ ਦਿਨ ਇਸ ਦੀ ਸੁਰਤ ਨੂੰ ਧੱਕਾ ਲਗੇਗਾ, ਇਹ ਅੱਗੇ ਨਿਕਲ ਜਾਏਗਾ। ਇਹ ਠੀਕ ਹੈ ਇਸ ਦਾ ਅਜੇ ਚਲਣਾ ਇਸ ਤਰ੍ਹਾਂ ਹੀ ਹੈ, ਜੈਸੇ ਕਿ ਕੋਈ ਬੱਚਾ ਚਲਿਆ ਹੈ। ਜੇ ਬੱਚਾ ਚਲਿਆ ਹੈ ਤੋ ਕਿਤਨਾ ਕੁ ਚਲੇਗਾ। ਅੱਜ ਜਿਸ ਬੱਚੇ ਨੇ ਚਲਣਾ ਸਿੱਖਿਆ ਹੈ ਇਕ ਕਦਮ ਚਲੇਗਾ, ਦੋ ਕਦਮ ਚਲੇਗਾ, ਗਿਰੇਗਾ।

ਨਵੀਂ-ਨਵੀਂ ਜਦ ਕਿਸੇ ਦੀ ਧਾਰਮਿਕ ਦੁਨੀਆਂ ਸ਼ੁਰੂ ਹੁੰਦੀ ਏ, ਉਹ ਚਲਦਾ ਵੀ ਹੈ ਡਿਗਦਾ ਵੀ ਹੈ। ਮਿੱਠਾ ਵੀ ਬੋਲਦਾ ਹੈ, ਕੌੜਾ ਵੀ ਬੋਲਦਾ ਹੈ। ਜਦ ਕੌੜਾ ਬੋਲਦਾ ਹੈ, ਤਦ ਡਿਗਦਾ ਹੈ। ਜਦ ਕਿਸੇ ਦੇ ਵਿਚ ਗੁਣਾਂ ਦੀ ਸਾਂਝ ਬਣਾਉਂਦਾ ਹੈ ਤੋ ਚਲਦਾ ਹੈ ਪਰ ਜਦ ਕਿਸੇ ਦੇ ਔਗੁਣ ਵੇਖਦਾ ਹੈ ਤਾਂ ਗਿਰਦਾ ਹੈ। ਜਦ ਸੱਚ ਬੋਲਦਾ ਹੈ ਤਾਂ ਚਲਦਾ ਹੈ ਪਰ ਜਦ ਝੂਠ ਬੋਲਦਾ ਹੈ ਤਾਂ ਗਿਰਦਾ ਹੈ। ਜਦ ਦਯਾ ਕਰਕੇ ਸੇਵਾ ਕਰਦਾ ਹੈ ਤਾਂ ਚਲ ਪੈਂਦਾ ਹੈ ਪਰ ਜਦ

ਕਠੋਰਤਾ ਨਾਲ ਝਗੜ ਪੈਂਦਾ ਹੈ ਤੇ ਗਿਰ ਪੈਂਦਾ ਹੈ। ਇਹ ਚਲਣਾ, ਗਿਰਨਾ, ਚਲਣਾ, ਗਿਰਨਾ ਇਸ ਗੱਲ ਦਾ ਸਬੂਤ ਹੈ ਕਿ ਅਜੇ ਹੁਣੇ-ਹੁਣੇ ਇਸ ਨੇ ਚਲਣਾ ਸਿੱਖਿਆ ਹੈ, ਇਹ ਲੰਬਾ ਨਹੀਂ ਚਲ ਸਕਦਾ। ਚਲਦਾ ਹੈ, ਗਿਰਦਾ ਹੈ, ਚਲਦਾ ਹੈ ਗਿਰਦਾ ਹੈ। ਇਹ ਧਰਮ ਦਾ ਬਚਪਨਾ ਹੈ।

ਜਿਵੇਂ ਅਸੀਂ ਸਰੀਰਕ ਤਲ ਤੇ ਕਈ ਬੱਚੇ ਦੇਖਦੇ ਹਾਂ ਤੇ ਧਾਰਮਿਕ ਤਲ ਤੇ ਵੀ ਕਈ ਬੱਚੇ ਦੇਖ ਸਕਦੇ ਹਾਂ। ਧਾਰਮਿਕ ਜੀਵਨ ਹੈ ਇਸ ਦੇ ਕੋਲ ਪਰ ਬਚਪਨਾ ਹੈ, ਬਿਲਕੁਲ ਛੋਟਾਪਨ ਹੈ। ਲੰਬੀ ਚਾਲ ਨਹੀਂ ਹੈ, ਗਹਿਰਾਈ ਨਹੀਂ ਹੈ, ਲੰਬੀ ਸੋਚਣੀ ਨਹੀਂ ਹੈ, ਦੂਰ-ਦ੍ਰਿਸ਼ਟੀ ਨਹੀਂ ਹੈ। ਪਰ ਅਗਰ ਇਸ ਤਰ੍ਹਾਂ ਬੱਚਾ ਚਲਦਾ ਜਾਏ ਤੇ ਫਿਰ ਇਕ ਦਿਨ ਲੰਬੀਆਂ ਵਾਟਾਂ ਵੀ ਤਹਿ ਕਰ ਲੈਂਦਾ ਹੈ। ਇਕ ਦਿਨ ਠੀਕ ਚਲਣ ਦੀ ਉਸ ਨੂੰ ਜਾਚ ਆ ਜਾਂਦੀ ਏ। ਅੱਜ ਇਸ ਨੇ ਵਾਹਿਗੁਰੂ, ਵਾਹਿਗੁਰੂ ਕਰਨਾ ਸਿਖਿਆ ਹੈ, ਅੱਜ ਇਸ ਨੇ ਬਾਣੀ ਪੜ੍ਹਨਾ ਸਿਖਿਆ ਹੈ, ਗੁਰਦੁਆਰੇ ਆਉਣਾ ਸਿਖਿਆ ਹੈ, ਹੋ ਸਕਦਾ ਹੈ ਕਲ੍ਹ ਇਸ ਦੀ ਸੁਰਤ ਵੀ ਚਲਣਾ ਸਿਖ ਜਾਏ, ਅਗਾਂਹ ਚਲ ਪਵੇ। ਔਰ ਜਦ ਕਿਸੇ ਦਾ ਧਿਆਨ, ਜਦ ਕਿਸੇ ਦੀ ਸੁਰਤ, ਜਦ ਕਿਸੇ ਦੀ ਜੀਵਨ ਚੇਤਨਾ, ਧਰਮ ਖੰਡ ਤੋਂ ਅੱਗੇ ਲੰਘ ਕੇ ਗਿਆਨ ਖੰਡ ਤੇ ਪਹੁੰਚਦੀ ਏ ਤੇ ਉਸ ਦੀ ਪਹਿਚਾਣ ਕਰਾਈ ਏ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੇ। **ਧਰਮ ਖੰਡ ਕਾ ਏਹੋ ਧਰਮੁ ॥**

ਧਰਮ ਖੰਡ ਦੀ ਤੇ ਇਹੋ ਵਿਚਾਰ ਹੈ, ਜੈਸੇ ਰਾਤਾਂ ਨੇ, ਰੁੱਤਾਂ ਨੇ, ਥਿੱਤ ਹੈ, ਵਾਰ ਹੈ। ਜ਼ਮੀਨ ਤੇ ਸਭ ਕੁਛ ਮਰਯਾਦਾ ਵਿਚ ਚਲ ਰਿਹਾ ਹੈ, ਔਰ ਜ਼ਮੀਨ ਮਰਯਾਦਾ ਵਿਚ ਗਰਦਿਸ਼ ਕਰ ਰਹੀ ਹੈ, ਧਰਮਸਾਲ ਹੈ। ਮਰਯਾਦਾ ਵਿਚ ਹੈ। ਧਰਮ ਤੋਂ ਮੁਰਾਦ, ਧਾਰਨ ਕਰਨਾ, ਕਿਸ ਨੂੰ? ਮਰਯਾਦਾ ਨੂੰ, ਨਿਯਮ ਨੂੰ। ਤੇ ਜਦ ਕੋਈ ਮਨੁੱਖ ਆਪਣਾ ਬੋਲਣਾ, ਉਠਣਾ, ਸੋਚਣਾ, ਸਮਝਣਾ, ਵੇਖਣਾ ਨਿਯਮ ਵਿਚ ਕਰ ਲੈਂਦਾ ਹੈ, ਮਰਯਾਦਾ ਵਿਚ ਕਰ ਲੈਂਦਾ ਹੈ, ਮੇਰੇ ਬੋਲ ਤੋਂ ਕਿਸੇ ਨੂੰ ਚੋਟ ਨਾ ਲੱਗੇ। ਅਗਰ ਇਸ ਦੇ ਬੋਲਾਂ ਤੋਂ ਕਿਸੇ ਨੂੰ ਚੋਟ ਲਗ ਰਹੀ ਹੈ, ਇਸ ਦਾ ਬੋਲਣਾ ਮਰਯਾਦਾ ਵਿਚ ਨਹੀਂ ਹੈ। ਇਸ ਦੀ ਜ਼ਬਾਨ ਇਸ ਦੇ ਕਾਬੂ ਵਿਚ ਨਹੀਂ ਹੈ। ਮੇਰੇ ਚਲਣ ਤੋਂ ਕਿਸੇ ਨੂੰ ਚੋਟ ਵੀ ਨਾ ਲੱਗੇ ਤੇ ਮੇਰੇ ਚਲਣ ਦੇ ਨਾਲ ਮੈਂ ਕਿਧਰੇ ਗ਼ਲਤ ਥਾਂ ਤੇ ਵੀ ਨਾ ਪਹੁੰਚਾਂ। ਆਪਣੇ ਕਦਮਾਂ ਨੂੰ ਸੰਭਾਲ ਕੇ ਚੱਲੇ। ਔਰ ਇਸੇ ਹੀ ਤਰੀਕੇ ਨਾਲ ਆਪਣੀ ਸੋਚ ਨੂੰ, ਬਾਕੀ ਕਿਰਿਆ ਨੂੰ, ਖਾਣ ਨੂੰ, ਪੀਣ ਨੂੰ, ਪਹਿਨਣ ਨੂੰ। ਅਗਰ ਜਿਸ ਨੇ ਸਭ ਕੁਛ ਮਰਯਾਦਾ ਵਿਚ ਕਰ ਲਿਆ ਹੈ, ਬਸ ਧਰਮ ਖੰਡ ਦੀ ਐਨੀ ਗੱਲ ਹੈ। ਮਰਯਾਦਾ ਤੇ ਹੈ ਪਰ ਅਜੇ ਇਸ ਕੋਲ ਰਸ ਨਹੀਂ ਹੈ। ਚਲ ਤੇ ਪਿਆ ਹੈ, ਪਹੁੰਚਿਆ ਨਹੀਂ ਹੈ। ਬਸ ਚਲ ਪਿਆ ਹੈ, ਚਲਦਿਆਂ-ਚਲਦਿਆਂ, ਦੂਜਾ ਪੜਾਅ ਆ ਜਾਂਦਾ ਹੈ।

***ਧਰਮ ਖੰਡ ਕਾ ਏਹੋ ਧਰਮੁ ॥***
***ਗਿਆਨ ਖੰਡ ਕਾ ਆਖਹੁ ਕਰਮੁ ॥***

**ਗਿਆਨ ਖੰਡ ਦੀ ਕੀ ਕਰਮ ਵਿਆਖਿਆ ਹੈ**, ਕੀ ਵਿਸ਼ੇਸ਼ਤਾ ਹੈ, ਓਥੋਂ ਦੀ ਕੀ ਹਾਲਤ ਹੈ ਤੇ ਸਤਿਗੁਰ ਦਸਦੇ ਨੇ ਗਿਆਨ ਖੰਡ ਵਿਚ ਪਤਾ ਚਲ ਜਾਂਦਾ ਹੈ, ਪਰਮਾਤਮਾ ਵਿਅਕਤੀ ਨਹੀਂ ਹੈ, ਉਹ ਕੋਈ ਮਨੁੱਖ ਨਹੀਂ ਹੈ। ਫਿਰ ਕੀ ਹੈ? ਉਹ ਸ਼ਕਤੀ ਹੈ। ਔਰ ਉਸ ਸ਼ਕਤੀ ਤੋਂ

ਕਿਤਨਾ ਕੁ ਵੱਡਾ ਪਸਾਰਾ ਹੈ:-

***ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥***
***ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥***
kaetae pavan paanee vaisantar kaetae kaan mehaes.
kaetae baramae ghaarrat gharreeahi roop rang kae vaes.
*So many winds, waters and fires;*
*so many Krishnas and Shivas.*
*So many Brahmas, fashioning forms of great beauty,*
*adorned and dressed in many colors.*

ਕਈ ਤਰ੍ਹਾਂ ਦੀ ਪਵਨ ਹੈ, ਇਕ ਤਰ੍ਹਾਂ ਦੀ ਪਵਨ ਨਹੀਂ। ਕਈ ਤਰ੍ਹਾਂ ਦੀ ਅਗਨੀ ਹੈ, ਇਕ ਤਰ੍ਹਾਂ ਦੀ ਅਗਨੀ ਨਹੀਂ। ਅਗਨੀਆਂ ਦੇ ਵੱਖ-ਵੱਖ ਨਾਮ ਨੇ, ਜੋ ਸਾਡੇ ਸਰੀਰ ਵਿਚ ਹੈ, ਇਸ ਨੂੰ ਜਠਰ ਅਗਨੀ ਕਹਿੰਦੇ ਨੇ। ਜੋ ਸਾਗਰ ਦੇ ਵਿਚ ਹੈ, ਉਸ ਨੂੰ ਬੜਵਾ ਅਗਨ ਕਹਿੰਦੇ ਨੇ। ਜੋ ਬਨਸਪਤੀ ਦੇ ਵਿਚ ਹੈ ਇਸ ਨੂੰ ਦਾਵਾ ਅਗਨ ਕਹਿੰਦੇ ਨੇ, ਇਹ ਲੱਕੜਾਂ ਦੇ ਅੰਦਰ, ਸਾਰੀ ਬਨਸਪਤੀ ਦੇ ਅੰਦਰ ਹੈ। ਜਿਹੜੀ ਜਠਰ ਅਗਨੀ ਹੈ ਇਹ ਸਾਡੇ ਸਰੀਰ ਦੇ ਅੰਦਰ ਹੈ, ਇਸ ਅਗਨ ਕਰਕੇ ਹੀ ਸਾਡਾ ਸਰੀਰ ਜ਼ਿੰਦਾ ਹੈ। ਮਰੇ ਹੋਏ ਮਨੁੱਖ ਦੀ ਕੀ ਪਹਿਚਾਣ ਹੈ? ਹੱਥ ਪੈਰ ਠੰਢੇ ਪੈ ਗਏ। ਹੱਥ ਠੰਢੇ ਨੇ ਜੀ, ਪੈਰ ਠੰਢੇ ਨੇ ਜੀ, ਮਰ ਗਿਆ ਹੈ। ਗਰਮੀ ਨਹੀਂ ਰਹੀ, ਗਰਮੈਸ਼ ਨਹੀਂ ਰਹੀ, ਅਗਨੀ ਨਹੀਂ ਰਹੀ। ਜਠਰ ਅਗਨੀ ਕਰਕੇ ਸਰੀਰ ਜ਼ਿੰਦਾ ਹੈ। ਤ੍ਰਿਸ਼ਨਾ ਅਗਨੀ ਕਰਕੇ ਮਨ ਜ਼ਿੰਦਾ ਹੈ। ਮਨ ਦੀ ਅਗਨੀ ਹੈ, ਤ੍ਰਿਸ਼ਨਾ। ਤਨ ਦੀ ਅਗਨੀ ਹੈ, ਜਠਰ। ਬਨਸਪਤੀ ਦੀ ਜਿਹੜੀ ਅਗਨ ਹੈ ਦਾਵਾ ਔਰ ਸਾਗਰ ਵਿਚ ਜਿਹੜੀ ਅਗਨ ਹੈ, ਬੜਵਾ। ਸਾਹਿਬ ਕਹਿੰਦੇ ਨੇ ਜੈਸੇ ਕੋਈ ਜਪ ਕਰਦਿਆਂ ਹੋਇਆਂ ਆਪਣੇ ਆਪ ਨੂੰ ਨਿਯਮ ਵਿਚ ਰੱਖਦਿਆਂ ਹੋਇਆਂ ਜੀਵਨ ਬਤੀਤ ਕਰੇ ਇਕ ਦਿਨ ਉਸ ਦੀ ਸੁਰਤ ਗਿਆਨ ਖੰਡ ਵਿਚ ਪਹੁੰਚ ਜਾਂਦੀ ਹੈ। ਉਸ ਨੂੰ ਪਤਾ ਚਲਦਾ ਹੈ ਕਈ ਤਰ੍ਹਾਂ ਦੀ ਪਵਨ ਹੈ, ਇਕ ਨਹੀਂ। ਔਰ ਕਈ ਤਰ੍ਹਾਂ ਦੀ ਅਗਨੀ ਹੈ, ਇਕ ਨਹੀਂ। ਕਈ ਤਰ੍ਹਾਂ ਦੀਆਂ ਧਰਤੀਆਂ ਨੇ, ਕੋਈ ਇਕ ਧਰਤੀ ਹੈ। ਕਈ ਤਰ੍ਹਾਂ ਦੇ ਸੂਰਜ, ਚੰਦ, ਤਾਰੇ ਨੇ, ਕੋਈ ਇਕ ਹੈ, ਇਕ ਸੂਰਜ ਨਹੀਂ ਹੈ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਤੇ ਸੁਖਮਨੀ ਸਾਹਿਬ ਵਿਚ ਸਾਫ਼ ਕਹਿੰਦੇ ਨੇ:-

***ਕਈ ਕੋਟਿ ਸਸੀਅਰ ਸੂਰ ਨਖ੍ਯਤ੍ਰ॥*** (ਅੰਗ ੨੭੫)
kee kott saseear soor nakhaatar.
*Many millions are the moons, suns and stars.*

ਕਈ ਕਰੋੜਾਂ ਸੂਰਜ ਨੇ ਔਰ ਇਸ ਦੀ ਅੱਜ ਵਿਗਿਆਨ ਨੇ ਤਸਦੀਕ ਕਰ ਦਿੱਤੀ ਏ। ਗਿਆਨ ਖੰਡ ਵਿਚ ਪਹੁੰਚਦਿਆਂ ਹੀ ਉਸ ਨੂੰ ਪਤਾ ਚੱਲਦਾ ਹੈ ਕਈ ਅਵਤਾਰ ਆਏ ਨੇ, ਵੱਖ-ਵੱਖ ਪ੍ਰਿਥਵੀਆਂ ਦੇ। ਕ੍ਰਿਸ਼ਨ ਜੈਸੇ, ਰਾਮ ਜੈਸੇ। **ਕੇਤੇ ਕਾਨ ਮਹੇਸ॥** ਕਾਨ ਤੋਂ ਭਾਵ ਕ੍ਰਿਸ਼ਨ, ਮਹੇਸ਼ ਤੋਂ ਭਾਵ ਸ਼ਿਵਜੀ। ਸ਼ਿਵਜੀ ਜੈਸੇ ਧਿਆਨ ਸਾਧਕ ਜੋਗੀਸ਼ਵਰ, ਕਈ ਨੇ। ਕ੍ਰਿਸ਼ਨ ਜੈਸੇ ਆਤਮ-ਗਿਆਨੀ, ਕਈ ਨੇ। ਇਹ ਇਹਨਾਂ ਮਹਾਂਪੁਰਸ਼ਾਂ ਦੀ ਨਿੰਦਾ ਨਹੀਂ, ਐਸਾ ਨਾ ਸਮਝ ਲੈਣਾ। ਮਹਾਰਾਜ ਇਹ ਕਹਿ ਰਹੇ ਨੇ, ਚੂੰਕਿ ਉਸ ਪਰਮਾਤਮਾ ਦਾ ਬਹੁਤ

ਲੰਬਾ ਚੌੜਾ ਪਸਾਰਾ ਹੈ ਤੋ ਕਿਤਨੇ ਹੀ ਕ੍ਰਿਸ਼ਨ ਨੇ, ਕਿਤਨੇ ਹੀ ਰਾਮ ਨੇ, ਕਿਤਨੇ ਹੀ ਬ੍ਰਹਮੇ ਨੇ ਅਤੇ ਕਿਤਨੇ ਹੀ ਸ਼ਿਵਜੀ ਨੇ। ਕਈ ਤਰ੍ਹਾਂ ਦੀਆਂ ਦੇਵੀਆਂ ਨੇ ਔਰ ਕਈ ਮਹਾਤਮਾ ਬੁੱਧ ਜੈਸੇ ਧਿਆਨ ਸਾਧਨਾ ਕਰਨ ਵਾਲੇ ਨੇ।

***ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥***

kaetae sidh budh naath kaetae kaetae daevee vaes.

*So many Siddhas and Buddhas, so many Yogic masters.*
*So many goddesses of various kinds.*

ਗੋਰਖ ਜੈਸੇ ਕਈ ਨਾਥ ਨੇ, ਕੋਈ ਇਕ ਹੈ। ਕਈ ਦੇਵੀਆਂ ਨੇ, ਬਹੁਤ ਲੰਬਾ ਚੌੜਾ ਪਸਾਰਾ ਹੈ। ਇਸ ਖੰਡ ਵਿਚ ਪਹੁੰਚਦਿਆਂ ਮਨੁੱਖ ਪਰਮਾਤਮਾ ਨੂੰ ਵਿਅਕਤੀ ਨਹੀਂ ਮੰਨੇਗਾ, ਸ਼ਕਤੀ ਮੰਨੇਗਾ। ਪਰਮਾਤਮਾ ਵਿਅਕਤੀ ਨਹੀਂ ਹੈ, ਮਨੁੱਖ ਨਹੀਂ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਨੇ:-

***ਸੋ ਕਿਮ ਮਾਨਸ ਰੂਪ ਕਹਾਏ॥***
***ਸਿੱਧ ਸਮਾਧ ਸਾਧ ਕਰ ਹਾਰੇ ਕਯੋਂਹੂੰ ਨ ਦੇਖਨ ਪਾਏ॥ ੧॥ ਰਹਾਉ॥***

(ਰਾਗੁ ਬਿਲਾਵਲ, ਪਾ: ੧੦)

so kim maanas roop kehaaeae.
sidh samaadh saadh kar haarae
kayaehoon na daekhan paaeae.1.rehaao.

*How can He be called to have a human form?*
*Whom the Sidhas (divine sages) have grown weary in His meditation but could not visualize Him.(1)pause.*

ਇਸ ਦਾ ਇਹ ਮਤਲਬ ਨਹੀਂ ਕਿ ਮਨੁੱਖ ਦਾ ਤ੍ਰਿਸਕਾਰ ਹੈ, ਮਨੁੱਖ ਦੀ ਨਿਰਾਦਰੀ ਏ, ਕਤਈ ਨਹੀਂ। ਮਨੁੱਖ ਈਸ਼ਵਰ ਨਹੀਂ, ਮਨੁੱਖ ਪਰਮਾਤਮਾ ਨਹੀਂ, ਮਨੁੱਖ ਭਗਵਾਨ ਨਹੀਂ। ਗਿਆਨ ਖੰਡ ਵਿਚ ਪਹੁੰਚਦਿਆਂ, ਉਸ ਨੂੰ ਈਸ਼ਵਰ ਦਿਸਦਾ ਹੈ ਕਿ ਉਹ ਤੇ ਇਕ ਸ਼ਕਤੀ ਹੈ, ਵਿਅਕਤੀ ਨਹੀਂ। ਇਸ ਦਾ ਮੈਂ ਥੋੜਾ ਜਿਹਾ ਖ਼ੁਲਾਸਾ ਵੀ ਕਰ ਦਿਆਂ, ਚੂੰਕਿ ਆਪਾਂ ਧਾਰਮਿਕ ਮੰਦਰ ਵਿਚ ਬੈਠੇ ਹਾਂ, ਸਤਿਗੁਰੂ ਦੀ ਗੋਦ ਵਿਚ ਬੈਠੇ ਹਾਂ ਤੋ ਕਮ-ਅਜ਼-ਕਮ ਇਤਨਾ ਤਾਂ ਜ਼ਰੂਰ ਪਤਾ ਹੋਣਾ ਚਾਹੀਦਾ ਹੈ ਕਿ ਈਸ਼ਵਰ ਦੀ ਵਾਸਤਵਿਕ ਹੋਂਦ ਕੀ ਏ। ਭਾਵੇਂ ਇਹ ਸਾਗਰ ਵਿਚੋਂ ਇਕ ਬੂੰਦ ਜਿਹਾ ਹੀ ਪਤਾ ਚਲੇਗਾ ਪਰ ਇਤਨਾ ਵੀ ਕਾਫੀ ਹੈ। ਈਸ਼ਵਰ ਵਿਅਕਤੀ ਨਹੀਂ ਹੈ, ਸ਼ਕਤੀ ਏ। ਆਪਾਂ ਅਰਦਾਸ ਕਰਦੇ ਹਾਂ:-

***ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥***

(ਚੰਡੀ ਦੀ ਵਾਰ)

pritham bhagouti simar kai gur Nanak laeen dhiaae.

*First of all, having remembered the Lord (Universal Destroyer) I meditate upon Guru Nanak Dev.*

ਭਗੌਤੀ means ਸ਼ਕਤੀ। ਉਹ ਇਕ ਸ਼ਕਤੀ ਹੈ, ਵਿਅਕਤੀ ਨਹੀਂ ਹੈ। ਅਗਰ

ਪਰਮਾਤਮਾ ਨੂੰ ਵਿਅਕਤੀ ਮੰਨ ਲੈਂਦੇ ਹਾਂ ਤੇ ਫਿਰ ਉਸ ਦਾ ਜਨਮ ਮੰਨਣਾ ਪੈਂਦਾ ਹੈ ਅਤੇ ਜਿਸ ਦਾ ਜਨਮ ਮੰਨ ਲਈਏ ਉਸ ਦਾ ਮਰਨ ਵੀ ਮੰਨਣਾ ਪੈਂਦਾ ਹੈ। ਜਗਤ ਦੋ ਰੰਗੀ ਹੈ, ਸਿਰਫ ਜਨਮ ਨਹੀਂ ਹੈ, ਮਰਨ ਵੀ ਹੈ। ਇਸ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਨੇ:-

***ਅਜਨਮ ਹੈਂ॥***
ajanam hai.
*Thou art Unborn.*

-----

***ਅਮ੍ਰਿਤਾ ਮ੍ਰਿਤ ਹੈਂ ॥੧੭੭॥*** (ਜਾਪ ਸਾਹਿਬ)
amritaa mrit hai.177.
*Thou art the immortal elixir of ambrosia.177.*

ਤੇਰਾ ਕੋਈ ਜਨਮ ਨਹੀਂ, ਇਸ ਵਾਸਤੇ ਤੇਰੀ ਕੋਈ ਮ੍ਰਿਤੂ ਨਹੀਂ। ਇਸ ਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ:-

***ਅਜੂਨੀ*** (ਜਪੁਜੀ ਸਾਹਿਬ)

ਤੂੰ ਜੂਨਾਂ ਵਿਚ ਨਹੀਂ ਹੈਂ।
ਦਸਮ ਪਾਤਸ਼ਾਹ ਕਹਿੰਦੇ ਨੇ:-

***ਅਕ੍ਰਿਤਾ ਕ੍ਰਿਤ ਹੈਂ॥*** (ਜਾਪ ਸਾਹਿਬ)
akritaa krit hai. amrithaa mrith hai.177.
*Thou art self-originated but none created thee.*

ਤੇਰਾ ਕੋਈ ਜਨਮ ਨਹੀਂ ਹੈ, ਤੂੰ ਜੂਨਾਂ ਵਿਚ ਨਹੀਂ ਹੈਂ। ਸਤਿਗੁਰ ਤਾਂ ਇੱਥੋਂ ਤਕ ਕਹਿੰਦੇ ਨੇ:-

***ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥੩॥*** (ਅੰਗ ੧੧੩੬)
so mukh jalo jit keheh thaakur jonee.3.
*Let that mouth be burnt, which says that our Lord and Master is subject to birth.3.*

ਰਸਨਾ ਜਲ ਜਾਣੀ ਚਾਹੀਦੀ ਹੈ ਉਸ ਦੀ, ਕਿਸ ਦੀ? ਜੋ ਕਹਿੰਦਾ ਹੈ ਠਾਕਰ ਜੰਮ ਪਿਆ ਹੈ, ਭਗਵਾਨ ਜੰਮ ਪਿਆ ਹੈ। ਜੇ ਭਗਵਾਨ ਜੰਮਿਆ ਤੇ ਫਿਰ ਭਗਵਾਨ ਮਰੇਗਾ। ਅਗਰ ਰੱਬ ਜੰਮਿਆ ਹੈ ਤੇ ਫਿਰ ਰੱਬ ਮਰੇਗਾ। ਕੋਈ ਐਸਾ ਜਨਮ ਨਹੀਂ ਜਿਸ ਦੇ ਨਾਲ ਮਰਨ ਜੁੜਿਆ ਹੋਇਆ ਨਹੀਂ। **ਅਜਨਮ ਹੈਂ**, ਉਹਦਾ ਕੋਈ ਜਨਮ ਨਹੀਂ, ਇਸ ਲਈ ਉਸ ਦੀ ਕੋਈ ਮ੍ਰਿਤੂ ਨਹੀਂ। ਅਗਰ ਪਰਮਾਤਮਾ ਨੂੰ ਵਿਅਕਤੀ ਮੰਨ ਲਈਏ ਤੇ ਫਿਰ ਉਸ ਦੇ ਮਾਂ ਬਾਪ ਵੀ ਮੰਨਣੇ ਪੈਣਗੇ। ਅਗਰ ਮਾਂ ਬਾਪ ਮੰਨ ਲਏ ਤੇ ਫਿਰ ਜ਼ਾਤ-ਪਾਤ ਵੀ ਮੰਨਣੀ ਪਵੇਗੀ। ਸਤਿਗੁਰੂ ਜਾਪੁ ਸਾਹਿਬ ਵਿਚ ਕਹਿੰਦੇ ਨੇ:-

*ਨ ਤਾਤੈ ਨ ਮਾਤੈ ॥ ਨ ਜਾਤੈ ਨ ਪਾਤੈ ॥ ੧੪੮ ॥* (ਜਾਪੁ ਸਾਹਿਬ)

na taatai na maatai | na jaatai na paatai.148.
*Thou hast neither a father nor a mother;*
*Thou hast neither a caste nor a clan.148.*

ਬੜੀ ਖੁਲ੍ਹ ਕੇ ਕਹਿੰਦੇ ਨੇ, ਕੋਈ ਉਸ ਦੇ ਮਾਂ ਬਾਪ ਨਹੀਂ, ਕੋਈ ਉਸ ਦੀ ਜ਼ਾਤ-ਪਾਤ ਨਹੀਂ। ਫਿਰ ਆਪ ਜਾਪੁ ਸਾਹਿਬ ਵਿਚ ਹੀ ਕਹਿੰਦੇ ਨੇ:-

*ਨਮਸਤੰ ਅਕਾਏ ॥ ਨਮਸਤੰ ਅਜਾਏ ॥ ੩ ॥*

namastang akaaeae. namastang ajaaeae.3.
*Salutation to thee, who art incorporeal.*
*Salutation to thee, who art not incarnated.3.*

**ਅਕਾਏ,** ਤੇਰੀ ਕੋਈ ਕਾਇਆ ਨਹੀਂ। **ਅਜਾਏ,** ਤੈਨੂੰ ਕਿਸੇ ਨੇ ਜੰਮਿਆਂ ਨਹੀਂ। ਤੇਰੀ ਕੋਈ ਮਾਂ ਨਹੀਂ। **ਅਕਾਏ, ਅਜਾਏ,** ਅਗਰ ਪਰਮਾਤਮਾ ਨੂੰ ਵਿਅਕਤੀ ਮੰਨ ਲੈਂਦੇ ਹਾਂ ਤੇ ਵਿਅਕਤੀ ਇਕ ਸਮੇਂ ਤੇ ਇਕ ਥਾਂ ਤੇ ਹੁੰਦਾ ਹੈ, ਸਾਰੀਆਂ ਥਾਵਾਂ ਤੇ ਨਹੀਂ ਹੁੰਦਾ। ਤੁਸੀਂ ਜਦ ਗੁਰਦੁਆਰਾ ਸਾਹਿਬ ਵਿਚ ਬੈਠੇ ਹੋਵੋਗੇ ਤੇ ਉਸ ਸਮੇਂ ਆਪਣੇ ਘਰ ਵਿਚ ਨਹੀਂ ਹੋਵੋਗੇ ਔਰ ਜਦ ਘਰ ਵਿਚ ਹੋਵੋਗੇ, ਫਿਰ ਓਥੇ ਨਹੀਂ ਹੋਵੋਗੇ। ਮੈਂ ਇਥੇ ਸਟੇਜ ਤੇ ਬੈਠਾ ਹਾਂ, ਉਸ ਤੋਂ ਇਲਾਵਾ ਮੈਂ ਕਿਤੇ ਹੋਰ ਥਾਂ ਤੇ ਨਹੀਂ ਹਾਂ। ਅਗਰ ਈਸ਼ਵਰ ਵਿਅਤਕੀ ਹੈ ਤੇ ਕਿਧਰੇ ਸਤਵੇਂ ਅਸਮਾਨ ਤੇ ਬੈਠਾ ਹੋਵੇਗਾ, ਕਮ-ਅਜ਼-ਕਮ ਇੱਥੇ ਤੇ ਕੋਈ ਨਹੀਂ। ਤੁਹਾਡੇ ਸ਼ਹਿਰ ਕੋਈ ਨਹੀਂ, ਇਸ ਮੁਲਕ ਵਿਚ ਕੋਈ ਨਹੀਂ। ਅਗਰ ਉਹ ਵਿਅਕਤੀ ਹੈ ਤੇ ਕਿਧਰੇ ਬੈਕੁੰਠ ਵਿਚ ਬੈਠਾ ਹੋਵੇਗਾ।

ਕਿਸੇ ਨੇ ਪਰਮਾਤਮਾ ਨੂੰ ਕੈਲਾਸ਼ ਪਰਬਤ ਤੇ ਬੈਠਾ ਦਿੱਤਾ ਹੈ, ਕਿਸੇ ਨੇ ਸਤਵੇਂ ਅਸਮਾਨ ਤੇ, ਜਿਵੇਂ ਇਸਲਾਮ ਨੇ। ਕਿਸੇ ਨੇ ਸਤਵੇਂ ਪਾਤਾਲ ਵਿਚ ਔਰ ਕਿਸੇ ਨੇ ਬੈਕੁੰਠ ਵਿਚ। ਕਿਸੇ ਨੇ ਕਿਧਰੇ, ਕਿਸੇ ਨੇ ਕਿਧਰੇ। ਕਮ-ਅਜ਼-ਕਮ ਆਪਣੇ ਤੋਂ ਦੂਰ ਹੀ ਰਖਿਆ ਹੈ, ਕੋਲ ਨਹੀਂ ਹੈ। ਹੁਣ ਮੈਂ ਅਰਜ਼ ਕਰਾਂ ਕਿ ਅਗਰ ਉਹ ਵਿਅਕਤੀ ਹੈ ਤੇ ਫਿਰ ਸਾਰੀਆਂ ਥਾਵਾਂ ਤੇ ਨਹੀਂ ਹੋ ਸਕਦਾ। ਫਿਰ ਵਾਕਈ ਕਿਸੇ ਇਕ ਥਾਂ ਤੇ ਹੋਵੇਗਾ। ਜੇਕਰ ਉਹ ਸਤਵੇਂ ਅਸਥਾਨ ਤੇ ਹੋਵੇ ਤੇ ਸਾਨੂੰ ਇੱਥੇ ਬਿਪਤਾ ਪੈ ਜਾਏ, ਜਿਵੇਂ ਕਈਆਂ ਦੇ ਭਗਵਾਨ ਦਿੱਲੀ ਵਿਚ ਹੋਵਣਗੇ, ਕਈਆਂ ਦੇ ਭਗਵਾਨ ਬਿਆਸ ਵਿਚ ਨੇ, ਕਿਸੇ ਦਾ ਭਗਵਾਨ ਭੈਣੀ ਸਾਹਿਬ ਵਿਚ ਹੋਵੇਗਾ, ਕਿਸੇ ਦਾ ਭਗਵਾਨ ਕਿਸੇ ਹੋਰ ਜਗ੍ਹਾ ਤੇ। ਹੁਣ ਸਾਨੂੰ ਇਥੇ ਪੈ ਜਾਏ ਬਿਪਤਾ ਅਤੇ ਅਸੀਂ ਕਰੀਏ ਪੁਕਾਰ, ਤੇ ਜਿੰਨੀ ਦੇਰ ਵਿਚ ਇੱਥੇ ਬੌੜੇਗਾ, ਓਨੀ ਦੇਰ ਵਿਚ ਤੇ ਸਾਡਾ ਭੋਗ ਪੈ ਜਾਣਾ ਹੈ, ਰਹਿਣਾ ਕੀ ਏ। ਮਿਰਜ਼ਾ ਗ਼ਾਲਿਬ ਮਹਾਨ ਸ਼ਾਇਰ ਕਹਿੰਦੇ ਨੇ:-

*ਹਮ ਨੇ ਮਾਨਾ ਕਿ ਤਵਾਫ਼ੁਲ ਨਾ ਕਰੋਗੇ ਲੇਕਿਨ*
*ਖ਼ਾਕ ਹੋ ਜਾਏਂਗੇ ਹਮ ਤੁਮ ਕੋ ਖ਼ਬਰ ਹੋਨੇ ਤਕ।*

ਇਹ ਠੀਕ ਹੈ ਤੂੰ ਮੇਰੀ ਸਾਰ ਲਵੇਂਗਾ ਪਰ ਜਿੰਨੀ ਦੇਰ ਵਿਚ ਆ ਕੇ ਤੂੰ ਮੇਰੀ ਸਾਰ ਲਵੇਂਗਾ, ਓਨੀ ਦੇਰ ਵਿਚ ਤੇ ਅਸੀਂ ਜਲ ਕੇ ਖ਼ਾਕ ਹੋ ਜਾਣਾ ਹੈ, ਰਹਿਣਾ ਹੀ ਨਹੀਂ। ਸਾਡੀ

ਹੋਂਦ ਹੀ ਨਹੀਂ ਰਹਿਣੀ। ਅਗਰ ਉਹ ਵਿਅਕਤੀ ਹੈ ਤੇ ਫਿਰ ਕਿਸੇ ਇਕ ਥਾਂ ਤੇ ਹੋਵੇਗਾ, ਕਮ-ਅਜ਼-ਕਮ ਇੱਥੇ ਤੇ ਨਹੀਂ ਹੈ। ਸਤਿਗੁਰ ਦੀ ਬਾਣੀ ਕਹਿੰਦੀ ਹੈ:-

*ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ ॥ ੧ ॥*

(ਅੰਗ ੪੩੮)

toon sabhanee thaaee jithai ho jaaee
saachaa sirajanehaar jeeo.1.
*You are everywhere, wherever I go, O True Creator Lord.1.*

ਤੂੰ ਤੇ ਸਾਰੀਆਂ ਥਾਵਾਂ ਤੇ ਹੈਂ। ਤੂੰ ਤੇ ਹਰ ਥਾਂ ਤੇ ਹੈਂ, ਚੂੰਕਿ ਹਰ ਥਾਂ ਤੇ ਹੈਂ, ਇਸ ਵਾਸਤੇ ਜਿੱਥੇ ਵੀ ਤੇਰੀ ਅਰਾਧਨਾ ਕਰੀਏ ਤੂੰ ਓਥੇ ਮੌਜੂਦ ਹੈਂ।

*ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ ॥* (ਅੰਗ ੭੩੩)

jithai har aaraadheeai tithai har mit sehaaee.
*Wherever the Lord is worshipped in adoration,*
*there the Lord becomes one's friend and helper.*

ਹੇ ਭਾਈ! ਜਿਸ ਭੀ ਥਾਂ ਪਰਮਾਤਮਾ ਦਾ ਆਰਾਧਨ ਕੀਤਾ ਜਾਏ, ਉਹ ਮਿੱਤਰ ਪਰਮਾਤਮਾ ਉੱਥੇ ਹੀ ਆ ਮਦਦਗਾਰ ਬਣਦਾ ਹੈ ।

ਕਿਸੇ ਜੰਗਲ ਵਿਚ, ਕਿਸੇ ਸਫ਼ਰ ਵਿਚ, ਕਿਸੇ ਉਜਾੜ ਵਿਚ ਜਾਂ ਕਿਸੇ ਘਰ ਵਿਚ, ਕਿਧਰੇ ਵੀ ਉਸ ਦੀ ਅਰਾਧਨਾ ਕਰੀਏ, ਪੁਕਾਰੀਏ ਉਹ ਮੌਜੂਦ ਹੈ।

*ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ ॥ ੧ ॥* (ਅੰਗ ੮੪)

jih dhir daekhaa tih dhir moujood.1.
*Wherever I look, there I see God's Presence.1.*

-----

*ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ ॥* (ਅੰਗ ੭੩੩)

ਹੁਣ ਮੈਂ ਅਰਜ਼ ਕਰਾਂ, ਆਪ ਜਿਤਨੇ ਵੀ ਇਸ ਪੁਸਤਕ ਨੂੰ ਪੜ੍ਹਨ ਵਾਲੇ ਹੋ, ਸਾਰੇ ਸਿਆਣੇ ਹੋ, ਅਗਰ ਉਹ ਵਿਅਕਤੀ ਹੈ ਤੇ ਫਿਰ ਹੋਰ ਵੀ ਗੱਲਾਂ, ਅੜਚਨਾਂ ਪਰਮਾਤਮਾ ਨਾਲ ਜੋੜਨੀਆਂ ਪੈਣਗੀਆਂ, ਕਿਉਂਕਿ ਵਿਅਕਤੀ ਦੇ ਦੋ ਰੂਪ ਹੁੰਦੇ ਨੇ, ਇਸਤ੍ਰੀ ਤੇ ਪੁਰਸ਼। ਫਿਰ ਫ਼ੈਸਲਾ ਕਰਨਾ ਪਵੇਗਾ ਕਿ **ਪਰਮਾਤਮਾ ਨਰ ਹੈ ਕਿ ਨਾਰੀ ਹੈ**। ਇਸਤ੍ਰੀ ਹੈ ਕਿ ਪੁਰਸ਼ ਹੈ। ਇਹ ਫ਼ੈਸਲਾ ਵੀ ਕਰਨਾ ਪਵੇਗਾ। ਕਿਉਂਕਿ ਇਕ ਦਫ਼ਾ ਉਸ ਨੂੰ ਵਿਅਕਤੀ ਮੰਨ ਲਿਆ ਹੈ ਤੇ ਵਿਅਕਤੀ ਦੇ ਨਾਲ ਜੋ ਜੋ ਕੁਛ ਵੀ ਜੁੜਿਆ ਹੋਇਆ ਹੈ, ਮਾਂ-ਬਾਪ, ਜ਼ਾਤ-ਪਾਤ, ਜਨਮ-ਮਰਨ, ਦੁੱਖ-ਸੁਖ, ਇਸਤ੍ਰੀ ਤੇ ਪੁਰਸ਼ ਇਹ ਸਾਰੇ ਹੀ ਰੱਬ ਨਾਲ ਜੋੜਨੇ ਪੈਣਗੇ। ਫਿਰ ਸਭ ਕੁਛ ਪਰਮਾਤਮਾ ਨਾਲ ਜੋੜਨਾ ਪੈਣਾ ਹੈ। ਗੁਰੂ ਗਰੰਥ ਸਾਹਿਬ ਜੀ ਮਹਾਰਾਜ ਜੀ ਦਾ ਫ਼ੈਸਲਾ, ਪਹਿਲੇ ਪਾਤਸ਼ਾਹ, ਆਪ ਫ਼ਰਮਾਨ ਕਰਦੇ ਨੇ:-

*ਸੁੰਨ ਮੰਡਲ ਇਕੁ ਜੋਗੀ ਬੈਸੇ ॥*
*ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥* (ਅੰਗ ੬੮੫)

sunn manddal eik jogee baisae.
naar na purakh kehahu kooo kaisae.
*The Yogi, the Primal Lord,*
*sits within the celestial sphere of deepest Samaadhi.*
*He is not male, and He is not female;*
*how can anyone describe Him?*

ਜਿਹੜਾ ਕੋਈ ਵਿਰਲਾ ਪ੍ਰਭੂ-ਚਰਨਾਂ ਵਿਚ ਜੁੜਿਆ ਬੰਦਾ ਅਫੁਰ ਅਵਸਥਾ ਵਿਚ ਟਿਕਦਾ ਹੈ, ਉਸ ਦੇ ਅੰਦਰ ਇਸਤ੍ਰੀ ਮਰਦ ਵਾਲੀ ਤਮੀਜ਼ ਨਹੀਂ ਰਹਿੰਦੀ (ਭਾਵ, ਉਸ ਦੇ ਅੰਦਰ ਕਾਮ ਚੇਸ਼ਟਾ ਜ਼ੋਰ ਨਹੀਂ ਪਾਂਦੀ)।

ਸੁੰਨ ਸਮਾਧ ਅਵਸਥਾ ਵਿਚ ਜਿੱਥੇ, ਮਨ ਇਕਾਗਰ ਹੋ ਜਾਂਦਾ ਹੈ, ਫੁਰਨੇ ਸ਼ਾਂਤ ਹੋ ਜਾਂਦੇ ਨੇ। ਸਮਾਧੀ ਲਗ ਜਾਂਦੀ ਹੈ।

***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥*** (ਅੰਗ ੨੯੩)

sunn samaadh anehat teh naad.
kehan na jaaee acharaj bisamaad.
*The Deepest Samaadhi, and the unstruck sound*
*current of the Naad are there.*
*The wonder and marvel of it cannot be described.*

ਜਿਵੇਂ ਸੱਚ ਖੰਡ ਦੀ ਅਵਸਥਾ ਜੋ ਕਿ ਅਖ਼ੀਰਲੀ ਅਵਸਥਾ ਹੈ, ਓਥੇ ਜੋ ਕੁਛ ਦਿਖਾਈ ਦੇ ਰਿਹਾ ਹੈ, ਉਹ ਕੀ ਹੈ? **ਸੁੰਨ ਮੰਡਲ ਇਕੁ ਜੋਗੀ ਬੈਸੇ॥ ਨਾਰਿ ਨ ਪੁਰਖੁ ਕਹਹੁ ਕੋਊ ਕੈਸੇ॥** ਉਹ ਇਸਤ੍ਰੀ ਤੇ ਪੁਰਸ਼ ਨਹੀਂ ਹੈ। ਉਹ ਨਰ ਤੇ ਨਾਰੀ ਨਹੀਂ ਹੈ। ਫਿਰ ਉਹ ਕੀ ਏ, ਮਹਾਰਾਜ ਦੱਸਦੇ ਨੇ:-

***ਪੂਛਉ ਸੰਤ ਮੇਰੋ ਠਾਕੁਰੁ ਕੈਸਾ॥*** (ਅੰਗ ੧੨੩੭)

poochho sant maero thaakur kaisaa.
*I ask the Saints, what is my Lord and Master like?*

ਫਿਰ ਉਹ ਕੈਸਾ ਹੈ, ਕੀ ਏ, ਤੇ ਸਤਿਗੁਰ ਦੱਸਦੇ ਨੇ;-

***ਤ੍ਰਿਭਵਣ ਜੋਤਿ ਰਹੇ ਲਿਵ ਲਾਈ॥***
***ਸੁਰਿ ਨਰ ਨਾਥ ਸਚੇ ਸਰਣਾਈ॥ ੪॥*** (ਅੰਗ ੬੮੩)

tribhavan jot rehae liv laaee.
sur nar naath sachae saranaaee.4.
*The three worlds continue to center their attention on His Light.*
*The silent sages and the Yogic masters*
*seek the Sanctuary of the True Lord.4.*

ਦੱਸੋ, ਕੋਈ ਇਹ ਸੰਕਲਪ ਕਰ ਭੀ ਕਿਵੇਂ ਸਕਦਾ ਹੈ? ਕਿਉਂਕਿ ਉਹ ਤਾਂ ਸਦਾ ਉਸ ਪਰਮਾਤਮਾ ਵਿਚ ਸੁਰਤਿ ਜੋੜੀ ਰੱਖਦਾ ਹੈ। ਜਿਸ ਦੀ ਜੋਤਿ ਤਿੰਨਾਂ ਭਵਨਾਂ ਵਿਚ ਵਿਆਪਕ

ਹੈ ਅਤੇ ਦੇਵਤੇ ਮਨੁੱਖ ਨਾਥ ਆਦਿਕ ਸਭ ਜਿਸ ਸਦਾ-ਥਿਰ ਦੀ ਸ਼ਰਨ ਲਈ ਰਖਦੇ ਹਨ।੪।

ਉਹ ਇਕ ਜੋਤ ਹੈ, ਉਹ ਇਕ ਚਾਨਣਾ ਹੈ, ਉਹ ਇਕ ਪ੍ਰਕਾਸ਼ ਹੈ। ਉਹ ਇਸਤ੍ਰੀ ਪੁਰਸ਼ ਦੇ ਅੰਦਰ ਤੇ ਹੈ ਪਰ ਉਹ ਸਿਰਫ ਇਸਤ੍ਰੀ ਨਹੀਂ ਹੈ, ਸਿਰਫ ਪੁਰਸ਼ ਨਹੀਂ ਹੈ। ਉਹ ਤੇ ਇਕ ਚਾਨਣਾ ਹੈ। ਇਸ ਬ੍ਰਹਿਮੰਡ ਵਿਚ ਜਿਤਨਾ ਵੀ ਚਾਨਣਾ ਹੈ, ਉਹ ਸੂਰਜ ਕਰਕੇ ਹੈ। ਸੂਰਜ ਠੰਢਾ ਪੈ ਜਾਏ ਸਭ ਕੁਛ ਠੰਢਾ ਪੈ ਜਾਏਗਾ, ਕੁਛ ਵੀ ਨਹੀਂ ਹੋਏਗਾ। ਪਰਮਾਤਮਾ ਕੀ ਏ? ਮਹਾਂ ਚਾਨਣ।

***ਨਮੋ ਸੂਰਜ ਸੂਰਜੇ ਨਮੋ ਚੰਦ੍ ਚੰਦ੍ਰੇ॥*** (ਜਾਪੁ ਸਾਹਿਬ ਪਾ.੧੦)

namo sooraj surajae namo chander chanderey.

*Salutation to the illuminator and heater of the suns.*
*Salutation to the illuminator and cooler of the moons.*

ਮਹਾਂ ਸੂਰਜ, ਮਹਾਂ ਚਾਨਣ, ਮਹਾਂ ਪ੍ਰਕਾਸ਼। ਜਿਸ ਤੋਂ ਅਰਬਾਂ-ਖਰਬਾਂ ਸੂਰਜ ਜਨਮ ਲੈਂਦੇ ਨੇ। ਇਕ ਮਹਾਨ ਸ਼ਕਤੀ। ਸ਼ਕਤੀ ਤੋਂ ਕਿਧਰੇ ਇਹ ਨਾ ਖ਼ਿਆਲ ਬਣ ਜਾਏ ਕਿ ਫਿਰ ਪਰਮਾਤਮਾ ਜੜ੍ਹ ਹੋਵੇਗਾ ਕਿਉਂਕਿ ਸੂਰਜ ਦਾ ਚਾਨਣਾ ਜੜ੍ਹ ਹੈ। ਪਵਨ ਜੜ੍ਹ ਹੈ, ਪਾਣੀ ਜੜ੍ਹ ਹੈ, ਅਗਨੀ ਜੜ੍ਹ ਹੈ। ਸ਼ਕਤੀ ਤੇ ਇਹਨਾਂ ਵਿਚ ਹੈ। ਚੇਤਨਤਾ ਨਹੀਂ ਹੈ ਤੇ ਪਰਮਾਤਮਾ ਵੀ ਜੜ੍ਹ ਹੋਵੇਗਾ। ਵੈਸੇ ਪਰਮਾਤਮਾ ਦੇ ਅੱਖਰੀ ਅਰਥ ਨੇ ਪਰਮ ਆਤਮਾ, ਪਰਮ ਚਾਨਣਾ। ਆਤਮਾ ਦੇ ਅਰਥ ਨੇ ਚਾਨਣਾ, ਪ੍ਰਕਾਸ਼। ਪਰਮਾਤਮਾ, ਪਰਮ ਚਾਨਣਾ, ਪਰਮ ਪ੍ਰਕਾਸ਼।

ਇਸ ਤੋਂ ਇਕ ਮੁਗ਼ਾਲਤਾ ਪੈ ਸਕਦਾ ਹੈ ਕਿ ਫਿਰ ਪਰਮਾਤਮਾ ਕੋਈ ਜੜ੍ਹ ਹੈ। ਨਹੀਂ, ਜੜ੍ਹ ਨਹੀਂ ਹੈ, ਉਸ ਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ:-

***ਸਤਿ ਸੁਹਾਣੁ ਸਦਾ ਮਨਿ ਚਾਉ॥*** (ਜਪੁਜੀ ਸਾਹਿਬ)

sat suhaan sadaa man chaao.

*He is Beautiful, True and Eternally Joyful.*

ਤੂੰ ਸਤ ਹੈਂ, ਤੂੰ ਸੁਹਾਣ ਹੈਂ, ਤੂੰ ਸੁੰਦਰ ਹੈਂ, **ਸਤਿ ਸੁਹਾਣੁ ਸਦਾ ਮਨਿ ਚਾਉ॥** ਤੂੰ ਚੇਤਨ ਹੈਂ। ਸਦੀਵੀ ਖਿੜਿਆ ਹੋਇਆ ਹੈਂ। ਜੜ੍ਹ ਨਹੀਂ ਹੈਂ। ਇਸ ਨੂੰ ਭਾਰਤ ਦੇ ਪਰਾਚੀਨ ਉਪਨਿਸ਼ਦਾਂ ਦੇ ਰਿਸ਼ੀਆਂ ਨੇ ਇਹ ਕਹਿ ਦਿੱਤਾ ਹੈ:-

***ਸਤਿਅੱਮ ਸ਼ਿਵਮ ਸੁੰਦਰਮ।***

ਉਹ ਸਤ ਹੈ, ਸ਼ਿਵਮ ਭਾਵ ਉਹ ਪ੍ਰਕਾਸ਼ਮਾਨ ਹੈ, ਸੁੰਦਰਮ, ਉਹ ਅਤਿ ਸੁੰਦਰ ਹੈ। ਜੜ੍ਹ ਨਹੀਂ ਹੈ, ਚੇਤਨ ਹੈ। ਉਸ ਨੂੰ ਇਹ ਵੀ ਪਤਾ ਹੈ ਕਿ ਮੈਂ ਹਾਂ ਔਰ ਉਸ ਨੂੰ ਇਹ ਵੀ ਪਤਾ ਹੈ ਕਿ ਮੈਂ ਇਕ ਤੋਂ ਅਨੇਕ ਹੋਇਆ ਹਾਂ। ਉਹ ਪੂਰਾ ਚੇਤਨ ਹੈ, ਸਾਵਧਾਨ ਹੈ, ਅਭੁੱਲ ਹੈ, ਇਕ ਸ਼ਕਤੀ ਹੈ, ਵਿਅਕਤੀ ਨਹੀਂ। ਇਸ ਵਾਸਤੇ ਅਰਦਾਸ ਵਿਚ ਅਸੀਂ ਪਹਿਲੇ ਸ਼ਕਤੀ ਨੂੰ ਅੱਗੇ ਕਰਦੇ ਹਾਂ:-

***ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥*** (ਚੰਡੀ ਦੀ ਵਾਰ)

ਅਗਨੀ ਵਿਚੋਂ ਸੇਕ ਕੱਢ ਦੇਈਏ ਤੇ ਅੱਗ ਕੀ ਮਾਅਨੇ ਰਖਦੀ ਏ। ਸੰਸਾਰ ਵਿਚੋਂ

ਸ਼ਕਤੀ ਕੱਢ ਦੇਈਏ ਤਾਂ ਨਿਰੰਕਾਰ ਦੀ ਹੋਂਦ ਕਿੱਥੇ ਹੈ। ਨਿਰੰਕਾਰ ਇਕ ਸ਼ਕਤੀ ਹੈ। ਵਾਕਈ ਹੀ ਉਹ ਐਸਾ ਹੈ ਕਿ ਜੜ੍ਹ ਨਹੀਂ ਹੈ। ਉਸੇ ਹੀ ਸ਼ਕਤੀ ਨੇ, ਸੰਸਾਰ ਵਿਚ ਹੋਰ ਸ਼ਕਤੀਆਂ ਪੈਦਾ ਕੀਤੀਆਂ ਨੇ, ਜਿਵੇਂ, ਸ਼ਿਵ ਜੀ ਆਏ, ਵਿਸ਼ਨੂੰ ਆਏ, ਬ੍ਰਹਮੇ ਆਏ ਔਰ ਇਸ ਤਰ੍ਹਾਂ ਦੇ ਆਉਂਦੇ ਹੀ ਰਹਿਣਗੇ।

*ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥*

(ਅੰਗ ੪੫੧)

har jug jug bhagat oupaaeiaa
paij rakhadaa aaeiaa raam raajae.
*In each and every age, He creates His devotees*
*and preserves their honor, O Lord King.*

## ਇਕ ਹੋਰ ਇਤਿਹਾਸਿਕ ਘਟਨਾ।

ਗੁਰੂ ਤੇਗ ਬਹਾਦਰ ਸਾਹਿਬ ਜੀ ਜੋਤੀ ਜੋਤ ਸਮਾਏ ਨੇ, ਔਰੰਗਜ਼ੇਬ ਦੀ ਜੇਲ੍ਹ ਵਿਚ। ਸੋਚ ਕੇ ਕਈ ਦਫ਼ਾ ਹੈਰਾਨਗੀ ਹੁੰਦੀ ਹੈ। ਅਵਤਾਰ ਕਬੂਲ ਨਹੀਂ ਹੋਏ, ਕਾਰਣ? ਉਹ ਇਕ ਬਹੁਤ ਵੱਡੀ ਸਚਾਈ ਜਗਤ ਦੇ ਸਾਹਮਣੇ ਰੱਖਦੇ ਨੇ। ਔਰ ਮੈਂ ਦੋ ਸ਼ਬਦ ਹੋਰ ਕਹਿ ਦਿਆਂ, ਜੋ ਪੂਜੇ ਜਾ ਰਹੇ ਨੇ ਸੰਤ, ਉਹ ਸਾਡੇ ਵਰਗੇ ਹੀ ਨੇ। ਸਾਥੋਂ ਉੱਚੇ ਨਹੀਂ ਹਨ। ਉਹਨਾਂ ਦਾ ਜਗਤ ਨਾਲ ਤਾਲਮੇਲ ਬੈਠ ਗਿਆ ਹੈ। ਆਮ ਸੰਤ ਤੇ ਰਹਿਬਰੀ ਪੁਰਸ਼ਾਂ ਦਾ ਜਗਤ ਨਾਲ ਤਾਲਮੇਲ ਨਹੀਂ ਬੈਠਦਾ।

*ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥* (ਅੰਗ ੧੪੫)

Bhagataa tai saisaareeaa jorr kadae na aaeiaa.
*Between the Lord's devotees and the people of the world,*
*there can never be any true alliance.*

ਨਹੀਂ ਜੋੜ ਜੁੜਦਾ। ਜੋੜ ਜੁੜਦਾ ਹੀ ਨਹੀਂ। ਤਾਲਮੇਲ ਬੈਠਦਾ ਹੀ ਨਹੀਂ। ਕਹਿੰਦੇ ਨੇ ਦੋ ਤਰ੍ਹਾਂ ਦੇ ਮਨੁੱਖਾਂ ਦਾ ਜਗਤ ਨਾਲ ਤਾਲਮੇਲ ਨਹੀਂ ਬੈਠਦਾ। ਇਕ ਪਾਗਲ ਦਾ ਅਤੇ ਇਕ ਸੰਤ ਤੇ ਅਵਤਾਰੀ ਪੁਰਸ਼ ਦਾ। ਪਾਗਲ ਦੀ ਗੱਲ ਇਤਨੀ ਨੀਂਵੀਂ ਹੈ, ਇਤਨੀ ਨੀਂਵੀਂ ਹੈ, ਪੈਰਾਂ ਦੇ ਥੱਲਿਉਂ ਲੰਘਦੀ ਹੈ। ਸੰਤ ਦੀ ਗੱਲ ਇਤਨੀ ਉੱਚੀ ਹੈ, ਇਤਨੀ ਉੱਚੀ ਹੈ, ਸਿਰ ਦੇ ਉੱਪਰੋਂ ਲੰਘਦੀ ਏ। ਇਸ ਲਈ ਦੋਹਾਂ ਨਾਲ ਤਾਲਮੇਲ ਨਹੀਂ ਬੈਠਦਾ। ਇਸ ਵਾਸਤੇ ਮੈਂ ਦੇਖਦਾ ਹਾਂ ਕਈ ਦਫ਼ਾ ਭੁਲੇਖੇ ਵਿਚ, ਪਾਗਲ ਸੰਤ ਜਾਣ ਕੇ ਪੂਜੇ ਵੀ ਗਏ ਨੇ ਔਰ ਸੰਤ ਪਾਗਲ ਜਾਣ ਕੇ ਠੁਕਰਾਏ ਵੀ ਗਏ ਨੇ। ਜੈਸੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ:-

*ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥* (ਅੰਗ ੯੯੧)

koee aakhai bhootanaa ko kehai baetaalaa.
*Some call him a ghost; some say that he is a evil spirit.*

ਹੱਦ ਹੋ ਗਈ, ਮਹਾਰਾਜ ਕਹਿੰਦੇ ਨੇ ਮੈਨੂੰ ਕੋਈ ਭੂਤਨਾ ਕਹਿੰਦਾ ਪਿਆ, ਕੋਈ ਬੇਤਾਲਾ ਕਹਿੰਦਾ ਪਿਆ, ਕੋਈ ਪਾਗਲ ਆਖੀ ਜਾ ਰਿਹਾ ਹੈ। ਜੋ ਸਾਰਿਆਂ ਦੇ ਭੂਤਨੇ

ਉਤਾਰਨ ਆਇਆ ਹੈ, ਲੋਕੀਂ ਸਾਰੇ ਉਸ ਨੂੰ ਭੂਤਨਾ ਕਹਿੰਦੇ ਨੇ। ਜੋ ਸਾਰਿਆਂ ਦੀ ਜ਼ਿੰਦਗੀ ਨੂੰ ਤਾਲ ਦੇਣ ਲਈ ਆਇਆ ਹੈ, ਲੋਕੀਂ ਉਸ ਨੂੰ ਬੇਤਾਲਾ ਆਖਦੇ ਨੇ। ਕਬੀਰ ਨੂੰ ਵੀ ਲੋਕਾਂ ਨੇ ਕਹਿ ਦਿੱਤਾ ਪਾਗਲ ਹੈ:-

*ਲੋਗੁ ਕਹੈ ਕਬੀਰੁ ਬਉਰਾਨਾ॥*
*ਕਬੀਰ ਕਾ ਮਰਮੁ ਰਾਮ ਪਹਿਚਾਨਾਂ॥ ੪॥ ੬॥* (ਅੰਗ ੧੧੫੮)
log kehai kabeer bouraanaa.
kabir kaa maram raam pehichaanaa.4.6.
*People say that Kabeer has gone insane.*
*Only the Lord realizes the secret of Kabeer.4.6.*

ਇਕੋ ਤੇ ਬੰਦਾ ਸੀ ਬਨਾਰਸ ਵਿਚ ਜਿਸ ਨੂੰ ਅਸੀਂ ਕਹਿ ਸਕਦੇ ਹਾਂ ਸਿਆਣਾ ਹੈ ਪਰ ਸਾਰੇ ਬਨਾਰਸ ਦੇ ਵਾਸੀਆਂ ਨੇ ਕਹਿ ਦਿੱਤਾ ਇਹ ਪਾਗਲ ਹੈ, ਪਗਲਾ ਹੈ, ਪਤਾ ਹੈ ਕਿਉਂ? ਇਸ ਨੇ ਕਹਿ ਦਿੱਤਾ:-

*ਹਮਰਾ ਝਗਰਾ ਰਹਾ ਨ ਕੋਊ॥*
*ਪੰਡਿਤ ਮੁਲਾਂ ਛਾਡੇ ਦੋਊ॥ ੧॥ ਰਹਾਉ॥* (ਅੰਗ ੧੧੫੮)
hamaraa jhagaraa rehaa na ko-oo.
panddit mulaa shaaddae dooo.1.rehaao.
*I have no quarrel with anyone.*
*I have abandoned both the Pandits,*
*the Hindu religious scholars,*
*and the Mullahs, the Muslim priests.1.Pause.*

------

*ਪੰਡਿਤ ਮੁਲਾਂ ਜੋ ਲਿਖਿ ਦੀਆ॥*
*ਛਾਡਿ ਚਲੇ ਹਮ ਕਛੂ ਨ ਲੀਆ॥ ੩॥* (ਅੰਗ ੧੧੫੯)
panddit mulaa jo likh deeaa.
chhaadd chalae ham kachoo na leeaa.3.
*Whatever the Pandits and Mullahs have written,*
*I reject; I do not accept any of it.3.*

ਮੇਰਾ ਧਾਰਮਿਕ ਰਹਿਬਰ ਮੌਲਵੀ ਨਹੀਂ ਹੈ। ਮੇਰਾ ਧਾਰਮਿਕ ਰਹਿਬਰ ਪੰਡਿਤ ਨਹੀਂ ਹੈ। ਮੈਂ ਇਹਨਾਂ ਦੇ ਪਿੱਛੇ ਨਹੀਂ ਚਲਦਾ। ਜੇ ਮੈਂ ਇਹਨਾਂ ਦੇ ਪਿੱਛੇ ਚਲਦਾ ਹਾਂ ਤੇ ਹਿੰਦੂ ਮੁਸਲਿਮ ਮਿਲ ਨਹੀਂ ਸਕਦੇ, ਇਸ ਲਈ ਮੈਂ ਨਹੀਂ ਚਲਦਾ। ਆਪ ਪੜ੍ਹ ਕੇ ਹੈਰਾਨ ਹੋਵੋਗੇ, ਗੁਰੂ ਨਾਨਕ ਦੇਵ ਜੀ ਨੇ ਦੋ ਸਾਥੀ ਚੁਣੇ, ਇਕ ਮਰਦਾਨਾ ਇਕ ਬਾਲਾ। ਬਾਲਾ ਹਿੰਦੂ ਘਰਾਣੇ ਵਿਚੋਂ ਹੈ, ਮਰਦਾਨਾ ਮੁਸਲਮਾਨ ਘਰਾਣੇ ਵਿਚੋਂ ਹੈ। ਮੁਸਲਿਮ ਹੈ। ਜਦ ਕੋਈ ਆਪ ਤੋਂ ਪੁੱਛਦਾ ਹੈ, ਇਹ ਜਿਹੜੇ ਦੋ ਨੇ, ਇਹ ਤੁਹਾਡੇ ਚੇਲੇ ਨੇ? ਤੁਹਾਡੇ ਸ਼ਿਸ਼ ਨੇ, ਸਿੱਖ ਨੇ, ਸਤਿਗੁਰੂ ਜੀ ਕਹਿੰਦੇ ਨੇ, ਨਹੀਂ। ਮੇਰੇ ਚੇਲੇ ਨਹੀਂ ਹਨ, ਮੇਰੇ ਸਿੱਖ ਨਹੀਂ ਹਨ। ਫਿਰ ਇਹ ਤੁਹਾਡੇ ਨੌਕਰ ਨੇ, ਸੇਵਕ ਨੇ? ਸਾਹਿਬ ਕਹਿੰਦੇ ਨਹੀਂ ਇਹ ਮੇਰੇ ਸੇਵਕ ਵੀ ਨਹੀਂ ਹਨ। ਮੇਰੇ ਨੌਕਰ ਵੀ ਨਹੀਂ। ਹੱਦ ਹੋ ਗਈ

ਨੌਕਰ ਵੀ ਨਹੀਂ, ਸੇਵਕ ਵੀ ਨਹੀਂ, ਚੇਲੇ ਵੀ ਨਹੀਂ। ਫਿਰ ਇਹ ਕੌਣ ਨੇ ਤੁਹਾਡੇ? ਸਾਹਿਬ ਕਹਿੰਦੇ ਨੇ ਇਹ ਮੇਰੇ ਭਾਈ ਨੇ। ਭਾਈ ਮਰਦਾਨਾ, ਭਾਈ ਬਾਲਾ। ਇੱਥੋਂ **ਇਹ ਸ਼ਬਦ** ਚਲਿਆ ਹੈ, ਮੇਰੇ ਭਾਈ ਨੇ, ਮੇਰੇ ਭਰਾ ਨੇ। **ਗੁਰੂ ਘਰ ਵਿਚ ਇਹ ਸਭ ਤੋਂ ਵੱਡੀ ਪਦਵੀ ਬਣ ਗਈ, ਭਾਈ ਸਾਹਿਬ। ਸਭ ਤੋਂ ਵੱਡੀ, ਗੁਰੂ ਦਾ ਭਾਈ, ਗੁਰੂ ਦਾ ਭਰਾ।** ਬਰਾਬਰੀ, ਭਾਈਚਾਰੇ ਵਿਚ ਬਰਾਬਰੀ ਹੁੰਦੀ ਹੈ, ਛੋਟਾ, ਵੱਡਾ ਕੋਈ ਨਹੀਂ ਹੁੰਦਾ। ਜੇ ਸਤਿਗੁਰ ਕਹਿ ਦਿੰਦੇ, ਹਾਂ ਇਹ ਮੇਰੇ ਸੇਵਕ ਨੇ, ਤਾਂ ਛੋਟਾ ਵੱਡਾ। ਕਹਿ ਦਿੰਦੇ ਮੇਰੇ ਸ਼ਿਸ਼ ਨੇ, ਤੇ ਫਿਰ ਛੋਟਾ, ਵੱਡਾ। ਕਹਿੰਦੇ ਨਹੀਂ, ਮੇਰੇ ਭਰਾ ਨੇ। ਮੇਰਾ ਭਾਈਚਾਰਾ ਹੈ। ਸਵਾਲ ਪੈਦਾ ਹੁੰਦਾ ਹੈ, ਹਿੰਦੂ ਭਰਾ ਹੋ ਸਕਦਾ ਹੈ ਯਾ ਮੁਸਲਮਾਨ ਭਰਾ ਹੋ ਸਕਦਾ ਹੈ, ਦੋਵੇਂ ਹੀ। ਹਾਂ ਦੋਵੇਂ ਭਰਾ ਨੇ। ਇਹੀ ਕਾਰਣ ਹੈ, ਗੁਰੂ ਨਾਨਕ ਦੇਵ ਜੀ ਹਰਿਦੁਆਰ ਵੀ ਚਲੇ ਗਏ, ਬਨਾਰਸ ਵੀ ਚਲੇ ਗਏ, ਮੱਕੇ ਮਦੀਨੇ ਵੀ ਚਲੇ ਗਏ। ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ, ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਬਾਣੀ ਅਰਬ ਦੇਸ਼ਾਂ ਵਿਚ ਸੁਣਾਈ, ਸਾਨੂੰ ਵੀ ਸੁਣਾਉਣੀ ਚਾਹੀਦੀ ਹੈ। ਜੈਸੇ ਗੁਰਬਾਣੀ ਗੂੰਜੀ ਹਰਿਦੁਆਰ ਤੇ ਬਨਾਰਸ ਔਰ ਝੁਕੇ ਬ੍ਰਾਹਮਣ, ਇਸ ਢੰਗ ਦਾ ਮਾਹੌਲ਼ ਸਾਨੂੰ ਬਣਾਉਣਾ ਚਾਹੀਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਤੇ ਬੜੀ ਦੂਰ-ਦੂਰ ਤਕ ਬੀਜ ਬੋਏ। ਮੈਂ ਆਪ ਦੀ ਗਿਆਤ ਲਈ ਅਰਜ਼ ਕਰਾਂ ਸੰਨ ੧੯੪੭ ਤਕ ਸ੍ਰੀ ਦਰਬਾਰ ਸਹਿਬ, ਰਬਾਬੀ ਕੀਰਤਨ ਕਰਦੇ ਰਹੇ। ਚਾਂਦ ਅਫਜ਼ਾਲ ਤੇ ਭਾਈ ਲਾਲ, ਭਾਈ ਸੁੰਦਰ, ਭਾਈ ਮੋਤੀ, ਬਹੁਤ ਸਾਰੇ ਰਬਾਬੀ। ਦੇਸ਼ ਦੀ ਵੰਡ ਸਮੇਂ ਪਾਕਿਸਤਾਨ ਚਲੇ ਗਏ। ਡਰ ਪੈ ਗਿਆ ਕਿਧਰੇ ਸਾਨੂੰ ਕੋਈ ਮਾਰ ਨਾ ਦੇਵੇ। ਕਿਉਂਕਿ ਇਹ ਕੇਸਾਧਾਰੀ ਨਹੀਂ ਸਨ। ਭਾਈ ਚਾਂਦ ਅਫਜ਼ਾਲ ਜਿਸ ਨੇ ਪਰਮਾਣਾਂ ਦਾ ਕੀਰਤਨ ਸ਼ੁਰੂ ਕੀਤਾ। ਇਸ ਤੋਂ ਪਹਿਲੇ ਪਰਮਾਣਾਂ ਦਾ ਕੀਰਤਨ ਨਹੀਂ ਸੀ। ਅਗਰ ਤੁਹਾਡੇ ਵਿਚ ਕੋਈ ਬਜ਼ੁਰਗ ਹੋਵੇ ਅਤੇ ਉਸ ਨੇ ਭਾਈ ਅਫਜ਼ਾਲ ਦਾ ਕੀਰਤਨ ਸੁਣਿਆ ਹੋਵੇ, ਅਗਰ ਉਸ ਨੇ ਫ਼ੈਸਲਾ ਕਰਨਾ ਹੋਵੇ ਤੇ ਉਹ ਕਹੇਗਾ, ਅੱਜ ਤਕ ਵੀ ਉਸ ਦੇ ਬਰਾਬਰ ਦਾ ਕੋਈ ਕੀਰਤਨੀਆਂ ਨਹੀਂ ਆਇਆ। ਉਸ ਰਬਾਬੀ ਵਰਗਾ, ਜਦ ਕੀਰਤਨ ਕਰਦਾ ਸੀ ਤਾਂ ਕੀਰਤਨ ਦਾ ਰੂਪ ਹੋ ਜਾਂਦਾ ਸੀ। ਜਿਸ ਪੰਗਤੀ ਦਾ, ਜਿਸ ਸ਼ਬਦ ਦਾ ਕੀਰਤਨ ਕਰਦਾ ਸੀ ਪਰਮਾਣਾਂ ਦਾ ਢੇਰ ਲਾ ਛੱਡਦਾ ਸੀ। ਇਤਨੀ ਬਾਣੀ ਉਸ ਨੂੰ ਯਾਦ ਸੀ। ਕੀਰਤਨ ਦਾ ਰੂਪ ਹੋ ਜਾਂਦਾ ਸੀ। ਸੰਨ ਸੰਤਾਲੀ ਦੇ ਵਿਚ ਜਦ ਖ਼ੂਨ-ਖ਼ਰਾਬੇ ਸ਼ੁਰੂ ਹੋਏ ਤਾਂ ਡਰ ਪੈਦਾ ਹੋ ਗਿਆ ਕਿ ਭੁਲੇਖੇ ਨਾਲ ਸਾਨੂੰ ਵੀ ਕੋਈ ਮਾਰ ਨਾ ਦੇਵੇ। ਉਹ ਵਿਚਾਰੇ ਪਾਕਿਸਤਾਨ ਚਲੇ ਗਏ। ਥੋੜੀ ਦੇਰ ਬਾਅਦ ਵਾਰੀ ਵਾਰੀ ਓਧਰ ਹੀ ਗੁਜ਼ਰੇ ਨੇ। ਭਾਈ ਲਾਲ ਤੇ ਨਨਕਾਣਾ ਸਾਹਿਬ ਕੀਰਤਨ ਕਰਦੇ ਰਹੇ। ਲਾਹੌਰ ਰੇਡੀਓ ਤੇ ਵੀ ਕੀਰਤਨ ਕਰਦੇ ਰਹੇ ਪਰ ਹੁਣ ਨਹੀਂ ਰਹੇ। ਇਹ ਐਸਾ ਘਰ ਸੀ।

ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ ਮੇਰੇ ਭਰਾ ਨੇ, ਭਾਈ ਮਰਦਾਨਾ, ਭਾਈ ਬਾਲਾ। ਬਹੁਤ ਗਹਿਰੀ ਗੱਲ, ਬਹੁਤ ਉੱਚੀ ਗੱਲ। ਗੁਰੂ ਨਾਨਕ ਜੋ ਉਪਦੇਸ਼, ਸੰਦੇਸ਼ ਲੈ ਕੇ ਆਏ ਸਨ, ਉਹ ਇਸ ਤਰ੍ਹਾਂ ਸੀ ਜਿਵੇਂ ਸੂਰਜ ਦਾ ਚਾਨਣਾ ਸਾਰਿਆਂ ਲਈ ਹੈ। ਗੁਰੂ ਨਾਨਕ ਦਾ ਕਲਾਮ ਸਾਰਿਆਂ ਲਈ ਹੈ। ਇਕ ਫਿਰਕੇ ਲਈ ਨਹੀਂ ਹੈ, ਇਕ ਟੋਲੇ ਲਈ ਨਹੀਂ ਹੈ। ਅਗਰ ਐਸਾ ਹੁੰਦਾ ਤਾਂ ਗੁਰੂ ਨਾਨਕ ਦੇਵ ਜੀ ਨੂੰ ਮੱਕੇ ਜਾਣ ਦੀ ਲੋੜ ਨਹੀਂ ਸੀ। ਅਗਰ ਐਸਾ ਹੁੰਦਾ ਤੇ ਗੁਰੂ ਨਾਨਕ ਦੇਵ ਜੀ ਨੂੰ ਬਨਾਰਸ ਜਾਣ ਦੀ ਲੋੜ ਨਹੀਂ ਸੀ। ਆਪਣਾ ਇਤਿਹਾਸ ਪੜ੍ਹੋਗੇ

ਤੇ ਦੰਗ ਰਹਿ ਜਾਉਗੇ, ਹੈਰਾਨ ਹੋ ਜਾਉਗੇ। ਆਪਣੀ ਸੋਚ ਸਮਝ ਦਾ ਚਸ਼ਮਾ ਇਕ ਪਾਸੇ ਉਤਾਰਾਂਗੇ ਤੇ ਪਤਾ ਚਲੇਗਾ ਕਿ ਸਾਡੇ ਕੋਲੋਂ ਭੁੱਲ ਬਹੁਤ ਹੋਈ ਹੈ। ਨੌਂ ਖੰਡ ਪ੍ਰਿਥਵੀ ਵਿਚ ਬੀਜ ਬੋਏ ਸਨ ਗੁਰੂ ਨਾਨਕ ਨੇ, ਅਸੀਂ ਉਸ ਦਾ ਸਾਰਾ ਹੀ ਬਗੀਚਾ ਉਜਾੜ ਕੇ ਰੱਖ ਦਿੱਤਾ ਹੈ। ਸਾਡੇ ਆਪਣੇ ਹੀ ਬੱਚੇ ਸਿੱਖ ਨਹੀਂ, ਬਾਕੀ ਤੇ ਗੱਲ ਛੱਡੋ। ਸਾਡੇ ਆਪਣੇ ਬੱਚੇ ਹੀ ਬਾਣੀ ਨਹੀਂ ਪੜ੍ਹਦੇ। ਸਾਡੇ ਆਪਣੇ ਬੱਚੇ ਕਿਹੜੇ ਗੁਰੂ ਨਾਨਕ ਨਾਲ ਜੁੜੇ ਨੇ। ਅਸੀਂ ਤੇ ਸਾਰੀ ਦੁਨੀਆਂ ਨੂੰ ਜੋੜਨਾ ਸੀ।

*ਬਹੁਤ ਸ਼ੌਕ ਸੇ ਸੁਨ ਰਹਾ ਥਾ ਜ਼ਮਾਨਾ,*
*ਹਮੀਂ ਸੋ ਗਏ ਦਾਸਤਾਂ ਕਹਿਤੇ ਕਹਿਤੇ।*

ਖ਼ੈਰ ਇਹ ਤੇ ਵਿਚਕਾਰ ਐਵੇਂ ਇਕ ਗੱਲ ਆ ਗਈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦਾ ਇਹ ਚਾਨਣਾ, ਇਹ ਨੂਰ, ਵਿਆਪਕ ਹੈ, ਫੈਲਿਆ ਹੋਇਆ ਹੈ ਔਰ ਇਸ ਦੀ ਕੋਈ ਸੀਮਾ ਵੀ ਨਹੀਂ ਹੈ। ਪਰ ਗਜ਼ਬ ਦੀ ਗੱਲ ਹੈ, ਗੁਰੂ ਨਾਨਕ ਦੇਵ ਜੀ ਨੂੰ ਵੀ ਕਈਆਂ ਨੇ ਕਹਿ ਦਿੱਤਾ ਇਹ ਭੂਤਨਾ ਹੈ, ਇਹ ਬੇਤਾਲਾ ਹੈ। ਕਬੀਰ ਜੀ ਨੂੰ ਵੀ ਕਈਆਂ ਨੇ ਕਹਿ ਦਿੱਤਾ ਇਹ ਪਗਲਾ ਹੈ। ਕਾਰਣ? ਮਹਾਂਪੁਰਖ ਦੀ ਗੱਲ ਇਤਨੀ ਉੱਚੀ ਹੈ, ਇਤਨੀ ਉੱਚੀ ਹੈ ਕਿ ਇਹ ਸਿਰ ਦੇ ਉੱਪਰੋਂ ਲੰਘਦੀ ਹੈ ਤੇ ਪਾਗਲ ਦੀ ਗੱਲ ਇਤਨੀ ਨੀਵੀਂ ਹੈ, ਇਤਨੀ ਨੀਵੀਂ ਹੈ ਕਿ ਪੈਰਾਂ ਥੱਲਿਉਂ ਲੰਘ ਜਾਂਦੀ ਹੈ, ਇਸ ਲਈ ਦੋਹਾਂ ਨਾਲ ਤਾਲਮੇਲ ਨਹੀਂ ਬੈਠਦਾ, ਬਿਲਕੁਲ ਨਹੀਂ ਬੈਠਦਾ। ਪਾਗਲ ਨੂੰ ਪਾਗਲਖ਼ਾਨੇ ਭੇਜਣਾ ਪੈਂਦਾ ਹੈ, ਮਹਾਂਪੁਰਸ਼ਾਂ ਨੂੰ ਤੱਤੀ ਤਵੀ ਤੇ ਬੈਠਾਉਣਾ ਪੈਂਦਾ ਹੈ। ਮਜਬੂਰੀ ਏ, ਤਾਲਮੇਲ ਜੋ ਨਹੀਂ ਬੈਠਦਾ। ਪਾਗਲ ਨੂੰ ਜ਼ੰਜੀਰਾਂ ਨਾਲ ਬੰਨ੍ਹ ਕੇ ਰੱਖਣਾ ਪੈਂਦਾ ਹੈ, ਮਹਾਂਪੁਰਸ਼ਾਂ ਦੇ ਬੰਦ-ਬੰਦ ਕੱਟਣੇ ਪੈਂਦੇ ਨੇ। ਇਹ ਤੇ ਇਤਿਹਾਸ ਹੈ, ਪੜ੍ਹ ਕੇ ਤੁਸੀਂ ਦੇਖੋ। ਹੈਰਾਨਗੀ ਹੁੰਦੀ ਹੈ, ਕਾਰਣ? ਜਗਤ ਨਾਲ ਤਾਲਮੇਲ ਨਹੀਂ ਬੈਠਦਾ। ਅਗਰ ਮਹਾਂਪੁਰਸ਼ ਦਾ ਸੰਸਾਰ ਨਾਲ ਤਾਲਮੇਲ ਬੈਠ ਜਾਏ ਤੇ ਸੰਸਾਰ ਵਰਗਾ ਹੀ ਹੈ, ਹੋਰ ਕੀ ਏ। ਨਹੀਂ ਬੈਠੇਗਾ ਤਾਲਮੇਲ, ਉਹ ਉੱਚਾ ਹੁੰਦਾ ਹੈ। ਉਸ ਦੀ ਸੋਚਣੀ ਬੜੀ ਉੱਚੀ ਹੁੰਦੀ ਏ, ਉਸ ਦੀ ਵਿਚਾਰਧਾਰਾ ਬੜੀ ਬੁਲੰਦ ਹੁੰਦੀ ਏ। ਜਾਂ ਤੇ ਉਹ ਆਪਣੀ ਸੋਚ ਨੂੰ ਨੀਵਾਂ ਕਰੇ, ਪਰ ਇਹ ਮੁਸ਼ਕਿਲ ਹੈ। ਜਿਵੇਂ ਪਾਗਲ ਜਿਊਂਦੇ ਪਏ ਨੇ, ਯਾ ਤੇ ਪਾਗਲ ਹੋਵੇ, ਆਪਣੀ ਸੁਰਤ ਬਿਲਕੁਲ ਨੀਵੀਂ ਕਰੇ। ਤੇ ਫਿਰ ਅਵਤਾਰ ਤੇ ਅਵਤਾਰ ਹੀ ਨਾ ਰਿਹਾ, ਫਿਰ ਤੇ ਪਾਗਲ ਹੀ ਹੋ ਗਿਆ, ਗੁਸਤਾਖ਼ੀ ਮੁਆਫ। ਬਦ-ਕਿਸਮਤੀ ਇਹ ਹੈ ਕਿ ਕਦੀ-ਕਦਾਈਂ ਕੋਈ ਇਸ ਤਰ੍ਹਾਂ ਦਾ ਪੈਗੰਬਰ ਪੈਗ਼ਾਮ ਲੈ ਕੇ ਆਉਂਦਾ ਹੈ, ਜਗਤ ਨੂੰ ਸੁਣਾਉਂਦਾ ਹੈ, ਪਾਗਲਾਂ ਦੀ ਦੁਨੀਆਂ ਵਿਚ। ਪਰ ਪਾਗਲਾਂ ਦੀ ਭੀੜ ਬੜੀ ਏ, ਸਿਆਣਾ ਤੇ ਕੋਈ ਇਕ ਅੱਧ। ਹੁਣ ਜੇ ਇਕ ਅੱਧ ਸਿਆਣਾ ਆ ਗਿਆ ਹੈ ਔਰ ਬਹੁਤ ਵੱਡੀ ਭੀੜ ਪਾਗਲਾਂ ਦੀ ਹੋਵੇ ਤਾਂ ਸਿਆਣੇ ਦਾ ਜਿਊਣਾ ਔਖਾ ਹੋ ਜਾਂਦਾ ਹੈ।

ਸਾਰਾ ਇਤਿਹਾਸ ਪੜ੍ਹ ਕੇ ਦੇਖ ਲਉ, ਪਾਗਲਾਂ ਦੀ ਭੀੜ ਨੇ ਈਸਾ ਨੂੰ ਸੂਲੀ ਤੇ ਚਾੜ੍ਹ ਦਿੱਤਾ। ਪਾਗਲ ਹੀ ਚੜ੍ਹਾ ਸਕਦੇ ਨੇ, ਸਿਆਣੇ ਨਹੀਂ ਚੜ੍ਹਾ ਸਕਦੇ, ਬੇ-ਕਸੂਰ ਬੰਦੇ ਨੂੰ। ਪਾਗਲਾਂ ਦੀ ਭੀੜ ਨੇ ਹੀ ਗੁਰੂ ਨਾਨਕ ਦੇਵ ਜੀ ਨੂੰ ਜੇਲ੍ਹ ਵਿਚ ਪਾ ਦਿੱਤਾ। ਬਾਬਰ ਨੇ ਜੇਲ੍ਹ ਵਿਚ ਬੰਦ ਕਰ ਦਿੱਤਾ ਸੀ। ਪਾਗਲ ਲੋਕਾਂ ਨੇ ਹੀ ਧੰਨ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ

ਤੇ ਬਿਠਾ ਦਿੱਤਾ। ਬਾਈਧਾਰ ਦੇ ਰਾਜੇ, ਔਰੰਗਜ਼ੇਬ, ਸਾਰੀ ਜ਼ਿੰਦਗੀ ਸੰਘਰਸ਼ ਕਰਦੇ ਰਹੇ ਕਲਗੀਧਰ ਪਾਤਸ਼ਾਹ ਨਾਲ, ਚੈਨ ਨਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਬੈਠਣ ਹੀ ਨਹੀਂ ਦਿੱਤਾ। ਜ਼ਿੰਦਗੀ ਵਿਚ ਭੱਜ-ਦੌੜ ਰਹੀ। ਕ੍ਰਿਸ਼ਨ ਦਾ ਤਾਲਮੇਲ, ਕੌਰਵਾਂ ਨਾਲ, ਕੰਸ ਨਾਲ ਨਹੀਂ ਬੈਠਿਆ। ਮੁਹੰਮਦ ਸਾਹਿਬ ਦਾ ਤਾਲਮੇਲ ਮੱਕੇ ਦੇ ਬਦੂਆਂ (ਇਕ ਜਾਤੀ ਜੋ ਲੜਦੇ ਤੇ ਲੁੱਟਦੇ ਹੀ ਰਹਿੰਦੇ ਸਨ) ਨਾਲ ਨਹੀਂ ਬੈਠਿਆ ਔਰ ਇਕ ਰਾਤ ਵੀ ਉਹਨਾਂ ਨੂੰ ਚੈਨ ਨਾਲ ਕਿਧਰੇ ਰਹਿਣ ਵੀ ਨਹੀਂ ਦਿੱਤਾ। ਭਜਾਈ ਰੱਖਿਆ ਹੈ, ਪਰੇਸ਼ਾਨ ਕੀਤਾ ਹੈ। ਪਾਗਲ ਬਹੁਤ ਸਾਰੇ ਹੋਣ ਤੇ ਇਕ ਸਿਆਣੇ ਦਾ ਜਿਊਣਾ ਔਖਾ ਹੋ ਜਾਂਦਾ ਹੈ।

ਇਸ ਸੰਬੰਧ ਵਿਚ ਮੈਂ ਇਕ ਕਹਾਣੀ ਪੜ੍ਹੀ ਸੀ। ਛੋਟਾ ਜਿਹਾ ਸ਼ਹਿਰ ਤੇ ਉਸ ਦਾ ਛੋਟਾ ਜਿਹਾ ਰਜਵਾੜਾ, ਨਿੱਕਾ ਜਿਹਾ ਰਾਜਪਾਟ। ਸਾਰੇ ਸ਼ਹਿਰ ਵਿਚ ਖੂਹ ਇਕੋ ਹੀ ਸੀ। ਸਾਰਾ ਸ਼ਹਿਰ ਓਥੋਂ ਹੀ ਪਾਣੀ ਭਰਦਾ ਸੀ ਤੇ ਪੀਂਦਾ ਸੀ। ਪੁਰਾਣਾ ਜ਼ਮਾਨਾ। ਅੱਜ ਕਿਸੇ ਨੇ ਖੂਹ ਦੇ ਵਿਚ ਐਸੀ ਦਵਾਈ ਪਾ ਦਿੱਤੀ, ਜਿਉਂ ਸ਼ਹਿਰ ਵਾਸੀਆਂ ਨੇ ਪਾਣੀ ਪੀਤਾ ਤੇ ਪਾਗਲ ਹੋ ਗਏ, ਆਪਣਾ ਤਵਾਜ਼ਨ ਖੋਹ ਬੈਠੇ। ਇਹਨਾਂ ਪਾਗਲਾਂ ਨੇ ਰਾਜੇ ਦਾ ਮਹੱਲ ਘੇਰ ਲਿਆ ਅਤੇ ਮਹੱਲ ਘੇਰ ਕੇ ਕਹਿਣ ਲੱਗੇ ਅਸੀਂ ਰਾਜਾ ਬਦਲਣਾ ਹੈ, ਇਹ ਰਾਜਾ ਸਾਨੂੰ ਨਹੀਂ ਚਾਹੀਦਾ। ਰਾਜਾ ਬੜਾ ਹੈਰਾਨ ਹੋਇਆ ਬਈ ਕਲ੍ਹ ਤਕ ਤੇ ਸਾਰੇ ਠੀਕ ਸਨ, ਅੱਜ ਕੀ ਹੋ ਗਿਆ ਹੈ, ਅਚਨਚੇਤ ਕੀ ਹੋ ਗਿਆ ਹੈ। ਅਚਾਨਕ ਕੀ ਹੋ ਗਿਆ, ਕਲ੍ਹ ਤਕ ਤੇ ਬਿਲਕੁਲ ਠੀਕ ਸਨ। ਉਸ ਨੇ ਆਪਣਾ ਵਜ਼ੀਰ ਬੁਲਾਇਆ, ਆਖਿਆ ਇਹ ਪਰਜਾ ਨੇ ਮੇਰਾ ਮਹੱਲ ਚਾਰੇ ਪਾਸਿਆਂ ਤੋਂ ਘੇਰਿਆ ਹੋਇਆ ਹੈ ਤੇ ਕਹਿੰਦੇ ਨੇ ਇਹ ਰਾਜਾ ਬਦਲਣਾ ਹੈ, ਸਾਨੂੰ ਨਹੀਂ ਚਾਹੀਦਾ। ਵਜ਼ੀਰ ਨੂੰ ਅਸਲੀਅਤ ਦਾ ਪਤਾ ਚਲ ਚੁਕਿਆ ਸੀ। ਵਜ਼ੀਰ ਨੇ ਕਿਹਾ ਰਾਜਨ, ਇਹਨਾਂ ਦੇ ਉੱਤੇ ਤੁਸੀਂ ਰਾਜ ਕਰਨਾ ਚਾਹੁੰਦੇ ਹੋ? ਹਾਂ ਰਾਜਪਾਟ ਮੈਂ ਛੋੜਨਾ ਥੋੜਾ ਹੈ, ਰਾਜ ਤੇ ਮੈਂ ਚਲਾਵਾਂਗਾ, ਮਹੱਲ ਤੇ ਮੈਂ ਨਹੀਂ ਛੋੜਨਾ। ਰਾਜ ਕਰਨਾ ਹੈ? ਹਾਂ, ਰਾਜ ਕਰਨਾ ਹੈ ਤੋ ਫਿਰ ਇਕੋ ਹੀ ਸ਼ਰਤ ਤੇ ਰਾਜ ਕਰ ਸਕੋਗੇ, ਜਿਸ ਖੂਹ ਦਾ ਪਾਣੀ ਇਹਨਾਂ ਨੇ ਪੀਤਾ ਹੈ, ਤੁਸੀਂ ਵੀ ਪੀ ਲਵੋ, ਹੋਰ ਕੋਈ ਚਾਰਾ ਨਹੀਂ। ਪਾਗਲਾਂ ਤੇ ਪਾਗਲ ਹੀ ਰਾਜ ਕਰ ਸਕਦੇ ਨੇ, ਸਿਆਣੇ ਨਹੀਂ। ਸਿਆਣਿਆਂ ਦਾ ਤੇ ਦਮ ਘੋਟ ਕੇ ਰੱਖ ਦੇਣਗੇ ਸਾਰੇ ਪਾਗਲ। ਸਿਆਣੇ ਦਾ ਤੇ ਚਲਣਾ ਹੀ ਹਰਾਮ ਕਰ ਦੇਣਗੇ। ਸਿਆਣੇ ਦੇ ਤਾਂ ਸ਼ਾਇਦ ਬੰਦ-ਬੰਦ ਕੱਟ ਕੇ ਰੱਖ ਦੇਣ। ਅੱਜ ਤਕ ਸਿਆਣੇ ਬੰਦੇ ਇਸੇ ਤਰ੍ਹਾਂ ਹੁੰਦੇ ਰਹੇ ਨੇ। ਏਥਨ ਵਿਚ, ਯੂਨਾਨ ਵਿਚ, ਚੋਟੀ ਦਾ ਸਿਆਣਾ ਬੰਦਾ ਸੁਕਰਾਤ ਜ਼ਹਿਰ ਦਾ ਪਿਆਲਾ ਦੇ ਕੇ ਮਾਰ ਦਿੱਤਾ ਗਿਆ। ਕਮਾਲ ਦੀ ਗੱਲ ਐਨਾ ਸਿਆਣਾ ਬੰਦਾ। ਜਿਸ ਦੀਆਂ ਵਿਚਾਰਾਂ ਅੱਜ ਵੀ ਪ੍ਰਭਾਵਿਤ ਕਰਦੀਆਂ ਨੇ। ਪਾਗਲਾਂ ਦੀ ਭੀੜ ਨੇ ਉਸ ਨੂੰ ਇਕ ਪਾਸੇ ਕਰ ਦਿੱਤਾ। ਪਾਗਲਾਂ ਦੇ ਪਾਗਲਪਨ ਦਾ ਉਦੋਂ ਹੀ ਪਤਾ ਚਲਦਾ ਜਾਣੋ ਜਦ ਕਿਸੇ ਸਿਆਣੇ ਦੀ ਸਿਆਣਪ ਦਾ ਤਾਲਮੇਲ ਨਹੀਂ ਬੈਠਦਾ, ਵਰਨਾ ਪਤਾ ਵੀ ਨਹੀਂ ਚਲਦਾ। ਸਾਰੇ ਜਗਤ ਵਿਚ ਬਹੁਤ ਸਾਰੇ ਪਾਗਲਾਂ ਦੀ ਭੀੜ ਐਸਾ ਹੀ ਹੈ। ਇਹ ਦੋ ਤਰ੍ਹਾਂ ਦੇ ਮਨੁੱਖਾਂ ਦਾ ਆਮ ਸੰਸਾਰ ਨਾਲ ਤਾਲਮੇਲ ਨਹੀਂ ਬੈਠਦਾ, ਇਕ ਤੇ ਮਹਾਂਪੁਰਸ਼ ਜਿਨ੍ਹਾਂ ਦੀ ਗੱਲ ਐਨ ਸਿਰ ਦੇ ਉੱਪਰੋਂ ਲੰਘ ਜਾਂਦੀ ਏ। ਹੁਣ ਸਿਰ ਦੇ ਉੱਪਰੋਂ ਜਿਹੜੀ ਗੱਲ ਲੰਘਦੀ ਪਈ ਏ, ਥੋੜਾ ਤੇ ਸਿਰ ਉੱਚਾ ਕਰਨਾ ਪਵੇਗਾ, ਤਾਂ ਜਾ ਕੇ ਪਕੜ ਵਿਚ ਆਵੇਗੀ, ਤਾਂ ਜਾ ਕੇ ਸਮਝ ਵਿਚ ਆਵੇਗੀ।

ਧਰਮ ਦੀ ਇਹ ਗੱਲ ਸ਼ਿਖਰ ਦੀ ਹੈ ਜੋ ਗੁਰਮਤਿ ਸਾਨੂੰ ਕਹਿੰਦੀ ਹੈ ਕਿ ਪਰਮਾਤਮਾ ਕੋਈ ਵਿਅਕਤੀ ਨਹੀਂ ਹੈ, ਸ਼ਕਤੀ ਏ ਔਰ ਉਸੇ ਸ਼ਕਤੀ ਤੋਂ ਅਨੇਕਾਂ ਬ੍ਰਹਮੇ, ਬਿਸ਼ਨ ਤੇ ਮਹੇਸ਼ ਆਏ ਨੇ। ਉਸੇ ਸ਼ਕਤੀ ਤੋਂ ਅਨੇਕਾਂ ਕ੍ਰਿਸ਼ਨ ਆਏ ਨੇ, ਰਾਮ ਆਏ ਨੇ, ਗੁਰੂ ਪੀਰ ਪੈਗੰਬਰ ਆਏ ਨੇ। ਉਸੇ ਤੋਂ ਹੀ ਅਨੇਕਾਂ ਭਗਤ ਆਏ ਨੇ, ਸੰਤ ਆਏ ਨੇ। ਮੂਲ ਆਦਿ ਗੁਰੂ ਉਹ ਪਰਮਾਤਮਾ ਹੈ। ਉਸੇ ਤੋਂ ਹੀ ਇਹ ਸਾਰਾ ਪਸਾਰਾ ਹੈ। ਉਹ ਮੂਲ ਹੈ। ਇਸੇ ਵਾਸਤੇ ਉਸ ਨੂੰ ਸਭ ਤੋਂ ਪਹਿਲੇ ਰਖਿਆ ਹੈ:-

*ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥* (ਚੰਡੀ ਦੀ ਵਾਰ)

ਭਗਉਤੀ ਸ਼ਕਤੀ ਪਰ ਗਿਆਨ ਖੰਡ ਵਿਚ ਪਹੁੰਚ ਕੇ ਇਸ ਦਾ ਪਤਾ ਚਲਦਾ ਹੈ, ਧਰਮ ਖੰਡ ਵਿਚ ਨਹੀਂ। ਧਰਮ ਖੰਡ ਤੇ ਉਤਲੀ ਜ਼ਿੰਦਗੀ ਹੈ। ਗਹਿਰਾਈ ਨਹੀਂ ਹੈ, ਬਿਲਕੁਲ ਉਤਲਾਪਨ। ਠੀਕ ਹੈ ਇਸ ਨੇ ਉਠਣਾ-ਬੈਠਣਾ ਮਰਯਾਦਾ ਵਿਚ ਕਰ ਲਿਆ ਹੈ, ਬਾਣੀ ਪੜ੍ਹਨ ਲਗ ਪਿਆ ਹੈ, ਗੁਰਦੁਆਰੇ ਆਉਣ ਲਗ ਪਿਆ ਹੈ ਪਰ ਇਸ ਨੂੰ ਸਮਝ ਕੱਖ ਵੀ ਨਹੀਂ। ਪਰ ਮੈਂ ਕਈ ਦਫ਼ਾ ਹੈਰਾਨ ਵੀ ਹੋ ਜਾਂਦਾ ਹਾਂ ਬਈ ਆਇਆ ਵੀ ਨਵਾਂ-ਨਵਾਂ ਹੈ, ਚਲਿਆ ਹੁਣੇ ਹੈ, ਸਮਝ ਅਜੇ ਕੱਖ ਵੀ ਨਹੀਂ ਪਰ ਦਾਅਵੇ ਬਹੁਤ ਵੱਡੇ। ਦਾਅਵੇ ਤੇ ਇੰਜ ਨੇ ਜਿਵੇਂ ਸੱਚ ਖੰਡ ਵਿਚ ਪਹੁੰਚ ਗਏ ਹਾਂ। ਇਸ ਦੀ ਹੈਰਾਨਗੀ ਹੈ ਕਿ ਅਸੀਂ ਤੇ ਸੱਚ ਖੰਡ ਪਹੁੰਚ ਗਏ ਹਾਂ ਔਰ ਅਜੇ ਧਰਮ ਖੰਡੀ ਵੀ ਨਹੀਂ ਹੁੰਦੇ, ਅਜੇ ਪਹਿਲੇ ਪੜਾਅ ਵਿਚੋਂ ਵੀ ਨਹੀਂ ਲੰਘੇ ਹੁੰਦੇ। ਕਹਿੰਦੇ ਨੇ ਧਰਮ ਤੇ ਬਹੁਤ ਵੱਡੀ ਨਿਰਮਾਣਤਾ ਤੇ ਖੜਾ ਹੈ। ਧਾਰਮਿਕ ਦੁਨੀਆਂ ਵਿਚ ਤੇ ਹੰਕਾਰ ਨਹੀਂ ਚਾਹੀਦਾ:-

*ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥* (ਅੰਗ ੧੦੮੯)

har jeeo ahankaar na bhaavee vaed kook sunaavehi.
*The Dear Lord is not pleased by egotism;*
*the Vedas proclaim this clearly.*

ਕਹਿੰਦੇ ਨੇ ਰੱਬ, ਲੋਭੀ ਨੂੰ ਵੀ ਬਖਸ਼ ਦਿੰਦਾ ਹੈ, ਕਾਮੀ ਨੂੰ ਵੀ ਬਖਸ਼ ਦਿੰਦਾ ਹੈ, ਕਰੋਧੀ ਵੀ ਬਖਸ਼ਿਆ ਜਾਂਦਾ ਹੈ, ਮੋਹ ਗ੍ਰਸਿਆ ਮਨੁੱਖ ਵੀ ਬਖਸ਼ਿਆ ਜਾਂਦਾ ਹੈ, ਹੰਕਾਰੀ ਨੂੰ ਬਖਸ਼ਣਾ ਬਹੁਤ ਔਖਾ ਹੈ, ਕਾਰਣ? ਹੰਕਾਰੀ ਕਹਿੰਦਾ ਹੈ ਮੈਂ ਹਾਂ, ਤੂੰ ਕੌਣ ਹੈਂ, ਤੂੰ ਹੈ ਹੀ ਨਹੀਂ, ਤੂੰ ਕੁਛ ਵੀ ਨਹੀਂ, ਹੰਕਾਰੀ ਦੂਜੇ ਨੂੰ ਮੰਨਦਾ ਹੀ ਨਹੀਂ। ਜੈਸੇ-ਜੈਸੇ ਉਸ ਦਾ ਹੰਕਾਰ ਵਧਦਾ ਜਾਂਦਾ ਹੈ ਸਭ ਉਸ ਦੇ ਸਾਹਮਣੇ ਛੋਟੇ ਹੁੰਦੇ ਜਾਂਦੇ ਨੇ। ਔਹ ਕੁਛ ਨਹੀਂ, ਔਹ ਕੁਛ ਨਹੀਂ। ਇਕ ਦਿਨ ਉਹ ਕਹਿ ਦਿੰਦਾ ਹੈ, ਗੁਰੂ ਵੀ ਕੁਛ ਨਹੀਂ, ਰੱਬ ਵੀ ਕੁਛ ਨਹੀਂ। ਹਰਣਾਖਸ਼ ਨੇ ਕਹਿ ਦਿੱਤਾ ਸੀ, ਰੱਬ ਕੀ ਹੁੰਦਾ ਹੈ, ਮੈਂ ਖ਼ੁਦ ਰੱਬ ਹਾਂ। ਅਵਤਾਰ ਸਿੰਘ ਨਿਰੰਕਾਰੀ ਨੇ ਕਹਿ ਦਿੱਤਾ ਸੀ, ਕੀ ਹੁੰਦਾ ਹੈ ਗੁਰੂ ਨਾਨਕ, ਮੈਂ ਖ਼ੁਦ ਗੁਰੂ ਨਾਨਕ ਹਾਂ। ਉਸ ਨੇ ਆਪਣਾ ਸਿਲਸਿਲਾ ਚਲਾ ਲਿਆ ਸੀ, ਹੰਕਾਰ ਵਧ ਗਿਆ। ਹੰਕਾਰ ਆਪਣੇ ਤੋਂ ਉੱਚਾ ਕਿਸੇ ਦੂਸਰੇ ਨੂੰ ਨਹੀਂ ਮੰਨ ਸਕਦਾ ਤੇ ਧਰਮ ਕਹਿੰਦਾ ਹੈ ਤੂੰ ਸਾਰਿਆਂ ਦੇ ਕਦਮਾਂ ਦੀ ਖ਼ਾਕ ਬਣ। ਸਾਰਿਆਂ ਦੇ ਚਰਨਾਂ ਦਾ ਦਾਸ ਬਣ ਪਰ ਹੰਕਾਰੀ ਕਹਿੰਦਾ ਹੈ ਕਿ ਮੈਂ ਤੇ ਸਾਰਿਆਂ ਦੇ ਸਿਰ ਤੇ ਬੈਠਣਾ ਹੈ। ਕਿਸੇ ਦਾ ਸਿਰ ਮੇਰੇ ਤੋਂ ਉੱਚਾ ਨਹੀਂ ਹੈ, ਸਭ ਮੇਰੇ ਤੋਂ ਨੀਵੇਂ ਨੇ। ਜਿਤਨੀ ਤਾਦਾਦ ਦੇ ਵਿਚ ਹੰਕਾਰ ਵਧਦਾ ਹੈ ਬਾਕੀ

ਸਭ ਨੀਵੇਂ ਹੋ ਜਾਂਦੇ ਨੇ। ਕਹਿੰਦੇ ਨੇ ਸਾਰੇ ਬਖਸ਼ੇ ਜਾਂਦੇ ਨੇ, ਹੰਕਾਰੀ ਨੂੰ ਪ੍ਰਭੂ ਨਹੀਂ ਬਖਸ਼ਦਾ, ਹੰਕਾਰੀ ਨਹੀਂ ਬਖਸ਼ਿਆ ਜਾਂਦਾ ਕਿਉਂਕਿ ਹੰਕਾਰੀ ਦਾ ਤਾਲਮੇਲ ਪਰਮਾਤਮਾ ਨਾਲ ਨਹੀਂ ਬੈਠਦਾ:-

*ਹਰਿ ਜੀਉ ਅਹੰਕਾਰੁ ਨ ਭਾਵਈ .... ॥*

ਇਹ ਹੰਕਾਰ ਕਿਧਰੇ ਵਿਅਕਤੀ ਪੱਧਰ ਤੇ ਹੁੰਦਾ ਹੈ, ਕਿਧਰੇ ਕੌਮੀ ਪੱਧਰ ਤੇ ਹੁੰਦਾ ਹੈ, ਕਿਧਰੇ ਦੇਸ਼ ਪੱਧਰ ਤੇ ਹੁੰਦਾ ਹੈ। ਕਿਧਰੇ ਸਾਰੇ ਹੀ ਦੇਸ਼ ਨੂੰ ਮਾਣ ਹੋ ਜਾਂਦਾ ਹੈ। ਅਸੀਂ ਬਹੁਤ ਵੱਡੇ, ਸਾਡਾ ਦੇਸ਼ ਬਹੁਤ ਵੱਡਾ। ਅਸੀਂ ਬੜੇ ਉੱਚੇ, ਐਵੇਂ ਫੋਕਾ ਹੰਕਾਰ ਹੋ ਜਾਂਦਾ ਹੈ। ਕੋਈ ਦੇਸ਼ ਹਰ ਗੱਲ ਦੇ ਵਿਚ ਅੱਗੇ ਨਹੀਂ ਹੈ ਔਰ ਕੋਈ ਦੇਸ਼ ਹਰ ਗੱਲ ਦੇ ਵਿਚ ਪਿੱਛੇ ਵੀ ਨਹੀਂ ਹੈ। ਕੋਈ ਵਿਅਕਤੀ ਹਰ ਗੱਲ ਵਿਚ ਪਿੱਛੇ ਨਹੀਂ ਹੈ, ਕੋਈ ਵਿਅਕਤੀ ਹਰ ਗੱਲ ਵਿਚ ਅੱਗੇ ਵੀ ਨਹੀਂ ਹੈ। ਕੋਈ ਕਿਸੇ ਤਲ ਤੇ ਅੱਗੇ ਹੋਵੇਗਾ, ਕੋਈ ਕਿਸੇ ਤਲ ਤੇ ਪਿੱਛੇ ਹੋਵੇਗਾ। ਪਰ ਜੇ ਉਸ ਨੂੰ ਹੰਕਾਰ ਹੋ ਜਾਏ, ਨਹੀਂ ਮੈਂ ਹਰ ਤਲ ਤੇ ਅੱਗੇ ਹਾਂ, ਹਰ ਗੱਲ ਵਿਚ ਅੱਗੇ ਹਾਂ, ਹਰ ਪਹਿਲੂ ਵਿਚ ਅੱਗੇ ਹਾਂ। ਐਸੇ ਬੰਦੇ ਦਾ ਵਿਕਾਸ ਰੁਕ ਜਾਂਦਾ ਹੈ, ਐਸੇ ਦੇਸ਼ ਦਾ ਵੀ ਵਿਕਾਸ ਰੁਕ ਜਾਂਦਾ ਹੈ ਔਰ ਐਸੀ ਕੌਮ ਦਾ ਵੀ ਵਿਕਾਸ ਰੁਕ ਜਾਂਦਾ ਹੈ। ਸੂਝ ਤੇ ਸਮਝ ਚਾਹੀਦੀ ਹੈ। ਸਾਹਿਬ ਕਹਿੰਦੇ ਨੇ, ਜਪ ਕਰਦਿਆਂ-ਕਰਦਿਆਂ, ਮਰਯਾਦਾ ਵਿਚ ਚਲਦਿਆਂ-ਚਲਦਿਆਂ, ਜੈਸੇ ਹੀ ਸੁਰਤ ਗਿਆਨ ਖੰਡ ਵਿਚ ਪਹੁੰਚਦੀ ਹੈ ਤਾਂ ਇਸ ਨੂੰ ਪਤਾ ਚਲਦਾ ਹੈ ਕਿ ਇਹ ਤੇ ਬੜਾ ਲੰਬਾ ਚੌੜਾ ਪਸਾਰਾ ਹੈ। ਕਈ ਕ੍ਰਿਸ਼ਨ ਨੇ, ਕਈ ਰਾਮ ਨੇ, ਕਿਤਨੇ ਹੀ ਬ੍ਰਹਮੇ ਨੇ, ਕਈ ਮਹੇਸ਼ ਨੇ ਔਰ ਉਸ ਨੂੰ ਪਤਾ ਚਲ ਜਾਂਦਾ ਹੈ ਕਿ ਪਰਮਾਤਮਾ ਵਿਅਕਤੀ ਨਹੀਂ ਹੈ, ਸ਼ਕਤੀ ਏ। ਇਸ ਵਿਚ ਇਹਨਾਂ ਮਹਾਂਪੁਰਸ਼ਾਂ ਦੀ ਸਤਿਗੁਰ ਨਿੰਦਾ ਨਹੀਂ ਕਰ ਰਹੇ। ਗਿਆਨ ਖੰਡੀ ਨੂੰ ਪਤਾ ਚਲ ਜਾਂਦਾ ਹੈ, ਕਿ ਇਹ ਉਹ ਪੁਰਸ਼ ਨੇ ਜੋ ਪਰਮਾਤਮਾ ਨੂੰ ਜਪਦਿਆਂ-ਜਪਦਿਆਂ ਪਰਮਾਤਮਾ ਦਾ ਰੂਪ ਹੋ ਗਏ, ਲੇਕਿਨ ਪਰਮਾਤਮਾ ਨਹੀਂ ਹਨ।

*ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ੧ ॥* (ਅੰਗ ੮੯੪)

avataar na jaaneh antt. Paramaesar paarabreham baeant.1.

*Incarnated beings do not know His limit.*
*The Transcendent Lord,*
*the Supreme Lord God, is infinite.1.*

ਅਵਤਾਰ ਵੀ ਉਸ ਦਾ ਪੂਰਨ ਅੰਤ ਨਹੀਂ ਪਾ ਸਕਦੇ। ਭਗਤ ਕਬੀਰ ਜੀ ਦਾ ਇਕ ਵਾਕ, ਜਦੋਂ ਆਪ ਗਿਆਨ ਖੰਡ ਵਿਚ ਪਹੁੰਚੇ, ਉਸ ਵਕਤ ਦੀ ਅਵਸਥਾ ਆਪ ਇੰਜ ਬਿਆਨ ਕਰਦੇ ਨੇ:-

*ਕੋਟਿ ਸੂਰ ਜਾ ਕੈ ਪਰਗਾਸ ॥ ਕੋਟਿ ਮਹਾਦੇਵ ਅਰੁ ਕਬਿਲਾਸ ॥* (ਅੰਗ ੧੧੬੨)

kott soor jaa kai pargaas. kott mehaadaev ar kabilaas.

*Millions of suns shine for Him,*
*millions of Shivas and Kailash mountains.*

ਕਬੀਰ ਜੀ ਕਹਿੰਦੇ ਨੇ ਪਹਿਲੇ ਇਹ ਤੇ ਦੱਸੋ, ਕਿਹੜੇ ਸੂਰਜ ਨੂੰ ਪਾਣੀ ਪਏ ਦਿੰਦੇ ਹੋ,

ਮੈਨੂੰ ਕਰੋੜਾਂ ਦਿਖਾਈ ਦੇ ਰਹੇ ਨੇ। ਕਿਸ ਸੂਰਜ ਦੀ ਪੂਜਾ ਕਰਦੇ ਹੋ? ਪਹਿਲੇ ਮੈਨੂੰ ਦੱਸੋ, ਕਿਸ ਸੂਰਜ ਨੂੰ ਭਗਵਾਨ ਆਖਦੇ ਹੋ, ਤਾਕਿ ਮੈ ਫ਼ੈਸਲਾ ਕਰ ਸਕਾਂ ਕਿ ਤੁਹਾਡਾ ਭਗਵਾਨ ਕਿਹੜਾ ਹੈ। ਇਹ ਤੇ ਬਹੁਤ ਸਾਰੇ ਨੇ। **ਕੋਟਿ ਸੂਰ ਜਾ ਕੈ ਪਰਗਾਸ॥ ਕੋਟਿ ਮਹਾਦੇਵ ਅਰੁ ਕਬਿਲਾਸ॥** ਪਹਿਲੇ ਇਹ ਦੱਸੋ ਕਿਹੜੇ ਸ਼ਿਵ ਜੀ ਨੂੰ ਪੂਜਦੇ ਪਏ ਹੋ, ਮੈਨੂੰ ਦੱਸੋ ਕਿਉਂਕਿ ਮੈਂ ਤੇ ਇਸ ਤਰ੍ਹਾਂ ਦੇ ਕਰੋੜਾਂ ਦੇਖਦਾ ਪਿਆ ਹਾਂ। **ਅਰੁ ਕਬਿਲਾਸ,** ਕਵਲਾ ਦੇ ਪਤੀ, ਵਿਸ਼ਨੂੰ, ਮੈਂ ਤੇ ਕਰੋੜਾਂ ਦੇਖਦਾ ਪਿਆ ਹਾਂ, ਇਕ ਨਹੀਂ। ਕਿਹੜੇ ਦੇ ਪੁਜਾਰੀ ਹੋ, ਪਹਿਲੇ ਇਹ ਦੱਸੋ। ਭਗਤ ਕਬੀਰ ਜੀ ਦਾ ਇਹ ਸ਼ਬਦ। ਉਂਜ ਨਾਮਦੇਵ ਜੀ ਦੇ ਵੀ ਨੇ, ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਨੇ ਵੀ ਬੜਾ ਖੋਲ੍ਹਿਆ ਹੈ, ਇਸ ਵਕਤ ਕਬੀਰ ਜੀ ਦਾ ਇਕ ਸ਼ਬਦ। ਅਗਾਂਹ ਚਲ ਕੇ ਕਹਿੰਦੇ ਨੇ:-

***ਕੋਟਿ ਚੰਦ੍ਰਮੇ ਕਰਹਿ ਚਰਾਕ॥ ਸੁਰ ਤੇਤੀਸਉ ਜੇਵਹਿ ਪਾਕ॥***

(ਅੰਗ ੧੧੬੨)

kott chandramae karehi charaak. sur taeteeso jaevehi paak.
*Millions of moons twinkle in the sky.*
*Three hundred thirty million*
*gods eat the Lord's offerings.*

ਪਹਿਲੇ ਇਹ ਦੱਸੋ ਤੁਸੀਂ ਚੰਦਰਮਾ ਦੇ ਨਾਲ ਜੁੜੇ ਹੋ, ਪੂਰਨਮਾਸ਼ੀ ਨਾਲ ਜੁੜੇ ਹੋ। ਜਿਸ ਦਿਨ ਚੰਦ੍ਰਮਾ ਪੂਰਨ ਹੋ ਜਾਂਦਾ ਹੈ। ਮਾਸ ਕਹਿੰਦੇ ਨੇ ਮਹੀਨੇ ਨੂੰ, ਮਾਸ ਪੂਰਾ ਹੋ ਗਿਆ। ਜਦੋਂ ਬੰਦੇ ਨੂੰ ਬਹੁਤੀ ਸਮਝ ਨਹੀਂ ਸੀ ਉਦੋਂ ਮਹੀਨੇ ਦੀ ਗਿਣਤੀ ਚੰਦਰਮੇ ਨਾਲ ਜੋੜੀ ਹੋਈ ਸੀ। ਮਾਸ ਕਹਿੰਦੇ ਨੇ ਮਹੀਨੇ ਨੂੰ, ਮਾਸ਼ੀ, ਮਹੀਨਾ, ਪੂਰਨਮਾਸ਼ੀ, ਮਹੀਨਾ ਪੂਰਾ ਹੋ ਗਿਆ ਹੈ, ਕਿਉਂਕਿ ਚੰਦਰਮਾ ਜੋ ਪੂਰਾ ਹੋ ਗਿਆ ਹੈ, ਉਸ ਦਿਨ ਨੂੰ ਇਹ ਪਵਿੱਤਰ ਜਾਣਨ, ਬਈ ਇਹ ਮਹਾਨ ਦਿਹਾੜਾ ਹੈ, ਇਹ ਪਵਿੱਤਰ ਹੈ। ਇਸ ਦਾ ਮਤਲਬ ੨੯ ਦਿਨ ਤੇ ਅਪਵਿੱਤਰ ਬਣਾਏ ਨੇ ਰੱਬ ਨੇ। ਇਕ ਦਿਨ ਪਵਿੱਤਰ ਬਣਾਇਆ ਤੇ ਜਿਸ ਨੇ ਇਤਨੇ ਅਪਵਿੱਤਰ ਦਿਨ ਬਣਾਏ ਨੇ ਉਹ ਆਪ ਕਿੱਥੋਂ ਪਵਿੱਤਰ ਹੋਵੇਗਾ। ਕਹਿੰਦੇ ਨੇ, ਇਹ ਦਿਨ ਚੰਗਾ ਨਹੀਂ। ਦਿਨ ਕਿਸ ਨੇ ਬਣਾਇਆ ਹੈ? ਰੱਬ ਨੇ। ਜੇ ਦਿਨ ਚੰਗਾ ਨਹੀਂ ਤੇ ਬਣਾਉਣ ਵਾਲਾ ਕਿੱਥੋਂ ਚੰਗਾ ਹੋਵੇਗਾ? ਅਸਲ ਵਿਚ ਅਸੀਂ ਕੁੱਝ ਵੀ ਨਹੀਂ ਸੋਚਦੇ। ਇਹ ਤੇ ਬਾਅਦ ਵਿਚ ਥੋੜੀ ਸਮਝ ਪਈ ਕਿ ਸੂਰਜ ਜਦ ਇਕ ਰਾਸ ਨੂੰ ਛੱਡ ਕੇ ਦੂਜੀ ਰਾਸ ਵਿਚ ਪਰਵੇਸ਼ ਕਰਦਾ ਹੈ, ਇਹ ਰੁੱਤ ਥਿੱਤ ਬਦਲਦੀ ਏ, ਇਹ ਚੰਦਰਮਾ ਕਰਕੇ ਸਾਰੀ ਹਲਚਲ ਨਹੀਂ, ਸੂਰਜ ਕਰਕੇ ਹੈ।

***ਸੂਰਜੁ ਏਕੋ ਰੁਤਿ ਅਨੇਕ॥***
***ਨਾਨਕ ਕਰਤੇ ਕੇ ਕੇਤੇ ਵੇਸ॥ ੨॥ ੨॥*** (ਅੰਗ ੧੨)

sooraj eaeko ruth anaek.
naanak karathae kae kaethae vaes.2.2.
*and the various seasons originate from the one sun;*
*O Nanak, in just the same way,*
*the many forms originate from the Creator.2.2.*

ਬਾਰਾਂ ਰਾਸਾਂ ਦੇ ਆਧਾਰ ਤੇ ਫਿਰ ਬਾਰਾਂ ਮਹੀਨੇ ਮੰਨੇ ਗਏ। ਫਿਰ ਮਹੀਨਿਆਂ ਦਾ ਸੰਬੰਧ ਸੂਰਜ ਨਾਲ ਜੋੜਿਆ ਗਿਆ। ਜਦ ਗਿਆਨ ਮਿਲਿਆ, ਸੂਝ ਸਮਝ ਮਿਲੀ। ਤੇ ਕਬੀਰ ਕਹਿੰਦੇ ਨੇ ਪਹਿਲੇ ਮੈਨੂੰ ਇਹ ਦੱਸੋ ਤੁਸੀਂ ਕਿਹੜੇ ਸੂਰਜ ਦੇ ਪੁਜਾਰੀ ਹੋ? ਸੂਰਜ ਇਕ ਨਹੀਂ ਹੈ।

*ਦੁਰਗਾ ਕੋਟਿ ਜਾ ਕੈ ਮਰਦਨੁ ਕਰੈ॥*
*ਬ੍ਰਹਮਾ ਕੋਟਿ ਬੇਦ ਉਚਰੈ॥ ੧॥* (ਅੰਗ ੧੧੬੨)

Durgaa kott jaa kai maradan karai.
brehamaa kott baed oucharai.1.
*Millions of Durga goddesses massage His Feet.*
*Millions of Brahmas chant the Vedas for Him.1.*

ਕਰੋੜਾਂ ਦੁਰਗਾ ਜੈਸੀਆਂ ਦੇਵੀਆਂ ਨੇ, ਜੋ ਸੇਵਾਦਾਰਨੀਆਂ ਨੇ, ਨੌਕਰਾਨੀਆਂ ਨੇ, ਪਰਮਾਤਮਾ ਦੇ ਸਾਹਮਣੇ ਉਹਨਾਂ ਦੀ ਕੋਈ ਵੈਲਯੂ (value) ਨਹੀਂ, ਤੇ ਕਰੋੜਾਂ ਹੀ ਬ੍ਰਹਮੇ ਜੈਸੇ ਗਿਆਨੀ ਨੇ। ਪਹਿਲੇ ਇਹ ਦੱਸੋ ਕਿਹੜੇ ਦੇ ਪੁਜਾਰੀ ਹੋ, ਕਿਹੜੀ ਦੁਰਗਾ ਨੂੰ ਮੰਨਦੇ ਹੋ। ਭਗਤ ਕਬੀਰ ਜੀ, ਆਪ ਅਗਾਂਹ ਚਲ ਕੇ ਕਹਿੰਦੇ ਨੇ:-

*ਕੋਟਿ ਕਮੇਰ ਭਰਹਿ ਭੰਡਾਰ॥ ਕੋਟਿਕ ਲਖਿਮੀ ਕਰੈ ਸੀਗਾਰ॥* (ਅੰਗ ੧੧੬੩)

kott kamaer bharehi bhanddaar.
kottik lakhamee karai seegaar.
*Millions of treasurers fill His Treasury.*
*Millions of Lakshmis adorn themselves for Him.*

ਲਕਸ਼ਮੀ ਦਾ ਪੂਜਣ ਕਰਨ ਵਾਲਿਓ, ਪਹਿਲੇ ਮੈਨੂੰ ਦੱਸੋ ਕਿਹੜੀ ਲਕਸ਼ਮੀ ਦੀ ਪੂਜਾ ਕਰਦੇ ਹੋ। ਲਕਸ਼ਮੀ ਕਰੋੜਾਂ ਤਰ੍ਹਾਂ ਦੀ ਹੈ, ਕੋਈ ਇਕ ਹੈ। ਫਿਰ ਕਬੀਰ ਇੱਥੇ ਤਕ ਗੱਲ ਨਹੀਂ ਮੁਕਾਉਂਦੇ, ਅਗਾਂਹ ਚਲਦੇ ਨੇ:-

*ਬਾਵਨ ਕੋਟਿ ਜਾ ਕੈ ਰੋਮਾਵਲੀ॥ ਰਾਵਨ ਸੈਨਾ ਜਹ ਤੇ ਛਲੀ॥*

baavan kott jaa kai romaavalee.
raavan sainaa jeh tae shalee.
*Rama, with millions of monkeys,*
*conquered Raawan's army.*

ਜਿਸ ਨੇ ਰਾਵਣ ਦੀ ਸੈਨਾ ਨੂੰ ਛਲ ਕੇ, ਰਾਵਣ ਦਾ ਬੱਧ ਕੀਤਾ ਉਹ ਰਾਮ ਵੀ ਮੈਂ ਕਰੋੜਾਂ ਦੇਖਦਾ ਪਿਆ ਹਾਂ। ਪਹਿਲੇ ਮੈਨੂੰ ਦੱਸੋ ਕਿਹੜੇ ਰਾਮ ਦੇ ਪੁਜਾਰੀ ਹੋ, ਭਗਤ ਕਬੀਰ। ਪਤਾ ਹੈ ਅੱਗੇ ਚਲ ਕੇ ਕੀ ਕਹਿੰਦੇ ਨੇ, ਮੈਂ ਤੇ ਕਬੀਰ ਜੀ ਦਾ ਇਹ ਸ਼ਬਦ ਪੜ੍ਹ ਕੇ ਹੈਰਾਨ ਹੋ ਗਿਆ, ਵੈਸੇ ਨਾਮ ਦੇਵ ਜੀ ਦਾ ਵੀ ਇਸ ਤਰ੍ਹਾਂ ਦਾ ਸ਼ਬਦ ਹੈ, ਵੈਸੇ ਜ਼ਰਾ ਕਰੜਾ ਹੈ। ਭਗਤ ਕਬੀਰ ਅਗਾਂਹ ਚਲ ਕੇ ਕਹਿੰਦੇ ਨੇ:-

*ਸਹਸ ਕੋਟਿ ਬਹੁ ਕਹਤ ਪੁਰਾਨ॥ ਦੁਰਜੋਧਨ ਕਾ ਮਥਿਆ ਮਾਨੁ॥ ੭॥*
(ਅੰਗ ੧੧੬੩)

sehas kott bahu kehat puraan. durajodhan kaa mathiaa maan.7.

*Billions of Puraanas greatly praise Him;*
*He humbled the pride of Duryodhan.7.*

ਜਿਸ ਨੇ ਦਰਜੋਧਨ ਦੇ ਮਾਣ ਨੂੰ ਮਿੱਟੀ ਵਿਚ ਮਿਲਾ ਦਿੱਤਾ, ਉਹ ਕ੍ਰਿਸ਼ਨ ਵੀ ਮੈਂ ਕਰੋੜਾਂ ਦੇਖਦਾ ਪਿਆ ਹਾਂ। ਪਹਿਲੇ ਮੈਨੂੰ ਦੱਸੋ ਕਿਸ ਦੇ ਪੁਜਾਰੀ ਹੋ, ਕਿਸ ਨੂੰ ਪਏ ਪੂਜਦੇ ਹੋ। ਗਿਆਨ ਖੰਡ ਵਿਚ ਪਹੁੰਚ ਕੇ ਪਰਮਾਤਮਾ ਵਿਅਕਤੀ ਨਹੀਂ ਹੈ, ਸ਼ਕਤੀ ਹੈ। ਇਸ ਵਾਸਤੇ ਕਲਗੀਧਰ ਪਿਤਾ ਨੇ ਆਪਣੀ ਕਥਾ ਵਿਚ ਲਿਖ ਦਿੱਤਾ, ਜਿਹੜਾ ਮੈਨੂੰ ਪਰਮਾਤਮਾ ਆਖੇਗਾ, ਕੁੰਭੀ ਨਰਕ ਵਿਚ ਜਾਏਗਾ:-

***ਜੋ ਹਮ ਕੋ ਪਰਮੇਸਰ ਉਚਰਿ ਹੈਂ॥ ਤੇ ਸਭ ਨਰਕਿ ਕੁੰਡ ਮਹਿ ਪਰਿ ਹੈਂ॥***
***ਮੋ ਕੋ ਦਾਸੁ ਤਵਨ ਕਾ ਜਾਨੋ॥ ਯਾ ਮੈਂ ਭੇਦ ਨ ਰੰਚ ਪਛਾਨੋ॥ ੩੨॥***
***ਮੈਂ ਹੋ ਪਰਮ ਪੁਰਖ ਕੋ ਦਾਸਾ॥ ਦੇਖਨਿ ਆਯੋ ਜਗਤ ਤਮਾਸਾ॥*** (ਬਚਿਤ੍ਰ ਨਾਟਕ)

jo ham ko paramaesar oucharihai.
tae sabh narak kanudd meh parhai.
mo ko dhaas thavan kaa jaano.
yaa mai bhaedh na ranch pachhaano.32.
mai ho param purakh ko daasaa.
daekhan aayo jagat tamaasaa.

*Those who call me the Supreme Being,*
*They all shall fall into the pit of hell.*
*Consider me as His (the Immortal Lord's) servant,*
*Understand that there is not one iota*
*of discrepancy in this statement,.32.*
*I am servant to the Supreme Lord.*
*And have come to witness the pageant of this world.*

ਮੈਂ ਉਸ ਦਾ ਨਿਮਾਣਾ ਸੇਵਕ ਹਾਂ, ਪਰਮਾਤਮਾ ਨਹੀਂ ਹਾਂ, ਭੁੱਲ ਕੇ ਵੀ ਮੈਨੂੰ ਪਰਮਾਤਮਾ ਜੈਸਾ ਨਾ ਕਹਿਣਾ ਔਰ ਜਿਹੜਾ ਆਖੇਗਾ, ਕੁੰਭੀ ਨਰਕ ਵਿਚ ਜਾਏਗਾ। ਮੈਂ ਤੇ ਪਰਮਾਤਮਾ ਨਾਲ ਜੋੜਨ ਵਾਲਾ, ਪਰਮਾਤਮਾ ਦੀ ਗੱਲ ਆਖਣ ਵਾਲਾ, ਉਹਦਾ ਸੇਵਕ, ਉਹਦਾ ਦਾਸ। ਗਿਆਨ ਖੰਡ ਵਿਚ ਪਹੁੰਚ ਕੇ ਹੀ ਐਸਾ ਪਤਾ ਚਲਦਾ ਹੈ ਤੇ ਗਿਆਨ ਖੰਡ ਵਿਚ ਜਿਹੜੇ ਨਹੀਂ ਪਹੁੰਚਦੇ ਤੇ ਧਰਮ ਖੰਡ ਵਿਚ ਰੁਕੇ ਹੋਏ ਨੇ ਉਹ ਕਹਿੰਦੇ ਨੇ ਫਲਾਣੇ ਦੀ ਬਖਸ਼ਿਸ਼, ਫਲਾਣੇ ਦੀ ਬਖਸ਼ਿਸ਼। ਪਰ ਜਦੋਂ ਕੋਈ ਗਿਆਨ ਖੰਡ ਵਿਚ ਪਹੁੰਚਦਾ ਹੈ, ਉਸ ਨੂੰ ਸਮਝ ਆ ਜਾਂਦੀ ਹੈ:-

***ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ॥*** (ਅੰਗ ੬੦੪)

daatai daat rakhee hath apanai jis bhaavai tis daeee.

*The Great Giver keeps His Gifts in His Hand;*
*He gives them to those with whom He is pleased.*

ਸਾਰੀਆਂ ਦਾਤਾਂ ਉਸ ਪਰਮਾਤਮਾ ਦੇ ਕੋਲ ਨੇ ਔਰ ਨਾ ਹੀ ਉਸ ਦੀ ਮਰਜ਼ੀ ਤੋਂ ਬਿਨਾਂ

ਕੋਈ ਸਰਾਪ ਦੇ ਸਕਦਾ ਹੈ ਅਤੇ ਨਾ ਹੀ ਉਸ ਦੀ ਮਰਜ਼ੀ ਤੋਂ ਬਿਨਾਂ ਕੋਈ ਵਰ ਦੇ ਸਕਦਾ ਹੈ। ਸਭ ਕੁਛ ਉਸ ਤੋਂ ਹੀ ਹੁੰਦਾ ਹੈ। ਇਹ ਫੁਰਨਾ ਉਸ ਤੋਂ ਹੀ ਮਿਲਦਾ ਹੈ। ਇਹ ਫੁਰਨਾ ਪਰਮਾਤਮਾ ਦਾ ਹੀ ਹੈ। ਗਿਆਨ ਖੰਡ ਵਿਚ ਪਹੁੰਚ ਕੇ ਹੀ ਐਸਾ ਪਤਾ ਚਲਦਾ ਹੈ, ਗਿਆਨ ਖੰਡੀ ਦੀ ਕੀ ਪਹਿਚਾਣ ਕਿ ਪਰਮਾਤਮਾ ਉਸ ਦੇ ਸਾਹਮਣੇ ਵਿਅਕਤੀ ਨਹੀਂ ਹੈ, ਸ਼ਕਤੀ ਹੈ। ਮਹਾਨ ਸ਼ਕਤੀ ਹੈ ਔਰ ਉਸ ਨੂੰ ਆਤਮ ਅਨੁਭਵ ਵੀ ਹੋ ਜਾਂਦਾ ਹੈ ਕਿ ਬੜੇ ਅਵਤਾਰ ਨੇ, ਬੜੇ ਪੀਰ ਪੈਗੰਬਰ ਨੇ, ਬੜੇ ਭਗਤ ਨੇ, ਬੜੇ ਹੀ ਸ਼ਕਤੀਆਂ ਵਾਲੇ ਦੇਵਤੇ ਨੇ, ਬੜਾ ਲੰਬਾ ਚੌੜਾ ਪਸਾਰਾ ਹੈ, ਬਹੁਤ ਕੁਛ ਹੈ ਔਰ ਇਸ ਬ੍ਰਹਿਮੰਡ ਵਿਚ ਅਨੇਕਾਂ ਰੂਹਾਂ ਤੇ ਆਤਮਾਵਾਂ ਨੇ:-

***ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ॥*** (ਅੰਗ ੨੭੬)

kee kott bhooth praeth sookar mrigaach.
*Many millions are the evil nature-spirits,*
*ghosts, pigs and tigers.*

ਗੁਰੂ ਅਰਜਨ ਦੇਵ ਜੀ, ਅਨੇਕਾਂ ਐਸੀਆਂ ਰੂਹਾਂ ਨੇ ਜਿਨ੍ਹਾਂ ਕੋਲ ਜਿਸਮ ਨਹੀਂ ਹੈ, ਸਰੀਰ ਨਹੀਂ ਹੈ, ਕਾਇਆ ਨਹੀਂ ਹੈ ਪਰ ਹੈਗੀਆਂ ਨੇ। ਜਿਸ ਤਰ੍ਹਾਂ ਮਨੁੱਖਾਂ ਵਿਚ ਕਈ ਨੇਕ ਨੇ ਅਤੇ ਕਈ ਬਦ ਨੇ, ਇਹਨਾਂ ਰੂਹਾਂ ਵਿਚ ਵੀ ਕਈ ਨੇਕ ਨੇ, ਕਈ ਬਦ ਨੇ। ਜੋ ਨੇਕ ਨੇ ਉਹਨਾਂ ਨੂੰ ਦੇਵ ਕਹਿ ਦਿੰਦੇ ਨੇ ਅਤੇ ਜੋ ਬਦ ਨੇ ਉਹਨਾਂ ਨੂੰ ਭੂਤ ਪਰੇਤ ਕਹਿ ਦਿੰਦੇ ਨੇ। ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ॥ ਮੈਂ ਪਹਿਲੇ ਕਤਈ ਨਹੀਂ ਮੰਨਦਾ ਸੀ। ਲੇਕਿਨ ਜਦ ਗੁਰਬਾਣੀ ਦੀ study ਕੀਤੀ ਤੇ ਸਤਿਗੁਰ ਦੀ ਬਾਣੀ ਨੇ ਜਦ ਐਸਾ ਕਿਹਾ ਤੇ ਮੈਨੂੰ ਖੋਜਣ ਤੇ ਮਜਬੂਰ ਹੋਣਾ ਪਿਆ। ਫਿਰ ਜਦ ਮੈਂ ਜਨਮ ਸਾਖੀ ਪੜ੍ਹੀ, ਉਸ ਦੇ ਵਿਚ ਤੇ ਬਹੁਤ ਸਾਰੀਆਂ ਇਸ ਢੰਗ ਦੀਆਂ ਕਹਾਣੀਆਂ, ਗਾਥਾਵਾਂ, ਕਥਾ ਔਰ ਜਨਮ ਸਾਖੀ ਪੜ੍ਹ ਕੇ ਮੈਂ ਹੈਰਾਨ ਵੀ ਹੋਇਆ, ਕਿਉਂਕਿ ਹੋਰ ਧਰਤੀਆਂ, ਹੋਰ ਗ੍ਰਹਿ, ਹੋਰ ਧਰਤੀਆਂ ਦਾ ਵੀ ਜ਼ਿਕਰ ਹੈ। ਜੈਸੇ ਮਰਦਾਨਾ ਪੁੱਛਦਾ ਹੈ, ਬਾਬਾ, ਆਪਾਂ ਕਿੱਥੇ ਆ ਗਏ ਹਾਂ, ਸਤਿਗੁਰ ਕਹਿੰਦੇ ਨੇ ਚੰਦਰ ਲੋਗ ਵਿਚ ਆ ਗਏ ਹਾਂ, ਚੰਦਰਮਾ ਤੇ। ਜਿਸ ਦਿਨ ਮੈਂ ਪੜ੍ਹਿਆ ਕਿ ਚੰਦਰਮਾ ਤੇ ਨਾ ਕੋਈ ਆਕਸੀਜਨ (Oxygen) ਹੈ, ਨਾ ਕੋਈ ਪਵਨ ਹੈ, ਨਾ ਕੋਈ ਪਾਣੀ ਹੈ ਅਤੇ ਜਨਮ ਸਾਖੀ ਵਿਚ ਇਹ ਕਥਾ ਲਿਖੀ ਹੈ, ਬਾਬਾ ਚੰਦਰਮਾ ਤੇ ਔਰ ਜਨਮ ਸਾਖੀ ਵਿਚ ਪਤਾ ਹੈ ਚੰਦਰਮਾ ਦੀ ਕਿਤਨੀ ਦੂਰੀ ਲਿਖੀ ਗਈ ਹੈ, ਅਜੋਕੀ ਸਾਇੰਸ ਜੋ ਦੱਸਦੀ ਹੈ ਇਤਨੀ ਦੂਰੀ ਲਿਖੀ ਗਈ ਹੈ, ਜੋਜਨਾਂ ਦੇ ਹਿਸਾਬ ਨਾਲ। ਧਰੂ ਮੰਡਲ ਹੋਰ ਗ੍ਰਹਿ ਨਛੱਤਰ। ਫਿਰ ਮੈਂ ਆਪਣੇ ਢੰਗ ਨਾਲ ਇਸ ਦੀ ਖੋਜ ਕੀਤੀ, ਪਰਮ ਪੁਰਖ ਆਪਣੀ ਕਾਇਆ ਨੂੰ ਇਕ ਪਾਸੇ ਕਰ ਦਿੰਦੇ ਨੇ, ਔਰ ਆਤਮਿਕ ਰੂਪ ਵਿਚ ਭਰਮਣ ਕਰਦੇ ਨੇ। ਇਹ ਵੀ ਇਕ ਢੰਗ ਹੈ।

***ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥***
***ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ ੩॥*** (ਅੰਗ ੧੪)

sidh hovaa sidh laaee ridh aakhaa aao.
gupat pargatt hoe baisaa lok raakhai bhaao.
mat daekh bhula visarai taera chit na aavai naao.3.

*If I were to become a Siddha,*
*and work miracles, summon wealth*
*and become invisible and visible at will,*
*so that people would hold me in awe*
*-seeing these, I might go astray and forget You,*
*and Your Name would not enter into my mind.3.*

ਆਪਣੀ ਪੂਜਾ ਪ੍ਰਤਿਸ਼ਟਾ ਲਈ ਐਸਾ ਕਰਨਾ, ਇਹ ਗ਼ਲਤ ਹੈ ਲੇਕਿਨ ਸੰਸਾਰ ਨਾਲ ਸੰਬੰਧ ਜੋੜਨ ਵਾਸਤੇ ਐਸਾ ਕਰਨਾ, ਉਹਨਾਂ ਨੂੰ ਇਹ ਰੱਬੀ ਹਦਾਇਤ ਹੁੰਦੀ ਹੈ। ਐਸਾ ਉਹ ਕਰ ਸਕਦੇ ਨੇ। ਆਤਮਾ ਨੂੰ ਹਵਾ ਦੀ ਲੋੜ ਨਹੀਂ, ਪਾਣੀ ਦੀ ਲੋੜ ਨਹੀਂ, ਆਕਸੀਜਨ (Oxygen) ਦੀ ਲੋੜ ਨਹੀਂ। ਉਹ ਕਈ ਰੂਹਾਨੀ ਮੰਡਲ ਨੇ। ਖ਼ਾਲੀ ਕੁਛ ਵੀ ਨਹੀਂ। ਜਨਮ ਸਾਖੀ ਕਹਿੰਦੀ ਹੈ ਕੋਈ ਗ੍ਰਹਿ ਖ਼ਾਲੀ ਨਹੀਂ।

*ਤਿਥੈ ਲੋਅ ਲੋਅ ਆਕਾਰ ॥*
tithai loa loa aakaar.
*There are worlds upon worlds of His Creation.*

ਓਥੇ ਅਲੱਗ-ਅਲੱਗ ਆਕਾਰ ਨੇ। ਵੱਖ-ਵੱਖ ਤਰ੍ਹਾਂ ਦਾ ਜੀਵਨ ਹੈ, ਇਸ ਤਰ੍ਹਾਂ ਦਾ ਜੀਵਨ ਨਹੀਂ ਹੈ, ਇਸ ਤਰ੍ਹਾਂ ਦੀ ਜ਼ਿੰਦਗੀ ਨਹੀਂ ਹੈ। ਜਿਵੇਂ ਇਸ ਪ੍ਰਿਥਵੀ ਤੇ ਜੀਵਨ ਹੈ ਇਸ ਤਰ੍ਹਾਂ ਦੀ ਜ਼ਿੰਦਗੀ ਨਹੀਂ ਹੈ ਅਤੇ ਇਸ ਤਰ੍ਹਾਂ ਦਾ ਆਹਾਰ ਵੀ ਨਹੀਂ ਹੈ। ਉਹ ਵੱਖ-ਵੱਖ ਜ਼ਿੰਦਗੀਆਂ ਨੇ, ਅਨੇਕਾਂ ਤਰ੍ਹਾਂ ਦੀਆਂ ਜ਼ਿੰਦਗੀਆਂ ਨੇ। ਪਰ ਇਸ ਸਭ ਕੁਛ ਦਾ ਗਿਆਨ ਖੰਡ ਵਿਚ ਪਹੁੰਚ ਕੇ ਪਤਾ ਚਲਦਾ ਹੈ। ਜੈਸੇ ਸੁਰਤ ਜਪਦਿਆਂ-ਜਪਦਿਆਂ ਗਿਆਨ ਖੰਡ ਵਿਚ ਪਹੁੰਚਦੀ ਹੈ, ਇਹ ਸਾਰੀ ਦੀ ਸਾਰੀ ਜਾਣਕਾਰੀ ਮਿਲ ਜਾਂਦੀ ਹੈ। ਇਸ ਸਭ ਕੁਛ ਦਾ ਬੋਧ ਹੋ ਜਾਂਦਾ ਹੈ, ਗਿਆਨ ਹੋ ਜਾਂਦਾ ਹੈ। ਪਰ ਅਜੇ ਗਿਆਨ ਹੋਇਆ ਹੈ, ਪਰਮਾਤਮਾ ਨਹੀਂ ਮਿਲਿਆ। ਸਮਝ ਪੈ ਗਈ ਹੈ, ਪਰਮਾਤਮਾ ਨਹੀਂ ਮਿਲਿਆ। ਈਸ਼ਵਰ ਨਹੀਂ ਮਿਲਿਆ। ਪਰ ਇਤਨਾ ਪਤਾ ਚਲ ਗਿਆ ਹੈ ਕਿ ਬੜੇ ਸੰਤ ਨੇ, ਬੜੇ ਅਵਤਾਰ ਨੇ, ਬੜੇ ਪੈਗੰਬਰ ਨੇ, ਬੜਾ ਲੰਬਾ ਚੌੜਾ ਪਸਾਰਾ ਹੈ। ਬੜੀਆਂ ਧਰਤੀਆਂ ਨੇ, ਬੜੇ ਸੰਤ ਨੇ, ਬੜੇ ਮਹੰਤ ਨੇ। ਕਰੋੜਾਂ ਅਰਬਾਂ ਖਰਬਾਂ ਸੂਰਜ ਨੇ, ਚੰਦਰਮਾ ਨੇ। ਇਹ ਤੇ ਬਹੁਤ ਲੰਬਾ ਚੌੜਾ ਪਸਾਰਾ ਹੈ, ਗਿਆਨ। ਗਿਆਨ ਨਾਲ ਹਿਰਦਾ ਨਿਰਮਲ ਵੀ ਨਹੀਂ ਹੁੰਦਾ। ਗਿਆਨੀ ਕਪਟੀ ਹੋ ਸਕਦਾ ਹੈ।

*ਹ੍ਰਿਦੈ ਕਪਟੁ ਮੁਖ ਗਿਆਨੀ ॥ ਝੂਠੇ ਕਹਾ ਬਿਲੋਵਸਿ ਪਾਨੀ ॥ ੧ ॥* (ਅੰਗ ੬੫੬)
hridai kapatt mukh giaanee.
jhoothae kehaa bilovas paanee.1.
*In his heart there is deception,*
*and yet in his mouth are words of wisdom.*
*You are false - why are you churning water?.1.*

ਜਿਤਨੇ ਚਿਰ ਤਕ ਸੱਚ ਦੀ ਪ੍ਰਾਪਤੀ ਨਹੀਂ ਹੁੰਦੀ। ਜਿੰਨੀ ਦੇਰ ਸੱਚ ਖੰਡ ਤਕ ਸੁਰਤ ਪਹੁੰਚਦੀ ਨਹੀਂ, ਝੂਠ ਦੀ ਮੈਲ ਰਹੇਗੀ। ਧਰਮ ਖੰਡੀ ਕੋਲ ਤੇ ਬਹੁਤ ਹੁੰਦੀ ਹੈ। ਉਸ ਦੀ

ਜ਼ਿੰਦਗੀ ਬਹੁਤ ਉਤਲੀ ਹੁੰਦੀ ਏ। ਨਵਾਂ-ਨਵਾਂ ਇਸ ਮਾਰਗ ਤੇ ਚਲਿਆ ਹੈ, ਬੜਾ ਉਤਲਾਪਨ ਹੈ, ਔਰ ਹੈ ਕੁਛ ਵੀ ਨਹੀਂ। ਗਹਿਰਾਈ ਕੁਛ ਵੀ ਨਹੀਂ ਹੈ ਉਸ ਕੋਲ। ਗਿਆਨ ਖੰਡੀ ਕੋਲ ਗਿਆਨ ਹੈ, ਹਿਰਦੇ ਦੀ ਸ਼ੁੱਧੀ ਨਹੀਂ ਹੈ, ਕਿਉਂਕਿ ਅਜੇ ਸੱਚ ਦੀ ਪ੍ਰਾਪਤੀ ਨਹੀਂ ਹੈ।

ਅਗਰ ਇਹ ਜਾਪ ਜਾਰੀ ਰਹੇ, ਜਾਪ ਕਰਦਾ ਰਹੇ ਔਰ ਜਪ ਦੀ ਜੋ ਵਿਧੀ ਸਤਿਗੁਰ ਨਾਨਕ ਦੇਵ ਜੀ ਨੇ ਦੱਸੀ ਏ, ਮੈਂ ਅੱਗੇ ਬਿਆਨ ਕਰਾਂਗਾ। ਅਗਰ ਇਹ ਜਪ ਜਾਰੀ ਰਹੇ ਤਾਂ ਸੁਰਤ ਪਹੁੰਚ ਜਾਂਦੀ ਹੈ ਸਰਮ ਖੰਡ ਵਿਚ। ਤੇ ਸਰਮ ਖੰਡ ਵਿਚ ਕੀ ਏ, ਤੀਸਰੇ ਪੜਾਉ ਵਿਚ ਕੀ ਏ। ਓਥੇ ਜੋ ਕੁੱਝ ਹੈ ਇਹ ਸਾਰੀਆਂ ਵਿਚਾਰਾਂ ਅੱਗੇ ਹਨ।

# ਭਾਗ ੬

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***

***ਬੇਸੁਮਾਰ ਅਥਾਹ ਅਗਨਤ ਅਤੋਲੈ ॥***
***ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥ ੮ ॥ ੨੧ ॥*** (ਅੰਗ ੨੯੨)

ਸਨਮਾਨ ਯੋਗ ਗੁਰੂ ਰੂਪ ਸਾਧ ਸੰਗਤ ਜੀਓ! ਸਨਿਮਰ ਗੁਰਦੇਵ ਜੀ ਦੀ ਫਤਹਿ ਪ੍ਰਵਾਨ ਕਰਨੀ ਜੀ।

***ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥***

ਇਕ ਲੜੀਵਾਰ ਵਿਚਾਰ ਆਪ ਪੰਜ ਖੰਡਾਂ ਦੀ ਪੜ੍ਹ ਰਹੇ ਹੋ। ਜਿਸ ਵਿਚ ਮੈਂ ਪਹਿਲੇ ਖੰਡ, ਧਰਮ ਖੰਡ ਤੇ ਗਿਆਨ ਖੰਡ ਦੀ ਹੀ ਕੁੱਝ ਵਜਾਹਤ ਕਰ ਸਕਿਆ ਹਾਂ। ਧਰਮ ਖੰਡ ਸਿਰਫ਼ ਬਾਹਰੋਂ ਜੀਵਨ ਨੂੰ, ਸਰੀਰ ਨੂੰ ਮਰਯਾਦਾ ਦੇਣੀ, ਬੱਸ ਇਤਨਾ ਹੀ ਹੈ। ਧਰਮ ਖੰਡੀ ਅੰਤਰਮੁਖੀ ਨਹੀਂ ਹੁੰਦਾ। ਧਰਮ ਖੰਡੀ ਦੀ ਅੰਦਰ ਯਾਤਰਾ ਨਹੀਂ।

ਪਦਾਰਥ ਦੀ ਖੋਜ ਕਰਨੀ ਹੈ, ਬਾਹਰ ਕਰਨੀ ਪਵੇਗੀ, ਪਰਮਾਤਮਾ ਦੀ ਖੋਜ ਕਰਨੀ ਹੈ ਤੇ ਅੰਦਰ ਕਰਨੀ ਪਵੇਗੀ:-

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
(ਅੰਗ ੨੯੩)

no nidh anmrit prabh kaa naam.
daehee meh eis kaa bisraam.
*The nine treasures are in the Ambrosial Name of God.*
*Within the human body is its place of rest.*

ਉਹ ਜੋ ਨਉ ਨਿਧਿ ਨਾਮ ਹੈ ਉਹ ਤੇ ਅੰਦਰੋਂ ਹੀ ਲੱਭੇਗਾ। ਧਨ ਬਾਹਰੋਂ ਲੱਭੇਗਾ, ਧਰਮ ਅੰਦਰੋਂ ਲੱਭੇਗਾ। ਪਦਾਰਥ ਬਾਹਰੋਂ ਲੱਭੇਗਾ, ਪਰਮਾਤਮਾ ਅੰਦਰੋਂ ਲੱਭੇਗਾ। ਪਰਵਾਰ ਦੀ ਦੁਨੀਆਂ ਬਾਹਰ ਦੀ ਦੁਨੀਆ ਹੈ, ਨਿਰੰਕਾਰ ਦੀ ਦੁਨੀਆ ਅੰਦਰ ਦੀ ਦੁਨੀਆ ਹੈ। ਬਾਹਰ ਵੀ ਕੁਛ ਚਾਹੀਦਾ ਹੈ, ਅੰਦਰੋਂ ਵੀ ਕੁਛ ਚਾਹੀਦਾ ਹੈ। ਬਾਹਰ ਲੋਕ ਹੈ, ਅੰਦਰ ਪਰਲੋਕ ਹੈ। ਅੰਦਰ ਦੀ ਦੁਨੀਆਂ ਸਰੀਰ ਤੋਂ ਪਰ੍ਹੇ ਦੀ ਦੁਨੀਆ, ਪਰਲੋਕ ਹੈ। ਮਨ ਤੋਂ ਪਰ੍ਹੇ ਦੀ ਦੁਨੀਆ, ਪਰਲੋਕ ਹੈ। ਪਦਾਰਥਾਂ ਤੋਂ ਪਰ੍ਹੇ ਦੀ ਦੁਨੀਆ, ਪਰਲੋਕ ਹੈ। ਇਸ ਦੇ ਅੱਖਰੀ ਅਰਥ ਇਹ ਨੇ, ਇਹ ਲੋਕ ਅਤੇ ਇਸ ਤੋਂ ਪਰ੍ਹੇ ਹੈ, ਪਰਲੋਕ। ਇਹ ਲੋਕ ਜਿਸ ਵਿਚ ਅਸੀਂ ਜੀ ਰਹੇ ਹਾਂ, ਬਾਹਰਮੁਖੀ।

ਪਰਲੋਕ, ਇਸ ਤੋਂ ਪਰ੍ਹੇ ਦੀ ਦੁਨੀਆ, ਸਰੀਰ ਤੋਂ ਪਰ੍ਹੇ ਦੀ ਦੁਨੀਆ, ਪਦਾਰਥ ਤੋਂ ਪਰ੍ਹੇ ਦੀ ਦੁਨੀਆ, ਧਨ ਤੋਂ ਪਰ੍ਹੇ ਦੀ ਦੁਨੀਆ, ਪਰਵਾਰ ਤੋਂ ਪਰ੍ਹੇ ਦੀ ਦੁਨੀਆ।

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥*

(ਅੰਗ ੨੯੩)

ਧਰਮ ਖੰਡੀ ਚਲ ਤੇ ਪਿਆ ਹੈ ਪਰ ਅਜੇ ਬਾਹਰ ਹੈ। ਅਜੇ ਅੰਦਰ ਦੀ ਤਰਫ਼ ਇਸ ਦੀ ਯਾਤਰਾ ਨਹੀਂ, ਅਜੇ ਸਾਰਾ ਜ਼ੋਰ ਇਸ ਦਾ ਬਾਹਰ ਤੇ ਹੈ। ਜਿਸ ਨੂੰ ਹਿੰਦੂ ਧਰਮ ਵਿਚ ਕਰਮ ਕਾਂਡੀ ਕਹਿ ਦਿੰਦੇ ਨੇ। ਜਿਸ ਨੂੰ ਇਸਲਾਮ ਵਿਚ ਕਹਿੰਦੇ ਨੇ ਬੜਾ ਸ਼ਰੱਈ ਹੈ। ਸ਼ਰ੍ਹਾ ਦਾ ਪਾਬੰਦ ਹੈ। ਬਾਕਾਇਦਾ ਰੋਜ਼ੇ ਰੱਖਦਾ ਹੈ, ਹੱਜ ਕਰਨ ਗਿਆ ਹੈ, ਜ਼ਕਾਤ ਦਿੰਦਾ ਹੈ, ਕੁਰਾਨ ਦੀ ਤਲਾਵਤ ਕਰਦਾ ਹੈ, ਪਰ ਇਹ ਸਭ ਕੁੱਝ ਬਾਹਰਮੁਖੀ ਹੈ। ਅਜੇ ਅੰਦਰ ਦੀ ਯਾਤਰਾ ਨਹੀਂ ਹੈ। ਹੂਬਹੂ ਇਸੇ ਤਰ੍ਹਾਂ ਸਿੱਖ ਜਗਤ ਵਿਚ ਬਾਹਰ ਦਾ ਕਰਮ ਕਾਂਡ। ਅਜੇ ਗੁਰਦੁਆਰੇ ਆ ਰਿਹਾ ਹੈ, ਸਿੱਖੀ ਦਾ ਬਾਣਾ ਇਸ ਨੇ ਪਹਿਣ ਲਿਆ ਹੈ। ਅੰਦਰ ਦੀ ਯਾਤਰਾ ਕੁਛ ਵੀ ਨਹੀਂ ਪਰ ਫਿਰ ਭੀ ਆਖ਼ਿਰ ਜਿੱਥੇ ਮਨੁੱਖ ਖੜਾ ਹੈ, ਉਥੋਂ ਹੀ ਚਲਣਾ ਪਵੇਗਾ। ਖੜਾ ਤੇ ਬੰਦਾ ਬਾਹਰ ਹੈ ਤੇ ਯਾਤਰਾ ਬਾਹਰ ਤੋਂ ਹੀ ਸ਼ੁਰੂ ਕਰਨੀ ਪਵੇਗੀ। ਤੇ ਸ਼ਰ੍ਹਾ ਚਾਹੀਦੀ ਹੈ, ਧਰਮ ਖੰਡ ਚਾਹੀਦਾ ਹੈ, ਕਰਮ ਕਾਂਡ ਚਾਹੀਦਾ ਹੈ। ਇਸ ਤੋਂ ਬਿਨਾਂ ਵੀ ਗੁਜ਼ਾਰਾ ਨਹੀਂ।

ਪਰ ਕੋਈ ਧਰਮ ਖੰਡ ਦੇ ਵਿਚ ਰੁਕ ਜਾਏ, ਸਿਰਫ ਬਾਣੇ ਤੇ ਹੀ ਰੁਕ ਗਿਆ ਹੈ, ਅੱਗੇ ਗਿਆ ਹੀ ਨਹੀਂ। ਸਿਰਫ਼ ਬਾਹਰ ਦੇ ਸਾਧਨਾਂ ਤੇ ਹੀ ਰੁਕ ਗਿਆ ਹੈ, ਜਿਵੇਂ ਸੇਵਾ ਕਰ ਲਈ, ਗੁਰਦੁਆਰੇ ਆ ਗਿਆ ਹੈ, ਬੈਠ ਗਿਆ ਹੈ, ਥੋੜਾ ਜਿਹਾ ਕਥਾ ਕੀਰਤਨ ਸੁਣ ਲਿਆ ਹੈ, ਚਲਾ ਗਿਆ, ਬੱਸ। ਇਹ ਧਰਮ ਖੰਡ ਤੇ ਰੁਕ ਗਿਆ ਹੈ।

ਅਗਰ ਜੇ ਕਿਧਰੇ ਇਸ ਤਰ੍ਹਾਂ, ਇਸ ਦੀ ਸੁਰਤ ਰੁਕ ਗਈ, ਅੰਤਰਮੁਖੀ ਨਾ ਹੋਈ ਤੇ ਕਹਿੰਦੇ ਨੇ ਯਾ ਤੇ ਬੰਦਾ ਨਾਸਤਿਕ ਹੋ ਜਾਂਦਾ, ਮੁੜ ਜਾਂਦਾ, ਵਾਪਸ ਹੋ ਜਾਂਦਾ ਹੈ ਯਾ ਬੜਾ ਕੱਟੜ ਹੋ ਜਾਂਦਾ ਹੈ, ਪੱਕਾ ਸ਼ਰੱਈ ਹੋ ਜਾਂਦਾ, ਮੁਤੱਸਬੀ ਹੋ ਜਾਂਦਾ ਹੈ, ਤੰਗ-ਦਿਲ ਹੋ ਜਾਂਦਾ ਹੈ, ਦੂਜੇ ਤੀਜੇ ਲਈ ਥਾਂ ਨਹੀਂ। ਕਿਸੇ ਨੂੰ ਬਰਦਾਸ਼ਤ ਨਹੀਂ ਕਰੇਗਾ, ਚਾਹੇ ਉਹ ਮੁਸਲਮਾਨ ਹੈ, ਚਾਹੇ ਉਹ ਸਨਾਤਨੀ ਹਿੰਦੂ ਹੋਵੇ, ਚਾਹੇ ਉਹ ਇਸਾਈ ਜਗਤ ਦੇ ਲੋਕ ਹੋਣ ਅਤੇ ਚਾਹੇ ਉਹ ਸਿੱਖ ਹੋਵੇ। ਕੱਟੜ ਮਨੁੱਖ ਦਾ ਮਤਲਬ ਹੈ, ਬਹੁਤ ਮੁਤੱਸਬੀ ਹੋ ਗਿਆ ਹੈ, ਬੜਾ ਤੰਗ-ਦਿਲ। ਹਿਰਦੇ ਦਾ ਵਿਹੜਾ ਇਤਨਾ ਸੌੜਾ (Tight) ਹੋ ਗਿਆ ਹੈ, ਦੂਜੇ, ਤੀਜੇ, ਚੌਥੇ ਕਿਸੇ ਲਈ ਕੋਈ ਥਾਂ ਨਹੀਂ। ਕਰਮ ਕਾਂਡ ਤੇ ਹੀ ਰੁਕ ਕੇ ਰਹਿ ਗਿਆ ਹੈ।

ਜਪ ਜਾਰੀ ਹੈ ਤੇ ਸੁਰਤ, ਧਰਮ ਖੰਡ ਤੋਂ ਚਲੀ ਜਾਂਦੀ ਏ, ਗਿਆਨ ਖੰਡ ਵਿਚ। ਸਮਝ ਪੈ ਜਾਂਦੀ ਹੈ, ਇਹ ਤੇ ਬੜਾ ਪਸਾਰਾ ਹੈ, ਬੜੀ ਦੁਨੀਆ ਹੈ। ਹੁਣ ਜੋ ਧਰਮ ਖੰਡ ਵਿਚ ਖੜਾ ਹੈ ਤੇ ਜੋ ਗਿਆਨ ਖੰਡ ਵਿਚ ਪਹੁੰਚ ਗਿਆ ਹੈ। ਦੋਹਾਂ ਦਾ ਤਾਲਮੇਲ ਵੀ ਨਹੀਂ ਬੈਠੇਗਾ। ਇਹਨਾਂ ਦੋਹਾਂ ਦਾ ਵੀ ਮਤਭੇਦ ਹੋ ਜਾਏਗਾ। ਕਿਉਂਕਿ ਇਕ ਅੱਗੇ ਲੰਘ ਗਿਆ ਹੈ, ਇਕ ਪਿੱਛੇ ਹੈ। ਗੁਰਦੁਆਰੇ ਵਿਚ ਆਪ ਇਤਨੇ ਸਾਰੇ ਬੈਠੇ ਹੋ, ਆਪ ਇਕ ਸਟੇਜ (ਅਵਸਥਾ) ਤੇ ਨਹੀਂ ਬੈਠੇ। ਜਿਸ ਤਰ੍ਹਾਂ ਇਕ ਹਾਈ ਸਕੂਲ ਹੈ, ਕੋਈ ਪਹਿਲੀ ਵਿਚ, ਕੋਈ ਦੂਜੀ ਵਿਚ, ਕੋਈ ਤੀਜੀ ਵਿਚ, ਕੋਈ ਚੌਥੀ, ਕੋਈ ਪੰਜਵੀਂ, ਅਲੱਗ-ਅਲੱਗ ਕਲਾਸਾਂ ਨੇ। ਗੁਰਦੁਆਰੇ ਵਿਚ ਵੀ ਜਿੰਨੇ

ਬੈਠੇ ਨੇ, ਕੋਈ ਧਰਮ ਖੰਡੀ ਹੋ ਸਕਦੇ ਨੇ, ਕੋਈ ਗਿਆਨ ਖੰਡੀ ਹੋ ਸਕਦੇ ਨੇ, ਕੋਈ ਸਰਮ ਖੰਡੀ ਹੋ ਸਕਦੇ ਨੇ। ਕਿਸੇ ਤੇ ਬਖਸ਼ਿਸ਼ ਹੋ ਗਈ ਹੋਵੇ, ਹੋ ਸਕਦਾ ਹੈ ਕੋਈ ਕਰਮ ਖੰਡੀ ਵੀ ਹੋਵੇ ਤੇ ਕੋਈ ਵਾਕਈ ਪਰਮਾਤਮਾ ਦਾ ਰੂਪ ਹੋ ਗਿਆ ਹੋਵੇ, ਸੱਚ ਖੰਡੀ ਹੋਵੇ। ਇੱਥੇ ਇਕ ਖੰਡ ਵਿਚ ਬੈਠੇ ਹੋਏ ਲੋਕ ਨਹੀਂ ਹਨ।

ਕਈ ਦਫ਼ਾ ਗਿਆਨ ਖੰਡੀ ਅਤੇ ਧਰਮ ਖੰਡੀ ਵਿਚ ਆਪਸ ਵਿਚ ਮਤਭੇਦ ਤੇ ਤਨਾਜ਼ੇ ਵੀ ਹੋ ਜਾਂਦੇ ਨੇ, ਝਗੜੇ ਵੀ ਹੋ ਜਾਂਦੇ ਨੇ। ਗਿਆਨ ਖੰਡੀ ਨੂੰ ਬੜੀ ਸਮਝ ਪੈ ਗਈ ਏ, ਬਹੁਤ ਕੁਛ ਪਤਾ ਚਲ ਗਿਆ ਹੈ, ਬੜੀ ਦੁਨੀਆ ਹੈ, ਬੜਾ ਪਸਾਰਾ ਹੈ, ਕਿਤਨੇ ਹੀ ਸ਼ਿਵ ਜੀ ਨੇ, ਕਿਤਨੇ ਹੀ ਕ੍ਰਿਸ਼ਨ ਨੇ, ਕਿਤਨੇ ਹੀ ਰਾਮ ਨੇ। ਕਈ ਧਰਤੀਆਂ ਨੇ, ਅਨੰਤ ਸੂਰਜ, ਚੰਦ, ਤਾਰੇ ਨੇ। ਇਹ ਤੇ ਬਹੁਤ ਲੰਬਾ ਚੌੜਾ ਪਸਾਰਾ ਹੈ। ਜਦ ਇਤਨੀ ਵੱਡੀ ਦੁਨੀਆ ਹੈ ਤੇ ਉਸ ਦਾ ਹਿਰਦਾ ਜ਼ਰਾ ਵਿਸ਼ਾਲ ਹੋ ਜਾਂਦਾ ਹੈ, ਜਿਗਰਾ ਵੱਡਾ ਹੋ ਜਾਂਦਾ ਹੈ। ਧਰਮ ਖੰਡੀ ਦਾ ਹਿਰਦਾ ਵਿਸ਼ਾਲ ਨਹੀਂ ਹੁੰਦਾ। ਉਹਦੇ ਹਿਰਦੇ ਵਿਚ ਦੂਸਰੇ ਤੀਸਰੇ ਲਈ ਥਾਂ ਨਹੀਂ ਹੁੰਦੀ। ਚੌਥੇ ਲਈ ਥਾਂ ਨਹੀਂ ਹੁੰਦੀ, ਹਾਂ ਅਗਰ ਗਿਆਨ ਖੰਡੀ ਹੋ ਜਾਏ, ਉਹਦੀ ਜੈਸੇ ਜਾਣਕਾਰੀ ਵਧੇਗੀ, ਹਿਰਦਾ ਵੀ ਵਧ ਜਾਏਗਾ, ਹਿਰਦਾ ਖੁਲ੍ਹ ਜਾਏਗਾ। ਲੇਕਿਨ ਸਮਝ ਪੈ ਗਈ ਏ, ਜਾਨਣਾ ਹੋਰ ਗੱਲ ਹੈ, ਪਾਉਣਾ ਹੋਰ ਗੱਲ ਹੈ। ਜਾਣ ਤੇ ਲਿਆ ਹੈ, ਪਾਇਆ ਨਹੀਂ ਅਜੇ। ਜਾਣ ਲਿਆ ਹੈ, ਪਤਾ ਚਲ ਗਿਆ ਹੈ, ਬੜੀ ਦੁਨੀਆ ਹੈ, ਬੜੀ ਦੁਨੀਆ ਹੈ, ਪਰਮਾਤਮਾ ਦਾ ਬੜਾ ਲੰਬਾ ਚੌੜਾ ਪਸਾਰਾ ਹੈ। ਜੋ ਕੁੱਝ ਮੈਂ ਸਮਝਦਾ ਪਿਆ ਸੀ, ਉਹ ਨਹੀਂ, ਗੱਲ ਕੁੱਝ ਹੋਰ ਹੈ। ਲੇਕਿਨ ਗਿਆਨ ਖੰਡ ਤੋਂ ਜੋ ਅੱਗੇ ਚਲਣਾ ਹੈ ਇਹ ਬਿਖੜੀ ਚੜ੍ਹਾਈ ਹੈ। ਮੈਦਾਨੀ ਰਸਤਾ ਨਹੀਂ; ਪਹਾੜੀ ਰਸਤਾ ਹੈ, ਕਠਿਨ ਰਸਤਾ ਹੈ। ਜਿਸ ਨੂੰ ਕਬੀਰ ਜੀ ਨੇ ਕਹਿ ਦਿੱਤਾ ਹੈ:

***ਕਬੀਰ ਜਿਹ ਮਾਰਗਿ ਪੰਡਿਤ ਗਏ...॥***

ਪੰਡਿਤ ਜੋ ਕਰਮ ਕਾਂਡ ਵਿਚ ਰੁਕ ਗਿਆ ਹੈ। ਪੰਡਿਤ ਭਾਵ ਸਿਆਣੇ, ਹਰ ਮਜ਼ਹਬ ਵਿਚ ਹੁੰਦੇ ਨੇ, ਇਸਾਈ ਜਗਤ ਵਿਚ, ਮੁਸਲਮਾਨੀ ਜਗਤ ਵਿਚ, ਹਿੰਦੂ ਜਗਤ ਵਿਚ, ਸਿੱਖ ਜਗਤ ਵਿਚ। ਜੋ ਸਿਰਫ ਕਰਮ ਕਾਂਡ ਤੇ ਹੀ ਰੁਕ ਗਿਆ ਹੈ, ਬੱਸ ਤੰਗ ਦਿਲ, ਛੋਟਾ ਦਾਇਰਾ, ਤੋ ਕਬੀਰ ਜੀ ਕਹਿੰਦੇ ਨੇ ਜਿਸ ਪਾਸੇ ਇਹ ਪੰਡਿਤ ਚਲ ਪਏ ਨੇ, ਚਤੁਰ ਚਾਲਾਕ ਬੰਦੇ:-

***ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ॥***
kabir jih maarag panddit geae paachhai paree behir.
*Kabir, the crowds follow the path which the Pandits,*
*the religious scholars, have taken.*

ਇਹਨਾਂ ਦੇ ਪਿੱਛੇ ਬੜੀ ਭੀੜ ਹੈ, ਕਰਮ ਕਾਂਡੀਆਂ ਦੇ ਪਿੱਛੇ।

***ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥ ੧੬੫॥***

(ਅੰਗ ੧੩੭੩)

eik avaghatt ghaattee raam kee tih charr rehiou kabir.165.
*There is a difficult and treacherous cliff on that path to the Lord;*
*Kabeer is climbing that cliff.165.*

ਇਕ ਬਿਖੜੀ ਘਾਟੀ ਤੇ ਮੈਂ ਇਕੱਲਾ ਹੀ ਚੜ੍ਹ ਰਿਹਾ ਹਾਂ। ਨਾ ਮੇਰੇ ਕੋਈ ਅੱਗੇ ਹੈ ਅਤੇ ਨਾ ਕੋਈ ਮੇਰੇ ਪਿੱਛੇ ਹੈ। ਜਦ ਕਦੀ ਅਭਿਆਸ ਕਰਨ ਬੈਠੋਗੇ ਤੇ ਗਿਆਨ ਖੰਡ ਤੋਂ ਅੱਗੇ ਜਾਉਗੇ, ਯਕੀਨ ਜਾਣੋ, ਸੰਗੀ ਸਾਥੀ ਨਹੀਂ ਮਿਲਣਗੇ। ਤੁਸੀਂ ਆਖੋ ਕੋਈ ਅਭਿਆਸੀ ਮਿਲੇ, ਕੋਈ ਨਾਮ ਰਸਿਕ ਮਿਲੇ, ਮੁਸ਼ਕਿਲ ਹੈ। ਅਗਰ ਇਸੇ ਤਰ੍ਹਾਂ ਹੀ ਹਰ ਥਾਂ ਸਾਨੂੰ ਨਾਮ ਰਸਿਕ ਮਿਲਦੇ ਤਾਂ ਸਾਨੂੰ ਅਰਦਾਸ ਵਿਚ ਇਹ ਸ਼ਬਦ ਐਡ (Add) ਕਰਨ ਦੀ ਲੋੜ ਹੀ ਨਹੀਂ ਸੀ, ਕੀ?

*ਸੋਈ ਸੰਤ ਗੁਰਮੁਖ ਪਿਆਰੇ ਮੇਲ, ਜਿੰਨ੍ਹਾਂ ਮਿਲਿਆਂ ਤੇਰਾ ਨਾਮ ਚੇਤੇ ਆਵੇ।*

-----

*ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥*

(ਅੰਗ ੨੦੪)

poorab karam ankur jab pragattae
bhaettiou purakh rasik bairaagee.
mittiou andhaer milat har Nanak
janam janam ki soee jaagee.2.2.119.

*When the seed of the karma of past actions sprouted, I met the Lord; He is both the Enjoyer and the Renunciate.*
*My darkness was dispelled when I met the Lord. O Nanak, after being asleep for countless incarnations,*
*I have awakened.2.2.119.*

ਕਿਸੇ ਬੈਰਾਗੀ ਦੇ ਦਰਸ਼ਨ, ਕਿਸੇ ਰਸਿਕ ਦੇ ਦਰਸ਼ਨ, ਜੋ ਘਾਟੀਆਂ ਤੇ ਚੜ੍ਹ ਰਿਹਾ ਹੈ। ਚੜ੍ਹਾਈ ਵਿਚ ਥਕੇਵੇਂ ਤੇ ਹੈ, ਚੜ੍ਹਾਈ ਵਿਚ ਕਠਨਾਈ ਤੇ ਹੈ ਪਰ ਦ੍ਰਿਸ਼ ਵੀ ਬੜੇ ਸੁੰਦਰ ਨੇ। ਜੈਸੇ-ਜੈਸੇ ਬੰਦਾ ਚੜ੍ਹਦਾ ਹੈ, ਨਵੇਂ ਤੋਂ ਨਵੇਂ ਨਜ਼ਾਰੇ, ਨਵੀਂ ਤੋਂ ਨਵੀਂ ਦੁਨੀਆ। ਚੜ੍ਹਾਈ ਦਾ ਥਕੇਵਾਂ ਵੀ ਹੈ ਪਰ ਨਵੇਂ-ਨਵੇਂ ਰਸ ਦੀ ਖਿੱਚ ਵੀ ਹੈ, ਪਕੜ ਵੀ ਹੈ। ਪਰ ਜਦ ਕੋਈ ਮਨੁੱਖ ਇਸ ਚੜ੍ਹਾਈ ਤੇ ਚੜ੍ਹਦਾ ਹੈ, ਅੱਗੇ ਕੋਈ ਵੀ ਨਹੀਂ, ਪਿੱਛੇ ਕੋਈ ਵੀ ਨਹੀਂ। ਅੰਦਰ ਦਾ ਮਾਰਗ ਤੇ ਤਨਹਾਈ, ਇਕੱਲਾ, ਸੰਗੀ ਸਾਥੀ ਨਹੀਂ ਲੱਭਦੇ। ਇਕਬਾਲ ਇਸ ਨੂੰ ਕਹਿੰਦੇ ਨੇ:-

ਕਾਫ਼ਿਲੇ ਯਾ ਬੜ ਗਏ, ਯਾ ਮਿੱਟ ਗਏ,
ਰਾਸਤੇ ਸੁੰਨਸਾਨ ਨਜ਼ਰ ਆਤੇ ਹੈਂ।

ਕਹਿੰਦਾ ਹੈ ਹੇ ਖ਼ੁਦਾ! ਤੇਰੇ ਮਾਰਗ ਤੇ ਜਿਹੜੀ ਭੀੜ ਚੱਲੀ ਸੀ ਨਾ, ਕੁਛ ਤੇ ਪਹੁੰਚ ਗਏ, ਕੁਛ ਰਸਤੇ ਵਿਚ ਰਹਿ ਗਏ, ਹੁਣ ਐ ਖ਼ੁਦਾ! ਤੇਰਾ ਰਸਤਾ ਮੈਨੂੰ ਉਜੜਿਆ ਹੋਇਆ ਦਿਖਾਈ ਦਿੰਦਾ ਹੈ। ਉਜੜਿਆ ਹੋਇਆ ਰਸਤਾ ਕਿਹੜਾ ਹੁੰਦਾ ਹੈ? ਜਿਸ ਤੇ ਕੋਈ ਚਲੇ ਨਾ, ਯਾ ਕਦੀ ਕਦਾਈਂ ਕੋਈ ਇੱਕ ਅੱਧ ਚਲੇ। ਕਹਿੰਦੇ ਨੇ ਰਸਤੇ ਤੇ ਉਜਾੜ ਪਈ ਏ। ਚਲਿਆ ਸੀ ਕਿਸੇ ਵਕਤ ਰਵਿਦਾਸ। ਚੌਕ ਤੇ ਬੈਠਾ ਸੀ, ਜੁੱਤੀਆਂ ਗੰਢਦਾ ਸੀ, ਪਰ ਜਿਹੜਾ ਜੁੱਤੀ ਗੰਢਾਉਣ ਲਈ ਆਵੇ, ਜੁੱਤੀ ਗੰਢਦਿਆਂ-ਗੰਢਦਿਆਂ, ਰੱਬ ਦੀ ਗੱਲ ਸੁਣਾ ਕੇ ਅਗਲੇ ਦਾ

ਦਿਲ ਦਿਮਾਗ ਵੀ ਰੱਬ ਨਾਲ ਗੰਢ ਦਿੰਦਾ ਸੀ। ਮੋਚੀ ਤੇ ਹੁਣ ਕਦਮ-ਕਦਮ ਤੇ ਹੋਣਗੇ, ਹਰ ਮੁਲਕ ਦੇ ਵਿਚ ਨੇ ਪਰ ਰਵਿਦਾਸ ਜੈਸਾ ਨਹੀਂ। ਕਾਫ਼ਿਲੇ ਯਾ ਬੜ ਗਏ, ਯਾ ਮਿੱਟ ਗਏ। ਕਪੜੇ ਬੁਣਨ ਵਾਲੇ, ਹੱਥ ਨਾਲ ਕੰਮ ਕਰਨ ਵਾਲੇ ਜੁਲਾਹੇ ਤੇ ਸਾਰੀ ਦੁਨੀਆ ਵਿਚ ਮੌਜੂਦ ਨੇ ਪਰ ਕਬੀਰ ਕਿੱਥੇ? ਜੋ ਤਾਣਾ ਪੇਟਾ ਇਕ ਕਰਦਿਆਂ-ਕਰਦਿਆਂ ਸੁਰਤ ਸ਼ਬਦ ਵੀ ਇੱਕ ਕਰ ਛੱਡੇ। ਆਤਮਾ ਪਰਮਾਤਮਾ ਨੂੰ ਵੀ ਇਕ ਕਰ ਦੇਵੇ। ਕਪੜਿਆਂ ਨੂੰ ਰੰਗਣ ਵਾਲੇ ਹਰ ਸ਼ਹਿਰ ਵਿਚ ਹੁੰਦੇ ਨੇ ਪਰ ਨਾਮਦੇਵ ਜੈਸਾ ਕਿੱਥੇ ਜੋ ਅਗਲੇ ਦੇ ਕਪੜੇ ਰੰਗਦਾ-ਰੰਗਦਾ ਆਪਣਾ ਮਨ ਵੀ ਰੰਗੇ, ਅਗਲੇ ਦਾ ਮਨ ਵੀ ਰੰਗੇ, ਦੂਜੇ ਦਾ ਮਨ ਵੀ ਰੰਗੇ:-

*ਰਾਂਗਨਿ ਰਾਂਗਉ ਸੀਵਨਿ ਸੀਵਉ ॥ ਰਾਮ ਨਾਮ ਬਿਨੁ ਘਰੀਅ ਨ ਜੀਵਉ ॥ ੨ ॥*

(ਅੰਗ ੪੮੫)

raagan raago seevan seevo.
raam naam bin ghareea na jeevo.2.
*I dye myself in the color of the Lord,*
*and sew what has to be sewn.* Without the Lord's Name,
I cannot live, even for a moment.2.

ਦੁਕਾਨਦਾਰ ਤੇ ਕਈ ਨੇ, ਤੱਕੜੀ ਤੋਲਦੇ ਨੇ, ਤੋਲ ਕੇ ਸਾਮਾਨ ਦਿੰਦੇ ਨੇ। ਚਲੋ ਅੱਜ ਤੇ ਤਰਾਜ਼ੂ ਬਦਲ ਗਏ, ਸਿਸਟਮ (System) ਬਦਲ ਗਿਆ। ਤੇ ਇਸ ਤਰ੍ਹਾਂ ਸੌਦਾ ਵੇਚਣ ਵਾਲੇ, ਦੇਣ ਵਾਲੇ ਤੇ ਬਥੇਰੇ ਨੇ। ਪਰ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ, ਤੱਕੜੀ ਤੋਲਦੇ ਪਏ ਨੇ, ਤੇਰਾ ਮੂੰਹੋਂ ਨਿਕਲਿਆ ਤੇ ਤੇਰੇ ਵਿਚ ਲੀਨ ਹੋ ਗਏ, ਸਭ ਕੁਛ ਤੇਰਾ। ਇਸ ਧੰਧੇ ਵਿਚ ਵੀ ਧਰਮ ਦੀ ਖੁਸ਼ਬੂ ਹੈ। ਇਸ ਧੰਧੇ ਵਿਚ ਧਰਮ ਦੀ ਸੁਗੰਧੀ ਹੈ। ਭਾਵੇਂ ਜੁੱਤੀਆਂ ਗੰਢਣਾ ਧੰਧਾ ਹੈ, ਪਰ ਇਹ ਧੰਧਾ ਵੀ ਧਰਮ ਹੈ। ਕਬੀਰ ਦਾ ਕਪੜੇ ਬੁਣਨਾ ਭਾਵੇਂ ਧੰਧਾ ਹੈ, ਪਰ ਇਸ ਧੰਧੇ ਵਿਚ ਵੀ ਧਰਮ ਦੀ ਮਹਿਕ ਹੈ।

ਪਰਮਾਤਮਾ ਹੈ, ਈਸ਼ਵਰ ਹੈ। ਕਿਸੇ ਦਾ ਧੰਧਾ ਵੀ ਧਰਮ ਹੈ, ਕਿਸੇ ਦਾ ਧਰਮ ਵੀ ਧੰਧਾ ਹੋ ਸਕਦਾ ਹੈ, ਇੰਜ ਉਲਟ ਵੀ ਹੋ ਸਕਦਾ ਹੈ। ਕਿਸੇ-ਕਿਸੇ ਦਾ ਧੰਧਾ ਵੀ ਧਰਮ ਹੈ, ਉਹ ਧੰਧੇ ਦੇ ਰਾਹੀਂ, ਕੋਸ਼ਿਸ਼ ਕਰਦਾ ਹੈ ਕਿ ਲੋਕੀਂ ਧਰਮ ਨਾਲ ਜੁੜਨ ਤੇ ਮੈਂ ਧਰਮ ਨਾਲ ਜੁੜਾਂ। ਕਈਆਂ ਦਾ ਧਾਰਮਿਕ ਜੀਵਨ ਵੀ ਧੰਧਾ ਹੁੰਦਾ ਹੈ, ਉਹ ਧਰਮ ਰਾਹੀਂ ਵੀ ਧਰਮ ਨਾਲ ਜੁੜਨਾ ਨਹੀਂ ਚਾਹੁੰਦੇ। ਖ਼ੈਰ, ਬੜੀ ਬਿਖੜੀ ਚੜ੍ਹਾਈ ਏ। ਇਹ ਜੋ ਚੜ੍ਹਾਈ ਦਾ ਮਾਰਗ ਸ਼ੁਰੂ ਹੁੰਦਾ ਹੈ ਇਹ ਤੀਸਰੇ ਖੰਡ ਤੋਂ ਹੈ, ਸਰਮ ਖੰਡ ਤੋਂ ਹੈ। ਸਰਮ ਕਹਿੰਦੇ ਨੇ ਮਿਹਨਤ, ਮੁਸ਼ੱਕਤ। ਸੰਸਕ੍ਰਿਤ ਦਾ ਸ਼ਰਮ ਸਬਦ ਹੋਵੇ ਉਹਦੇ ਅਰਥ ਨੇ ਮਿਹਨਤ, ਮੁਸ਼ੱਕਤ। ਫ਼ਾਰਸੀ, ਅਰਬੀ, ਉਰਦੂ ਦਾ ਸ਼ਰਮ ਲਫ਼ਜ਼ ਹੋਵੇ ਤਾਂ ਇਸ ਦੇ ਅਰਥ ਨੇ, ਹਯਾ, ਸ਼ਰਮੋ-ਹਯਾ। ਲਫ਼ਜ਼ ਇਕੋ ਹੈ, ਅਰਥਾਂ ਦਾ ਬਹੁਤ ਵੱਡਾ ਭੇਦ ਹੈ। ਮੈਂ ਅਰਜ਼ ਕਰਾਂ ਅਰਥ ਇਕ ਨਹੀਂ ਹੈ। ਇੰਡੀਆ ਵਿਚ ਕਿਧਰੇ ਸੇਵਾ ਕਰਨੀ ਹੋਵੇ ਤਾਂ ਉਸ ਨੂੰ ਕਹਿੰਦੇ ਨੇ ਸ਼ਰਮ-ਦਾਨ। ਸ਼ਰਮ-ਦਾਨ ਕਰੋ, ਮਿਹਨਤ ਦਾਨ ਕਰੋ, ਸੇਵਾ ਕਰੋ। ਸੜਕ ਬਣਾਉਣੀ ਏ, ਬਈ ਸ਼ਰਮ-ਦਾਨ ਨਾਲ ਬਣੀ ਏ। ਪੈਸਾ ਖ਼ਰਚ ਕਰ ਕੇ ਨਹੀਂ ਬਣੀ, ਮਿਹਨਤ ਦਾਨ ਕੀਤੀ ਏ। ਸ਼ਰਮ ਦਾਨ, ਸ਼ਰਮ ਤੋਂ ਮੁਰਾਦ ਮਿਹਨਤ, ਮੁਸ਼ੱਕਤ। ਬੜੀ ਕਰੜੀ ਮਿਹਨਤ ਮੁਸ਼ੱਕਤ ਦੀ ਦੁਨੀਆ ਸ਼ੁਰੂ ਹੁੰਦੀ ਹੈ ਤੀਸਰੇ ਖੰਡ ਤੋਂ।

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥* (ਜਪੁਜੀ ਸਾਹਿਬ)
jinee naam dhiaaeiaa geae masakat ghaal.
*Those who have meditated on the Naam, the Name of the Lord, and departed after having worked by the sweat of their brows*

ਬੜੀ ਮੁਸ਼ੱਕਤ, ਬੜੀ ਘਾਲਣਾ। ਲੱਖਾਂ ਮਨੁੱਖ ਜੋ ਧਰਮ ਖੰਡੀ ਹੁੰਦੇ ਨੇ, ਮਸਜਿਦ, ਮੰਦਰ, ਗੁਰਦੁਆਰੇ, ਚਰਚ ਜਾਣ ਵਾਲੇ, ਇਹਨਾਂ ਵਿਚੋਂ ਸਿਰਫ਼ ਦਸ ਫ਼ੀਸਦੀ ਅੱਗੇ ਗਿਆਨ ਖੰਡ ਵਿਚ ਜਾਂਦੇ ਨੇ। ਸਿਰਫ਼ ਦਸ ਫ਼ੀਸਦੀ, ਬਾਕੀ ਰਹਿ ਜਾਂਦੇ ਨੇ। ਉਹ ਜਿਹੜੇ ਦਸ ਫ਼ੀਸਦੀ ਗਿਆਨ ਖੰਡ ਵਿਚ ਪਹੁੰਚਦੇ ਨੇ, ਉਹਨਾਂ ਦਾ ਜਿਹੜਾ ਇਕੱਠ ਹੈ, ਉਹਨਾਂ ਵਿਚੋਂ ਦੋ ਫ਼ੀਸਦੀ ਸਿਰਫ਼ ਸਰਮ ਖੰਡ ਵਿਚ ਜਾਂਦੇ ਨੇ, ਬਾਕੀ ਓਥੇ ਹੀ ਰਹਿ ਜਾਂਦੇ ਨੇ। ਇਸ ਰਸਤੇ ਤੇ ਨਹੀਂ ਚਲਦੇ, ਰਹਿ ਜਾਂਦੇ ਨੇ। ਔਰ ਇਹ ਜਿਹੜਾ ਸਰਮ ਖੰਡ ਹੈ, ਇੱਥੇ ਜਿਹੜਾ ਇਕੱਠ ਹੁੰਦਾ ਹੈ, ਇਹਦੇ ਵਿਚੋਂ ਸਿਰਫ਼ ਇਕ ਫ਼ੀਸਦੀ ਅੱਗੇ ਜਾਂਦਾ ਹੈ, ਬਾਕੀ ਰਹਿ ਜਾਂਦੇ ਨੇ। ਸੌ ਚਲਦੇ ਨੇ ਇਕ ਅੱਗੇ ਜਾਂਦਾ ਹੈ, ਕਰੜਾ ਰਸਤਾ ਹੈ। ਘਾਟੀ:-

*ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥ ੧੬੫॥*
(ਅੰਗ ੧੩੭੩)

ਸੁਰਤ ਨੂੰ ਉੱਪਰ ਚਾੜ੍ਹਨਾ ਹੈ। ਸ਼ਬਦ ਦਾ ਆਲਾਪ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦੀ ਧੁੰਨੀ ਅਲਾਪਣੀ ਤੇ ਇਸ ਨੂੰ ਸੁਣਨਾ ਕਠਿਨ ਕੰਮ ਹੈ। ਇੱਥੇ ਜਪ ਦੁਆਰਾ ਨਾਮ ਅਭਿਆਸੀ ਘੜਦਾ ਹੈ, ਕਿਸ ਨੂੰ? ਆਪਣੇ ਮਨ ਨੂੰ, ਆਪਣੀ ਬੁੱਧ ਨੂੰ, ਆਪਣੇ ਚਿੱਤ ਨੂੰ। ਜਿਵੇਂ ਪੱਥਰ ਹਰ ਬੰਦਾ ਤੋੜ ਸਕਦਾ ਹੈ, ਪੱਥਰ ਨੂੰ ਮੂਰਤੀ ਕੋਈ-ਕੋਈ ਬਣਾ ਸਕਦਾ ਹੈ, ਹਰ ਇਕ ਨਹੀਂ। ਔਰ ਮੂਰਤੀ ਪੱਥਰ ਦੇ ਵਿਚ ਹੈ, ਸਿਰਫ਼ ਪ੍ਰਗਟ ਕਰਨ ਦਾ ਢੰਗ ਆਵੇ, ਕੁੱਝ ਫਾਲਤੂ ਟੁਕੜਿਆਂ ਨੂੰ ਇਕ ਪਾਸੇ ਕਰੀਏ, ਮੂਰਤੀ ਪ੍ਰਗਟ ਹੋ ਗਈ। ਪਰਮਾਤਮਾ ਮਨੁੱਖ ਦੇ ਵਿਚ ਹੈ, ਕੁੱਝ ਫਾਲਤੂ ਵਿਚਾਰਾਂ ਨੂੰ ਇਕ ਪਾਸੇ ਕਰੀਏ, ਨਿਰੰਕਾਰ ਪ੍ਰਗਟ ਹੋ ਜਾਂਦਾ ਹੈ। ਈਸ਼ਵਰ ਪ੍ਰਗਟ ਹੋ ਜਾਂਦਾ ਹੈ ਪਰ ਕੁਛ ਫਾਲਤੂ ਵਿਚਾਰ ਅਲੱਗ ਕਰੀਏ। ਹਰ ਬੰਦਾ ਮੂਰਤੀ ਘੜ ਨਹੀਂ ਸਕਦਾ, ਸਿੱਖਣਾ ਪੈਂਦਾ ਹੈ। ਤੇ ਧਰਮ ਖੰਡ, ਗਿਆਨ ਖੰਡ ਇਹ ਸਿੱਖਣ ਦੀਆਂ ਅਵਸਥਾਵਾਂ ਨੇ। ਸਰਮ ਖੰਡ, ਕੁਛ ਕਰਨਾ ਹੈ, ਮਿਹਨਤ, ਮੁਸ਼ੱਕਤ। ਘੜਨਾ ਹੈ:-

*ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥*
saram khandd kee baanee roop.
tithai ghaarrat gharreeai bahut anoop.
*In the realm of humility, the Word is Beauty.*
*Forms of incomparable beauty are fashioned there.*

ਸਰਮ ਖੰਡ, ਮਿਹਨਤ ਦਾ ਖੰਡ। ਇਸ ਦੀ ਬਣਤਰ ਬੜੀ ਸੁੰਦਰ ਹੈ, ਇਸ ਦੀ ਜਿਹੜੀ ਘਾੜਤ ਘੜੀ ਜਾਂਦੀ ਏ, ਬੜੀ ਅਨੂਪਮ। ਅਤਿ ਸੁੰਦਰ ਬਹੁਤ ਸੁੰਦਰ ਪਰ ਇਸ ਨੂੰ ਆਖਿਆ ਸਰਮ ਖੰਡ ਹੈ, ਮਿਹਨਤ ਦਾ ਖੰਡ। ਕੀ ਘੜਿਆ ਜਾਂਦਾ ਹੈ?

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ ੩੬॥*
tithai gharreeai surat mat man budh.
tithai gharreeai suraa sidhaa kee sudh.36.
*The intuitive consciousness, intellect and understanding of the mind are shaped there.*
*The consciousness of the spiritual warriors and the Siddhas, the beings of spiritual perfection, are shaped there.36.*

ਜਿਹੜਾ ਸਾਡਾ ਮਨ ਹੈ, ਇਹ ਚਾਰ ਸ਼ਕਤੀਆਂ ਦਾ ਮਜਮੂਆ ਹੈ, ਇੱਕਠ ਹੈ। ਇਸ ਨੂੰ ਚਿਤੁਸ਼ਟਾ-ਅੰਤਹਕਰਣ ਕਹਿੰਦੇ ਨੇ। ਮਨ, ਬੁੱਧ, ਚਿੱਤ, ਅਹੰ। ਜਦ ਅੰਦਰ ਵਿਚਾਰਾਂ ਦਾ ਪਰਵਾਹ ਚਲਦਾ ਹੈ, ਇਸ ਨੂੰ ਕਹਿੰਦੇ ਨੇ ਮਨ। ਕਿਹੜਾ ਵਿਚਾਰ ਚੰਗਾ ਹੈ ਕਿਹੜਾ ਮਾੜਾ ਹੈ, ਐਸਾ ਜਦ ਸੋਚਣ ਲਗ ਪੈਂਦੇ ਹਾਂ। ਇਕ ਬੁੱਧ, ਕੀ ਠੀਕ ਹੈ, ਕੀ ਨਹੀਂ ਠੀਕ ਐਸਾ ਜੋ ਨਿਰਣਾ ਹੈ ਕਰਨਾ ਹੈ, ਇਹ ਬੁੱਧ ਹੈ। ਕੀਤੇ ਹੋਏ ਫ਼ੈਸਲੇ ਨੂੰ ਜਿਹੜਾ ਯਾਦ ਕਰਨਾ ਹੈ, ਯਾਦ ਵੀ ਰਹੇ, ਇਹ ਚਿੱਤ। ਚੇਤੇ ਸ਼ਕਤੀ, ਯਾਦ ਸ਼ਕਤੀ, ਚਿੱਤ। ਮਨ ਦੀ ਚੌਥੀ ਸ਼ਕਤੀ ਹੈ, ਕਿਹੜੀ? ਅਹੰ। ਮੈਂ, ਇਹ ਮੇਰੇ ਵਿਚਾਰ ਨੇ, ਇਹ ਮੈਂ ਸੋਚਿਆ ਹੈ, ਮੈਂ ਫ਼ੈਸਲਾ ਕੀਤਾ ਹੈ ਔਰ ਮੈਂ ਯਾਦ ਕਰ ਰਿਹਾ ਹਾਂ, ਅਹੰ। ਮਨ, ਬੁੱਧ, ਚਿੱਤ, ਅਹੰ।

ਸਰਮ ਖੰਡ ਵਿਚ ਮਨ ਘੜਿਆ ਗਿਆ, ਅੰਦਰ ਗ਼ਲਤ ਫੁਰਨੇ ਨਹੀਂ ਚਲਦੇ। ਜਿਸ ਵੀ ਮਨੁੱਖ ਦੇ ਅੰਦਰ ਗ਼ਲਤ ਵਿਚਾਰ ਚਲਦੇ ਨੇ ਇਹ ਘੜਿਆ ਹੋਇਆ ਮਨ ਨਹੀਂ ਹੈ। ਔਰ ਔਖੇ ਨਾ ਹੋਣਾ, ਲੱਖਾਂ ਵਿਚੋਂ ਕੋਈ ਇੱਕ ਅੱਧ ਹੈ ਜਿਸ ਦੇ ਮਨ ਵਿਚ ਗ਼ਲਤ ਵਿਚਾਰ ਨਾ ਚਲਦੇ ਹੋਣ, ਸਭ ਦੇ ਅੰਦਰ ਚਲਦੇ ਨੇ। ਮਨ ਨੂੰ ਆਖਿਆ ਗਿਆ ਹੈ, ਚਿਤਰ ਗੁਪਤ। ਉਹ ਚਿਤਰ ਜੋ ਗੁਪਤ ਹੈ, ਨਹੀਂ ਦੇਖਿਆ ਜਾਂਦਾ। ਮੈਂ ਤੁਹਾਨੂੰ ਵੇਖ ਲਿਆ, ਤੁਸੀਂ ਮੈਨੂੰ ਵੇਖ ਲਿਆ, ਲੇਕਿਨ ਤੁਹਾਨੂੰ ਕੀ ਪਤਾ, ਮੇਰੇ ਵਿਚਾਰ ਕੀ ਨੇ। ਮੈਨੂੰ ਕੀ ਪਤਾ ਤੁਹਾਡੇ ਅੰਦਰ ਕਿਹੜੇ ਫ਼ੁਰਨੇ ਪਏ ਚਲਦੇ ਨੇ। ਕੁਛ ਨਹੀਂ ਪਤਾ, ਚਿਤਰ ਗੁਪਤ। ਮਨ ਦੀ ਦੁਨੀਆ ਗੁਪਤ ਹੈ।

ਪਤੀ ਨੂੰ ਵੀ ਨਹੀਂ ਪਤਾ ਕਿ ਪਤਨੀ ਕੀ ਸੋਚ ਰਹੀ ਏ ਔਰ ਪਤਨੀ ਨੂੰ ਵੀ ਨਹੀਂ ਪਤਾ ਕਿ ਪਤੀ ਦੇ ਵਿਚਾਰ ਕੀ ਨੇ। ਪਿਉ ਨੂੰ ਨਹੀਂ ਪਤਾ ਕਿ ਪੁੱਤਰ ਕਿਸ ਦੀ ਯਾਦ ਵਿਚ ਬੈਠਾ ਹੈ ਔਰ ਪੁੱਤਰ ਨੂੰ ਵੀ ਨਹੀਂ ਪਤਾ ਕਿ ਪਿਉ ਕੀ ਸੋਚ ਰਿਹਾ ਹੈ। ਇਹ ਚਿਤਰ ਗੁਪਤ, ਉਹ ਤਸਵੀਰ ਜਿਹੜੀ ਗੁਪਤ ਹੈ, ਨਹੀਂ ਦਿਖਾਈ ਦਿੰਦੀ। ਜੋ ਦਿਖਾਈ ਦੇ ਰਿਹਾ ਹੈ ਇਹ ਪ੍ਰਗਟ ਚਿਤਰ ਹੈ, ਮਨ ਚਿਤਰ ਗੁਪਤ ਹੈ। ਇਹ ਚਿਤਰ ਪ੍ਰਗਟ, ਉਹ ਚਿਤਰ ਗੁਪਤ। ਜਦ ਬੰਦਾ ਸਿੱਧਾ ਨਹੀਂ ਸਮਝਦਾ ਤਾਂ ਫਿਰ ਕਹਾਣੀਆਂ ਘੜ ਘੜ ਕੇ ਚਿਤਰ ਗੁਪਤ ਦੀਆ ਗੱਲਾਂ ਦੱਸਣੀਆਂ ਪੈਂਦੀਆਂ ਨੇ। ਇਹ ਪ੍ਰਗਟ ਚਿਤਰ ਹੈ, ਮੈਂ ਤੁਹਾਨੂੰ ਵੇਖ ਲਿਆ, ਤੁਸੀਂ ਮੈਨੂੰ ਵੇਖ ਲਿਆ, ਗੱਲ ਖ਼ਤਮ। ਪਰ ਇਕ ਚਿਤਰ ਗੁਪਤ ਹੈ, ਕੋਈ ਵੀ ਨਹੀਂ ਵੇਖ ਸਕਦਾ। ਮੈਨੂੰ ਕੁਛ ਨਹੀਂ ਪਤਾ ਤੁਹਾਡੇ ਮਨ ਵਿਚ ਕੀ ਏ ਔਰ ਗੁਸਤਾਖ਼ੀ ਮੁਆਫ਼ ਤੁਹਾਨੂੰ ਕੁਛ ਨਹੀਂ ਪਤਾ ਮੇਰੇ ਮਨ ਵਿਚ ਕੀ ਏ। ਮੈਂ ਕੀ ਸੋਚ ਰਿਹਾ ਹਾਂ, ਮੇਰੇ ਵਿਚਾਰ ਕੀ ਨੇ, ਚਿਤਰ ਗੁਪਤ। ਇਹ ਜਿਹੜਾ ਚਿਤਰ ਗੁਪਤ ਹੈ, ਸੋਚਣੀ, ਵਿਚਾਰ, ਚਿਤਵਣੀ ਯਾ ਤੇ ਮਨੁੱਖ ਖ਼ੁਦ ਦੇਖਣਾ ਚਾਹੇ ਤੇ ਦੇਖ ਸਕਦਾ ਹੈ, ਅਭਿਆਸੀ ਦੇਖ ਸਕਦਾ ਹੈ ਯਾ ਫਿਰ ਗੁਰੂ ਨੂੰ ਪਤਾ ਹੈ ਕਿ ਇਹ ਕੀ ਸੋਚਦਾ ਪਿਆ

ਹੈ, ਇਹਦੇ ਵਿਚਾਰ ਕੀ ਨੇ। ਭਾਈ ਸਾਹਿਬ ਭਾਈ ਗੁਰਦਾਸ ਜੀ ਕਹਿੰਦੇ ਨੇ:-

*ਅੰਤਰਜਾਮੀ ਸੁਨਿ ਕੰਪਤ ਹੌ ਅੰਤਰਗਤਿ,*

(ਕਬਿੱਤ ਭਾਈ ਗੁਰਦਾਸ ਜੀ)

ਕੰਬਣੀ ਛਿੜ ਜਾਂਦੀ ਹੈ ਮੈਨੂੰ ਹੇ ਗੁਰੂ, ਜਦ ਪਤਾ ਚਲਦਾ ਹੈ ਕਿ ਤੂੰ ਅੰਦਰ ਦੇ ਵਿਚਾਰ ਪੜ੍ਹ ਲੈਂਦਾ ਹੈਂ। ਤੂੰ ਅੰਤਰਜਾਮੀ ਹੈਂ। ਮੇਰੀ ਸੋਚਣੀ ਤਕ ਤੇਰੀ ਪਹੁੰਚ ਹੈ। ਮੇਰੇ ਵਿਚਾਰਾਂ ਤਕ ਤੇਰੀ ਪਹੁੰਚ ਹੈ, ਮੈਂ ਤੇ ਕੰਬ ਜਾਂਦਾ ਹਾਂ। ਅੰਦਰ ਤੇ ਮਾੜੇ ਵਿਚਾਰ ਪਏ ਚਲਦੇ ਨੇ, ਅੰਦਰ ਤੇ ਮਾੜੀ ਸੋਚਣੀ ਪਈ ਚਲਦੀ ਹੈ।

*ਅੰਤਰਜਾਮੀ ਸੁਨਿ ਕੰਪਤ ਹੌ ਅੰਤਰਗਤਿ,*
*ਦੀਨ ਕੋ ਦਇਆਲ ਸੁਨਿ ਭੈ ਭ੍ਰਮ ਟਾਰ ਹੌ॥*

(ਕਬਿੱਤ ਭਾਈ ਗੁਰਦਾਸ ਜੀ)

ਫਿਰ ਮੈਂ ਸੋਚਦਾ ਹਾਂ ਕਿ ਤੂੰ ਪਤਿਤ ਪਾਵਨ ਹੈਂ। ਬੱਸ ਇਹੀ ਆਸਰਾ ਰੱਖ ਕੇ ਮੈਂ ਆ ਜਾਂਦਾ ਹਾਂ ਤੇਰੇ ਕੋਲ, ਉਂਜ ਕੰਬਣੀ ਛਿੜ ਜਾਂਦੀ ਹੈ ਕਿ ਤੂੰ ਤੇ ਅੰਦਰ ਦੀ ਜਾਣਦਾ ਹੈਂ। ਤੂੰ ਤੇ ਜਾਣਦਾ ਹੈਂ ਮੇਰੇ ਵਿਚਾਰ ਕੀ ਨੇ। ਆਪਣੇ ਵਿਚਾਰਾਂ ਨੂੰ ਯਾ ਤੇ ਮਨੁੱਖ ਖ਼ੁਦ ਪੜ੍ਹ ਸਕਦਾ ਹੈ ਯਾ ਫਿਰ ਗੁਰੂ ਤੇ ਪਰਮਾਤਮਾ। ਬਾਕੀ ਕਿਸੇ ਨੂੰ ਨਹੀਂ ਪਤਾ, ਕੁਛ ਵੀ ਨਹੀਂ ਪਤਾ। ਔਰ ਮਨੋਚਿੰਤਕ ਕਹਿੰਦੇ ਨੇ ਇਹ ਚੰਗੀ ਗੱਲ ਹੈ, ਇਸ ਵਾਸਤੇ ਰਿਸ਼ਤੇਦਾਰੀ ਬਣੀ ਹੋਈ ਏ, ਮਿੱਤਰਤਾ ਬਣੀ ਹੋਈ ਏ, ਭਾਈਚਾਰਾ ਬਣਿਆ ਹੋਇਆ ਹੈ। ਜੇ ਪਤਾ ਚਲ ਜਾਏ ਕਿ ਪਤਨੀ ਇਹ ਸੋਚ ਰਹੀ ਹੈ ਤੇ ਜੇ ਪਤਾ ਚਲ ਜਾਏ ਕਿ ਪਤੀ ਇਹ ਸੋਚ ਰਿਹਾ ਹੈ, ਫਿਰ ਇਹ ਰਿਸ਼ਤੇ ਰਹਿਣਗੇ? ਫਿਰ ਸੰਬੰਧ ਰਹਿਣਗੇ? ਅੱਜ ਹੀ ਟੁੱਟ ਜਾਣਗੇ। ਐਸਾ ਕਿਹੜਾ ਹੈ ਜਿਸ ਦੇ ਅੰਦਰ ਕਿਸੇ ਵਕਤ ਮਾੜੇ ਵਿਚਾਰ ਨਹੀਂ ਚਲਦੇ। ਐਸਾ ਕੌਣ ਹੈ ਜੋ ਕਿਸੇ ਵਕਤ ਮਾੜੀਆਂ ਯਾਦਾਂ ਵਿਚ ਨਹੀਂ ਬੈਠਾ ਹੁੰਦਾ। ਐਸਾ ਕਿਹੜਾ ਹੈ ਜਿਹੜਾ ਕਿਸੇ ਵਕਤ ਗ਼ਲਤ ਫ਼ੈਸਲਾ ਨਹੀਂ ਕਰਦਾ, ਗ਼ਲਤ ਨਹੀਂ ਸੋਚਦਾ। ਇਹ ਤੇ ਵਿਚਾਰ ਅੰਦਰ ਚਲਦੇ ਨੇ, ਪਰ ਪਰਮਾਤਮਾ ਨੇ ਪਰਦਾ ਪਾ ਰਖਿਆ ਹੈ, **ਚਿਤਰ ਗੁਪਤ**, ਐਸਾ ਚਿਤਰ ਜੋ ਗੁਪਤ ਹੈ। ਅੰਤਿਮ ਸਮੇਂ ਜਦ ਮਨੁੱਖ ਦੀ ਮਿਰਤੂ ਹੁੰਦੀ ਏ, ਪ੍ਰਗਟ ਚਿਤਰ ਦੀ ਮਿਰਤੂ ਹੁੰਦੀ ਏ, ਚਿਤਰ ਗੁਪਤ ਦੀ ਮਿਰਤੂ ਨਹੀਂ ਹੁੰਦੀ। ਜੀਵਨ ਭਰ ਜੋ ਅਸੀਂ ਮਨ ਨਾਲ ਕਰਦੇ ਹਾਂ ਉਹ ਮਨ ਦਾ ਹਿੱਸਾ ਬਣ ਜਾਂਦਾ ਹੈ। ਇਸ ਪ੍ਰਗਟ ਚਿਤਰ ਨੂੰ ਤੇ ਜਲਾ ਦਿੱਤਾ ਜਾਂਦਾ ਹੈ ਯਾ ਦਫ਼ਨ ਕਰ ਦਿੱਤਾ ਜਾਂਦਾ ਹੈ ਜਾਂ ਜਲ ਪਰਵਾਹ ਕਰ ਦਿੱਤਾ ਜਾਂਦਾ ਹੈ, ਅੱਗੇ ਜੋ ਜਾਂਦਾ ਹੈ ਉਹ ਚਿਤਰ ਗੁਪਤ ਹੈ। ਉਹ ਜੈਸਾ ਚਿਤਰ ਹੋਵੇਗਾ, ਵੈਸਾ ਜਨਮ ਹੋ ਜਾਏਗਾ। ਚਿਤਰ ਭੈੜਾ ਹੈ ਤੇ ਜਨਮ ਭੈੜਾ ਹੋ ਜਾਏਗਾ, ਚਿਤਰ ਚੰਗਾ ਹੈ, ਚੰਗਾ ਹੋ ਜਾਏਗਾ, ਬਸ ਐਨੀ ਗੱਲ ਹੈ। ਚਿਤਰ ਗੁਪਤ ਨੂੰ ਨਹੀਂ ਜਲਾਇਆ ਜਾ ਸਕਦਾ, ਚਿਤਰ ਗੁਪਤ ਨੂੰ ਨਹੀਂ ਦਫ਼ਨਾਇਆ ਜਾ ਸਕਦਾ, ਉਹ ਸੰਸਕਾਰ ਨਾਲ ਚਲਦੇ ਨੇ। ਜੀਵਨ ਭਰ ਜੋ ਸੋਚਿਆ ਹੈ, ਜੋ ਵਿਚਾਰਿਆ ਹੈ, ਜੋ ਯਾਦ ਕੀਤਾ ਹੈ, ਸਭ ਕੁਛ ਨਾਲ ਹੈ, ਜਨਮ ਦਰ ਜਨਮ ਨਾਲ ਚਲਦਾ ਹੈ।

ਇਹ ਜੋ ਤੀਸਰਾ ਖੰਡ ਹੈ, ਇੱਥੇ ਅਭਿਆਸੀ ਆਪਣੇ ਮਨ ਨੂੰ ਘੜਦਾ ਹੈ, ਭਾਵ ਵੇਖਦਾ

ਹੈ ਕਿ ਗ਼ਲਤ ਫ਼ੁਰਨੇ ਨਾ ਚਲਣ। ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜਪਦਾ ਹੈ, ਉਹਨੂੰ ਸੁਣਦਾ ਹੈ ਔਰ ਅੰਦਰ ਜਦੋਂ ਗ਼ਲਤ ਫ਼ੁਰਨੇ ਚਲਦੇ ਨੇ ਤੇ ਉਹਨੂੰ ਵੇਖਦਾ ਹੈ ਤੋ ਵੇਖਦਿਆਂ ਹੀ ਗ਼ਲਤ ਫ਼ੁਰਨੇ ਰੁਕ ਜਾਂਦੇ ਨੇ। ਤੁਸੀਂ ਵੇਖਣ ਦੀ ਕੋਸ਼ਿਸ਼ ਕਰੋ, ਗ਼ਲਤ ਫ਼ੁਰਨੇ ਰੁਕ ਜਾਂਦੇ ਨੇ। ਇਹਨੂੰ ਕਹਿੰਦੇ ਨੇ ਧਿਆਨ ਸਾਧਨਾ। ਨਹੀਂ ਤੇ ਚਲਣਗੇ। ਇਸ ਤਰ੍ਹਾਂ ਦੇ ਮਨੁੱਖ ਨੂੰ ਕਹਿੰਦੇ ਨੇ ਹੁਣ ਇਹ ਅੰਤਰਮੁਖੀ ਹੋ ਗਿਆ ਹੈ। ਇਹਦੀ ਜ਼ਿੰਦਗੀ ਕੁੱਝ ਅੰਦਰ ਦੀ ਹੋ ਗਈ ਹੈ, ਇਹਦਾ ਸੰਘਰਸ਼ ਅੰਦਰ ਚਲ ਪਿਆ ਹੈ। ਇਹਦਾ ਝਗੜਾ ਹੁਣ ਅੰਦਰ ਹੈ, ਬਾਹਰ ਨਹੀਂ। ਜਿਹੜੇ ਅੰਦਰ ਦੇ ਝਗੜਿਆਂ ਤੋਂ ਬਚੇ ਹੋਏ ਨੇ ਯਕੀਨ ਜਾਣੋ ਬਾਹਰ ਬਹੁਤ ਝਗੜਦੇ ਨੇ। ਭਰਾ ਭਰਾ ਲੜਦੇ ਨੇ, ਪਤੀ ਪਤਨੀ ਲੜਦੇ ਨੇ, ਪਿਉ ਪੁੱਤਰ ਝਗੜਦੇ ਨੇ। ਇਹਨਾਂ ਦੇ ਜਿਹੜੇ ਝਗੜੇ ਨੇ, ਇਹ ਸਿਰਫ਼ ਇਸ ਵਾਸਤੇ ਨੇ, ਅਜੇ ਅੰਦਰ ਦਾ ਝਗੜਾ ਸ਼ੁਰੂ ਨਹੀਂ ਹੋਇਆ। ਅੰਦਰ ਦਾ ਝਗੜਾ ਅਲੱਗ ਹੈ ਔਰ ਅੰਦਰ ਦਾ ਝਗੜਾ ਜਦ ਕੋਈ ਕਰਦਾ ਹੈ ਉਹਦੇ ਵਿਚ ਐਸਾ ਰੁੱਝ ਜਾਂਦਾ ਹੈ ਕਿ ਬਾਹਰ ਦੇ ਝਗੜੇ ਬੇ-ਮਕਸਦ ਹੋ ਜਾਂਦੇ ਨੇ, ਕੁਛ ਵੀ ਨਹੀਂ। ਜਦ ਵੀ ਕਿਧਰੇ ਝਗੜਾ ਦੇਖੋ, ਸਮਝ ਲੈਣਾ ਕਿ ਇਸ ਦਾ ਅਜੇ ਅੰਤਰ-ਆਤਮੇ ਝਗੜਾ ਸ਼ੁਰੂ ਨਹੀਂ ਹੋਇਆ। ਜਿਸ ਦਿਨ ਮਨ ਨਾਲ ਝਗੜਾ ਸ਼ੁਰੂ ਹੋ ਜਾਵੇਗਾ, ਬਾਹਰ ਦੇ ਝਗੜੇ ਆਪਣੇ ਆਪ ਸ਼ਾਂਤ ਹੋ ਜਾਣਗੇ। ਇਹ ਜਿਹੜਾ ਕਲਗੀਧਰ ਪਾਤਸ਼ਾਹ ਨੇ ਕਿਹਾ ਹੈ:-

*ਖ਼ਾਲਸਾ ਸੋ ਜੋ ਕਰੇ ਨਿੱਤ ਜੰਗ॥ ਖ਼ਾਲਸਾ ਸੋ ਜੋ ਚੜੈ ਤੁਰੰਗ॥*

Khaslsa so jo karey nit jang. Khalsa so jo charey turang.

ਨਿਤ ਜੰਗ, ਰੋਜ਼ ਜੰਗ ਕਰੇ। ਹੁਣ ਬਿਨਾਂ ਕਿਸੇ ਕਾਰਣ ਤੋਂ ਰੋਜ਼ ਲੜੇ। ਰੋਜ਼ ਲੜੇ, ਬਿਨਾਂ ਨਾਗਾ ਲੜੇ। ਗੈਰ-ਹਾਜ਼ਰੀ ਬਿਲਕੁਲ ਨਾ ਕਰੇ। ਤੇ ਕਿਆ ਰੋਜ਼ ਜਣੇ-ਖਣੇ ਦੀ ਪੱਗ ਲਾਹੀਏ। ਨਹੀਂ, ਇਹ ਗੱਲ ਨਹੀਂ ਹੈ। ਖ਼ਾਹਮਖ਼ਾਹ ਝਗੜਾ ਮੁੱਲ ਲਈਏ। ਇਹ ਗੱਲ ਨਹੀਂ ਹੈ। ਖ਼ਾਲਸਾ ਉਹ ਹੈ ਜਿਹੜਾ ਰੋਜ਼ ਆਪਣੇ ਮਨ ਨਾਲ ਝਗੜਦਾ ਹੈ। ਮਨ ਨਾਲ ਲੜਦਾ ਹੈ। ਮਨ ਦੇ ਅੰਦਰ ਕੀ ਹੈ? ਗ਼ਲਤ ਵਿਚਾਰ। ਮਨ ਕੀ ਏ? ਅੰਦਰ ਗ਼ਲਤ ਸੋਚਣੀ। ਮਨ ਕੀ ਏ? ਅੰਦਰ ਗ਼ਲਤ ਯਾਦਾਂ। ਮਨ ਕੀ ਏ? ਅੰਦਰ ਅਹੰ। (ਮੇਰੇ ਵਿਚਾਰ, ਮੈਂ ਸੋਚਿਆ ਹੈ, ਮੇਰੀ ਚਿਤਵਣੀ, ਮੈਂ)। ਇਸ ਤੀਸਰੀ ਅਵਸਥਾ ਵਿਚ, ਇਸ ਤੀਸਰੇ ਖੰਡ ਵਿਚ ਮਨੁੱਖ ਇਹਨਾਂ ਨੂੰ ਘੜਦਾ ਹੈ, ਆਪਣੇ ਵਿਚਾਰਾਂ ਨੂੰ, ਆਪਣੀ ਸੋਚਣੀ ਨੂੰ, ਆਪਣੀ ਚਿਤਵਣੀ ਨੂੰ ਤੇ ਆਪਣਾ ਅਹੰ। ਘੜਿਆ ਜਾਂਦਾ ਹੈ। ਪੱਥਰ ਮੂਰਤੀ ਬਣ ਗਿਆ ਹੈ ਤੇ ਜਦ ਪੱਥਰ ਮੂਰਤੀ ਬਣ ਜਾਏ, ਉਹ ਪੂਜਣ-ਯੋਗ ਹੋ ਜਾਂਦਾ ਹੈ। ਲੋਕੀਂ ਮੱਥਾ ਟੇਕਣ ਲਗ ਪੈਂਦੇ ਨੇ। ਕਲ੍ਹ ਤਕ ਤੇ ਪੱਥਰ ਸੀ, ਕੁਛ ਵੀ ਨਹੀਂ ਸੀ। ਅੱਜ ਕਿਸੇ ਅਵਤਾਰ ਦੀ ਮੂਰਤੀ ਹੋ ਗਿਆ ਹੈ। ਕਲ੍ਹ ਤਕ ਇਹ ਮਨ ਸੀ, ਅੱਜ ਇਹ ਰੱਬ ਦਾ ਰੂਪ ਹੈ, ਕਿਉਂਕਿ ਅੱਜ ਅੰਦਰ ਰੱਬੀ ਵਿਚਾਰਾਂ ਪਈਆਂ ਚਲਦੀਆਂ ਨੇ। ਦੁਨੀਆ ਬਦਲ ਜਾਂਦੀ ਏ। ਸਰਮ ਖੰਡ ਵਿਚ ਮਨੁੱਖ ਬਿਲਕੁਲ ਬਦਲ ਜਾਂਦਾ ਹੈ। ਕਿਉਂਕਿ ਮਨ ਬਦਲ ਜਾਂਦਾ ਹੈ, ਸੋਚਣੀ ਬਦਲ ਜਾਂਦੀ ਹੈ, ਚਿਤਵਣੀ ਬਦਲ ਜਾਂਦੀ ਹੈ। ਜਦ ਅਸੀਂ ਕਹਿੰਦੇ ਹਾਂ ਕਿ ਫਲਾਣਾ ਤੇ ਬਿਲਕੁਲ ਬਦਲ ਗਿਆ ਹੈ। ਤੇ ਕੀ ਬਦਲ ਗਿਆ ਹੈ, ਕੋਈ ਹੱਥ ਪੈਰ ਬਦਲ ਗਏ ਨੇ, ਮੂੰਹ ਮੱਥਾ ਬਦਲ ਗਿਆ ਹੈ, ਕੁੱਝ ਵੀ ਨਹੀਂ ਬਦਲਿਆ, ਸਿਰਫ ਵਿਚਾਰ ਬਦਲ ਗਏ ਨੇ। ਸੋਚਣੀ ਬਦਲ ਗਈ ਹੈ, ਚਿਤਵਣੀ ਬਦਲ ਗਈ ਹੈ।

**ਤਸਵੀਰ ਉਮੀਦੋਂ ਕੀ ਆਇਨਾ ਮਲਾਲੋਂ ਕਾ।**
**ਇਨਸਾਂ ਜਿਸੇ ਕਹਿਤੇ ਹੈਂ ਮੁਹੱਸ਼ਰ ਹੈ ਖ਼ਿਆਲੋਂ ਕਾ।**

ਬੰਦਾ ਕੀ ਏ, ਖ਼ਿਆਲਾਂ ਦਾ ਇਕੱਠ, ਖ਼ਿਆਲ ਬਦਲ ਗਏ, ਬੰਦਾ ਬਦਲ ਗਿਆ। ਵਿਚਾਰ ਬਦਲ ਗਏ, ਬੰਦਾ ਬਦਲ ਗਿਆ। ਲੋਕੀਂ ਕਹਿੰਦੇ ਨੇ ਇਹ ਤੇ ਮਨਮੁਖ ਹੁੰਦਾ ਸੀ, ਗੁਰਮੁਖ ਹੋ ਗਿਆ ਹੈ। ਜਦ ਮਨਮੁਖ ਸੀ ਤੇ ਕੀ ਸਿਰ ਤੇ ਸਿੰਗ ਲੱਗੇ ਹੋਏ ਸਨ? ਅੱਜ ਬਦਲ ਗਿਆ ਹੈ ਤੇ ਕੋਈ ਮੋਰ ਦੇ ਪੰਖ ਲਗ ਗਏ ਨੇ? ਨਹੀਂ, ਵਿਚਾਰ ਬਦਲ ਗਏ ਨੇ, ਸੋਚਣੀ ਬਦਲ ਗਈ ਹੈ। ਕਲ੍ਹ ਤਕ ਆਪਣੇ ਵਿਚਾਰਾਂ ਦੇ ਮੁਤਾਬਿਕ ਜਿਊਂਦਾ ਸੀ, ਅੱਜ ਗੁਰੂ ਦੇ ਵਿਚਾਰਾਂ ਦੇ ਮੁਤਾਬਿਕ ਜਿਊਂਦਾ ਹੈ। ਕਲ੍ਹ ਤਕ ਆਪਣੀ ਸੋਚਣੀ ਨਾਲ ਜਿਊਂਦਾ ਸੀ, ਅੱਜ ਗੁਰੂ ਨਾਨਕ ਦੀ ਸੋਚਣੀ ਨਾਲ ਜੀ ਰਿਹਾ ਹੈ। ਕਲ੍ਹ ਤਕ ਦੁਨੀਆ ਦੀ ਯਾਦ ਵਿਚ ਬੈਠਾ ਰਹਿੰਦਾ ਸੀ, ਵਿਕਾਰਾਂ ਦੀ ਯਾਦ ਵਿਚ ਬੈਠਾ ਰਹਿੰਦਾ ਸੀ, ਅੱਜ ਨਿਰੰਕਾਰ ਦੀ ਯਾਦ ਵਿਚ ਬੈਠਾ ਹੈ। ਯਾਦ ਤੇ ਹੁਣ ਵੀ ਕਰ ਰਿਹਾ ਹੈ ਪਰ ਪਹਿਲੇ ਵਿਕਾਰਾਂ ਨੂੰ ਕਰਦਾ ਸੀ, ਅੱਜ ਕਰਤਾਰ ਨੂੰ ਕਰਦਾ ਹੈ। ਸੋਚਦਾ ਤੇ ਪਹਿਲੇ ਵੀ ਸੀ ਪਰ ਪਹਿਲੇ ਗ਼ਲਤ ਸੋਚਦਾ ਸੀ, ਅੱਜ ਗੁਰੂ ਦੀ ਸੋਚਣੀ ਹੈ ਇਸ ਦੇ ਕੋਲ, ਸਹੀ ਸੋਚ ਹੈ। ਸਭ ਕੁਛ ਬਦਲ ਗਿਆ। ਪਹਿਲੇ ਅਹੰ ਸੀ ਕਿ ਵਿਚਾਰ ਮੇਰੇ ਨੇ, ਸੋਚਣੀ ਮੇਰੀ ਹੈ, ਚਿਤਵਣੀ ਮੇਰੀ ਹੈ ਔਰ ਇਹ ਮੇਰਾ-ਮੇਰਾ ਇਤਨਾ ਅੱਗੇ ਵੱਧ ਜਾਂਦਾ ਸੀ ਕਿ ਇਹ ਕਹਿੰਦਾ ਸੀ ਕਿ ਇਹ ਤਨ ਮੇਰਾ, ਇਹ ਧਨ ਮੇਰਾ, ਇਹ ਪਰਵਾਰ ਮੇਰਾ, ਇਹ ਪਦਾਰਥ ਮੇਰੇ। ਇੰਜ ਮੇਰੇ ਦੀ ਮੋਹਰ ਲਾਉਂਦਾ ਜਾਂਦਾ ਸੀ ਤੇ ਮੈਂ ਵਧ ਜਾਂਦੀ ਸੀ, ਹੰਕਾਰ ਵਧ ਜਾਂਦਾ ਸੀ। ਅੱਜ ਗੱਲ ਕੁਛ ਹੋਰ ਹੋ ਗਈ, ਮੈਂ, ਤੂੰ ਵਿਚ ਬਦਲ ਗਿਆ। ਇਹ ਵਿਚਾਰ ਤੇਰੇ, ਇਹ ਸੋਚਣੀ ਤੇਰੀ। ਇਹ ਚਿੰਤਨ ਤੇਰਾ, ਇਹ ਤਨ ਤੇਰਾ, ਇਹ ਧਨ ਤੇਰਾ, ਇਹ ਪਰਵਾਰ ਤੇਰਾ, ਇਹ ਸੰਸਾਰ ਤੇਰਾ, ਹੇ ਪ੍ਰਭੂ ! ਮੇਰਾ ਕੁਛ ਵੀ ਨਹੀਂ।

***ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥***
***ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥ ੨੦੩॥*** (ਅੰਗ ੧੩੭੫)

kabir maera mujh meh kichh nahi jo kichh hai so taera.
taeraa tujh ko soupatae kiaa laagai maeraa.203.
*Kabeer, nothing is mine within myself.*
*Whatever there is, is Yours, O Lord.*
*If I surrender to You what is already Yours,*
*what does it cost me? .203.*

ਇੱਥੇ ਇਹ ਦੁਨੀਆਂ ਬਦਲ ਜਾਂਦੀ ਏ।

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥ ੨੦੪॥***

(ਅੰਗ ੧੩੭੫)

kabir toon toon kartaa too hooaa mujh meh rehaa na hoon.
jab aapaa par kaa mitt gaeiaa jath dhaekho thath thoo.204.
*Kabir, repeating, ""You, You"", I have become like You.*

*Nothing of me remains in myself.*
*When the difference between myself and others is removed, then wherever I look, I see only You.204.*

ਜਿਤਨੀ ਆਸਾਨੀ ਨਾਲ ਮੈਂ ਕਹਿ ਰਿਹਾ ਹਾਂ, ਇਤਨਾ ਆਸਾਨ ਨਹੀਂ ਹੈ ਤੇ ਜਿਤਨੇ ਸਹਿਜ ਸੁਭਾਅ ਨਾਲ ਤੁਸੀਂ ਪੜ੍ਹ ਰਹੇ ਹੋ ਯਕੀਨ ਜਾਣੋ ਇਤਨੀ ਸਰਲ ਗੱਲ ਨਹੀਂ ਹੈ।

ਇਹ ਕਰੋੜਾਂ ਬੰਦੇ ਜੋ ਚਲ ਪੈਂਦੇ ਨੇ ਮੰਦਰ, ਮਸਜਿਦ, ਗੁਰਦੁਆਰਿਆਂ ਦੀ ਤਰਫ਼, ਕਰੋੜਾਂ, ਇਹਨਾਂ ਵਿਚੋਂ ਕੁਛ ਹਜ਼ਾਰ ਹੀ ਬੰਦੇ ਰਹਿ ਜਾਂਦੇ ਨੇ, ਜੋ ਧਰਮ ਖੰਡ ਤੋਂ ਅੱਗੇ ਜਾਣ, ਗਿਆਨ ਖੰਡ ਵਿਚ ਪਹੁੰਚਣ। ਬਾਕੀ ਜਾ ਰਹੇ ਨੇ ਮਸਜਿਦ, ਕੱਖ ਨਹੀਂ ਸਮਝ, ਚਰਚ ਵਿਚ ਜਾ ਰਹੇ ਨੇ ਕੁਛ ਨਹੀਂ ਪਤਾ। ਮੰਦਰ ਵਿਚ ਜਾ ਰਹੇ ਨੇ, ਕੋਈ ਸੂਝ ਤੇ ਸਮਝ ਨਹੀਂ। ਬਸ ਜਾ ਰਹੇ ਨੇ ਗੁਰਦੁਆਰੇ, ਕੁਛ ਵੀ ਪਤਾ ਨਹੀਂ। **ਔਰ ਜੈਸੇ ਸਮਝ ਪੈਂਦੀ ਏ ਤੋ ਸਮਝ ਦੇ ਨਾਲ, ਹੁਣ ਸਿਰਫ਼ ਗੁਰੂ ਦੀ ਗੱਲ ਸੁਣਨੀ ਨਹੀਂ, ਮੰਨਣੀ ਵੀ ਹੈ। ਮੰਨਣਾ ਸਮਝ ਲਉ, ਸਮਝ ਆਰੰਭ ਹੋ ਗਈ। ਸਮਝਣਾ ਆਰੰਭ ਹੋ ਗਿਆ ਹੈ। ਸਮਝ ਦੀ ਪਹਿਚਾਣ, ਇਸ ਨੇ ਮੰਨਣਾ ਸ਼ੁਰੂ ਕਰ ਦਿੱਤਾ ਹੈ।** ਸਾਹਿਬ ਕਹਿੰਦੇ ਨੇ:-

***ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ॥*** (ਅੰਗ ੨੭)

jinee sun kai manniaa tinaa nij ghar vaas.
*Those who hear and believe,*
*find the home of the self deep within.*

---

***ਨਾਨਕ ਜਿਨ੍ਹੀ ਸੁਣਿ ਕੈ ਮੰਨਿਆ ਹਉ ਤਿਨਾ ਵਿਟਹੁ ਕੁਰਬਾਣੁ॥ ੨॥***

(ਅੰਗ ੭੯੦)

Nanak jinaee sun kai manniaa ho tinaa vittahu kuraban.2.
*O Nanak, I am a sacrifice to those*
*who hear and accept the Name.2.*

ਸਦਕੇ ਜਾਂਦੇ ਹਾਂ ਜਿਨ੍ਹਾਂ ਨੇ ਸੁਣ ਕੇ ਮੰਨ ਲਿਆ। ਨਹੀਂ ਤੇ ਸੁਣਦੇ ਰਹਿੰਦੇ ਨੇ, ਸੁਣਦੇ ਰਹਿੰਦੇ ਨੇ। ਇਕ ਛੋਟੀ ਜਿਹੀ ਬੇਨਤੀ ਮੈਂ ਕਰ ਦਿਆਂ, ਕਲਗੀਧਰ ਪਾਤਸ਼ਾਹ ਹਰ ਥਾਂ ਤੇ ਬੇਨਤੀ ਦੇ ਰੂਪ ਵਿਚ ਸ਼ਬਦ ਉਚਾਰਨ ਕਰਦੇ ਨੇ, ਜੈਸੇਂ **ਕਬਿਯੋਬਾਚ ਬੇਨਤੀ**। ਹੋਰ ਵੀ ਕਈ ਥਾਵਾਂ ਤੇ ਬੇਨਤੀ। ਬਚਿੱਤਰ ਨਾਟਕ ਵਿਚ ਤੇ ਐਸਾ ਲਿਖਦੇ ਨੇ ਅਕਾਲ ਪੁਰਖ ਵਾਚ ਅਸ ਕੀਟ ਪ੍ਰਤ। ਅਕਾਲ ਪੁਰਖ ਦੇ ਬਚਨ ਮੈਂ ਕੀੜੇ ਨੂੰ, ਇਤਨੀ ਨਿਰਮਾਣਤਾ। ਪਰ ਇਕ ਥਾਂ ਤੇ ਕਹਿੰਦੇ ਨੇ, ਐਹ ਗੁਰੂ ਕੇ ਸਿੱਖ ਇਹ ਮੇਰਾ ਹੁਕਮ ਹੈ, ਮੇਰੀ ਆਗਿਆ ਹੈ, ਮੇਰੀ ਬੇਨਤੀ ਨਹੀਂ, ਮੇਰੀ ਜੋਦੜੀ ਨਹੀਂ ਹੈ, ਮੈਂ ਕੋਈ ਅਰਦਾਸ ਨਹੀਂ ਕਰ ਰਿਹਾ ਤੇਰੇ ਅੱਗੇ, ਮੇਰਾ ਹੁਕਮ ਹੈ, ਮੇਰੀ ਆਗਿਆ ਹੈ। ਕੀ ਆਗਿਆ ਹੈ? ਪਾਤਸ਼ਾਹ ਕੀ ਹੁਕਮ ਹੈ? ਤੇ ਮੈਂ ਉਹਨਾਂ ਦਾ ਹੁਕਮ, ਜੋ ਦਸਮ ਗ੍ਰੰਥ ਵਿਚ ਦਰਜ ਹੈ, ਤੁਹਾਡੇ ਸਾਹਮਣੇ ਰੱਖਾਂ। ਸਤਿਗੁਰੂ ਕਹਿੰਦੇ ਨੇ:-

***ਅਹੈ ਮੋਰ ਆਗਿਆ ਸੁਨੋ ਤੁਮ ਪਿਆਰੇ॥***
***ਬਿਨਾਂ ਸ਼ਸਤਰ ਕੇਸੰ ਦੇਵਹੁ ਨਾ ਦੀਦਾਰੇ॥***

ਮੇਰੀ ਬੇਨਤੀ ਨਹੀਂ ਹੈ, ਮੇਰਾ ਹੁਕਮ ਹੈ, ਬਿਨਾਂ ਸ਼ਸਤਰ ਤੇ ਬਿਨਾਂ ਕੇਸਾਂ ਤੋਂ ਮੇਰੇ ਮੱਥੇ ਨਾ ਲੱਗੀਂ, ਮੇਰੇ ਕੋਲ ਨਾ ਆ। ਸਿੱਧੀ ਗੱਲ, ਨਾ ਆ, ਤੈਨੂੰ ਆਉਣ ਦੀ ਲੋੜ ਹੀ ਨਹੀਂ। ਤੂੰ ਐਨੀ ਗੱਲ ਹੀ ਮੇਰੀ ਮੰਨਣ ਨੂੰ ਤਿਆਰ ਨਹੀਂ, ਬਾਕੀ ਮੇਰੀਆਂ ਵੱਡੀਆਂ ਗੱਲਾਂ ਤੂੰ ਖ਼ਾਕ ਮੰਨੇਂਗਾ? ਕਿਸ ਤਰ੍ਹਾਂ ਮੰਨੇਂਗਾ। ਮੈਂ ਇਹ ਦੋ ਬਚਨ ਫਿਰ ਰੱਖ ਦਿਆਂ। **ਅਹੈ ਮੋਰ ਆਗਿਆ ਸੁਨੋ ਤੁਮ ਪਿਆਰੇ॥ ਬਿਨਾਂ ਸ਼ਸਤਰ ਕੇਸੰ ਦੇਵਹੁ ਨਾ ਦੀਦਾਰੇ॥**

ਮਨ ਦੀ ਸਾਧਨਾ ਤੇ ਬਹੁਤ ਔਖੀ ਗੱਲ ਹੈ, ਇਹ ਤੇ ਅਜੇ ਧਰਮ ਖੰਡੀ ਵੀ ਨਹੀਂ ਹੈ, ਇਹ ਤੇ ਤਨ ਨੂੰ ਵੀ ਨਹੀਂ ਸਾਧਿਆ ਇਸ ਨੇ ਅਜੇ, ਮਨ ਦੀ ਸਾਧਨਾ ਤੇ ਬਹੁਤ ਅੱਗੇ ਦੀ ਗੱਲ ਹੈ। ਜਿਨ੍ਹਾਂ ਨੇ ਅਜੇ ਤਨ ਵੀ ਨਹੀਂ ਸਾਧਿਆ ਇਹ ਧਰਮ ਖੰਡੀ ਨਹੀਂ। ਜਿਨ੍ਹਾਂ ਨੇ ਮੰਨਣਾ ਸ਼ੁਰੂ ਕਰ ਦਿੱਤਾ ਔਰ ਸਮਝ ਆ ਗਈ, ਗਿਆਨ ਖੰਡੀ ਹੋ ਗਏ। ਪਰ ਸੁਣਿਆਂ ਹੈ, ਮੰਨਿਆਂ ਹੈ, ਅੱਗੇ ਕਰੜਾ ਰਸਤਾ, ਚੜ੍ਹਾਈ, ਹੁਣ ਘੜਨਾ ਹੈ। ਅੰਦਰ ਕੋਈ ਮਾੜਾ ਫ਼ੁਰਨਾ ਪੈਦਾ ਨਾ ਹੋਵੇ। ਕੋਈ ਮਾੜੀ ਸੋਚਣੀ ਪੈਦਾ ਨਾ ਹੋਵੇ।

**ਕਿਸ ਤਰ੍ਹਾਂ ਅੰਦਾਜ਼ਾ ਲਾਵਾਂਗੇ ਕਿ ਇਹ ਮਨ ਘੜਿਆ ਹੋਇਆ ਨਹੀਂ।** ਅਗਰ ਅੰਦਰ ਮਾੜੇ ਵਿਚਾਰ ਚਲਦੇ ਨੇ, ਕੀ? ਕਿਸੇ ਦਾ ਬੁਰਾ ਪਏ ਸੋਚਦੇ ਹਾਂ ਯਾ ਕਿਸੇ ਦੂਸਰੇ ਦਾ ਧਨ ਚੇਤੇ ਆ ਰਿਹਾ ਹੈ। ਕਿਸੇ ਦਾ ਰੂਪ ਚੇਤੇ ਆ ਰਿਹਾ ਹੈ, ਅੰਦਰ ਵਾਸ਼ਨਾ ਹੈ। ਬਦਲੇ ਦੀ ਭਾਵਨਾ ਹੈ, ਇਹ ਘੜਿਆ ਹੋਇਆ ਚਿੱਤ ਨਹੀਂ ਹੈ। ਇਹ ਘੜਿਆ ਹੋਇਆ ਮਨ ਨਹੀਂ ਹੈ, ਇਹ ਘੜੀ ਹੋਈ ਬੁੱਧ ਨਹੀਂ ਹੈ, ਇਹ ਤੇ ਗ਼ਲਤ ਸੋਚ ਰਿਹਾ ਹੈ। ਇਹ ਤੇ ਅੰਦਰ ਗ਼ਲਤ ਫ਼ੁਰਨੇ ਪਏ ਚਲਦੇ ਨੇ। ਇਹ ਤੇ ਗ਼ਲਤ ਯਾਦਾਂ ਵਿਚ ਬੈਠਾ ਹੈ।

**ਜਿਹੜਾ ਘੜਿਆ ਹੋਇਆ ਮਨ,** ਅੰਦਰ ਬੜੇ ਨਿਰਮਲ ਸ਼ੁੱਧ ਵਿਚਾਰ ਚਲਦੇ ਨੇ, ਪਰਉਪਕਾਰੀ। ਸੋਚਣੀ ਬੜੀ ਸਹੀ ਚਲਦੀ ਏ ਔਰ ਚਿਤਵਣੀ ਵਿਚ, ਯਾਦ ਵਿਚ ਗੁਰੂ ਹੁੰਦਾ ਹੈ, ਪਰਮਾਤਮਾ ਹੁੰਦਾ ਹੈ, ਚੰਗੀਆਂ ਗੱਲਾਂ, ਮਹਾਂਪੁਰਸ਼, ਸਤਸੰਗ, ਚੇਤੇ ਵਿਚ ਇਹੀ ਕੁਛ ਹੁੰਦਾ ਹੈ ਯਾ ਕਿਸੇ ਦਾ ਭਲਾ। ਅਗਰ ਐਸਾ ਹੈ ਤੋ ਸਮਝ ਲਉ ਮਨ ਘੜਿਆ ਹੋਇਆ ਹੈ। ਅਹੰ, ਉਹ ਜਿਹੜਾ ਅਹੰਕਾਰ ਹੈ, ਉਹ ਜਦ ਘੜਿਆ ਜਾਂਦਾ ਹੈ ਤੋ ਉਸ ਦੀ ਰੂਪ ਰੇਖਾ ਇਹ ਬਣ ਜਾਂਦੀ ਏ।

**ਪਰ ਜਿਹੜਾ ਘੜਿਆ ਹੋਇਆ ਅਹੰਕਾਰ ਨਹੀਂ ਹੈ,** ਉਹ ਤਨ ਦੇ ਆਸਰੇ ਤੇ, ਧਨ ਦੇ ਆਸਰੇ ਤੇ, ਇਹਨਾਂ ਆਸਰਿਆਂ ਤੇ ਟਿਕਦਾ ਹੈ। ਮੇਰਾ ਤਨ, ਮੇਰਾ ਧਨ, ਮੇਰੀ ਸੋਚਣੀ, ਮੇਰਾ ਗਿਆਨ, ਮੇਰਾ ਪਰਵਾਰ, ਮੇਰੀ ਜ਼ਾਤ, ਮੇਰਾ ਇਲਾਕਾ, ਮੇਰਾ ਮੁਲਕ ਇਸ ਤੇ ਖੜਾ ਹੁੰਦਾ ਹੈ ਔਰ ਜਿਤਨਾ ਮੇਰਾ-ਮੇਰਾ ਵਧਦਾ ਹੈ, ਮੈਂ ਵੱਧ ਜਾਂਦੀ ਏ। ਮਨ ਘੜਿਆ ਗਿਆ ਹੈ, ਅਹੰਕਾਰ ਘੜਿਆ ਗਿਆ ਹੈ, ਹੁਣ ਅਹੰਕਾਰ ਟਿਕਦਾ ਹੈ ਨਿਰੰਕਾਰ ਦੇ ਆਸਰੇ ਤੇ। ਉਹ ਇਹ ਨਹੀਂ ਆਖਦਾ ਮੇਰਾ ਤਨ, ਮੇਰਾ ਧਨ, ਮੇਰੀ ਮਾਣ ਮਰਯਾਦਾ, ਮੇਰੀ ਜ਼ਾਤ, ਮੇਰੀ ਕੁਲ। ਉਹ ਕਹਿੰਦਾ ਨਹੀਂ ਮੇਰਾ ਰੱਬ, ਮੇਰਾ ਗੁਰੂ, ਮੇਰਾ ਪਰਮਾਤਮਾ। ਅਗਰ ਉਹ ਮੇਰਾ ਸ਼ਬਦ ਜੋੜਦਾ ਹੈ ਤੋ ਸਿਰਫ਼ ਪਰਮਾਤਮਾ ਨਾਲ।

***ਤਾਣੁ ਮਾਣੁ ਦੀਬਾਣੁ ਸਾਚਾ ਨਾਨਕ ਕੀ ਪ੍ਰਭ ਟੇਕ॥ ੪॥ ੨॥ ੨੦॥***

taan maan diban saachaa Nanak kee prabh ttaek.4.2.20.

*The True Lord is Nanak's strength, honor and support;*
*He alone is his protection.4.2.20.*

ਤੂੰ ਮੇਰਾ ਤਾਣ ਹੈਂ, ਤੂੰ ਮੇਰਾ ਮਾਣ ਹੈਂ, ਗੱਲ ਖ਼ਤਮ। ਮੈਨੂੰ ਹੋਰ ਕਿਸੇ ਤੇ ਤਾਣ ਨਹੀਂ, ਕਿਸੇ ਤੇ ਮਾਣ ਨਹੀਂ, ਤੇਰੇ ਤੇ ਮਾਣ ਹੈ।

***ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥*** (ਅੰਗ ੮੦੯)
maan karo tudh ooparae maerae pritam piaarae.
*I take pride in You, O my Darling Beloved.*

ਬੜੀ ਸੋਹਣੀ ਪੰਗਤੀ ਹੈ। ਕੋਈ ਮਾਣ ਕਰਦਾ ਹੈ ਧਨ ਦਾ, ਕੋਈ ਮਾਣ ਕਰਦਾ ਹੈ ਜੋਬਨ ਦਾ, ਕੋਈ ਮਾਣ ਕਰਦਾ ਹੈ ਪ੍ਰਭੁਤਾ ਦਾ, ਕੋਈ ਮਾਣ ਕਰਦਾ ਹੈ ਤਾਕਤ ਦਾ, ਕੋਈ ਮਾਣ ਕਰਦਾ ਹੈ ਦਾਨ ਦਾ, ਕੋਈ ਮਾਣ ਕਰਦਾ ਹੈ ਪੁੰਨ ਦਾ। ਔਹ ਜਿੱਥੇ-ਜਿੱਥੇ ਮਾਣ ਆ ਜਾਏ ਦੁਨਿਆਵੀ, ਬਾਹਰਮੁਖੀ, ਉਹ ਮਲੀਨ ਹੈ। ਹਿਰਦੇ ਨੂੰ ਮੈਲਾ ਕਰੇਗਾ। **ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥** ਹੇ ਪ੍ਰਭੂ ! ਮੈਨੂੰ ਤੇ ਸਿਰਫ਼ ਤੇਰੇ ਤੇ ਹੀ ਮਾਣ ਹੈ, ਤੂੰ ਮੇਰਾ ਹੈਂ ਬੱਸ, ਹੋਰ ਕੋਈ ਨਹੀਂ। ਇਹ ਨਿਰਮਲ ਮਾਣ ਹੈ, ਇਹ ਪਵਿੱਤਰ ਮਾਣ ਹੈ। ਅਗਰ ਐਸਾ ਹੈ ਤੇ ਇਹ ਬੰਦਾ ਸਰਮ ਖੰਡ ਵਿਚ ਹੈ। ਸਰਮ ਖੰਡ, ਵਿਚਾਰ ਘੜੇ ਗਏ ਨੇ, ਗ਼ਲਤ ਨਹੀਂ ਚਲਦੇ। ਸਰਮ ਖੰਡ, ਸੋਚਣੀ ਘੜੀ ਗਈ ਏ, ਹੁਣ ਗ਼ਲਤ ਨਹੀਂ ਸੋਚਿਆ ਜਾ ਰਿਹਾ। ਸਰਮ ਖੰਡ, ਹੁਣ ਯਾਦਾਂ ਵੀ ਘੜੀਆਂ ਗਈਆਂ ਨੇ। ਚੰਗੀਆਂ ਗੱਲਾਂ ਯਾਦ ਆਉਂਦੀਆਂ ਨੇ, ਮਾੜੀਆਂ ਨਹੀਂ।

ਮੈਨੂੰ ਹਜ਼ਾਰਾਂ ਅਭਿਆਸੀ ਮਿਲੇ ਨੇ, ਕਹਿੰਦੇ ਨੇ ਗਿਆਨੀ ਜੀ, ਅੱਗੇ ਪਿੱਛੇ ਤੇ ਚੰਗੇ ਭਲੇ ਹੁੰਦੇ ਹਾਂ ਪਰ ਜਦੋਂ ਗੁਟਕਾ ਹੱਥ ਵਿਚ ਪਕੜ ਲੈਂਦੇ ਹਾਂ, ਬਾਣੀ ਪੜ੍ਹਨ ਲਗਦੇ ਹਾਂ, ਪਤਾ ਨਹੀਂ ਮਾੜੀਆਂ ਗੱਲਾਂ ਕਿੱਥੋਂ ਆ ਜਾਂਦੀਆਂ ਨੇ। ਉਹਨਾਂ ਨੂੰ ਮੈਂ ਕਹਿੰਦਾ ਹਾਂ ਕਿ ਅਜੇ ਚਿੱਤ ਘੜਿਆ ਨਹੀਂ ਗਿਆ। ਤੁਸੀਂ ਘੜ ਰਹੇ ਹੋ, ਛੋੜੋ ਨਾ। ਅਜੇ ਅਨਘੜਾ ਹੈ ਚਿੱਤ। ਪਰ ਕਈ ਨਿਰਾਸ਼ ਵੀ ਹੋ ਜਾਂਦੇ ਨੇ ਕਿ ਅੱਗੇ ਪਿੱਛੇ ਚੰਗੇ ਬੈਠੇ ਹਾਂ, ਜਦੋਂ ਵਾਹਿਗੁਰੂ-ਵਾਹਿਗੁਰੂ ਕਰਨ ਲੱਗ ਪੈਂਦੇ ਹਾਂ, ਇਹ ਸਾਰਾ ਅਨਰਥ ਪਤਾ ਨਹੀਂ ਕਿੱਥੋਂ ਪੈਦਾ ਹੋ ਜਾਂਦਾ ਹੈ। ਭਲਿਆ ਅਨਰਥ ਪਹਿਲੇ ਵੀ ਸੀ ਪਰ ਹੁਣ ਜ਼ਰਾ ਤੂੰ ਅੰਤਰਮੁਖੀ ਹੋਇਆ ਹੈਂ, ਹੁਣ ਤੈਨੂੰ ਦਿਖਾਈ ਦਿੰਦਾ ਹੈ, ਪਹਿਲੇ ਤੂੰ ਬਾਹਰਮੁਖੀ ਸੀ। ਤੈਨੂੰ ਦਿਖਾਈ ਨਹੀਂ ਸੀ ਦਿੰਦਾ, ਗੱਲ ਇਤਨੀ ਸੀ।

ਇਸ ਕਰਕੇ ਜਦ ਕੋਈ ਨਾਮ ਅਭਿਆਸ ਕਰਕੇ ਅੰਤਰਮੁਖੀ ਹੋਣਾ ਸ਼ੁਰੂ ਹੁੰਦੇ ਨੇ, ਉਹਨਾਂ ਨੂੰ ਹੈਰਾਨਗੀ ਹੁੰਦੀ ਹੈ ਕਿ ਅੰਦਰ ਤੇ ਬੜੇ ਗ਼ਲਤ ਵਿਚਾਰ ਨੇ। ਬੜੀ ਗ਼ਲਤ ਸੋਚਣੀ ਹੈ। ਦੁਨੀਆਂ ਸਾਨੂੰ ਸਤਸੰਗੀ ਕਹਿੰਦੀ ਹੈ, ਇਹ ਤੇ ਗੱਲ ਕੁਛ ਹੋਰ ਹੈ। ਦੁਨੀਆਂ ਗੁਰੂ ਕਾ ਸਿੱਖ ਕਹਿੰਦੀ ਹੈ, ਅੰਦਰ ਤੇ ਰਾਖਸ਼ ਬੈਠਾ ਹੈ। ਦੁਨੀਆਂ ਸਾਨੂੰ ਰੱਬ ਦਾ ਰੂਪ ਕਹਿੰਦੀ ਹੈ, ਅੰਦਰ ਤੇ ਬੜਾ ਪ੍ਰਬਲ ਹੰਕਾਰ ਬੈਠਾ ਹੈ। ਔਖਿਆਈ ਹੋ ਜਾਂਦੀ ਹੈ, ਕਠਨਾਈ ਹੈ। ਜੈਸੇ ਕੋਈ ਕਿਸਾਨ ਕਣਕ ਬੀਜਦਾ ਹੈ, ਥੋੜੇ ਦਿਨਾਂ ਤੋਂ ਬਾਅਦ ਦੇਖਦਾ ਹੈ ਬਈ ਕਣਕ ਤੇ ਪੁੰਗਰੀ ਏ ਪਰ ਨਾਲ ਘਾਸ ਵੀ ਪੈਦਾ ਹੋ ਗਿਆ ਹੈ। ਉਹ ਹੈਰਾਨ ਹੁੰਦਾ ਹੈ ਕਿ ਮੈਂ ਘਾਸ ਤੇ ਨਹੀਂ ਬੀਜਿਆ ਸੀ, ਕਣਕ ਬੀਜੀ ਸੀ, ਇਹ ਘਾਸ ਕਿੱਥੋਂ ਪੈਦਾ ਹੋ ਗਿਆ। ਨਹੀਂ, ਕਣਕ ਤੂੰ ਅੱਜ ਬੋਈ ਹੈ, ਘਾਸ ਤੂੰ ਪਹਿਲੇ ਦਾ ਬੋਇਆ ਹੋਇਆ ਹੈ। ਉਹ ਤੇ ਪਹਿਲੇ ਦੇ ਬੀਜ ਪਏ ਨੇ, ਉਹ ਤੇ ਬਹੁਤ ਪੁਰਾਣੇ ਬੀਜ ਪਏ ਨੇ, ਉਹ ਉੱਗ ਪਏ ਨੇ। ਨਾਮ ਤੂੰ ਅੱਜ ਜਪਣ ਲੱਗਾ ਹੈਂ, ਸ਼ੈਤਾਨੀਅਤ ਦੇ ਬੀਜ ਤੇ

ਕਈ ਜਨਮਾਂ ਦੇ ਪਏ ਨੇ, ਕੋਈ ਅੱਜ ਦੇ ਨੇ। ਵਿਕਾਰਾਂ ਦੇ ਬੀਜ ਤੇ ਕਈ ਜਨਮਾਂ ਦੇ ਪਏ ਨੇ, ਕੋਈ ਅੱਜ ਦੇ ਪਏ ਨੇ। ਉਹ ਪੈਦਾ ਹੋਣ ਲਗ ਪਏ ਨੇ। ਜਦੋਂ ਮਨੁੱਖ ਅੰਤਰਮੁਖੀ ਹੁੰਦਾ ਹੈ ਤੋ ਜਨਮ-ਜਨਮਾਂਤਰਾਂ ਵਿਚ ਜੋ ਬੀਜਿਆ ਹੈ ਉਹ ਸਾਹਮਣੇ ਖੜਾ ਹੋ ਜਾਂਦਾ ਹੈ। ਕਹਿੰਦੇ ਨੇ ਇਕ ਅਭਿਆਸ ਕਰਦਿਆਂ ਜਨਮ-ਜਨਮਾਂਤਰਾਂ ਵਿਚ ਜੋ ਗ਼ਲਤ ਬੀਜਿਆ ਹੈ, ਉਹ ਸਾਹਮਣੇ ਖੜਾ ਹੋ ਜਾਂਦਾ ਹੈ ਔਰ ਇਕ ਮੌਤ ਦੇ ਵਕਤ, ਮਰਨ ਲਗਿਆਂ ਜਨਮ-ਜਨਮਾਂਤਰਾਂ ਵਿਚ ਜੋ ਕੀਤਾ ਹੈ ਉਹ ਸਾਰੇ ਦਾ ਸਾਰਾ ਸਾਹਮਣੇ ਖੜਾ ਹੋ ਜਾਂਦਾ ਹੈ।

*ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ॥* (ਅੰਗ ੧੪੧੭)
khaet sareer jo beejeeai so ant khaloaa aae.
*Whatever is planted in the farm of the body,*
*shall come and stand before them in the end.*

ਜੀਵਨ ਭਰ ਜਨਮ-ਜਨਮਾਂਤਰਾਂ ਵਿਚ ਜੋ ਕੀਤਾ ਹੈ ਅੰਤਮ ਸਮੇਂ ਸਾਹਮਣੇ ਖੜਾ ਹੋ ਜਾਂਦਾ ਹੈ। ਤੂੰ ਇਹ ਕੀਤਾ ਹੈ, ਉਹ ਕੀਤਾ ਹੈ, ਤੇਰੇ ਅੰਦਰ ਇਹ ਪਿਆ ਹੈ। ਇਕ ਜਦ ਬੰਦਾ ਨਾਮ ਜਪਣ ਲਗਦਾ ਹੈ, ਉਦੋਂ ਤੇ ਦੂਸਰਾ ਮਰਨ ਲਗਿਆਂ।

ਨਾਮ ਜਪਣਾ ਵੀ ਯਕੀਨ ਜਾਣੋ, ਜਿਸ ਤਰ੍ਹਾਂ ਦੀ ਜ਼ਿੰਦਗੀ ਹੈ ਇਸ ਨੂੰ ਮਾਰਨਾ ਹੈ, ਖ਼ਤਮ ਕਰਨਾ ਹੈ ਤੇ ਫਿਰ ਨਵੀਂ ਜ਼ਿੰਦਗੀ ਨੂੰ ਜਨਮ ਦੇਣਾ ਹੈ। ਇਕ ਜਨਮ ਸਾਡਾ ਮਾਂ ਬਾਪ ਦੇ ਘਰ ਹੋਇਆ ਹੈ ਤੇ ਸਾਨੂੰ ਕਹਿੰਦੇ ਨੇ ਸੁਤ। ਇਕ ਜਨਮ ਜਦ ਸਾਡਾ ਗੁਰੂ ਕੇ ਘਰ ਹੋਵੇਗਾ ਫਿਰ ਸਾਨੂੰ ਆਖਣਗੇ ਗੁਰੂ ਕਾ ਸਿੱਖ ਤੇ ਸਿੱਖ ਕਿਸ ਨੂੰ ਕਹਿੰਦੇ ਨੇ:-

*ਸਿਖੀ ਸਿਖਿਆ ਗੁਰ ਵੀਚਾਰਿ॥* (ਅੰਗ ੪੬੫)
sikhi sikhiaa gur vichaar.
*Contemplating the Guru,*
*I have been taught these teachings;*

ਜੋ ਬਿਲਕੁਲ ਗੁਰੂ ਦੀ ਵਿਚਾਰ ਦੇ ਮੁਤਾਬਿਕ ਜੀ ਰਿਹਾ ਹੈ। ਇਹਦਾ ਜਨਮ ਹੋ ਗਿਆ ਹੈ ਔਰ ਬੜੀ ਸੋਹਣੀ ਪੰਗਤੀ ਹੈ:-

*ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥* (ਅੰਗ ੯੪੦)
satgur kai janamae gavan mittaaeiaa.
*Born into the House of the True Guru,*
*my wandering in reincarnation ended.*

ਗੁਰੂ ਦੇ ਘਰ ਜਨਮ ਹੋ ਗਿਆ ਹੈ, ਜਨਮ ਮਰਨ ਮਿਟ ਗਿਆ ਹੈ। ਮਾਂ ਬਾਪ ਸੁਤ ਨੂੰ ਪੈਦਾ ਕਰਦੇ ਨੇ, ਪੁੱਤ ਨੂੰ ਪੈਦਾ ਕਰਦੇ ਨੇ। ਗੁਰੂ, ਸਿੱਖ ਨੂੰ ਪੈਦਾ ਕਰਦਾ ਹੈ। ਮਾਂ ਬਾਪ ਦੇ ਘਰ ਜਨਮ ਲੈ ਕੇ ਜਨਮ ਮਰਨ ਨਹੀਂ ਮਿਟਦਾ, ਗੁਰੂ ਦੇ ਘਰ ਜਨਮ ਲੈ ਕੇ ਜਨਮ ਮਰਨ ਮਿਟ ਜਾਂਦਾ ਹੈ। ਗੁਰੂ ਨੂੰ ਅਸੀਂ ਪਿਤਾ ਕਹਿੰਦੇ ਹਾਂ, ਬਿੰਦੀ ਪਿਤਾ ਨਹੀਂ, ਨਾਦੀ ਪਿਤਾ। ਦੋ ਤਰ੍ਹਾਂ ਦੇ ਪਿਤਾ ਹੁੰਦੇ ਨੇ ਬਿੰਦੀ, ਨਾਦੀ। ਕਿਸੇ ਦੇ ਬਿੰਦ ਤੋਂ ਪੈਦਾ ਹੋਏ ਹਾਂ, ਕਿਸੇ ਦੇ ਖ਼ੂਨ ਤੋਂ ਪੈਦਾ ਹੋਏ ਹਾਂ। ਪਰ ਕਿਸੇ ਦੇ ਵਿਚਾਰਾਂ ਤੋਂ ਪੈਦਾ ਹੋਏ ਹਾਂ, ਸ਼ਬਦ ਤੋਂ ਪੈਦਾ ਹੋਏ ਹਾਂ। ਉਹ ਸ਼ਬਦ ਹੀ ਸਾਡਾ

ਪਿਤਾ ਹੈ। ਨਾਦ ਕਹਿੰਦੇ ਨੇ ਸ਼ਬਦ ਨੂੰ, ਨਾਦ, ਆਵਾਜ਼, ਬੋਲ ਵਿਚਾਰ। ਕਿਸੇ ਦੇ ਖ਼ੂਨ ਤੋਂ ਸਾਡਾ ਜਨਮ ਹੋਇਆ ਹੈ, ਉਹ ਸਾਡਾ ਸਰੀਰਕ ਪਿਤਾ ਹੈ। ਕਿਸੇ ਦੇ ਵਿਚਾਰਾਂ ਤੋਂ ਸਾਡਾ ਜਨਮ ਹੋਇਆ ਹੈ ਉਹ ਸਾਡਾ ਅਧਿਆਤਮਿਕ ਪਿਤਾ ਹੈ, ਰੂਹਾਨੀ ਪਿਤਾ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਾਡੇ ਰੂਹਾਨੀ ਪਿਤਾ ਨੇ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਸਾਡੇ ਰੂਹਾਨੀ ਪਿਤਾ ਨੇ। ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਸਾਡੇ ਰੂਹਾਨੀ ਪਿਤਾ ਨੇ। ਅਸੀਂ ਇਹਨਾਂ ਦੀ ਵਿਚਾਰ ਤੋਂ ਪੈਦਾ ਹੁੰਦੇ ਹਾਂ, ਜਿਸ ਦਾ ਜਨਮ ਹੋ ਚੁੱਕਿਆ ਹੈ।

ਜਿਸ ਦੇ ਕੋਲ ਗੁਰੂ ਦੀ ਵਿਚਾਰ ਨਹੀਂ ਅਤੇ ਗੁਰੂ ਦੀ ਵਿਚਾਰ ਦੇ ਮੁਤਾਬਿਕ ਜੀ ਨਹੀਂ ਰਿਹਾ, ਅਜੇ ਇਸ ਦਾ ਗੁਰੂ ਦੇ ਘਰ ਵਿਚ ਜਨਮ ਨਹੀਂ ਹੋਇਆ। ਇਸ ਸੰਬੰਧ ਵਿਚ ਮੈਂ ਕੁਛ ਕਹਿ ਦਿਆਂ, ਥੋੜਾ ਜਿਹਾ ਸਪੱਸ਼ਟ ਕਰ ਦਿਆ। ਜੈਸੇ ਕਿ ਭਾਈ ਗੁਰਦਾਸ ਜੀ ਨੇ ਇਕ ਵਿਚਾਰ ਲਿਖੀ ਏ।

***ਬਾਰਹ ਵਰ੍ਹੇ ਗਰਭਾਸਿ ਵਸਿ ਜਮਦੇ ਹੀ ਸੁਕਿ ਲਈ ਉਦਾਸੀ॥***

(ਭਾ: ਗੁਰਦਾਸ ਜੀ, ਵਾਰ ੨੫/੧੦)

Baareh varaae garabhaas vas jamdae hee suk lee oudasi.

*Having remained in his mothers womb for twelve years, Sukadev adopted detachedness right from the very time of his birth.*

ਹੁਣ ਭਾਈ ਗੁਰਦਾਸ ਜੀ ਜੈਸਾ ਦਾਰਸ਼ਨਿਕ, ਗੁਰੂ ਘਰ ਦਾ ਵੇਦ ਵਿਆਸ ਅਗਰ ਐਸਾ ਲਿਖੇ ਤੋ ਥੋੜਾ ਜਿਹਾ ਤੇ ਅਕਲ ਨੂੰ ਇਕ ਪਾਸੇ ਕਰਨਾ ਪਏਗਾ, ਸੋਚਣਾ ਪਵੇਗਾ। ਇਸ ਪਾਸੇ ਲਾਉਣਾ ਪਵੇਗਾ, ਮਿਹਨਤ ਤੇ ਕਰਨੀ ਪਵੇਗੀ। ਭਾਈ ਗੁਰਦਾਸ ਜੀ ਕਹਿੰਦੇ ਨੇ ਰਿਸ਼ੀ ਸੁਕਦੇਵ ਮਾਤਾ ਦੇ ਗਰਭ ਵਿਚ ਬਾਰਾਂ ਸਾਲ ਤਕ ਰਿਹਾ। **ਬਾਰਹ ਵਰ੍ਹੇ ਗਰਭਾਸਿ ਵਸਿ**, ਤੁਸੀਂ ਆਖੋਗੇ ਭਾਈ ਗੁਰਦਾਸ ਜੀ ਜੈਸਾ ਸਿਆਣਾ ਬੰਦਾ ਐਸਾ ਆਖਦਾ ਹੈ, ਗਰਭ ਕਾਲ ਦਾ ਸਮਾਂ ਰੱਬ ਦੀ ਤਰਫ਼ੋਂ ਨਿਰਧਾਰਿਤ ਹੈ, ਫਿਕਸ (Fix) ਹੈ, ਨੌਂ ਮਹੀਨੇ, ਦਸ ਮਹੀਨੇ ਮਨੁੱਖੀ ਮਾਂ ਦਾ ਗਰਭ ਹੈ। ਇਸ ਤੋਂ ਜ਼ਿਆਦਾ ਨਹੀਂ। ਬਾਈ ਦਿਨਾਂ ਵਿਚ, ਮੁਰਗੀ ਦੇ ਅੰਡਿਆਂ ਵਿਚੋਂ, ਹੋਰ ਪੰਛੀਆਂ ਦੇ ਅੰਡਿਆਂ ਵਿਚੋਂ ਬੱਚੇ ਨਿਕਲਦੇ ਨੇ, ਇੰਜ ਕਹਿ ਲਉ ੨੨ ਦਿਨ ਦਾ ਗਰਭ ਹੈ। ਕੁਛ ਚੌਪਾਏ ਜਾਨਵਰਾਂ ਦੇ ਬੱਚੇ ਤਿੰਨ ਮਹੀਨੇ ਤੇ ਛੇ ਮਹੀਨੇ ਵਿਚ ਜਨਮ ਲੈਂਦੇ ਨੇ, ਗਊ ਦਾ ਬਛੜਾ ੧੦ ਮਹੀਨੇ ਵਿਚ ਜਨਮ ਲੈਂਦਾ ਹੈ। ਉਸ ਦਾ ਗਰਭ ਵੀ ਦਸ ਮਹੀਨੇ ਦਾ ਹੈ। ਗਊ ਦਾ ਬਹੁਤ ਕੁਛ, ਜੈਸੇ ਮਨ, ਮਨੁੱਖੀ ਜੀਵ ਨਾਲ ਮਿਲਦਾ ਹੈ, ਤਨ ਨਹੀਂ, ਮਨ। ਇਸ ਵਾਸਤੇ ਪੁਰਾਣੇ ਵੈਦਕ ਰਿਸ਼ੀਆਂ ਨੇ ਜੋ ਉਸ ਨੂੰ ਮਾਂ ਕਹਿ ਦਿੱਤਾ ਸੀ, ਉਸ ਵਿਚ ਕੁਛ ਗਹਿਰਾਈ ਹੈ। ਉਹਨਾਂ ਨੇ ਗਊ ਦੇ ਅੰਦਰ ਕੁਛ ਦੇਖਿਆ। ਬਹੁਤ ਕੁਛ ਦੇਖਿਆ। ਖ਼ੈਰ, ਮੁਖਤਸਰ ਮੈਂ ਅਰਜ਼ ਕਰਾਂ ਔਰ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ, ਧੰਨ ਗੁਰੂ ਅਮਰਦਾਸ ਜੀ ਮਹਾਰਾਜ, ਤੀਜੇ ਪਾਤਸ਼ਾਹ, ਬੱਜਰ ਪਾਪਾਂ ਵਿਚੋਂ ਇਕ ਪਾਪ ਮੰਨਦੇ ਨੇ ਗਊ ਨੂੰ ਮਾਰਨਾ।

***ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥*** (ਅੰਗ ੧੪੧੩)

brahman kailee ghaat kannjaka anachari kaa dhaan.

*If a Brahmin kills a cow or a female infant,*
*and accepts the offerings of an evil person.*

ਕੈਲੀ ਗਊ ਨੂੰ ਕਹਿੰਦੇ ਨੇ, ਇਹ ਬੱਜਰ ਪਾਪ ਹੈ, ਇਹ ਤੇ ਮਨੁੱਖ ਨੂੰ ਮਾਰਨਾ ਹੈ। ਕੁਛ ਪਸ਼ੂ ਐਸੇ ਨੇ ਜੋ ਮਨੁੱਖ ਤੇ ਪਸ਼ੂ ਦੀ ਕੜੀ ਨੇ, ਜੁੜੇ ਹੋਏ ਨੇ। ਅਗਰ ਇਹ ਮਰੇ ਤੇ ਇਹਨਾਂ ਦਾ ਅਗਲਾ ਜਨਮ ਮਨੁੱਖ ਦਾ ਹੋਵੇਗਾ। ਹਾਥੀ, ਘੋੜੇ, ਕੁੱਤੇ, ਗਊ, ਮੋਰ, ਹੰਸ ਇਤਿਆਦਿਕ। ਮੈਂ ਇਹ ਤੇ ਨਹੀਂ ਕਹਿੰਦਾ ਕਿ ਇਹ ਸਾਰੇ ਸੋਚਦੇ ਨੇ, ਸਾਰੇ ਤੇ ਮਨੁੱਖ ਵੀ ਨਹੀਂ ਸੋਚਦੇ, ਮਨ ਦੇ ਤਲ ਤੇ ਨਹੀਂ ਜਿਊਂਦੇ, ਪਰ ਇਹਨਾਂ ਜਾਨਵਰਾਂ ਵਿਚੋਂ ਕੁਛ ਐਸੇ ਨੇ ਜੋ ਸੋਚਦੇ ਨੇ। ਦੁੱਖ ਸੁਖ ਜ਼ਿਆਦਾ ਮਹਿਸੂਸ ਕਰਦੇ ਨੇ, ਹਾਥੀ, ਘੋੜਾ, ਕੁੱਤਾ, ਗਊ, ਮੋਰ, ਹੰਸ ਤੇ ਇਸ ਤਰ੍ਹਾਂ ਦੇ ਕੁਛ ਹੋਰ ਪਰਿੰਦੇ ਤੇ ਪਸ਼ੂ। ਇਹਨਾਂ ਸਾਰਿਆਂ ਵਿਚੋਂ ਗਊ ਸਿਰਮੌਰ ਹੈ। ਜ਼ਿਆਦਾ ਮਹਿਸੂਸ ਕਰਦੀ ਹੈ, ਇਸ ਦਾ ਵੀ ਗਰਭ ਕਾਲ ੧੦ ਮਹੀਨੇ ਦਾ ਹੈ।

ਦਸ ਦੀ ਥਾਂ ਚਲੋ ਅਸੀਂ ਕਹਿ ਦੇਈਏ ਕਿ ੧੨ ਮਹੀਨਿਆਂ ਤਕ। ਪਰ ਭਾਈ ਗੁਰਦਾਸ ਜੀ ਕਹਿੰਦੇ ਨੇ ਸੁਕਦੇਵ ਮਾਤਾ ਦੇ ਗਰਭ ਵਿਚ ਰਿਹਾ ਬਾਰਾਂ ਬਰਸ ਤਕ। ਬਾਰ੍ਹਾਂ ਮਹੀਨੇ ਨਹੀਂ, ਬਾਰ੍ਹਾਂ ਮਾਸ ਨਹੀਂ, ਬਾਰ੍ਹਾਂ ਸਾਲ। ਬਾਰਾਂ ਮਹੀਨੇ ਭਾਈ ਸਾਹਿਬ ਲਿਖ ਦਿੰਦੇ। ਤੇ ਚਲੋ ਕਈ ਦਫ਼ਾ ਨੇਚਰ (Nature) ਵਿਚ ਇਸ ਤਰ੍ਹਾਂ ਹੋ ਜਾਂਦਾ ਹੈ, ਕੁਦਰਤ ਵਿਚ ਇਸ ਤਰ੍ਹਾਂ ਹੋ ਜਾਂਦਾ ਹੈ। ਪਰ ਬਾਰ੍ਹਾਂ ਸਾਲ ਮਾਤਾ ਦੇ ਗਰਭ ਵਿਚ ਰਿਹਾ। ਫਿਰ ਅੱਗੇ ਇਕ ਹੋਰ ਗੱਲ, ਉਹ ਹੋਰ ਅਨਹੋਣੀ ਹੈ:-

***.....ਜਮਦੇ ਹੀ ਸੁਕਿ ਲਈ ਉਦਾਸੀ॥***

ਜੰਮਦਿਆਂ ਹੀ ਉਦਾਸ ਹੋ ਗਿਆ, ਪ੍ਰਭੂ ਦਾ ਚਿੰਤਨ ਕਰਨ ਲਗ ਪਿਆ। ਸੰਸਾਰ ਨਾਲੋਂ ਰਿਸ਼ਤਾ ਤੋੜ ਦਿੱਤਾ। ਜੰਮਦਿਆਂ ਹੀ, ਇਹ ਦੂਜੀ ਅਨਹੋਣੀ ਖੇਡ, ਬਿਲਕੁਲ ਦੂਜੀ ਅਨਹੋਣੀ ਗੱਲ, ਇਹ ਕਿਸ ਤਰ੍ਹਾਂ ਹੋ ਸਕਦਾ ਹੈ। **ਜਮਦੇ ਹੀ ਸੁਕਿ ਲਈ ਉਦਾਸੀ॥** ਅਗਰ ਭਾਈ ਗੁਰਦਾਸ ਜੀ ਨੇ ਨਾ ਲਿਖਿਆ ਹੁੰਦਾ ਤੇ ਸ਼ਾਇਦ ਇਹ ਦਾਸ ਦੀ ਸੋਚ ਦਾ ਹਿੱਸਾ ਵੀ ਨਾ ਬਣਦਾ। ਫਿਰ ਮੈਂ ਇਸ ਨੂੰ ਆਪਣੇ ਢੰਗ ਨਾਲ ਵਿਚਾਰਿਆ। ਚੂੰਕਿ ਭਾਈ ਗੁਰਦਾਸ ਜੀ ਨੇ ਲਿਖਿਆ ਹੈ, ਪੁਰਾਣਾਂ ਵਿਚ ਤੇ ਹੈ, ਪੁਰਾਣਿਕ ਪ੍ਰਸੰਗ ਤੇ ਹੈ, ਪਰ ਭਾਈ ਸਾਹਿਬ ਜੀ ਨੇ ਅਪਣਾਇਆ ਹੈ ਇਸ ਨੂੰ। ਭਾਈ ਗੁਰਦਾਸ ਜੀ ਨੇ ਪਰਮਾਣ ਵਜੋਂ ਸਾਡੇ ਸਾਹਮਣੇ ਰਖਿਆ ਹੈ। **ਬਾਰਹ ਵਰ੍ਹੇ ਗਰਭਾਸਿ ਵਸਿ ਜਮਦੇ ਹੀ ਸੁਕਿ ਲਈ ਉਦਾਸੀ॥** ਦਰਅਸਲ ਇਕ ਸ਼ਬਦ ਹੈ ਸੰਸਕ੍ਰਿਤ ਵਿਚ ਦ੍ਵਿਜ, ਦੂਜਾ ਜਨਮ। ਇਕ ਜਨਮ ਮਾਂ ਦਿੰਦੀ ਏ। ਇਕ ਜਨਮ ਸਤਸੰਗ ਦਿੰਦਾ ਹੈ। ਸਤਸੰਗ ਵੀ ਮਾਂ ਹੈ, ਨਵੀਂ ਜ਼ਿੰਦਗੀ, ਨਵਾਂ ਜਨਮ। ਮਾਂ ਬਾਪ ਸੁਤ ਨੂੰ ਪੈਦਾ ਕਰਦੇ ਨੇ, ਸਤਿਸੰਗ ਤੇ ਗੁਰੂ, ਸਿੱਖ ਨੂੰ ਪੈਦਾ ਕਰਦੇ ਨੇ, ਸੰਤ ਨੂੰ ਪੈਦਾ ਕਰਦਾ ਹੈ। ਮਾਂ ਬਾਪ ਸੰਤ ਨਹੀਂ ਪੈਦਾ ਕਰਦੇ। ਸਤਸੰਗ ਅਤੇ ਗੁਰੂ, ਸੰਤ ਨੂੰ ਪੈਦਾ ਕਰਦੇ ਨੇ। ਮਾਂ ਬਾਪ ਸਿੱਖ ਨੂੰ ਨਹੀਂ ਪੈਦਾ ਕਰਦੇ, ਜਨਮ ਤੋਂ ਕੋਈ ਸਿੱਖ ਨਹੀਂ। ਜੀਵਨ ਤੋਂ ਸਿੱਖ ਹੋਵੇਗਾ। ਗੁਰੂ ਦੇ ਘਰ ਜੰਮਿਆਂ ਹੀ ਨਹੀਂ ਤੇ ਕਾਹਦਾ ਸਿੱਖ। ਕਿਸ ਤਰ੍ਹਾਂ ਸਿੱਖ ਮੰਨ ਲਈਏ, ਸ਼ਰਾਬ ਪਿਆ ਪੀਂਦਾ ਹੈ, ਦੁਰਾਚਾਰ ਪਿਆ ਕਰਦਾ ਹੈ। ਸਾਰੇ ਅਨਰਥ ਪਿਆ ਕਰਦਾ ਹੈ, ਅਜੇ ਗੁਰੂ ਦੇ ਘਰ ਇਸ ਦਾ ਜਨਮ ਨਹੀਂ ਹੋਇਆ। ਅਜੇ ਮਾਂ ਬਾਪ ਦੇ ਘਰ ਹੀ ਜੰਮਿਆ ਹੈ, ਗੁਰੂ ਦੇ ਘਰ ਨਹੀਂ ਜੰਮਿਆਂ। ਅਜੇ ਇੱਥੇ

ਇਸ ਨੂੰ ਜ਼ਿੰਦਗੀ ਨਹੀਂ ਮਿਲੀ। ਤੇ ਮਾਂ ਬਾਪ ਸੁੱਤ ਨੂੰ ਪੈਦਾ ਕਰਦੇ ਨੇ, ਗੁਰੂ ਸਿੱਖ ਨੂੰ ਪੈਦਾ ਕਰਦਾ ਹੈ। ਮਾਂ ਬਾਪ ਪੁੱਤ ਨੂੰ ਪੈਦਾ ਕਰਦੇ ਨੇ, ਗੁਰੂ ਤੇ ਸਤਸੰਗ ਸੰਤ ਨੂੰ ਪੈਦਾ ਕਰਦੇ ਨੇ। ਸਤਸੰਗ ਮਾਂ ਹੈ, ਗੁਰੂ ਪਿਤਾ ਹੈ। ਸੁਕਦੇਵ ਬਾਰਾਂ ਸਾਲ ਤਕ ਸਤਸੰਗ ਕਰਦਾ ਰਿਹਾ ਹੈ। ਇੱਥੇ ਸਮਾਂ ਨਿਰਧਾਰਿਤ ਨਹੀਂ ਹੈ। ਮਾਤਾ ਦੇ ਗਰਭ ਕਾਲ ਦਾ ਸਮਾਂ ਪਰਮਾਤਮਾ ਵਲੋਂ ਨਿਰਧਾਰਿਤ ਹੈ ਦਸ ਮਹੀਨੇ, ਇੱਥੇ ਨਿਰਧਾਰਿਤ ਨਹੀਂ ਹੈ। ਕੋਈ ਇਕ ਦਿਨ ਵਿਚ ਵੀ ਸੰਤ ਬਣ ਸਕਦਾ ਹੈ। ਸੱਜਣ ਠੱਗ ਨੇ ਇਕ ਦਿਨ ਦੀ ਸੰਗਤ ਕੀਤੀ ਏ। ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੇ ਇਕੋ ਹੀ ਸ਼ਬਦ ਸੁਣਾਇਆ ਹੈ:-

***ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ॥*** (ਅੰਗ ੭੨੯)

sajan saeee naal mai chaladiaa naal chalann.

*They alone are my friends, who travel along with me;*

ਸਮਝਾਇਆ ਹੈ ਸੱਜਣਾ, ਠੱਗੀ ਕਰ, ਪਰ ਠੱਗ ਬਣ ਕੇ ਠੱਗੀ ਕਰ, ਸੱਜਣ ਬਣ ਕੇ ਠੱਗੀ ਨਾ ਕਰ। ਬਾਹਰੋਂ ਸੰਤਾਂ ਦੀ ਤਰ੍ਹਾਂ ਚਮਕਦਾ ਪਿਆ ਹੈਂ, ਅੰਦਰ ਸ਼ੈਤਾਨੀਅਤ ਦੀ ਤਰ੍ਹਾਂ ਕਾਲਾ ਹੈਂ।

***ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥*** (ਅੰਗ ੭੨੯)

oujal kaihaa chilakanaa ghottim kaalarree mas.

*Bronze is bright and shiny,*
*but when it is rubbed, its blackness appears.*

ਚੋਟ ਕਰ ਗਏ ਬੋਲ, ਸੀਨੇ ਨੂੰ ਲਗ ਗਏ ਬਚਨ, ਬਦਲ ਗਈ ਦੁਨੀਆ। ਇਕ ਪਲ ਦਾ ਸਤਸੰਗ, ਇਕ ਘੜੀ ਦਾ ਸਤਸੰਗ। ਇਸੇ ਤਰੀਕੇ ਨਾਲ ਸਿਰਫ਼ ਦਸ ਪੰਦਰਾਂ ਮਿੰਟਾਂ ਦੀ ਸੰਗਤ ਸਪਤ-ਰਿਸ਼ੀਆਂ ਦੀ। ਬਾਲਮੀਕ ਰਿਸ਼ੀਆਂ ਦੀ ਸੰਗਤ ਕਰਕੇ ਰਿਸ਼ੀ ਬਣਿਆਂ, ਇਕ ਦਿਨ ਦੀ ਸੰਗਤ। ਸਭ ਕੁਛ ਬਦਲ ਗਿਆ। ਇਕ ਦਮ ਸੋਚਣੀ ਬਦਲ ਗਈ। ਤੇਜ਼ੀ ਤੇ ਸੀ ਉਸ ਵਿਚ, ਸਿਰਫ਼ ਰੁਖ਼ ਬਦਲ ਗਿਆ। ਪਹਿਲੇ ਪਉੜੀਆਂ ਤੋਂ ਥੱਲੇ ਲਹਿ ਰਿਹਾ ਸੀ, ਹੁਣ ਚੜ੍ਹਨ ਲੱਗ ਪਿਆ। ਪਹਿਲੇ ਮਨਮੁਖ ਬਣ ਰਿਹਾ ਸੀ ਤੇ ਹੁਣ ਭਗਵਾਨ ਬਣ ਰਿਹਾ ਹੈ। ਪਹਿਲੇ ਦੈਂਤ ਬਣ ਰਿਹਾ ਸੀ, ਹੁਣ ਦੇਵਤਾ ਬਣਨ ਲੱਗ ਪਿਆ, ਇਕ ਦਿਨ ਦੀ ਸੰਗਤ। ਕੋਈ ਇਕ ਦਿਨ ਦੀ ਸੰਗਤ ਨਾਲ ਵੀ ਗੁਰਮੁਖ ਬਣ ਸਕਦਾ ਹੈ, ਕਿਸੇ ਨੂੰ ਇਕ ਮਹੀਨਾ ਵੀ ਲਗ ਸਕਦਾ ਹੈ। ਮੈਂ ਦੇਖੇ ਨੇ ਇਕ ਦਿਨ ਵਿਚ ਵੀ ਬਦਲਦੇ ਹੋਏ। ਕਿਸੇ ਨੂੰ ਇਕ ਮਹੀਨਾ ਵੀ ਲਗ ਸਕਦਾ ਹੈ, ਕਿਸੇ ਨੂੰ ਇਕ ਸਾਲ ਵੀ ਲਗ ਸਕਦਾ ਹੈ, ਕਿਸੇ ਨੂੰ ਸੁਕਦੇਵ ਦੀ ਤਰ੍ਹਾਂ ਬਾਰਾਂ ਸਾਲ ਵੀ ਲਗ ਸਕਦੇ ਨੇ। ਕਿਸੇ ਨੂੰ ਪੰਜਾਹ ਸਾਲ ਵੀ ਲਗ ਸਕਦੇ ਨੇ। ਔਰ ਔਖੇ ਨਾ ਹੋਣਾ ਕਿਸੇ ਨੂੰ ਪੰਜਾਹ ਜਨਮ ਵੀ ਲਗ ਸਕਦੇ ਨੇ। ਸੌ ਜਨਮ ਵੀ ਲਗ ਸਕਦੇ ਨੇ। ਇਹ ਆਪਣੀ ਗਤੀ, ਆਪਣੀ ਚਾਲ ਦੇ ਉੱਤੇ ਹੀ ਮੁਨਹੱਸਰ ਹੈ। ਆਪਣੇ ਸੰਸਕਾਰਾਂ ਦੇ ਉੱਤੇ ਮੁਨਹੱਸਰ ਹੈ। ਕਈ ਐਸੇ ਵੀ ਹੁੰਦੇ ਨੇ, ਜੈਸੇ ਭਾਈ ਗੁਰਦਾਸ ਜੀ ਕਹਿੰਦੇ ਨੇ, **ਕੇਤੇ ਗਰਭ ਗਲੇ ਹੈਂ॥** ਗਰਭ ਦੇ ਵਿਚ ਹੀ ਸੜ ਗਲ ਗਏ, ਮੁਰਦੇ ਦਾ ਹੀ ਜਨਮ ਹੋਇਆ ਹੈ, ਭਾਈ ਗੁਰਦਾਸ। **ਕੇਤੇ ਗਰਭ ਗਲੇ ਹੈਂ॥** ਹੈਰਾਨ ਹੁੰਦਾ ਹਾਂ, ਕਈ ਗਰਭ ਦੇ ਵਿਚ ਹੀ ਸੜ ਗਏ, ਗਲ ਗਏ। ਜਨਮ ਤੇ ਹੋਇਆ, ਪਰ ਮੁਰਦਾ।

ਕਈ ਸੰਗਤ ਵਿਚ ਆ ਕੇ ਹੀ ਗਲ ਗਏ, ਸੜ ਗਏ, ਗੁਸਤਾਖ਼ੀ ਮੁਆਫ਼। ਇੱਥੇ ਹੀ ਹੰਕਾਰੀ ਹੋ ਗਏ, ਗੁਰਦੁਆਰਿਆਂ ਵਿਚ ਵਿਕਾਰੀ ਹੋ ਗਏ, ਗ਼ਲਤ ਹੋ ਗਏ। ਜਦ ਮੈਨੂੰ ਕੋਈ ਕਹਿ ਦਿੰਦਾ ਹੈ, ਫਲਾਣਾ ਗੁਰਦੁਆਰੇ ਜਾਂਦਾ ਹੁੰਦਾ ਸੀ, ਇੰਜ ਹੁੰਦਾ ਸੀ, ਕੀ ਰਖਿਆ ਹੈ ਗੁਰਦੁਆਰੇ ਵਿਚ। ਇਹਦਾ ਇਹ ਮਤਲਬ ਤੇ ਨਹੀਂ ਕਿ ਇਕ ਬੱਚਾ ਗਰਭ ਵਿਚ ਗਲ ਗਿਆ ਹੈ, ਸੜ ਗਿਆ ਹੈ, ਉਹ ਮੁਰਦਾ ਪੈਦਾ ਹੋਇਆ ਹੈ, ਇਹਦਾ ਇਹ ਮਤਲਬ ਨਹੀਂ ਕਿ ਜਿਉਂਦੇ ਜਾਗਦੇ ਪੈਦਾ ਨਹੀਂ ਹੁੰਦੇ। ਅਗਰ ਇਕ ਅੱਧ ਮਨੁੱਖ ਗੁਰਦੁਆਰੇ ਜਾ ਕੇ ਹੀ ਖ਼ਰਾਬ ਹੋ ਗਿਆ ਹੈ, ਸੰਗਤ ਵਿਚ ਜਾ ਕੇ ਖ਼ਰਾਬ ਹੋ ਗਿਆ ਹੈ, ਇਹਦਾ ਇਹ ਮਤਲਬ ਤੇ ਨਹੀਂ ਕਿ ਗੁਰਮੁਖ ਪੈਦਾ ਨਹੀਂ ਹੁੰਦੇ। ਗੁਰਮੁਖ ਨਹੀਂ ਹਨ, ਸੰਤ ਨਹੀਂ ਹਨ, ਭਗਤ ਨਹੀਂ ਹਨ, ਇਸ ਦਾ ਇਹ ਮਤਲਬ ਤੇ ਨਹੀਂ ਹੈ। ਪਰ ਜਿਸ ਨੇ ਗ਼ਲਤ ਚਲਣਾ ਹੋਵੇ ਉਸ ਨੂੰ ਗ਼ਲਤ ਚਲਣ ਦੇ ਬਹਾਨੇ ਮਿਲ ਜਾਂਦੇ ਨੇ।

ਜੈਸੇ ਮੈਂ ਦੇਖਿਆ ਹੈ ਚੌਰਾਸੀ ਵਿਚ, ਦੇਸ਼ ਵਿਚ ਜਿਤਨਿਆਂ ਨੇ ਕੇਸ ਕਟਾਏ ਉਹਦੇ ਵਿਚ ਅੱਧੇ ਐਸੇ ਹੀ ਸਨ ਕੇਸ ਕਟਾਉਣ ਵਾਲੇ, ਮੌਕੇ ਦੀ ਤਲਾਸ਼ ਵਿਚ ਸਨ ਕਿ ਕੋਈ ਮੌਕਾ ਬਣੇ ਤੇ ਕੇਸ ਕਟਾਈਏ, ਯਕੀਨ ਜਾਣੋ। ਔਖੇ ਨਾ ਹੋਣਾ ਬਹਾਨਾ ਲੱਭਦੇ ਪਏ ਸਨ। ਬਹਾਨਾ ਮਿਲ ਗਿਆ ਕਿ ਜਿਉਣਾ ਔਖਾ ਹੈ ਜੀ। ਬਾਹਰ ਫਿਰਨਾ ਔਖਾ ਹੈ, ਸਾਰੀਆਂ ਥਾਵਾਂ ਤੇ ਜਾਣਾ ਹੈ, ਕੰਮ ਕਾਰ ਹੈ। ਮੈਂ ਕਿਹਾ ਬਹਾਨਾ ਲੱਭਦੇ ਫਿਰਦੇ ਸੀ ਮਿਲ ਗਿਆ ਹੈ, ਗੱਲ ਖ਼ਤਮ। ਨਹੀਂ ਤੇ ਮੈਂ ਕਿਹਾ ਤੈਨੂੰ ਚਲਣਾ ਪੈਂਦਾ ਹੈ, ਹੋਰ ਨਹੀਂ ਚਲਦੇ। ਜਿਤਨਾ ਸਫ਼ਰ ਸਾਨੂੰ ਕਰਨਾ ਪੈਂਦਾ ਹੈ, ਤੂੰ ਥੋੜੀ ਕਰਦਾ ਹੈਂ। ਹੋਰ ਜਿਹੜੇ ਘੁੰਮਦੇ ਫਿਰਦੇ ਨੇ ਕੇਸਾਧਾਰੀ ਉਹਨਾਂ ਨੂੰ ਜਿੰਨਾਂ ਭਰਮਣ ਕਰਨਾ ਪੈਂਦਾ ਹੈ, ਤੈਨੂੰ ਥੋੜਾ। ਤੈਨੂੰ ਬਹਾਨਾ ਚਾਹੀਦਾ ਸੀ, ਮਿਲ ਗਿਆ, ਇਕ ਪਾਸੇ ਸੁੱਟ ਦਿੱਤਾ। ਚਲੋ ਤੇਰਾ ਬਹਾਨਾ ਮੰਨ ਲੈਂਦੇ ਹਾਂ, ਇਸ ਦੇਸ਼ ਵਿਚ ਨਿੱਕੇ-ਨਿੱਕੇ ਬੱਚਿਆਂ ਦੇ ਕੇਸ ਤਰਾਸ਼ੇ ਘਰ ਵਿਚ, ਮਾਸੂਮ ਬੱਚੇ। ਵੱਡੇ ਹੋ ਕੇ ਇਹਨਾਂ ਕੋਲੋਂ ਗੁਰਸਿੱਖੀ ਦੀ ਉਮੀਦ ਕਰੋਗੇ? ਇਹ ਤੇ ਨਿੱਕੇ-ਨਿੱਕੇ ਬੂਟੇ ਤੁਸੀਂ ਛਾਂਗ ਦਿੱਤੇ। ਹੈਰਾਨਗੀ ਹੁੰਦੀ ਹੈ, ਕੀ ਗੁਰਦੁਆਰੇ ਆਏ ਤੇ ਕੀ ਗੁਰਬਾਣੀ ਸੁਣੀ।

ਮੈਂ ਫਿਰ ਅਰਜ਼ ਕਰਾਂ ਕਲਗੀਧਰ ਪਾਤਸ਼ਾਹ ਕਹਿੰਦੇ ਨੇ ਮੇਰੀ ਬੇਨਤੀ ਨਹੀਂ, ਮੇਰੀ ਜੋਦੜੀ ਨਹੀਂ, ਮੇਰਾ ਹੁਕਮ ਹੈ। ਮੈਂ ਹੈਰਾਨ ਹੁੰਦਾ ਹਾਂ, ਪਾਤਸ਼ਾਹ ਤੇ ਹਰ ਥਾਂ ਬੇਨਤੀ ਕਰਦੇ ਨੇ, ਜੋਦੜੀ ਕਰਦੇ ਨੇ, ਇੱਥੇ ਕਹਿੰਦੇ ਨੇ, ਨਹੀਂ। ਮੇਰੀ ਜੋਦੜੀ ਨਹੀਂ ਹੈ, ਮੇਰੀ ਬੇਨਤੀ ਨਹੀਂ ਹੈ, ਮੇਰਾ ਹੁਕਮ ਹੈ।

*ਅਹੈ ਮੋਰ ਆਗਿਆ ਸੁਨੋ ਤੁਮ ਪਿਆਰੇ॥*
*ਬਿਨਾਂ ਸ਼ਸਤਰ ਕੇਸੰ ਦੇਵਹੁ ਨਾ ਦੀਦਾਰੇ॥*

ਮੇਰੇ ਮੱਥੇ ਨਾ ਲੱਗ। ਇਹ ਮੇਰਾ ਹੁਕਮ ਹੈ, ਮੇਰੀ ਜੋਦੜੀ ਨਹੀਂ, ਮੇਰੀ ਬੇਨਤੀ ਨਹੀਂ। ਹੁਣ ਛਾਤੀ ਤੇ ਹੱਥ ਰੱਖ ਕੇ ਕੌਣ ਆਖਣਗੇ ਕਿ ਦਾਤਾ ਅੱਜ ਤੋਂ ਤੇਰਾ ਹੁਕਮ ਮੰਨਿਆਂ, ਅਸੀਂ ਬੱਚਿਆਂ ਦੇ ਕੇਸ ਨਹੀਂ ਛਾਂਗਾਂਗੇ ਇਹ ਤੇਰਾ ਰੂਪ ਹੈ, ਤੇਰੀ ਸ਼ਕਲ ਕਿਉਂ ਵਿਗਾੜੀਏ। ਯਕੀਨ ਜਾਣੋ ਜਿਹੜਾ ਇਸ ਦਾੜ੍ਹੀ ਦੀ ਬੇਅਦਬੀ ਕਰਦਾ ਹੈ, ਇਹ ਤੇਰੀ ਥੋੜੀ ਹੈ, ਤੂੰ ਤੇ ਕਲਗੀਧਰ ਦੀ ਦਾੜ੍ਹੀ ਨੂੰ ਹੱਥ ਪਾਉਂਦਾ ਹੈਂ, ਗੁਸਤਾਖ਼ੀ ਮੁਆਫ਼। ਇਹ ਤੇ ਗੁਰੂ ਨੂੰ ਹੱਥ ਪਾ ਰਿਹਾ ਹੈ। ਚੰਗੇ

ਨਾ ਲਗਣ ਬਚਨ ਮਾਫ਼ੀ ਮੈਂ ਤੁਹਾਡੇ ਕੋਲੋਂ ਪਹਿਲੇ ਮੰਗ ਲਵਾਂ, ਪਰ ਮਿਸ਼ਨਰੀ ਹੋਣ ਦੇ ਨਾਤੇ ਮੈਂ ਇਤਨੀ ਗੱਲ ਕਹਿਣੀ ਸੀ ਔਰ ਸਤਿਗੁਰੂ ਕਹਿ ਰਹੇ ਨੇ ਇਹ ਮੇਰਾ ਹੁਕਮ ਹੈ। ਤੇ ਮਾਰਗ ਤੇ ਨਾ ਚਲਣਾ ਹੋਵੇ ਤਾਂ ਬੰਦਿਆਂ ਨੂੰ ਬਹਾਨੇ ਚਾਹੀਦੇ ਨੇ। ਪੰਜਾਬੀ ਦਾ ਇਕ ਮੁਹਾਵਰਾ ਹੈ:-

*ਮਨ ਹਰਾਮੀ ਹੁੱਜਤਾਂ ਢੇਰ।*

ਹੁੱਜਤ, ਨਹੀਂ ਕਰਨਾ ਬੱਸ ਸੋਚਦਾ ਹਾਂ। ਤੇ ਮੈਂ **ਚੌਰਾਸੀ** ਵਿਚ ਦੇਖਿਆ ਹੈ,੧੦ ਫ਼ੀ ਸਦੀ ਬੰਦੇ ਚਲੋ ਮਜਬੂਰੀ ਵਿਚ ਹੋਏ ਨੇ, ਜ਼ਾਲਮਾਂ ਦੀ ਪਕੜ ਵਿਚ ਆ ਗਏ, ਚਲੋ ਖ਼ਤਮ। ਪਰ ਜਿਹੜੇ ਪਕੜ ਵਿਚ ਨਹੀਂ ਆਏ, ਤੁਸੀਂ ਇਸ ਤਰ੍ਹਾਂ ਕਿਉਂ ਬਣ ਗਏ। ਇਹ ਮਜਬੂਰੀ ਨਹੀਂ, ਇਹ ਹੁੱਜਤ ਹੈ। ਬਹਾਨੇ ਦੀ ਤਲਾਸ਼ ਵਿਚ ਸੀ ਤੁਸੀਂ, ਬਹਾਨਾ ਮਿਲ ਗਿਆ ਹੈ, ਰਸਤਾ ਮਿਲ ਗਿਆ।

ਬਾਰਾਂ ਸਾਲ ਸਤਸੰਗ ਕੀਤਾ ਸੁਕਦੇਵ ਨੇ ਤੇ ਬਾਰ੍ਹਾਂ ਸਾਲ ਤੋਂ ਬਾਅਦ ਉਸ ਦਾ ਮਨ ਘੜਿਆ ਗਿਆ, ਚਿਤ ਘੜਿਆ ਗਿਆ, ਸੋਚਣੀ ਘੜੀ ਗਈ। ਉਦਾਸ ਹੋ ਗਿਆ, ਉਪਰਾਮ ਹੋ ਗਿਆ ਔਰ ਮੈਂ ਫਿਰ ਅਰਜ਼ ਕਰਾਂ, ਸੰਸਾਰ ਤੋਂ ਉਦਾਸ ਬੰਦਿਆਂ ਨੇ ਹੀ ਨਿਰੰਕਾਰ ਦੀ ਤਲਾਸ਼ ਕੀਤੀ ਏ। ਪਦਾਰਥਾਂ ਤੋਂ ਉਦਾਸ ਬੰਦਿਆਂ ਨੇ ਹੀ ਪਰਮਾਤਮਾ ਦੀ ਤਲਾਸ਼ ਕੀਤੀ ਏ। ਇਸ ਜੀਵਨ ਤੋਂ ਉਦਾਸ ਬੰਦਿਆਂ ਨੇ ਹੀ ਪਰਮ ਜੀਵਨ ਦੀ ਤਲਾਸ਼ ਕੀਤੀ ਏ। ਜੋ ਇਸ ਜੀਵਨ ਤੋਂ ਉਦਾਸ ਨਹੀਂ, ਪਰਮ ਜੀਵਨ ਦੀ ਤਲਾਸ਼ ਨਹੀਂ ਕਰੇਗਾ। ਜੋ ਸੰਸਾਰ ਤੋਂ ਉਦਾਸ ਨਹੀਂ, ਨਿਰੰਕਾਰ ਦੀ ਤਲਾਸ਼ ਨਹੀਂ ਕਰੇਗਾ।

ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਸ੍ਰੀ ਚੰਦ ਉਹਨਾਂ ਨਾਲ ਉਦਾਸੀਨ ਸ਼ਬਦ ਜੁੜਿਆ ਹੋਇਆ ਹੈ। **ਉਹ ਤੇ ਉਦਾਸੀ ਸਨ, ਉਪਰਾਮ, ਉਦਾਸ। ਸਿੱਖ** ਜਗਤ ਦੇ ਪਹਿਲੇ ਮਿਸ਼ਨਰੀ ਉਦਾਸੀ ਸਨ। ਦੂਰ-ਦੂਰ ਤਕ ਸਿੱਖ ਧਰਮ ਦਾ ਪਰਚਾਰ ਕੀਤਾ। ਗੁਰੂ ਨਾਨਕ ਪੰਥੀ ਬਣਾਏ। ਜਿਨ੍ਹਾਂ ਦੇ ਘਰ ਇਹ ਉਦਾਸੀ ਲੰਗਰ ਛਕਣ ਜਾਂਦੇ ਸਨ, ਇਹ ਉਦਾਸੀ ਕਹਿ ਦਿੰਦੇ ਸਨ ਕਿ ਪਹਿਲਾ ਬੱਚਾ ਗੁਰ ਨਾਨਕ ਦੀ ਗੋਦ ਵਿਚ ਪਾਓ। ਔਰ ਮੌਜੂਦਾ ਦੌਰ ਵਿਚ ਪਹਿਲਾ ਬੱਚਾ ਕਲਗੀਧਰ ਦੀ ਝੋਲੀ ਵਿਚ ਪਾਓ ਤਾਂ ਤੁਹਾਡੇ ਘਰ ਲੰਗਰ ਛਕਣਾ ਹੈ, ਨਹੀਂ ਤੇ ਨਹੀਂ। **ਤੇ ਇਕ ਬੱਚਾ ਸਿੱਖ ਸਜਾਇਆ ਜਾਂਦਾ ਸੀ, ਸਿੰਘ।** ਅਫ਼ਗਾਨਿਸਤਾਨ ਦੇ ਵਿਚ, ਪਠਾਨਿਸਤਾਨ ਦੇ ਵਿਚ ਔਰ ਲਹਿੰਦੇ ਪੰਜਾਬ ਦੇ ਵਿਚ, ਸਰਗੋਦਾ, ਮੀਆਂਵਾਲੀ, ਮੁਲਤਾਨ, ਖੁਸ਼ਹਾਲ, ਕੁੰਡੀਆਂ, ਬਹਾਵਲਪੁਰ, ਜੇਲ੍ਹਮ, ਗੁਜਰਾਤ, ਇਹ ਸਾਰਾ ਇਲਾਕਾ ਇਸ ਤਰ੍ਹਾਂ ਹੀ ਸੀ। ਇਕ ਬੱਚਾ ਕਲਗੀਧਰ ਦੀ ਝੋਲੀ ਪਾਉਂਦੇ ਸਨ ਤੇ ਫਿਰ ਲੰਗਰ ਛਕਾਉਂਦੇ ਸਨ, ਕਹਿੰਦੇ ਸਨ ਠੀਕ ਹੈ। ਇਹ ਇਕ ਬੱਚਾ ਗੁਰੂ ਦੀ ਝੋਲੀ, ਇਕ ਬੱਚਾ ਗੁਰੂ ਨਾਨਕ ਨੂੰ ਦਿੱਤਾ। ਇਸ ਤਰ੍ਹਾਂ ਸਿੱਖੀ ਫੈਲ ਰਹੀ ਸੀ, ਇਹ ਮਿਸ਼ਨਰੀ ਸਨ। ਉਦਾਸੀ ਦੋ ਚਾਰ ਕਿਧਰੇ ਖ਼ਰਾਬ ਨਿਕਲ ਆਏ, ਸ਼ਰਾਬ ਪੀਂਦਾ ਸੀ ਮਹੰਤ ਨਰੈਣੂ। ਇੰਜ ਕਹਿ ਲਉ ਸਿਰਫ਼ ਦੋ ਫ਼ੀ ਸਦੀ ਉਦਾਸੀ, ਸਿਰਫ਼ ਸੌ ਵਿਚੋਂ ਦੋ ਕਿਧਰੇ ਭਰਿਸ਼ਟ ਹੋ ਗਏ, ਸ਼ਰਾਬ ਪੀਣ ਲਗ ਪਏ, ਅਸੀਂ ਖੋਹ ਲਏ ਗੁਰਦੁਆਰੇ ਉਹਨਾਂ ਕੋਲੋਂ, ਆਪ ਚਲਾਵਾਂਗੇ। ਮੈਂ ਹੁਣ ਜਦੋਂ ਦੇਖਿਆ ਹੈ ਅਤੇ ਦਿੱਲੀ ਬਾਬੇ ਹਰਬੰਸ ਸਿੰਘ ਜੀ ਨਾਲ ਵੀ ਗੱਲ ਹੋਈ। ਕਹਿਣ ਲੱਗੇ ਕਿ ੭੦ ਫ਼ੀ ਸਦੀ ਪ੍ਰਬੰਧਕ ਸ਼ਰਾਬ ਪੀਂਦੇ ਨੇ, ਫਿਰ ਹੁਣ ਕੀ ਕਰੋਗੇ, ਹੁਣ ਕਿਸ ਤਰ੍ਹਾਂ ਕਰੋਗੇ? ਕਹਿਣ ਲੱਗੇ ਉਹ

ਜਿਹੜੇ ਦੋ ਫ਼ੀ ਸਦੀ ਭਰਿਸ਼ਟ ਹੋਏ ਸਨ, ਉਹਨਾਂ ਨੂੰ ਕੱਢਣ ਵਾਸਤੇ ਇਤਨਾ ਵੱਡਾ ਖ਼ੂਨ-ਖ਼ਰਾਬਾ ਹੋਇਆ ਤੇ ਇਹ ਜਿਹੜੇ ੭੦ ਫ਼ੀ ਸਦੀ ਭਰਿਸ਼ਟ ਹੋਏ ਨੇ ਇਹਨਾਂ ਨੂੰ ਕੱਢਣ ਵਾਸਤੇ ਕਿਤਨਾ ਖ਼ੂਨ-ਖ਼ਰਾਬਾ ਹੋਏਗਾ। ਇਹ ਸੁੱਤੇਸਿੱਧ ਉਸ ਦਿਨ ਗੁਰਦੁਆਰਾ ਸੀਸ ਗੰਜ ਸਾਹਿਬ ਵਿਚ ਗੱਲ ਹੋਈ।

ਖ਼ੈਰ ਮੈਂ ਅਰਜ਼ ਕਰਾਂ ਦਰੱਖ਼ਤ ਦੇ ਉੱਤੇ ਕੌੜੇ ਫਲਾਂ ਨੂੰ ਵੇਖ ਕੇ ਅੰਦਾਜ਼ਾ ਲਾਉਣਾ ਪੈਂਦਾ ਹੈ ਕਿ ਬੀਜ ਠੀਕ ਨਹੀਂ ਬੋਏ। ਗੁਰਦੁਆਰਿਆਂ ਦੇ ਹਾਲਾਤ ਦੇਖ ਕੇ ਔਰ ਸਿੱਖਾਂ ਨੂੰ ਸਿੱਖੀ ਤੋਂ ਦੂਰ ਦੇਖ ਕੇ, ਗੁਰੂ ਤੋਂ ਦੂਰ ਦੇਖ ਕੇ, ਕਹਿਣਾ ਪੈਂਦਾ ਹੈ, ਅਸੀਂ ਇੰਤਜ਼ਾਮ ਢੰਗ ਨਾਲ ਨਹੀਂ ਚਲਾਇਆ। ਦੱਸਿਆ ਹੀ ਨਹੀਂ ਗੁਰੂ ਨਾਨਕ ਬਾਰੇ, ਦੁਨੀਆ ਨੂੰ ਦੱਸਿਆ ਹੀ ਨਹੀਂ ਕਲਗੀਧਰ ਬਾਰੇ। ਦੁਨੀਆ ਨੂੰ ਦੱਸਿਆ ਹੀ ਨਹੀਂ ਕਿ ਗੁਰੂ ਗਰੰਥ ਸਾਹਿਬ ਜੀ ਵਿਚ ਕੀ ਹੈ। ਜ਼ਿੰਮੇਵਾਰੀ ਸੀ, ਵਰਤਾਵੇ ਠੀਕ ਨਹੀਂ ਮਿਲੇ। ਲੰਗਰ ਤੇ ਬੜਾ ਪਿਆ ਹੈ, ਗੁਰੂ ਨਾਨਕ ਨੇ ਬੜਾ ਬਣਾਇਆ ਹੈ, ਕਲਗੀਧਰ ਨੇ ਬੜਾ ਬਣਾਇਆ ਹੈ, ਵੰਡਣ ਵਾਲੇ ਹੀ ਸ਼ੂਮ ਨਿਕਲ ਗਏ। ਇਸ ਗੁਰਬਾਣੀ ਨੂੰ ਨਹੀਂ ਵੰਡਿਆ। ਇਕ ਆਲਿਮ ਦਾ ਕਹਿਣਾ ਹੈ:-

*ਬਹੁਤ ਸ਼ੌਕ ਸੇ ਸੁਨ ਰਹਾ ਥਾ ਜ਼ਮਾਨਾ,*
*ਹਮ ਹੀ ਸੋ ਗਏ ਦਾਸਤਾਂ ਕਹਿਤੇ ਕਹਿਤੇ।*

ਖ਼ੈਰ ਇਹ ਤੇ ਵਿਚਕਾਰ ਗੱਲ ਆ ਗਈ। **ਇੱਕ ਜਨਮ ਮਾਂ ਬਾਪ ਦੇ ਘਰ ਹੈ, ਸੁੱਤ। ਇੱਕ ਜਨਮ ਗੁਰੂ ਦੇ ਘਰ ਹੈ, ਸਿੱਖ।** ਇਸ ਨੂੰ ਸੰਸਕ੍ਰਿਤ ਵਿਚ ਕਹਿੰਦੇ ਨੇ ਦ੍ਵਿਜ, ਦੂਜਾ ਜਨਮ। ਇੱਕ ਸਰੀਰਕ ਤਲ ਤੇ, ਇੱਕ ਵਿਚਾਰਾਂ ਦੇ ਤਲ ਤੇ। ਸਭ ਸੋਚਣੀ ਬਦਲ ਗਈ, ਵਿਚਾਰ ਬਦਲ ਗਏ, ਚਿਤਵਣੀ ਬਦਲ ਗਈ। ਹੁਣ ਵਿਚਾਰਾਂ ਵਿਚ ਕੀ ਏ? ਪਰਮਾਤਮਾ। ਹੁਣ ਸੋਚਣੀ ਵਿਚ ਕੀ ਏ, ਸੱਚ। ਹੁਣ ਚਿਤਵਣੀ ਵਿਚ ਕੀ ਏ, ਗੁਰੂ। ਹੁਣ ਯਾਦ ਵਿਚ ਕੀ ਏ, ਗੁਰੂ। ਹੁਣ ਅਹੰਕਾਰ ਕਿਸ ਦਾ ਹੈ? ਸਿਰਫ਼ ਪਰਮਾਤਮਾ ਦਾ। ਪਰਮਾਤਮਾ ਤੇ ਮਾਣ ਹੈ। ਧਨ ਤੇ ਮਾਣ ਨਹੀਂ, ਸੰਸਾਰ ਤੇ ਮਾਣ ਨਹੀਂ, ਸੰਸਾਰ ਮੈਲਾ ਹੈ, ਇਹ ਹੰਕਾਰ ਵੀ ਮੈਲਾ ਹੋ ਜਾਂਦਾ ਹੈ। ਨਿਰੰਕਾਰ ਨਿਰਮਲ ਹੈ, ਉਸ ਤੇ ਮਾਣ ਕਰੀਏ, ਉਹ ਮਾਣ ਵੀ ਨਿਰਮਲ ਹੈ।

ਜਿੱਥੋਂ ਤਕ ਮਨ ਦੀ ਗੱਲ ਹੈ,

ਇੱਕ ਥਾਂ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਮਨ ਨੂੰ ਗੁਰੂ ਕਹਿ ਦਿੱਤਾ ਹੈ। ਮੈਂ ਤੁਹਾਡੇ ਸਾਹਮਣੇ ਬੋਲ ਰਖਾਂ:-

*ਸਰਬ ਕਾਲ ਹੈ ਪਿਤਾ ਅਪਾਰਾ॥ ਦੇਬਿ ਕਾਲਿਕਾ ਮਾਤ ਹਮਾਰਾ॥*
*ਮਨੂਆ ਗੁਰ ਮੁਰਿ ਮਨਸਾ ਮਾਈ॥ ਜਿਨ ਮੋ ਕੋ ਸੁਭ ਕ੍ਰਿਆ ਪੜ੍ਹਾਈ॥ ੫॥*

(ਦਸਮ ਗ੍ਰੰਥ)

sarab kaal hai pitaa apaaraa. daeb kaalikaa maat hamaaraa.
manooaa gur mur manasaa maaee.
jin mo ko subh kriaa parraaee.5.

*The infinite Universal Destroyer (The Lord) is our father.*
*The Might of the Almighty (the goddess Kalika) is our mother.*

*The pure mind is my Guru and the pure intention (the faculty of inner self) is my female Guru (my mother).*
*They have inculcated me with auspicious actions.5.*

ਇਹ ਮਨ ਮੇਰਾ ਗੁਰੂ ਹੈ, ਕਿਉਂ? ਮਨ ਮੰਨੇ ਤੇ ਪਰਮਾਤਮਾ ਹੈ, ਮਨ ਨਾ ਮੰਨੇ ਤੇ ਕੋਈ ਪਰਮਾਤਮਾ ਨਹੀਂ। ਮਨ ਮੰਨੇ ਤੇ ਗੁਰੂ ਹੈ, ਮਨ ਨਾ ਮੰਨੇ ਤੇ ਕੋਈ ਗੁਰੂ ਨਹੀਂ। ਲੋਕੀਂ ਕਹਿ ਦਿੰਦੇ ਨੇ, ਗਿਆਨੀ ਜੀ ਸੁਣਿਆਂ ਤੇ ਹੈ ਪਰ ਮਨ ਨਹੀਂ ਮੰਨਦਾ। ਵੇਖਿਆ ਤੇ ਹੈ ਮਨ ਨਹੀਂ ਮੰਨਦਾ। ਪੜ੍ਹਿਆ ਤੇ ਹੈ ਪਰ ਮਨ ਨਹੀਂ ਮੰਨਦਾ। ਮਨ ਨਹੀਂ ਮੰਨਦਾ ਤੇ ਫਿਰ ਤੇ ਸੁਣਿਆਂ ਪੜ੍ਹਿਆ ਸਭ ਵਿਅਰਥ ਚਲਾ ਗਿਆ। ਮਨ ਨਹੀਂ ਮੰਨਦਾ। ਗੱਲ ਤੇ ਸਾਰੀ ਮਨ ਨੂੰ ਮਨਾਉਣ ਦੀ ਹੈ।

ਮਨ ਨੇ ਪੁੱਤਰ ਨੂੰ ਪੁੱਤਰ ਕਰ ਕੇ ਮੰਨ ਲਿਆ ਹੈ, ਮਨ ਨੇ ਪਤਨੀ ਨੂੰ ਪਤੀ ਕਰ ਕੇ ਮੰਨ ਲਿਆ ਹੈ, ਮਨ ਨੇ ਪਤੀ ਨੂੰ ਪਤੀ ਕਰ ਕੇ ਮੰਨ ਲਿਆ ਹੈ, ਮਨ ਨੇ ਭਰਾ ਨੂੰ ਭਰਾ ਕਰਕੇ ਮੰਨ ਲਿਆ ਹੈ, ਮਨ ਨੇ ਪਰਮਾਤਮਾ ਨੂੰ ਪਰਮਾਤਮਾ ਕਰਕੇ ਨਹੀਂ ਮੰਨਿਆਂ, ਮਨ ਨੇ ਗੁਰੂ ਨੂੰ ਗੁਰੂ ਕਰਕੇ ਨਹੀਂ ਮੰਨਿਆਂ। ਜਿਸ ਨੂੰ ਮਨ ਮੰਨ ਲੈਂਦਾ ਹੈ ਫਿਰ ਮਨ ਉਸ ਦੀ ਮੰਨਦਾ ਹੈ। ਮੈਂ ਦੇਖਦਾ ਹਾਂ ਪੁੱਤਰ ਦੀ ਗ਼ਲਤ ਗੱਲ ਵੀ ਲੋਕੀਂ ਮੰਨ ਲੈਂਦੇ ਨੇ, ਗੁਰੂ ਦੀ ਸਹੀ ਗੱਲ ਵੀ ਨਹੀਂ ਮੰਨਦੇ। ਮਿੱਤਰ ਦੇ ਕਹਿਣੇ ਤੇ ਸ਼ਰਾਬ ਵੀ ਪੀ ਲੈਣਗੇ, ਗੁਰੂ ਦੇ ਕਹਿਣੇ ਤੇ ਅੰਮ੍ਰਿਤ ਛੱਕਣ ਨੂੰ ਵੀ ਤਿਆਰ ਨਹੀਂ ਹੋਣਗੇ। ਤੇ ਗੱਲ ਸਪੱਸ਼ਟ ਹੋ ਗਈ, ਮਨ ਜਿਸ ਨੂੰ ਮੰਨਦਾ ਹੈ, ਮਨ ਫਿਰ ਉਸਦੀ ਮੰਨਦਾ ਹੈ। ਮਨ ਕਿਸ ਦੀ ਮੰਨਦਾ ਹੈ? ਮਨ ਜਿਸ ਨੂੰ ਮੰਨਦਾ ਹੈ। ਆਪ ਦੀ ਪਕੜ ਵਿਚ ਬੋਲ ਆ ਗਏ ਹੋਣਗੇ। ਮਨ ਜਿਸ ਨੂੰ ਮੰਨਦਾ ਹੈ, ਮਨ ਉਸੇ ਦੀ ਮੰਨਦਾ ਹੈ, ਦੂਸਰੇ ਦੀ ਨਹੀਂ ਮੰਨਦਾ। ਪੁੱਤਰ ਦੀ ਗ਼ਲਤ ਗੱਲ ਵੀ ਮੰਨ ਲੈਂਦਾ ਹੈ, ਕਿਉਂਕਿ ਪੁੱਤਰ ਨੂੰ ਪੁੱਤਰ ਕਰਕੇ ਮੰਨਿਆਂ ਹੈ। ਗੁਰੂ ਨੂੰ ਗੁਰੂ ਕਰਕੇ ਨਹੀਂ ਮੰਨਿਆਂ, ਇਸ ਵਾਸਤੇ ਗੁਰੂ ਦੀ ਸਹੀ ਗੱਲ ਵੀ ਨਹੀਂ ਮੰਨਦਾ, ਇਨਕਾਰੀ ਹੈ। ਜਿੱਥੇ ਮਨ ਮੰਨ ਗਿਆ ਹੈ, ਕਲਗੀਧਰ ਪਾਤਸ਼ਾਹ ਤਦੇ ਹੀ ਕਹਿੰਦੇ ਨੇ, ਮਨ ਗੁਰੂ ਹੈ:-

*ਮਨੂਆ ਗੁਰ ਮੁਰਿ ਮਨਸਾ ਮਾਈ॥ ਜਿਨ ਮੋ ਕੌ ਸੁਭ ਕ੍ਰਿਆ ਪੜ੍ਹਾਈ॥*

ਇਹ ਮਨ ਮੇਰਾ ਗੁਰੂ ਹੈ। ਮਨ ਮੰਨੇ ਤੇ ਪਰਮਾਤਮਾ ਹੈ, ਮਨ ਨਾ ਮੰਨੇ ਤੇ ਕੋਈ ਪਰਮਾਤਮਾ ਨਹੀਂ।

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥*
*ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥ ੩੨॥*

(ਅੰਗ ੩੪੨)

mamaa man sio kaaj hai man saadhae sidh hoe.
man hee man sio kehai kabeeraa man saa miliaa na koe.32.
*MAMMA: The mortal's business is with his own mind;*
*one who disciplines his mind attains perfection.*
*Only the mind can deal with the mind; says Kabeer,*
*I have not met anything like the mind.32.*

ਸਰਮ ਖੰਡ ਦੇ ਵਿਚ ਮਨ ਘੜਿਆ ਗਿਆ। ਚੌਥਾ ਖੰਡ ਹੈ ਕਰਮ ਖੰਡ। ਕਰਮ ਦੇ

ਅੱਖਰੀ ਅਰਥ ਨੇ ਰਹਿਮਤ, ਬਖਸ਼ਿਸ਼। ਕਰਮ ਲਫ਼ਜ਼ ਸੰਸਕ੍ਰਿਤ ਦਾ ਹੋਵੇ ਤੇ ਅਰਥ ਨੇ ਕੰਮ, ਕਿਰਤ। ਕਰਮ ਸ਼ਬਦ, ਉਰਦੂ, ਫ਼ਾਰਸੀ ਅਤੇ ਅਰਬੀ ਦਾ ਹੋਵੇ ਤਾਂ ਇਸ ਦੇ ਅਰਥ ਨੇ ਬਖਸ਼ਿਸ਼।

***ਕਰਮ ਖੰਡ ਕੀ ਬਾਣੀ ਜੋਰੁ॥***

karam khandd kee baanee jor.

*In the realm of karma, the Word is Power.*

ਬਖ਼ਸ਼ਿਸ਼ ਦੇ ਖੰਡ ਦੀ (ਕਰਮ ਖੰਡ ਦੀ) ਬਣਤਰ ਬੜੀ ਜ਼ੋਰ ਵਾਲੀ ਹੈ। ਬੜੀ ਤਾਕਤ ਵਾਲੀ ਏ। ਕੀ ਤਾਕਤ ਵਾਲੀ ਏ? ਉਹ ਬਣਤਰ ਕੀ ਏ?

ਸਤਿਗੁਰ ਰਹਿਮਤ ਕਰਨ ਤੁਹਾਡੀ ਸੁਰਤ ਧਰਮ ਖੰਡ ਤੋਂ ਗਿਆਨ ਖੰਡ ਵਿਚ ਜਾਵੇ ਤੇ ਗਿਆਨ ਖੰਡ ਤੋਂ ਸਰਮ ਖੰਡ ਵਿਚ ਜਾਵੇ ਤੇ ਸਰਮ ਖੰਡ ਤੋਂ ਕਰਮ ਖੰਡ ਵਿਚ ਜਾਵੇ ਔਰ ਕਰਮ ਖੰਡ ਤੋਂ ਬਾਅਦ ਫਿਰ ਸੱਚ ਖੰਡ ਵਿਚ ਤੁਹਾਨੂੰ ਅਸਥਾਨ ਮਿਲੇ, ਟਿਕਾਣਾ ਮਿਲੇ, ਤਾਕਿ ਜੀਵਨ ਯਾਤਰਾ ਸਫਲ ਹੋ ਸਕੇ।

# ਭਾਗ ੭

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*

*ਹੇ ਪ੍ਰਾਣ ਨਾਥ ਗੋਬਿੰਦਹ ਕ੍ਰਿਪਾ ਨਿਧਾਨ ਜਗਦ ਗੁਰੋ॥*
*ਹੇ ਸੰਸਾਰ ਤਾਪ ਹਰਣਹ ਕਰੁਣਾ ਮੈ ਸਭ ਦੁਖ ਹਰੋ॥*
*ਹੇ ਸਰਣਿ ਜੋਗ ਦਯਾਲਹ ਦੀਨਾ ਨਾਥ ਮਯਾ ਕਰੋ॥*
*ਸਰੀਰ ਸ੍ਵਸਥ ਖੀਣ ਸਮਏ ਸਿਮਰੰਤਿ ਨਾਨਕ ਰਾਮ ਦਾਮੋਦਰ ਮਾਧਵਹ॥ ੫੦॥*

ਸਨਮਾਨ ਯੋਗ ਗੁਰੂ ਰੂਪ ਸਾਧ ਸੰਗਤ ਜੀਓ ਸਨਿਮਰ ਗੁਰਦੇਵ ਦੀ ਫਤਹਿ ਪ੍ਰਵਾਨ ਕਰਨੀ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥*

ਅਧਿਆਤਮਿਕ ਪੜਾਵਾਂ ਦੀ ਇਕ ਲੜੀ ਵਾਰ ਵਿਚਾਰ ਆਪ ਪੜ੍ਹ ਰਹੇ ਹੋ। ਦੁਨੀਆ ਦੇ ਤਿੰਨ ਧਰਮ, ਜਿੰਨ੍ਹਾਂ ਨੇ ਧਰਮ ਦੇ ਸੰਬੰਧ ਦੇ ਵਿਚ ਆਪਣੀ ਪਹੁੰਚ, ਆਪਣੀ ਪ੍ਰਾਪਤੀ ਦਾ ਬਹੁਤ ਜ਼ਿਕਰ ਕੀਤਾ ਹੈ। ਪ੍ਰਥਮ ਸਨਾਤਨ ਮੱਤ। ਅਧਿਆਤਮਿਕ ਅਵਸਥਾਵਾਂ ਦੇ ਉਹ ਦੋ ਪੜਾਉ ਦਸਦਾ ਹੈ ਤੇ ਤੀਸਰੀ ਮੰਜ਼ਿਲ। ਕਰਮ ਕਾਂਡ, ਉਪਾਸ਼ਨਾ ਕਾਂਡ ਦੋ ਪੜਾਅ ਤੇ ਗਿਆਨ ਕਾਂਡ ਪ੍ਰਾਪਤੀ।

ਇਸਲਾਮ ਜੋ ਗ਼ਾਲਬਨ ਦੁਨੀਆ ਵਿਚ ਬਹੁਤ ਫੈਲਿਆ ਹੋਇਆ ਹੈ। ਉਹ ਕਹਿੰਦਾ ਹੈ ਪਹਿਲੇ ਸ਼ਰਾ (ਸ਼ਰੀਅਤ), ਫਿਰ ਕੁੱਝ ਤਿਆਗ (ਤਰੀਕਤ), ਫਿਰ ਉਦਾਸੀਨਤਾ (ਮਾਰਫ਼ਤ) ਉਪਾਸ਼ਨਾ ਦੀ ਦੁਨੀਆ ਤੇ ਫਿਰ ਹਕੀਕਤ (ਸਚਾਈ)।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ ਪ੍ਰਥਮ ਧਰਮ ਖੰਡ, ਫਿਰ ਗਿਆਨ ਖੰਡ, ਫਿਰ ਸਰਮ ਖੰਡ, ਫਿਰ ਕਰਮ ਖੰਡ ਅਤੇ ਫਿਰ ਸੱਚ ਖੰਡ। ਖੰਡ ਕਹਿੰਦੇ ਨੇ ਹਿੱਸੇ ਨੂੰ, ਪੜਾਅ ਨੂੰ। ਰਸਤੇ ਵਿਚ ਜੋ ਪੜਾਅ ਆਉਂਦੇ ਨੇ।

ਧਰਮ ਖੰਡ ਯਾਤਰਾ ਦੀ ਆਰੰਭਤਾ ਹੈ, ਮੰਜ਼ਿਲ ਦੀ ਪਹੁੰਚ ਨਹੀਂ। ਧਰਮ ਖੰਡ ਚਲਣਾ ਹੈ, ਪਹੁੰਚਣਾ ਨਹੀਂ। ਪਹੁੰਚ ਕੇ ਚਲਣਾ ਮੁਕ ਜਾਂਦਾ ਹੈ, ਸਮਾਧੀ, ਬਿਸਰਾਮ, ਸਮਾਪਤ। ਸੱਚ ਵਿਚ ਲੀਨਤਾ, ਬਿਸਰਾਮ ਹੈ। ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ:-

*ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥ ੧॥ ਰਹਾਉ॥*

(ਅੰਗ ੧੧੮੬)

man maero dhaavan tae chhoottiou
kar baitho bisaraam.1.rehaao.

*My mind has stopped its wanderings,*
*and now, it has come to rest.1.Pause.*

ਰਾਤ ਨੂੰ ਅਸੀਂ ਸੌਂ ਜਾਂਦੇ ਹਾਂ ਤਨ ਬਿਸਰਾਮ ਵਿਚ ਚਲਾ ਜਾਂਦਾ ਹੈ, ਪਰ ਮਨ ਸੁਪਨਿਆਂ ਦੀ ਦੁਨੀਆ ਰਚ ਕੇ ਬਿਸਰਾਮ ਨਹੀਂ ਕਰਦਾ। ਉਹ ਰਾਤ ਨੂੰ ਵੀ ਕੰਮ ਕਰਦਾ ਰਹਿੰਦਾ ਹੈ, ਆਪਣੀ ਦੁਨੀਆ ਵਿਚ ਰਹਿੰਦਾ ਹੈ।

***ਮਾਈ ਮੈ ਧਨੁ ਪਾਇਓ ਹਰਿ ਨਾਮੁ ॥***
maaee mai dhan paaeiou har naam.
*O mother, I have gathered the wealth of the Lord's Name.*

-----

***ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥ ੧ ॥ ਰਹਾਉ ॥***

ਇਸ ਲਈ ਬਿਸਰਾਮ, ਸਮਾਧੀ, ਪਰਮ ਅਨੰਦ, ਸਹਿਜ, ਇਹ ਮੰਜ਼ਿਲ ਹੈ, ਇਸ ਨੂੰ ਸੱਚ ਖੰਡ ਕਿਹਾ ਹੈ। ਧਰਮ ਖੰਡ ਆਰੰਭਤਾ ਹੈ। ਧਰਮ ਦਾ ਮਤਲਬ ਹੈ ਮਰਯਾਦਾ, ਅਸੂਲ, ਨਿਯਮ। ਮੈਂ ਉਸ ਦਿਨ ਵੀ ਅਰਜ਼ ਕੀਤੀ ਸੀ, ਕਿ ਸੜਕ ਬਣਾ ਲੈਣਾ ਕੋਈ ਵੱਡੀ ਗੱਲ ਨਹੀਂ। ਉਸ ਦੇ ਉੱਤੇ ਚਲਣ ਲਈ ਨਿਯਮਾਂ ਦੀ ਪਾਲਣਾ ਕਰਨੀ, ਇਹ ਬਹੁਤ ਵੱਡੀ ਗੱਲ ਹੈ। ਸੜਕ ਗੌਰਮਿੰਟ ਬਣਾਉਂਦੀ ਏ, ਉਸ ਦੇ ਉੱਤੇ ਚਲਣ ਦੇ ਨਿਯਮ ਵੀ ਉਹ ਬਣਾਉਂਦੇ ਨੇ, ਦੋ ਚਾਰ ਮਨੁੱਖ। ਇਸੇ ਤਰ੍ਹਾਂ ਹਰ ਕੌਮ ਦੇ ਆਪਣੇ ਚਲਣ ਦੇ ਕੁੱਝ ਨਿਯਮ ਹੁੰਦੇ ਨੇ ਔਰ ਕੁਛ ਖ਼ਾਸ ਚੀਦਾ ਚੀਦਾ ਹਸਤੀਆਂ ਉਹ ਮਰਯਾਦਾ ਬਣਾਉਂਦੀਆਂ ਨੇ, ਨਿਯਮ ਬਣਾਉਂਦੀਆਂ ਨੇ, ਬਾਕੀਆਂ ਨੂੰ ਪਾਲਣਾ ਕਰਨੀ ਪੈਂਦੀ ਹੈ। ਧਰਮ ਖੰਡ ਦੀ ਵਿਚਾਰ ਕਰਦਿਆਂ ਹੋਇਆਂ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ। ਇਹ ਜਿਹੜੀ ਧਰਤੀ ਹੈ, ਇਹਦੇ ਵਿਚ ਸਭ ਕੁਛ ਨਿਯਮ ਪੂਰਵਕ ਚਲ ਰਿਹਾ ਹੈ। ਪਵਣ ਹੈ, ਪਾਣੀ ਹੈ, ਦਿਨ ਹੈ, ਰਾਤ ਹੈ, ਰੁੱਤਾਂ ਨੇ, ਥਿੱਤਾਂ ਨੇ, ਸਭ ਨਿਯਮ ਵਿਚ ਚਲ ਰਹੀਆਂ ਨੇ। ਸੂਰਜ, ਚੰਦ, ਤਾਰਿਆਂ ਦੀ ਗਰਦਸ਼ ਹੈ ਸਭ ਨਿਯਮ ਵਿਚ ਚਲ ਰਹੀ ਹੈ। ਬੇ-ਨਿਯਮਾਂ ਤੇ ਕੁਛ ਨਹੀਂ ਹੈ। ਜੇ ਸਭ ਕੁਛ ਨਿਯਮ ਵਿਚ ਚਲ ਰਿਹਾ ਹੈ, ਧਰਮ ਵਿਚ ਚਲ ਰਿਹਾ ਹੈ, ਮਰਯਾਦਾ ਵਿਚ ਚਲ ਰਿਹਾ ਹੈ ਤੋ ਐਹ ਬੰਦੇ ! ਤੂੰ ਮਰਯਾਦਾ ਵਿਚ ਚਲ। ਪਹਿਲੀ ਆਰੰਭਤਾ ਇਹ ਹੈ। ਤੋ ਮਰਯਾਦਾ ਕਿਸ ਗੱਲ ਦੀ। ਖਾਣ ਦੀ ਮਰਯਾਦਾ, ਪੀਣ ਦੀ ਮਰਯਾਦਾ, ਵੇਖਣ ਦੀ ਮਰਯਾਦਾ, ਚਲਣ ਦੀ ਮਰਯਾਦਾ, ਬੋਲਣ ਦੀ ਮਰਯਾਦਾ, ਉੱਠਣ ਦੀ ਮਰਯਾਦਾ, ਬੈਠਣ ਦੀ ਮਰਯਾਦਾ, ਹਸਣ ਦੀ ਮਰਯਾਦਾ, ਰੋਣ ਦੀ ਮਰਯਾਦਾ ਜਿਸ ਦੀ ਵਜਾਹਤ ਦਾਸ ਕਰਦਾ ਰਿਹਾ ਹੈ:-

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥*** (ਅੰਗ ੪੭੩)

rang haseh rang roveh chup bhee kar jaahey.
paravaah naahee kisai kaeree baajh sachae naahey.
*In the Lord's Love, they laugh, and in the Lord's Love, they weep,*
*and also keep silent. They do not care for anything else,*
*except their True Husband Lord.*

ਧਰਮ ਖੰਡੀ ਦਾ ਹਾਸਾ ਮਰਯਾਦਾ ਵਿਚ ਹੁੰਦਾ ਹੈ। ਉਹ ਹੱਸ ਕੇ ਕਿਸੇ ਤੇ ਚੋਟ ਨਹੀਂ ਕਰਦਾ। ਉਹ ਜਦ ਹੱਸਦਾ ਹੈ ਤੋ ਆਪਣੇ ਤੇ ਹੀ ਹੱਸਦਾ ਹੈ। ਧਰਮ ਖੰਡੀ ਦਾ ਰੋਣਾ ਦਰਅਸਲ ਈਸ਼ਵਰ ਦੇ ਵਿਛੋੜੇ ਵਿਚ ਹੁੰਦਾ ਹੈ। ਧਰਮ ਖੰਡੀ ਚੁੱਪ ਹੈ, ਸਿਰਫ਼ ਆਪਣੇ ਮਨ ਨੂੰ ਚੁੱਪ ਕਰਾਉਣਾ ਚਾਹੁੰਦਾ ਹੈ। ਧਰਮ ਖੰਡੀ ਕਿਸੇ ਤੇ ਚੋਟ ਨਹੀਂ ਕਰਦਾ, ਪਰ ਜੇ ਕਰਦਾ ਹੈ ਤਾਂ ਆਪਣੇ ਆਪ ਨੂੰ ਸੰਵਾਰਨ ਵਾਸਤੇ, ਦੂਜੇ ਨੂੰ ਸੁਧਾਰਨ ਵਾਸਤੇ। ਸਭ ਕੁਛ ਮਰਯਾਦਾ ਵਿਚ ਹੈ ਲੇਕਿਨ ਸਮਝ ਅਜੇ ਕੁਛ ਨਹੀਂ। ਅਗਰ ਇਸ ਤਰ੍ਹਾਂ ਜਪ ਕਰਦਿਆਂ ਹੋਇਆਂ, ਵਾਹਿਗੁਰੂ ਵਾਹਿਗੁਰੂ ਦੀ ਧੁਨੀ ਆਲਾਪਦਿਆਂ ਹੋਇਆਂ ਅਤੇ ਜੀਵਨ ਨੂੰ ਨਿਯਮ ਵਿਚ ਚਲਾਉਂਦਿਆਂ ਹੋਇਆਂ, ਅਗਰ ਐਸਾ ਇਹ ਕਰਦਾ ਰਹੇ ਤੋ ਕੁਛ ਦਿਨਾਂ ਤੋਂ ਬਾਅਦ, ਇਹ ਜਪ, ਗਿਆਨ ਖੰਡ ਦੇ ਵਿਚ ਪਹੁੰਚ ਜਾਂਦਾ ਹੈ। ਜੈਸੇ ਭੋਜਨ ਦੀ ਬੁਰਕੀ ਮੂੰਹ ਵਿਚ ਪਾਈ ਏ, ਸੁਆਦ ਆਇਆ ਹੈ। ਹੁਣ ਥੱਲੇ ਕੀਤੀ ਏ, ਭੁੱਖ ਮਿੱਟੇਗੀ। ਸਿਰਫ਼ ਭੁੱਖ ਹੀ ਨਹੀਂ ਮਿਟੇਗੀ, ਕੁੱਝ ਸਮੇਂ ਬਾਅਦ ਪਚੇਗੀ, ਰਸ ਬਣੇਗੀ, ਖ਼ੂਨ ਬਣੇਗੀ, ਮਿੱਝ ਬਣੇਗੀ, ਮਾਸ ਬਣੇਗੀ, ਸਰੀਰ ਦੀ ਤਾਕਤ ਬਣੇਗੀ। ਪਹਿਲੇ ਤੇ ਜ਼ਬਾਨ ਤੇ ਰਖਿਆ ਹੈ ਵਾਹਿਗੁਰੂ, ਵਾਹਿਗੁਰੂ, ਧਰਮ ਖੰਡੀ, ਸਿਰਫ਼ ਮੂੰਹ ਦੇ ਵਿਚ। ਫਿਰ ਇਸ ਨੂੰ ਐਸਾ ਵੀ ਲੈਣਾ ਹੈ, ਅਗਰ ਮੈਂ ਬੁਰਕੀ ਸਿਰਫ ਮੂੰਹ ਵਿਚ ਹੀ ਰੱਖ ਲਵਾਂ, ਥੱਲੇ ਨਾ ਕਰਾਂ, ਸੁਆਦ ਜ਼ਰੂਰ ਆ ਗਿਆ ਥੋੜਾ ਜਿਹਾ, ਭੁੱਖ ਨਹੀਂ ਮਿਟੇਗੀ ਔਰ ਸਰੀਰ ਦਾ ਬਲ ਵੀ ਨਹੀਂ ਬਣੇਗਾ। ਪਾਣੀ ਦਾ ਘੁੱਟ ਮੈਂ ਮੂੰਹ ਦੇ ਵਿਚ ਰੱਖ ਲਿਆ, ਹੋਠਾਂ ਦੀ ਖੁਸ਼ਕੀ ਦੂਰ ਹੋ ਜਾਏਗੀ, ਪਿਆਸ ਨਹੀਂ ਮਿਟੇਗੀ। ਬਾਣੀ ਸਿਰਫ਼ ਮੈਂ ਜ਼ਬਾਨ ਨਾਲ ਪੜ੍ਹੀ ਜਾਵਾਂ, ਮੇਰੇ ਦਿਲ ਨਾਲ ਉਸ ਦਾ ਕੋਈ ਸੰਬੰਧ ਨਾ ਹੋਵੇ, ਵਕਤੀ ਸਰੂਰ ਤੇ ਆ ਸਕਦਾ ਹੈ ਕਿਉਂਕਿ ਗੁਰਬਾਣੀ ਦੀ ਆਪਣੀ ਵਾਇਬਰੇਸ਼ਨ (viberation) ਬਣਦੀ ਹੈ, ਤਰੰਗਾਂ ਬਣਦੀਆਂ ਨੇ ਲੇਕਿਨ ਅਧਿਆਤਮਿਕ ਬਲ ਨਹੀਂ ਬਣੇਗਾ। ਗਿਆਨ ਦੀ ਪ੍ਰਾਪਤੀ ਨਹੀਂ ਹੋਵੇਗੀ। ਉਹ ਜੋ ਅਨੁਭਵੀ ਗੱਲਾਂ ਅੰਦਰੋਂ ਪੈਦਾ ਹੁੰਦੀਆਂ ਨੇ, ਉਹ ਸਭ ਕੁਛ ਨਹੀਂ ਹੋਣਗੀਆਂ। ਜਪ ਜਾਰੀ ਹੈ ਔਰ ਜਪ ਦਾ ਇਸ਼ਾਰਤਨ ਸਿਧਾਂਤਿਕ ਨੁਕਤਾ, ਜਪ ਕਿਵੇਂ ਕਰਨਾ ਹੈ:-

*ਗਾਵੀਐ ਸੁਣੀਐ ਮਨਿ ਰਖੀਐ ਭਾਉ ॥*
gaaveeai suneeai man rakheeai bhaao.
*Sing, and listen, and let your mind be filled with love.*

ਜ਼ਬਾਨ ਗਾਇਨ ਕਰੇ ਵਾਹਿਗੁਰੂ ਵਾਹਿਗੁਰੂ, ਕੰਨ ਸੁਣਨ। ਨਹੀਂ ਤੇ, ਬੋਲਿਆ ਹੋਇਆ ਹਵਾ ਵਿਚ ਉੱਡ ਗਿਆ। ਸੁਣੋਗੇ ਤਾਂ ਹੀ ਅੰਦਰ ਪਰਵੇਸ਼ ਕਰੇਗਾ, ਵਰਨਾ ਕਿਸ ਤਰ੍ਹਾਂ ਕਰੇਗਾ। ਸ਼ਬਦ ਸੁਣਨ ਦਾ ਵਿਸ਼ਾ ਹੈ ਔਰ ਜੈਸੇ ਹੀ ਸ਼ਬਦ ਅੰਦਰ ਪਰਵੇਸ਼ ਕਰਦਾ ਹੈ, ਸੁਰਤ ਗਿਆਨ ਖੰਡ ਵਿਚ ਪਹੁੰਚਦੀ ਹੈ। ਓਥੇ ਮਨੁੱਖ ਦੀ ਸੀਮਾ ਟੁੱਟ ਜਾਂਦੀ ਏ, ਤੰਗ ਦਾਇਰਾ ਨਹੀਂ ਹੁੰਦਾ, ਵਿਸ਼ਾਲ ਹੋ ਜਾਂਦਾ ਹੈ। ਅਗਰ ਕੋਈ ਤੰਗ ਦਾਇਰੇ ਦਾ ਮਨੁੱਖ ਹੈ ਔਰ ਹੈ ਵੀ ਧਾਰਮਿਕ ਤੇ ਉਹ ਧਰਮ ਖੰਡੀ ਏ, ਗਿਆਨ ਖੰਡੀ ਨਹੀਂ। ਅਜੇ ਉਹਦੀ ਸਮਝ ਵਿਚ ਵਾਧਾ ਨਹੀਂ ਹੋਇਆ। ਮੁਸਲਮਾਨ ਮੁਅੱਤਸਬੀ ਹੈ, ਠੀਕ ਹੈ ਨਮਾਜ਼ ਪੜ੍ਹ ਰਿਹਾ ਹੈ, ਕੁਰਾਨ ਦੀ ਤਲਾਵਤ ਕਰ ਰਿਹਾ ਹੈ ਪਰ ਅਜੇ ਮਾਰਫ਼ਤ ਦੀ ਦੁਨੀਆ ਵਿਚ ਨਹੀਂ ਪਹੁੰਚਿਆ। ਅਜੇ ਸਿਰਫ਼ ਸ਼ਰ੍ਹਾ ਦੀ ਦੁਨੀਆਂ ਹੈ, (ਸ਼ਰਅਈ)। ਹਿੰਦੂ ਅਗਰ ਤੰਗ ਦਿਲ ਹੈ ਤੇ ਅਜੇ ਕਰਮ ਕਾਂਡੀ

ਹੈ ਅਜੇ ਉਪਾਸ਼ਨਾ ਕਾਂਡ ਨਾਲ ਇਸ ਦਾ ਕੋਈ ਮਤਲਬ ਨਹੀਂ, ਅਜੇ ਗਿਆਨ ਕਾਂਡ ਬਹੁਤ ਦੂਰ ਹੈ।

ਧਾਰਮਿਕ ਮਨੁੱਖ ਅਗਰ ਧਰਮ ਖੰਡ ਵਿਚ ਰੁਕ ਜਾਏ ਤੇ ਉਸ ਤੋਂ ਜੋ ਹਾਨੀ ਹੁੰਦੀ ਹੈ, ਉਸ ਤੋਂ ਜੋ ਨੁਕਸਾਨ ਹੁੰਦਾ ਹੈ, ਉਹ ਦੁਨੀਆ ਦੇ ਬੜੇ-ਬੜੇ ਡਿਕਟੇਟਰ ਅਤੇ ਜ਼ਾਲਮਾਂ ਤੋਂ ਇਤਨਾ ਨੁਕਸਾਨ ਨਹੀਂ ਹੁੰਦਾ, ਜਿਹੜਾ ਉਸ ਤੋਂ ਹੋ ਜਾਂਦਾ ਹੈ। ਕਿਉਂਕਿ ਉਹ ਧਰਮ ਦੀ ਦੁਨੀਆ ਵਿਚ ਹੀ ਲੜਖੜਾਉਣ ਦੀ ਕੋਸ਼ਿਸ਼ ਕਰਦਾ ਹੈ। ਖ਼ੈਰ ਮੁਖ਼ਤਸਰ ਮੈਂ ਅਰਜ਼ ਕਰਾਂ। ਗਿਆਨ ਖੰਡ ਵਿਚ ਸੋਚਣੀ ਮਹਾਨ ਹੋ ਜਾਂਦੀ ਹੈ, ਬੜਾ ਵਿਸ਼ਾਲ ਦਾਇਰਾ ਹੋ ਜਾਂਦਾ ਹੈ ਔਰ ਉਸ ਨੂੰ ਪਤਾ ਚਲਦਾ ਹੈ, ਕਿਤਨੇ ਹੀ ਕ੍ਰਿਸ਼ਨ ਨੇ, ਕਿਤਨੇ ਹੀ ਮਹਾਤਮਾ ਬੁੱਧ ਨੇ, ਕਿਤਨੀਆਂ ਹੀ ਦੇਵੀਆਂ ਨੇ, ਕਿਤਨੇ ਹੀ ਵਿਸ਼ਨੂੰ ਨੇ, ਅਨੰਤ ਸ਼ਿਵਜੀ ਨੇ। ਕਲਗੀਧਰ ਪਿਤਾ ਕਹਿੰਦੇ ਨੇ:-

*ਮਹਾਦੇਵ ਕੌ ਕਹਤ ਸਦਾ ਸਿਵ॥ ਨਿਰੰਕਾਰ ਕਾ ਚੀਨਤ ਨਹਿ ਭਿਵ॥ ੬॥*

(ਚੌਪਈ ਪਾ:੧੦)

mehaadaev ko kehat sadaa siv.
nirankaar kaa cheenat neh bhiv.6.
*He continues calling Shiva as the Eternal God.*
*But he does not know the secrets of the Formless God.*

ਮਹਾਂਦੇਵ ਨੂੰ ਤੇ ਕਹੀ ਜਾਂਦਾ ਹੈ, ਸਦਾ ਸ਼ਿਵ, ਸਦਾ ਸ਼ਿਵ। ਪਰ ਜੋ ਸਦਾ ਸ਼ਿਵ ਹੈ ਉਸ ਦਾ ਭੁੱਲ ਕੇ ਵੀ ਚਿੰਤਨ ਨਹੀਂ ਕਰਦਾ। ਉਹਨੂੰ ਕਦੇ ਸੋਚਦਾ ਵੀ ਨਹੀਂ, ਕਦੇ ਵਿਚਾਰਦਾ ਵੀ ਨਹੀਂ। ਇੱਥੇ ਕਿਸੇ ਅਵਤਾਰ ਦੀ ਨਿੰਦਾ ਨਹੀਂ ਹੈ। ਗਿਆਨ ਖੰਡ ਵਿਚ ਉਸ ਨੂੰ ਪਤਾ ਚਲਦਾ ਹੈ ਕਿ ਇਸ ਤਰ੍ਹਾਂ ਦੇ ਅਵਤਾਰ ਕਈ ਦਫ਼ਾ ਆਏ ਤੇ ਰੁਖ਼ਸਤ ਹੋਏ ਔਰ ਆਉਂਦੇ ਰਹਿਣਗੇ। ਇਹ ਲੰਬਾ ਚੌੜਾ ਪਸਾਰਾ ਹੈ। ਅਨੰਤ ਦੁਨੀਆ ਹੈ, ਬਹੁਤ ਵੱਡੀ ਦੁਨੀਆ ਹੈ। ਔਰ ਚੂੰਕਿ ਅਵਤਾਰਾਂ ਦੀ ਦੁਨੀਆ ਬਹੁਤ ਲੰਬੀ ਚੌੜੀ ਏ, ਸੋਚਣ ਸਮਝਣ ਦਾ ਦਾਇਰਾ ਵੀ ਉਸੇ ਤਰ੍ਹਾਂ ਦਾ ਹੋ ਜਾਂਦਾ ਹੈ, ਖੁਲ੍ਹੇ ਦਿਮਾਗ਼ ਦਾ ਹੋ ਜਾਂਦਾ ਹੈ। ਜੈਸੇ ਕੋਈ ਸੜਕ ਤੇ ਨਹੀਂ ਚਲਦਾ, ਘਰ ਹੀ ਬੈਠਾ ਹੈ, ਅਸੀਂ ਉਸ ਨਾਲ ਝਗੜਦੇ ਨਹੀਂ ਕਿ ਤੂੰ ਚਲਦਾ ਕਿਉਂ ਨਹੀਂ ਪਿਆ। ਇਸੇ ਤਰੀਕੇ ਨਾਲ ਕੋਈ ਧਾਰਮਿਕ ਮਾਰਗ ਤੇ ਨਾ ਚਲੇ, ਪਰ ਜੋ ਗਿਆਨ ਖੰਡ ਵਿਚ ਪਹੁੰਚ ਗਿਆ ਹੈ, ਨਾ ਚਲਣ ਵਾਲੇ ਨਾਲ ਝਗੜਾ ਨਹੀਂ ਕਰੇਗਾ ਕਿ ਤੂੰ ਕਿਉਂ ਨਹੀਂ ਚਲਦਾ, ਕਤਈ ਨਹੀਂ ਝਗੜਦਾ। ਉਹ ਨਹੀਂ ਚਲਦਾ ਉਹਦੀ ਮਰਜ਼ੀ, ਉਸ ਦੀ ਇੱਛਾ, ਨਹੀਂ ਚਲਦਾ।

ਅਰਬ ਦੇਸ਼ਾਂ ਵਿਚ ਰਮਜ਼ਾਨ ਦੇ ਦਿਨਾਂ ਵਿਚ, ਅਗਰ ਕੋਈ ਰੋਜ਼ਾ ਨਾ ਰੱਖੇ ਬੜੀ ਕਰੜੀ ਸਜ਼ਾ ਹੈ। ਬਹੁਤ ਸਖ਼ਤ ਸਜ਼ਾ ਹੈ। ਜ਼ਬਰਦਸਤੀ ਰੋਜ਼ਾ ਰਖਵਾਇਆ ਜਾਂਦਾ ਹੈ, ਰੱਖੋ ਰੋਜ਼ਾ, ਰੋਜ਼ਾ ਰੱਖਣਾ ਹੈ। ਧਰਮ ਦਾ ਫਲ ਹੈ, ਮੋਖਸ਼। ਮੁਕਤੀ ਤੇ ਧਰਮ ਦੇ ਵਿਚ ਅਗਰ ਜਬਰ ਆ ਜਾਏ, ਸ਼ੁਰੂਆਤ ਵਿਚ ਅਗਰ ਜਬਰ ਆ ਜਾਏ ਤੇ ਉਸ ਦਾ ਫਲ ਕੀ? ਮੁਕਤ ਖ਼ਾਕ ਹੋਵੇਗਾ, ਕਿਸ ਤਰ੍ਹਾਂ ਹੋਵੇਗਾ, ਫਲ ਮੋਖਸ਼ ਕਿਸ ਤਰ੍ਹਾਂ ਹੋਵੇਗਾ। ਧਰਮ ਜਬਰ ਨਹੀਂ। ਧਰਮ ਸਾਰੇ ਜਬਰ ਹਟਾ ਦਿੰਦਾ ਹੈ ਔਰ ਧਾਰਮਿਕ ਮਨੁੱਖ ਕਿਸੇ ਜਬਰ ਨੂੰ ਮੰਨਦਾ ਵੀ ਨਹੀਂ। ਇਤਿਹਾਸ ਦੇ ਇਹ ਦੋ ਪੰਨੇ ਨੇ, ਜੋ ਅਕਸਰ ਵਿਦਵਾਨ ਵਾਚਦੇ ਨੇ ਤੇ ਵਰਨਣ ਕਰਦੇ ਨੇ। ਨੌਂ ਸਾਲ ਦੇ ਗੁਰੂ ਨਾਨਕ

ਨੇ, ਜਨੇਊ ਪਹਿਨਣ ਤੋਂ ਇਨਕਾਰ ਕਰ ਦਿੱਤਾ। ਨੌਂ ਸਾਲ ਦੇ ਗੁਰੂ ਗੋਬਿੰਦ ਸਿੰਘ ਜੀ ਨੇ, ਅਜੇ ਗੋਬਿੰਦ ਰਾਏ ਸਨ, ਆਪਣੇ ਪਿਤਾ ਨੂੰ ਕਿਹਾ ਹੈ ਕਿ ਜਨੇਊ ਦੀ ਰੱਖਿਆ ਕਰੋ, ਇਸ ਨੂੰ ਬਚਾਉਣਾ ਹੈ। ਇਸ ਦੀ ਰੱਖਿਆ ਕਰੋ, ਇਸ ਦੀ ਹਿਫ਼ਾਜ਼ਤ ਕਰਨੀ ਹੈ। ਹੈਰਾਨਗੀ ਹੁੰਦੀ ਹੈ ਕਿ ਨੌਂ ਸਾਲ ਦੇ ਗੁਰੂ ਨਾਨਕ ਕਹਿੰਦੇ ਨੇ, ਮੈਂ ਨਹੀਂ ਪਹਿਨਣਾ। ਨੌਂ ਸਾਲ ਦੇ ਗੋਬਿੰਦ ਰਾਏ ਕਹਿੰਦੇ ਨੇ, ਮੈਂ ਨਹੀਂ ਉਤਾਰਨ ਦੇਣਾ। ਔਰੰਗਜ਼ੇਬ ਕੌਣ ਹੁੰਦਾ ਹੈ ਉਤਾਰਨ ਵਾਲਾ? ਮੈਂ ਨਹੀਂ ਉਤਾਰਨ ਦੇਣਾ ਔਰ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਵੀ ਇਸੇ ਵਾਸਤੇ ਹੋਈ:-

*ਤਿਲਕ ਜੰਞੂ ਰਾਖਾ ਪ੍ਰਭ ਤਾਕਾ॥*
*ਕੀਨੋ ਬਡੋ ਕਲੂ ਮਹਿ ਸਾਕਾ॥* (ਦਸਮ ਗ੍ਰੰਥ)

ਇਹ ਜੋ ਬਹੁਤ ਵੱਡਾ ਧਰਮ ਦਾ ਸਾਕਾ ਹੋਇਆ, ਸਿਰਫ਼ ਧਰਮ ਦੀ ਰਖਿਆ ਦੀ ਖ਼ਾਤਿਰ। ਸਿਰਫ਼ ਤਿਲਕ ਤੇ ਜਨੇਊ ਨੂੰ ਬਚਾਉਣ ਦੀ ਖ਼ਾਤਿਰ। ਨੌਂ ਸਾਲ ਦੇ ਗੋਬਿੰਦ ਰਾਏ ਕਹਿੰਦੇ ਨੇ ਗੁਰਦੇਵ ਪਿਤਾ ਨੂੰ, ਕਿ ਇਹ ਜਨੇਊ ਬਚਾਉਣਾ ਹੈ। ਗੁਰੂ ਤੇਗ ਬਹਾਦਰ ਸਾਹਿਬ ਨੇ ਸਾਫ਼ ਕਹਿ ਦਿੱਤਾ, ਕੋਈ ਬਹੁਤ ਵੱਡਾ ਮਹਾਂਪੁਰਸ਼ ਕੁਰਬਾਨੀ ਦੇਵੇ ਤਾਂ ਇਹਨਾਂ ਦਾ ਜਨੇਊ ਬਚ ਸਕਦਾ ਹੈ, ਤਿਲਕ ਬਚ ਸਕਦਾ ਹੈ, ਵਰਨਾ ਨਹੀਂ। ਨੌਂ ਸਾਲ ਦੇ ਗੋਬਿੰਦ ਰਾਏ, ਪਤਾ ਹੈ, ਕੀ ਕਹਿੰਦੇ ਨੇ, ਗੁਰਦੇਵ ਪਿਤਾ ਕਿਸੇ ਨੂੰ ਪਾਣੀ ਵਿਚ ਤੈਰਨਾ ਸਿਖਾਉਣਾ ਹੋਵੇ, ਪਹਿਲੇ ਆਪ ਤੈਰਨਾ ਪੈਂਦਾ ਹੈ। ਕਿਸੇ ਨੂੰ ਮਰਨਾ ਸਿਖਾਉਣਾ ਹੋਵੇ ਪਹਿਲੇ ਆਪ ਮਰਨਾ ਪੈਂਦਾ ਹੈ। ਖੜਾਵਾਂ ਪਹਿਣ ਕੇ ਗੁਰੂ ਤੇਗ ਬਹਾਦਰ ਸਾਹਿਬ ਚਲ ਪਏ। ਹੈਰਾਨਗੀ, ਨੌਂ ਸਾਲ ਦੇ ਗੁਰੂ ਨਾਨਕ ਕਹਿੰਦੇ ਨੇ ਮੈਂ ਨਹੀਂ ਜਨੇਊ ਪਹਿਨਣਾ। ਨੌਂ ਸਾਲ ਦੇ ਹੀ ਗੋਬਿੰਦ ਰਾਏ ਕਹਿੰਦੇ ਨੇ (ਉਮਰ ਨੌਂ ਸਾਲ ਦੀ ਸੀ) ਮੈਂ ਨਹੀਂ ਉਤਾਰਨ ਦੇਣਾ, ਕਾਰਣ?

ਕਿਆ ਗੁਰੂ ਗੋਬਿੰਦ ਸਿੰਘ ਜੀ ਦੀ ਸੋਚਣੀ ਬਦਲ ਗਈ, ਗੁਰੂ ਨਾਨਕ ਦੇਵ ਜੀ ਨਾਲ ਸਹਿਮਤ ਨਹੀਂ ਸਨ? ਨਹੀਂ, ਜੋਤ ਓਹੀ ਹੈ। ਬ੍ਰਾਹਮਣ ਜਬਰਨ ਜਨੇਊ ਪਹਿਨਾਉਣਾ ਚਾਹੁੰਦਾ ਸੀ। ਪਹਿਣਾ ਕੇ ਰਹਾਂਗੇ, ਸਤਿਗੁਰ ਕਹਿਣ ਲੱਗੇ ਜਬਰ ਮੈਂ ਸਹਿਨ ਨਹੀਂ ਕਰ ਸਕਦਾ। ਮੈਂ ਨਹੀਂ ਪਹਿਨਣਾ। ਔਰੰਗਜ਼ੇਬ ਜਬਰਨ ਉਤਾਰਨਾ ਚਾਹੁੰਦਾ ਸੀ, ਕਲਗੀਧਰ ਨੇ ਕਿਹਾ, ਨਹੀਂ, ਜਬਰਨ ਨਹੀਂ ਉਤਾਰਨ ਦਿਆਂਗਾ। ਮਨੁੱਖ ਦੀ ਮਰਜ਼ੀ, ਸੁਤੰਤਰ। ਜਬਰਨ ਸਾਨੂੰ ਕੋਈ ਪਹਿਣਾ ਨਹੀਂ ਸਕਦਾ ਔਰ ਜਬਰਨ ਕੋਈ ਕਿਸੇ ਦਾ ਉਤਾਰ ਨਹੀਂ ਸਕਦਾ। ਜਬਰ ਹੀ ਸ਼ੈਤਾਨੀਅਤ ਹੈ। ਧਰਮ ਦਾ ਫਲ ਕੀ ਏ ਮੋਖਸ਼, ਮੁਕਤੀ, ਆਜ਼ਾਦੀ ਤੇ ਧਰਮ ਕਰਮਾਂ ਵਿਚ ਵੀ ਜਬਰ ਆ ਜਾਏ। ਤੂੰ ਵਰਤ ਨਹੀਂ ਰੱਖੇਂਗਾ ਤੈਨੂੰ ਸਜ਼ਾ ਦਿਆਂਗੇ, ਤੂੰ ਰੋਜ਼ਾ ਨਹੀਂ ਰੱਖੇਂਗਾ ਤੇ ਤੈਨੂੰ ਸਜ਼ਾ ਦਿਆਂਗੇ। ਤੂੰ ਪਾਠ ਨਹੀਂ ਕੀਤਾ ਤੇ ਤੈਨੂੰ ਮਾਰਾਂਗੇ, ਨਹੀਂ। ਕਿਉਂਕਿ ਜੇ ਸ਼ੁਰੂ ਵਿਚ ਹੀ ਧਰਮ ਵਿਚ ਜਬਰ ਆ ਗਿਆ ਤਾਂ ਇਸ ਦਾ ਫਲ ਮੋਖਸ਼ ਕਿਸ ਤਰ੍ਹਾਂ ਹੋਵੇਗਾ?

ਇਕ ਮਨੁੱਖ ਅੱਜ ਰੋਟੀ ਨਹੀਂ ਖਾਂਦਾ, ਨਹੀਂ ਹੈ ਉਸ ਨੂੰ ਭੁੱਖ ਇਸ ਦੀ। ਜੇ ਰੋਜ਼-ਰੋਜ਼ ਉਸ ਨੂੰ ਭੁੱਖ ਨਹੀਂ ਲੱਗ ਰਹੀ ਤੇ ਸਮਝ ਲਉ ਰੋਗੀ ਹੈ। ਰੋਗੀ ਨੂੰ ਭੁੱਖ ਨਹੀਂ ਲਗਦੀ, ਕਈਆਂ ਨੂੰ ਨਹੀਂ ਭੁੱਖ ਲਗਦੀ। ਸੋ ਉਸ ਤੇ ਤਰਸ ਖਾਣਾ ਚਾਹੀਦਾ ਹੈ। ਉਸ ਦਾ ਕੋਈ ਢੰਗ ਦਾ ਇਲਾਜ ਸੋਚਣਾ ਚਾਹੀਦਾ ਹੈ। ਉਹਨੂੰ ਮਾਰਾਂਗੇ, ਕੁੱਟਾਂਗੇ ਥੋੜੀ, ਕਿ ਤੂੰ ਰੋਟੀ ਕਿਉਂ ਨਹੀਂ ਖਾਂਦਾ। ਰੋਗੀ ਮਨੁੱਖ ਦੀ ਇਹ ਪਹਿਚਾਣ ਹੈ, ਉਸ ਨੂੰ ਭੁੱਖ ਨਹੀਂ ਲੱਗੇਗੀ। ਭੋਜਨ ਦੀ ਭੁੱਖ

ਨਹੀਂ ਲੱਗੇਗੀ, ਜੋ ਤਨ ਦੇ ਤਲ ਤੇ ਰੋਗੀ ਹੈ, ਭੋਜਨ ਦੀ ਭੁੱਖ ਨਹੀਂ ਲੱਗੇਗੀ। ਜੋ ਮਨ ਦੇ ਤਲ ਤੇ ਰੋਗੀ ਹੈ, ਭਜਨ ਦੀ ਭੁੱਖ ਨਹੀਂ ਹੋਵੇਗੀ। ਭੁੱਖ ਨਾਮ ਦੀ ਵੀ ਹੁੰਦੀ ਹੈ:-

*ਸਾਚੇ ਨਾਮ ਕੀ ਲਾਗੈ ਭੂਖ॥*
*ਉਤੁ ਭੂਖੈ ਖਾਇ ਚਲੀਅਹਿ ਦੂਖ॥ ੧॥* (ਅੰਗ ੯)
saachae naam kee laagai bhookh.
outt bhookhai khaae chaleeah dookh.1.
*If someone feels hunger for the True Name,*
*that hunger shall consume his pain.1.*

ਜਿਤਨੀ ਵੱਡੀ ਭੁੱਖ ਹੋਵੇ, ਛਕਣ ਦਾ ਉਤਨਾ ਹੀ ਵੱਡਾ ਸੁਆਦ ਆ ਜਾਂਦਾ ਹੈ।

*ਰੁਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ॥* (ਅੰਗ ੧੨੮੮)
bhukhai saadai gandd.
*hunger and tasty food are tied together.*

ਜਿਤਨੀ ਅੰਦਰ ਨਾਮ ਦੀ ਭੁੱਖ ਹੋਵੇ, ਜਪਣ ਦਾ ਉਤਨਾ ਹੀ ਅੰਦਰ ਰਸ ਬਣ ਜਾਂਦਾ ਹੈ। ਸਾਹਿਬ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਤੋਂ ਪੁੱਛਿਆ ਗਿਆ ਕਿ ਪਾਤਸ਼ਾਹ ਤੁਹਾਡੇ ਅੰਦਰ ਇਹ ਭੁੱਖ ਕਿਤਨੀ ਕੁ ਹੈ? ਨਾਮ ਦੀ ਕਿਤਨੀ ਕੁ ਭੁੱਖ ਹੈ? ਗੁਰੂ ਨਾਨਕ ਦੇਵ ਜੀ ਮਹਾਰਾਜ ਦੱਸਦੇ ਨੇ:-

*ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ॥*
*ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿਸੁਕ॥*
*ਨਾਨਕ ਸਚੇ ਨਾਮ ਕੀ ਕੇਤੀ ਪੁਛਾ ਪੁਛ॥ ੧॥* (ਅੰਗ ੧੪੮)
maaroo meeh na tripathiaa agee lehai na bhukh.
raajaa raaj na tripatiaa saaeir bharae kisuk.
Nanak sachae naam kee kaetee puchhaa puchh.1.
*The desert is not satisfied by rain,*
*and the fire is not quenched by desire.*
*The king is not satisfied with his kingdom,*
*and the oceans are full, but still they thirst for more.*
*O Nanak, how many times must I seek*
*and ask for the True Name? .1.*

ਮੈਥੋਂ ਪੁਛਦੇ ਹੋ, ਨਾਮ ਦੀ ਕਿੰਨੀ ਕੁ ਭੁੱਖ ਹੈ, ਕਿੰਨੀ ਕੁ ਪਿਆਸ ਹੈ। ਰੇਤ ਕੋਲੋਂ ਪੁੱਛ ਲਉ ਤੈਨੂੰ ਕਿਤਨੀਆਂ ਕੁ ਬੂੰਦਾਂ ਚਾਹੀਦੀਆਂ ਨੇ, ਅੱਗ ਕੋਲੋਂ ਪੁੱਛ ਲਉ ਤੈਨੂੰ ਕਿਤਨਾ ਕੁ ਈਂਧਨ ਚਾਹੀਦਾ ਹੈ। ਕਿਤਨੀਆਂ ਕੁ ਲੱਕੜਾਂ ਤੈਨੂੰ ਚਾਹੀਦੀਆਂ ਨੇ। ਕਿੰਨਾ ਕੁ ਪੈਟਰੋਲ ਤੈਨੂੰ ਚਾਹੀਦਾ ਹੈ। ਕਿਤਨਾ ਕੁ ਈਂਧਨ ਤੈਨੂੰ ਚਾਹੀਦਾ ਹੈ, ਅੱਗ ਰੱਜਦੀ ਨਹੀਂ। ਕਿਸੇ ਰਾਜੇ ਕੋਲੋਂ ਪੁੱਛ ਲਉ ਤੈਨੂੰ ਕਿਤਨਾ ਕੁ ਰਾਜ-ਪਾਟ ਚਾਹੀਦਾ ਹੈ। ਕਿਤਨੀ ਦੇਰ ਤਕ ਰਾਜ-ਪਾਟ ਕਰਨਾ ਚਾਹੁੰਦਾ ਹੈਂ। ਕੋਈ ਤ੍ਰਿਪਤ ਹੁੰਦਾ ਹੈ? ਜਿਸ ਤਰ੍ਹਾਂ ਰਾਜਾ ਰਾਜ-ਪਾਟ ਤੋਂ ਤ੍ਰਿਪਤ ਨਹੀਂ ਹੁੰਦਾ, ਅਗਨੀ ਲੱਕੜਾਂ ਤੋਂ ਤ੍ਰਿਪਤ ਨਹੀਂ ਹੁੰਦੀ, ਮਾਰੂਥਲ ਬਾਰਿਸ਼ ਤੋਂ ਤ੍ਰਿਪਤ ਨਹੀਂ ਹੁੰਦਾ। ਸਾਹਿਬ

ਕਹਿੰਦੇ ਨੇ, ਇਸ ਤਰ੍ਹਾਂ ਨਾਮ ਜਪਦਾ ਹਾਂ, ਨਾਮ ਜਪਦਾ ਹਾਂ, ਹੋਰ ਪਿਆਸ ਵਧਦੀ ਹੈ, ਹੋਰ ਪਿਆਸ ਵਧਦੀ ਹੈ, ਹੋਰ ਜਪਣ ਨੂੰ ਜੀਅ ਕਰਦਾ ਹੈ, ਹੇ ਪ੍ਰਭੂ ! ਮੈਂ ਰੱਜਦਾ ਹੀ ਨਹੀਂ।

***ਮਾਧਉ ਜਲ ਕੀ ਪਿਆਸ ਨ ਜਾਇ॥***
***ਜਲ ਮਹਿ ਅਗਨਿ ਉਠੀ ਅਧਿਕਾਇ॥ ੧॥ ਰਹਾਉ॥*** (ਅੰਗ ੩੨੩)

maadho jal kee piaas na jaae.
jal meh agan outhee adhikaae.1.rehaao.
*O Lord, my thirst for the Water of Your Name will not go away.*
*The fire of my thirst burns*
*even more brightly in that Water.1.Pause.*

ਭੋਜਨ ਦੀ ਜੋ ਪਹਿਲੀ ਬੁਰਕੀ ਵਿਚ ਸੁਆਦ ਹੁੰਦਾ ਹੈ, ਉਹ ਅਖ਼ੀਰਲੀ ਵਿਚ ਨਹੀਂ ਹੁੰਦਾ। ਇਕ-ਇਕ ਭੋਜਨ ਦੀ ਬੁਰਕੀ ਅੰਦਰ ਗਈ ਭੁੱਖ ਘਟਦੀ ਗਈ, ਘਟਦੀ ਗਈ। ਭੁੱਖ ਘਟਦੀ ਗਈ, ਸੁਆਦ ਘਟਦਾ ਗਿਆ, ਆਖ਼ਰੀ ਵਿਚ ਨਹੀਂ, ਗੱਲ ਖ਼ਤਮ ਹੋ ਜਾਂਦੀ ਹੈ। ਪਹਿਲਾਂ-ਪਹਿਲਾਂ ਨਾਮ ਜਪਣ ਦਾ ਜੈਸੇ-ਜੈਸੇ ਸੁਆਦ ਆਉਣਾ ਸ਼ੁਰੂ ਹੁੰਦਾ ਹੈ, ਜਿਉਂ-ਜਿਉਂ ਜਪੋਗੇ ਭੁੱਖ ਵਧੇਗੀ, ਭੁੱਖ ਵਧੇਗੀ ਸੁਆਦ ਵਧੇਗਾ। ਇਹ ਦੋਵੇਂ ਕੰਮ ਇਕੱਠੇ ਚਲਦੇ ਨੇ। ਏਧਰ ਵਾਹਿਗੁਰੂ-ਵਾਹਿਗੁਰੂ ਜਪਣਾ ਸ਼ੁਰੂ ਕੀਤਾ, ਇਧਰ ਸੁਆਦ ਵਧਦਾ ਜਾ ਰਿਹਾ ਹੈ, ਭੁੱਖ ਵਧਦੀ ਜਾ ਰਹੀ ਹੈ। ਆਖ਼ਰੀ ਸਮੇਂ ਤਕ ਇਹ ਭੁੱਖ ਬਣੀ ਰਹਿੰਦੀ ਏ। ਰਸ ਵੀ ਬਣਿਆਂ ਰਹਿੰਦਾ ਹੈ, ਸੁਆਦ ਵੀ ਬਣਿਆਂ ਰਹਿੰਦਾ ਹੈ। ਗਿਆਨ ਖੰਡ ਵਿਚ ਬੜੀ ਭਾਰੀ ਵਿਸ਼ਾਲਤਾ ਆ ਜਾਂਦੀ ਏ। ਜਬਰ ਕਿਸੇ ਦਾ ਵੀ ਉਹ ਨਹੀਂ ਸਹਿਣ ਕਰਦਾ। ਕਿਸੇ ਦੇ ਉੱਪਰ ਜਬਰ ਹੋਵੇ, ਧਾਰਮਿਕ ਤਲ ਦਾ ਜਬਰ ਹੋਵੇ, ਸਿਆਸੀ ਤਲ ਦਾ ਜਬਰ ਹੋਵੇ, ਸਮਾਜਿਕ ਤਲ ਦਾ ਵੀ ਜਬਰ ਹੋਵੇ, ਉਹ ਨਹੀਂ ਬਰਦਾਸ਼ਤ ਕਰੇਗਾ। ਸਹਿਣ ਨਹੀਂ ਕਰੇਗਾ। ਉਹ ਆਪਣੇ ਗਿਆਨ ਖੰਡ ਵਿਚ ਖੜੇ ਹੋ ਕੇ, ਹੋ ਸਕਦਾ ਹੈ ਆਪਣੀ ਆਵਾਜ਼ ਵੀ ਬੁਲੰਦ ਕਰੇ। ਗਿਆਨ ਖੰਡ ਵਿਚ ਜਿਗਰਾ ਬੜਾ ਮਹਾਨ ਹੋ ਜਾਂਦਾ ਹੈ। ਵਿਸ਼ਾਲ ਹੋ ਜਾਂਦਾ ਹੈ, ਬੜੀ ਵਿਸ਼ਾਲ ਸੋਚਣੀ ਹੋ ਜਾਂਦੀ ਏ। **ਸਰਮ ਖੰਡ** ਵਿਚ ਮਨ ਘੜਿਆ ਜਾਂਦਾ ਹੈ, ਬੁੱਧੀ ਘੜੀ ਜਾਂਦੀ ਹੈ, ਚਿੱਤ ਘੜਿਆ ਜਾਂਦਾ ਹੈ, ਅਹੰ ਘੜਿਆ ਜਾਂਦਾ ਹੈ।

***ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥***
***ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ ੩੬॥***

tithai gharreeai surat mat man budh.
tithai gharreeai suraa sidhaa kee sudh.36.
*The intuitive consciousness,*
*intellect and understanding of the mind are shaped there.*
*The consciousness of the spiritual warriors and the Siddhas,*
*the beings of spiritual perfection, are shaped there.36.*

ਸਰਮ ਖੰਡ, ਮਿਹਨਤ ਦਾ ਖੰਡ, ਮੁਸ਼ੱਕਤ ਦਾ ਖੰਡ। ਬੜੀ ਮਿਹਨਤ। ਕਾਰਣ? ਸਮਝ ਆ ਗਈ ਏ, ਪਤਾ ਚਲ ਗਿਆ ਹੈ, ਪ੍ਰਾਪਤੀ ਨਹੀਂ ਹੋਈ। ਜੇ ਸਮਝ ਆ ਜਾਏ ਤੇ ਪ੍ਰਾਪਤੀ ਨਾ ਹੋਵੇ ਤਾਂ ਹਿਰਦਾ ਤੜਪਦਾ ਹੈ। ਸਮਝ ਤੇ ਆ ਗਈ, ਪਤਾ ਤੇ ਚਲ ਗਿਆ ਹੈ, ਹੁਣ ਤੇ ਪ੍ਰਾਪਤ

ਹੋਣਾ ਚਾਹੀਦਾ ਹੈ। ਪਹਿਲੇ ਤੇ ਪਤਾ ਨਹੀਂ ਸੀ, ਹੁਣ ਤੇ ਪਤਾ ਚਲ ਗਿਆ ਹੈ, ਕਿ ਇਹ ਤੇ ਹੀਰਾ ਹੈ। ਪਹਿਲੇ ਤਾਂ ਸਮਝੀ ਬੈਠੇ ਸੀ ਕਿ ਇਹ ਤੇ ਪੱਥਰ ਹੈ। ਪਹਿਲੇ ਤੇ ਸਮਝੀ ਬੈਠੇ ਸੀ ਕਿ ਇਹ ਤੇ ਕੰਕਰ ਹੈ, ਅੱਜ ਪਤਾ ਚਲਿਆ ਹੈ, ਕਿ ਇਹ ਤੇ ਮੋਤੀ ਹੈ। ਪਹਿਲੇ ਪਤਾ ਚਲਿਆ ਸੀ ਇਹ ਤੇ ਐਵੇਂ ਹੀ ਹੈ, ਅੱਜ ਪਤਾ ਚਲਿਆ ਇਹ ਤੇ ਅੰਮ੍ਰਿਤ ਰਸ ਹੈ। ਜਦ ਪਤਾ ਚਲਿਆ ਹੈ ਤੇ ਪ੍ਰਾਪਤ ਕਰਨ ਨੂੰ ਜੀ ਕਰਦਾ ਹੈ। ਇਸ ਵਾਸਤੇ ਮੈਂ ਅਰਜ਼ ਕਰਾਂ ਜਾਣਨਾ ਹੋਰ ਗੱਲ ਹੈ, ਪਾਉਣਾ ਹੋਰ ਗੱਲ ਹੈ। ਜਾਣ ਲਿਆ ਹੈ ਹੁਣ ਪ੍ਰਾਪਤੀ ਦੀ ਇੱਛਾ। ਹੁਣ ਪ੍ਰਾਪਤ ਕਿਸ ਤਰ੍ਹਾਂ ਹੋਵੇਗਾ? ਕਾਸ਼ ਕਿ ਬਾਹਰੋਂ ਪ੍ਰਾਪਤ ਹੁੰਦਾ ਤੇ ਮਨੁੱਖ ਕਰ ਲੈਂਦਾ। ਇਹ ਆਪਣੇ ਅੰਦਰੋਂ ਖੋਜ ਕਰਨੀ ਪਵੇਗੀ। ਅੱਜ ਤਕ ਬੰਦੇ ਦੀ ਖੋਜ ਦੇ ਮਰਕਜ਼ ਰਹੇ ਨੇ ਸਾਗਰ, ਜ਼ਮੀਨ, ਪਹਾੜ ਤੇ ਅਸਮਾਨ। ਮਨੁੱਖ ਨੇ ਧਰਤੀ ਦੇ ਸੀਨੇ ਚੀਰ ਕੇ ਅੰਨ ਤੇ ਧਨ ਥਾਂ-ਥਾਂ ਤੇ ਕੱਢਿਆ ਹੈ, ਬਹੁਤ ਕੱਢਿਆ ਹੈ। ਪਹਾੜਾਂ ਦੇ ਸੀਨੇ ਚੀਰ ਕੇ ਇਸ ਨੇ, ਲੋਹਾ, ਸੋਨਾ, ਚਾਂਦੀ, ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ ਕੱਢੀਆਂ ਨੇ। ਲੇਕਿਨ ਇਹ ਤ੍ਰਿਪਤ ਨਾ ਹੋਇਆ। ਨਾ ਜ਼ਮੀਨ ਤ੍ਰਿਪਤ ਕਰ ਸਕੀ, ਨਾ ਪਹਾੜ। ਫਿਰ ਇਸ ਨੇ ਸਾਗਰ ਨੂੰ ਵੀ ਛਾਣਿਆਂ ਹੈ। ਇਹਨੇ ਸਾਗਰ ਦੇ ਵਿਚੋਂ ਤੇਲ ਕੱਢਿਆ ਹੈ, ਮੋਤੀ ਕੱਢੇ ਨੇ, ਬੜੀਆਂ ਚੀਜ਼ਾਂ ਕੱਢੀਆਂ ਨੇ ਪਰ ਸਾਗਰ ਵੀ ਇਸ ਨੂੰ ਤ੍ਰਿਪਤ ਨਾ ਕਰ ਸਕਿਆ। ਫਿਰ ਇਸ ਦੀ ਦਰਿਸ਼ਟੀ ਆਸਮਾਨ ਤੇ ਚਲੀ ਗਈ। ਚੰਦਰਮਾ ਤੇ ਪਹੁੰਚ ਗਿਆ ਭਾਵੇਂ ਲਿਆਇਆ ਓਥੋਂ ਥੋੜੀ ਜਿਹੀ ਮਿੱਟੀ ਹੈ, ਹੋਰ ਕੁਛ ਵੀ ਨਹੀਂ। ਵਾਸ਼ਿਗਟਨ, ਅਮਰੀਕਾ (Washington, America) ਵਿਚ ਇਕ ਸਾਇੰਸ ਮਯੂਜ਼ੀਅਮ (Science Museum) ਵਿਚ ਮੈਂ ਦੇਖਿਆ ਸੀ ਕਿ ਐਨੀ ਕੁ ਮੁੱਠੀ ਭਰ ਰੇਤ ਪਈ ਏ, ਜਿਹੜੀ ਕਹਿੰਦੇ ਨੇ ਚੰਦਰਮਾ ਤੋਂ ਲਿਆਂਦੀ ਏ, ਓਥੋਂ ਲਿਆਂਦੀ ਏ। ਅਰਬਾਂ ਖਰਬਾਂ ਡਾਲਰ ਖ਼ਰਚ ਹੋ ਗਏ, ਐਨੀ ਮੁੱਠੀ ਭਰ ਰੇਤ ਆਈ ਏ। ਦਰਿਸ਼ਟੀ ਹੋਰ ਅੱਗੇ ਚਲੀ ਗਈ। ਸ਼ਾਇਦ ਚੰਦਰਮਾ ਤੋਂ ਕੁਛ ਨਹੀਂ ਲੱਭਿਆ, ਹੋਰ ਅਗੋਂ ਕੁਛ ਲੱਭੇ, ਹੋਰ ਅਗੋਂ ਕੁਛ ਲੱਭੇ। ਜਿਸ ਦਿਨ ਮਨੁੱਖ ਦੇ ਕਦਮ ਚੰਦਰਮਾ ਤੇ ਪਹੁੰਚੇ ਸਨ, ਸਾਰੀ ਦੁਨੀਆ ਵਿਚ ਹੁਲਾਸ ਦੀ ਲਹਿਰ ਦੌੜ ਗਈ ਸੀ। ਦੁਨੀਆਂ ਖੁਸ਼ ਹੋ ਗਈ ਕਿ ਬੰਦਾ ਚੰਦਰਮਾ ਤੇ ਪਹੁੰਚ ਗਿਆ ਹੈ, ਚੰਦ ਤੇ ਪਹੁੰਚ ਗਿਆ ਹੈ। ਉਹਨਾਂ ਦਿਨਾਂ ਵਿਚ ਉਰਦੂ ਦਾ ਇਕ ਬੁਲੰਦ ਪਾਇਆ ਸ਼ਾਇਰ ਜਿਗਰ ਮੁਰਾਦਾਬਾਦੀ ਜ਼ਿੰਦਾ ਸੀ, ਹੁਣ ਤੇ ਨਹੀਂ ਰਿਹਾ। ਉਦੋਂ ਉਹਦੇ ਮੂੰਹੋਂ ਇਕ ਫਿਕਰਾ ਨਿਕਲਿਆ, ਉਹਨੇ ਕਿਹਾ:-

**ਆਸਮਾਨੋਂ ਕੀ ਤਮੰਨਾ ਕਰਨੇ ਵਾਲੇ, ਜ਼ਮੀਂ ਭੀ ਹਾਥ ਸੇ ਜਾਤੀ ਰਹੇਗੀ।**

ਚੰਦਰਮਾ ਤੇ ਰਹਿਣ ਦੀ ਕੋਸ਼ਿਸ਼ ਕਰਦਾ ਹੈਂ, ਇੰਜ ਨਾ ਹੋਵੇ ਕਿਧਰੇ ਜ਼ਮੀਨ ਵੀ ਗੁਆ ਬੈਠੇਂ। ਤੈਨੂੰ ਤੇ ਅਜੇ ਜ਼ਮੀਨ ਤੇ ਵੀ ਰਹਿਣ ਦੀ ਜਾਚ ਨਹੀਂ ਆਈ। ਜਿਹੋ ਜਿਹਾ ਨਰਕ ਤੂੰ ਜ਼ਮੀਨ ਤੇ ਬਣਾਇਆ ਹੈ, ਇਹੋ ਜਿਹਾ ਨਰਕ ਤੂੰ ਚੰਦਰਮਾ ਤੇ ਬਣਾਵੇਂਗਾ, ਹੋਰ ਕੀ ਕਰੇਂਗਾ। ਜਿਹੜੇ ਵਿਤਕਰੇ, ਜਿਹੜੇ ਲੜਾਈ ਝਗੜੇ ਤੂੰ ਜ਼ਮੀਨ ਤੇ ਪਾਏ ਹੋਏ ਨੇ, ਇਹੀ ਤੂੰ ਉੱਪਰ ਕਰੇਂਗਾ, ਹੋਰ ਕੀ ਕਰੇਂਗਾ। ਓਥੇ ਵੀ ਇਹੋ ਕੁਛ ਕਰੇਂਗਾ। ਓਥੇ ਵੀ ਜ਼ਾਤ-ਪਾਤ ਲੈ ਕੇ ਜਾਏਂਗਾ। ਓਥੇ ਵੀ ਭੇਦ-ਭਾਵ ਲੈ ਕੇ ਜਾਏਂਗਾ, ਓਥੇ ਵੀ ਵਿਤਕਰੇ ਲੈ ਕੇ ਜਾਏਂਗਾ, ਓਥੇ ਵੀ ਵੈਰ-ਵਿਰੋਧ ਲੈ ਕੇ ਜਾਏਂਗਾ। ਜਿਵੇਂ ਜੰਗੀਖ਼ਾਨਾ ਘਰ-ਘਰ ਵਿਚ ਇੱਥੇ ਹੈ, ਓਥੇ ਵੀ ਹੋਵੇਗਾ, ਹੋਰ ਕੀ ਏ? **ਆਸਮਾਨੋਂ ਕੀ ਤਮੰਨਾ ਕਰਨੇ ਵਾਲੇ, ਜ਼ਮੀਂ ਭੀ ਹਾਥ ਸੇ ਜਾਤੀ ਰਹੇਗੀ।** ਤੂੰ

ਜ਼ਮੀਨ ਦੇ ਉੱਤੇ ਰਹਿਣ ਦੀ ਜਾਚ ਸਿੱਖ, ਲੇਕਿਨ ਜ਼ਮੀਨ ਮਨੁੱਖ ਨੂੰ ਤ੍ਰਿਪਤ ਨਹੀਂ ਕਰ ਸਕੀ। ਸਾਗਰ ਮਨੁੱਖ ਨੂੰ ਤ੍ਰਿਪਤ ਨਹੀਂ ਕਰ ਸਕੇ। ਪਹਾੜ ਮਨੁੱਖ ਦੀ ਝੋਲੀ ਨਹੀਂ ਭਰ ਸਕੇ। ਦਰਿਸ਼ਟੀ ਉੱਪਰ ਚਲੀ ਗਈ ਏ, ਸ਼ਾਇਦ ਕਿਸੇ ਹੋਰ ਗ੍ਰਹਿ ਨਛੱਤਰ ਤੋਂ ਕਿਸੇ ਹੋਰ ਧਰਤੀ ਤੋਂ ਮੈਨੂੰ ਚੀਜ਼ ਪ੍ਰਾਪਤ ਹੋਵੇ ਤੇ ਮੇਰੀ ਝੋਲੀ ਭਰ ਜਾਏ, ਨਹੀਂ। ਧਰਮ ਕਹਿੰਦਾ ਹੈ, ਕੋਈ ਗ੍ਰਹਿ ਨਛੱਤਰ, ਸੂਰਜ, ਚੰਦ, ਤਾਰਾ, ਜ਼ਮੀਨ ਆਸਮਾਨ, ਸਾਗਰ ਤੇਰੀ ਝੋਲੀ ਨਹੀਂ ਭਰ ਸਕਦੇ। ਤੈਨੂੰ ਤ੍ਰਿਪਤ ਨਹੀਂ ਕਰ ਸਕਦੇ। ਤੇਰੀਆਂ ਲੋੜਾਂ ਦੀ ਪੂਰਤੀ ਕਰ ਸਕਦੇ ਨੇ ਪਰ ਤੈਨੂੰ ਤ੍ਰਿਪਤੀ ਓਦੋਂ ਹੋਵੇਗੀ, ਜਦ ਤੂੰ ਅੰਦਰ ਦੀ ਖੋਜ ਕਰੇਂਗਾ। ਉਹ ਤੇਰੇ ਅੰਦਰ ਪਿਆ ਹੈ:-

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥* (ਅੰਗ ੨੯੩)

ਕਹਿੰਦੇ ਨੇ, ਹੈਦਰਾਬਾਦ ਮੁਸ਼ਾਇਰੇ ਵਿਚ ਮਿਰਜ਼ਾ ਗ਼ਾਲਿਬ ਪਹੁੰਚੇ ਸਨ। ਨਿਜ਼ਾਮ ਦੀ ਹੈਦਰਾਬਾਦ ਮੁਸਲਿਮ ਸਟੇਟ ਸੀ, ਪੁਰਾਣਾ ਜ਼ਮਾਨਾ ਸੀ। ਹੈਦਰਾਬਾਦ ਵਿਚ ਗੋਲਕੁੰਡਾ ਵਿਚ ਹੀਰੇ ਦੀਆਂ ਖਾਣਾਂ ਮਸ਼ਹੂਰ ਨੇ। ਅਜੇ ਵੀ ਲੋਕੀਂ ਕੱਢਦੇ ਨੇ, ਕਦੀ-ਕਦੀ ਹੀਰੇ ਲੱਭ ਪੈਂਦੇ ਨੇ। ਇਕ ਖਾਨਗਾਹ ਨੇ ਗ਼ਾਲਿਬ ਤੇ ਤਰਸ ਕੀਤਾ, ਵਿਚਾਰੇ ਦਾ ਝੱਗਾ (ਮਤਲਬ ਕਮੀਜ਼) ਪਾਟਿਆ ਹੋਇਆ ਸੀ, ਉੱਪਰ ਜਿਹੜੀ ਸ਼ੇਰਵਾਨੀ ਪਾਈ ਹੋਈ ਸੀ, ਉਹਨੂੰ ਵੀ ਦੋ ਤਿੰਨ ਟਾਂਕੇ ਲੱਗੇ ਹੋਏ ਸਨ। ਉਸ ਨੂੰ ਤਰਸ ਆ ਗਿਆ। ਉਹ ਕਹਿੰਦਾ ਗ਼ਾਲਿਬ ਕਿਹੜੇ ਸ਼ੇਰੋ-ਸ਼ਾਇਰੀ ਦੇ ਚੱਕਰਾਂ ਵਿਚ ਤੂੰ ਪਿਆ ਹੈਂ। ਤੂੰ ਮੇਰਾ ਸ਼ਾਗਿਰਦ ਬਣ ਤੇ ਮੈਂ ਤੈਨੂੰ ਦੱਸਾਂਗਾ ਕਿ ਪਹਾੜਾਂ ਦੇ ਸੀਨੇ ਚੀਰ ਕੇ, ਹੀਰੇ ਕਿਵੇਂ ਕੱਢੀਦੇ ਨੇ। ਮੈਂ ਤੈਨੂੰ ਦੱਸਾਂਗਾ, ਤੂੰ ਮੇਰਾ ਸ਼ਾਗਿਰਦ ਬਣ ਮੇਰਾ। ਗ਼ਾਲਿਬ ਕਹਿਣ ਲੱਗਾ, ਤੂੰ ਮੇਰਾ ਸ਼ਾਗਿਰਦ ਬਣ, ਮੈਂ ਤੈਨੂੰ ਦੱਸਾਂਗਾ, ਆਪਣਾ ਹੀ ਸੀਨਾ ਚੀਰ ਕੇ ਗਿਆਨ ਕਿਵੇਂ ਕੱਢੀਦਾ ਹੈ, ਸਕੂਨ ਕਿਵੇਂ ਕੱਢੀਦਾ ਹੈ, ਰਸ ਕਿਵੇਂ ਕੱਢੀਦਾ ਹੈ। ਪਹਾੜਾਂ ਦੇ ਸੀਨੇ ਚੀਰਨਾ ਤੈਨੂੰ ਆਉਂਦਾ ਹੈ, ਆਪਣਾ ਸੀਨਾ ਚੀਰਨਾ ਮੈਨੂੰ ਆਉਂਦਾ ਹੈ।

*ਸੁਖਨ ਕਿਆ ਕਹਿ ਨਹੀਂ ਸਕਤੇ ਜੋਇਆ ਹੂੰ ਜਿ ਜੌਹਰ ਕਾ,*
*ਜਿਗਰ ਕਿਆ ਹਮ ਨਹੀਂ ਰਖਤੇ ਜੋ ਖੋਦੇਂ ਜਾ ਕੇ ਮੇਦਨ ਕੋ।*

ਮੈਂ ਆਪਣਾ ਸੀਨਾ ਨਹੀਂ ਰੱਖਦਾ ਜੋ ਪਹਾੜਾਂ ਦੀ ਖੁਦਾਈ ਕਰਾਂ। ਮੈਂ ਨਹੀਂ ਖੋਦਾਂਗਾ, ਤੂੰ ਪਹਾੜਾਂ ਦੇ ਸੀਨੇ ਚੀਰ, ਮੈਂ ਆਪਣਾ ਹੀ ਸੀਨਾ ਚੀਰਦਾ ਹਾਂ। ਤੂੰ ਓਥੋਂ ਹੀਰੇ ਲੱਭਦਾ ਹੈਂ, ਮੈਂ ਇੱਥੋਂ ਗਿਆਨ ਲੱਭਦਾ ਹਾਂ। ਤੈਨੂੰ ਓਥੋਂ ਚਮਕਦੇ ਪੱਥਰ ਲੱਭਦੇ ਨੇ, ਮੈਨੂੰ ਇੱਥੋਂ ਚਮਕਦੇ ਖ਼ੁਦਾ ਦੇ ਗੁਣ ਲੱਭਦੇ ਨੇ। ਰੱਬੀ ਗੁਣ ਲੱਭਦੇ ਨੇ। ਸੁਖਨ ਕਿਆ ਕਹਿ ਨਹੀਂ ਸਕਤੇ ਜੋਇਆ ਹੂੰ ਜਿ ਜੌਹਰ ਕਾ, ਜਿਗਰ ਕਿਆ ਹਮ ਨਹੀਂ ਰਖਤੇ ਜੋ ਖੋਦੇਂ ਜਾ ਕੇ ਮੇਦਨ ਕੋ।

ਤ੍ਰਿਪਤੀ ਮਨੁੱਖ ਨੂੰ ਅੰਦਰੋਂ ਮਿਲੇਗੀ। ਮਨੁੱਖ ਗਾਹੇ-ਬਗਾਹੇ ਜੋ ਕੁੱਝ ਵੀ ਤਲਾਸ਼ ਕਰ ਰਿਹਾ ਹੈ, ਤ੍ਰਿਪਤੀ ਲਈ, ਰਜੇਂਵੇ ਲਈ। ਕੋਈ ਰੱਜ ਜਾਏ ਤੇ ਰਾਜਾ। ਮਨੁੱਖ ਨੂੰ ਬਾਹਰੋਂ ਕੁਛ ਵੀ ਤ੍ਰਿਪਤੀ ਹਾਸਿਲ ਨਹੀਂ ਹੋ ਸਕਦੀ। ਨਾ ਜ਼ਮੀਨ ਰਾਜਾ ਬਣਾ ਸਕਦੀ ਹੈ, ਨਾ ਪਹਾੜ ਤੇ ਨਾ ਸਾਗਰ ਅਤੇ ਨਾ ਹੀ ਆਸਮਾਨ। ਜਦ ਵੀ ਇਸ ਨੇ ਰਾਜਾ ਬਣਨਾ ਹੈ ਆਪਣੇ ਵਿਚੋਂ ਕੁੱਝ ਲੱਭੇਗਾ ਤਾਂ ਇਹ ਰਾਜਾ ਬਣੇਗਾ। ਭਗਤ ਪੀਪਾ ਜੀ ਦਾ ਇਕ ਬੜਾ ਕੀਮਤੀ ਸ਼ਬਦ ਹੈ:-

*ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ॥*
*ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ॥ ੧॥ ਰਹਾਉ॥*

(ਅੰਗ ੬੯੫)

kaaeiaa bahu khandd khojatae nav nidh paaee.
naa kachh aaeibo naa kachh jaaeibo
raam kee duhaaee.1.rehaao.
*I searched throughout many realms,*
*but I found the nine treasures within the body.*
*Nothing comes, and nothing goes;*
*I pray to the Lord for Mercy.1.Pause.*

ਮੈਂ ਇਸ ਬਹੁ-ਖੰਡੀ, ਬਹੁਤ ਹਿਸਿਆਂ ਵਾਲੀ ਜਿਹੜੀ ਕਾਇਆ ਹੈ, ਇਸ ਨੂੰ ਖੋਜਦਿਆਂ-ਖੋਜਦਿਆਂ ਨਉ ਨਿਧਿ ਨਾਮ ਪ੍ਰਾਪਤ ਕਰ ਲਿਆ ਹੈ। ਕਾਇਆ ਬਹੁ ਖੰਡ ਖੋਜਤੇ ਨਵ ਨਿਧਿ, ਨੌਂ ਖ਼ਜ਼ਾਨੇ ਪ੍ਰਾਪਤ ਕਰ ਲਏ ਨੇ, ਇਸ ਕਾਇਆ ਵਿਚੋਂ। ਸਬਰ, ਸੰਤੋਖ, ਨਿਰਵੈਰਤਾ, ਸੰਜਮ, ਗਿਆਨ, ਵਿਗਿਆਨ, ਪ੍ਰੇਮ, ਅਨੁਭਵ, ਵਿਸ਼ਾਲਤਾ, ਦਇਆਲਤਾ, ਸਮਾਨ ਦਰਿਸ਼ਟੀ, ਇਹ ਸਭ ਕੁਛ ਮਨੁੱਖ ਨੂੰ ਅੰਦਰੋਂ ਲੱਭਣਾ ਹੈ ਹੋਰ ਕਿਧਰੋਂ ਲੱਭੇਗਾ। ਇਹ ਤੇ ਅੰਦਰੋਂ ਲੱਭੇਗਾ। ਬਾਹਰ ਮਨੁੱਖ ਦੀ ਭਟਕਣਾ ਬੜੀ ਹੈ ਤੇ ਖੋਜ ਵੀ ਬੜੀ ਏ ਤੇ ਬਾਹਰੋਂ ਲੱਭ ਵੀ ਬਹੁਤ ਕੁਛ ਲਿਆ ਹੈ, ਲੇਕਿਨ ਤ੍ਰਿਪਤ ਨਹੀਂ ਹੋਇਆ। ਤ੍ਰਿਪਤ ਉਸ ਦਿਨ ਹੋਵੇਗਾ, ਜਿਸ ਦਿਨ ਅੰਦਰੋਂ ਕੁੱਝ ਲੱਭੇਗਾ। ਇਹ ਜਿਹੜਾ ਤਨ ਹੈ, ਇਹਦੀਆਂ ਲੋੜਾਂ ਬਾਹਰੋਂ ਪੂਰੀਆਂ ਹੁੰਦੀਆਂ ਨੇ, ਇਹ ਜਿਹੜਾ ਮਨ ਹੈ ਇਹਦੀਆਂ ਲੋੜਾਂ ਅੰਦਰੋਂ ਪੂਰੀਆਂ ਹੁੰਦੀਆਂ ਨੇ। ਬਦਕਿਸਮਤੀ ਹੈ, ਅਸੀਂ ਮਨ ਦੀਆਂ ਲੋੜਾਂ ਵੀ ਬਾਹਰੋਂ ਪੂਰੀਆਂ ਕਰਨੀਆਂ ਚਾਹੁੰਦੇ ਹਾਂ। ਬੱਸ ਜ਼ਿੰਦਗੀ ਇੱਥੋਂ ਹੀ ਭਟਕ ਗਈ। ਜੀਵਨ ਇੱਥੋਂ ਹੀ ਭਟਕ ਗਿਆ। ਸਤਿਗੁਰੂ ਨਹੀਂ ਰੋਕਦੇ ਕਿ ਬਾਹਰ ਨਾ ਖੋਜ। ਸਤਿਗੁਰੂ ਕਹਿੰਦੇ ਨੇ, ਖੋਜ ਪਰ ਇਹ ਜੋ ਤਨ ਹੈ, ਇਸ ਦੀਆਂ ਲੋੜਾਂ ਬਾਹਰੋਂ ਪੂਰੀਆਂ ਹੁੰਦੀਆਂ ਨੇ। ਇਸ ਲਈ ਖੋਜ, ਬਾਹਰੋਂ ਤੈਨੂੰ ਖੋਜਣਾ ਪਵੇਗਾ। ਔਰ ਬਾਹਰ ਸਭ ਕੁਛ ਚਲ ਰਿਹਾ ਹੈ, ਜ਼ਮੀਨ ਚਲ ਰਹੀ ਹੈ, ਆਸਮਾਨ ਚਲ ਰਿਹਾ ਹੈ।

*ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ॥* (ਅੰਗ ੬੪)

din rav chalai nis sas chalai taarikaa lakh paloe.
*The day and the sun shall pass away;*
*the night and the moon shall pass away;*
*the hundreds of thousands of stars shall disappear.*

ਇਹ ਲੱਖਾਂ ਗ੍ਰਹਿ ਨਛੱਤਰ, ਤਾਰੇ, ਸਿਆਰੇ, ਜ਼ਮੀਨ ਚਲ ਰਹੀ ਹੈ, ਗਰਦਿਸ਼ ਵਿਚ ਹੈ। ਇਸ ਚਲਦੇ ਹੋਏ ਸੰਸਾਰ ਵਿਚੋਂ ਤੂੰ ਕੁਛ ਲੱਭਣਾ ਹੈ, ਤੈਨੂੰ ਵੀ ਕੁਛ ਚਲਣਾ ਪਏਗਾ, ਭਟਕਣਾ ਪਵੇਗਾ, ਦੌੜਨਾ ਪਏਗਾ, ਭੱਜਣਾ ਪਏਗਾ। ਜ਼ਮੀਨ ਭੱਜ ਰਹੀ ਹੈ, ਆਸਮਾਨ ਭੱਜ ਰਿਹਾ ਹੈ, ਸ਼ੇਖ ਸਾਅਦੀ ਸਾਹਿਬ ਦੇ ਬੜੇ ਕੀਮਤੀ ਬੋਲ, ਉਹ ਕਹਿੰਦੇ ਨੇ:-

ਅਬਰੋ ਬਾਦ ਮਾ ਵਾ ਫ਼ਲਕ ਖ਼ੁਰਸ਼ੀਦ ਦਰਕਾਰ ਅਬਲ,
ਤਾਤੋ ਨਾਨੀ ਬਕਫ਼ ਆਰੀ ਬਾ ਬਕਲਫ਼ ਨ ਖੁਰੀ।

ਅਬਲ=ਬੱਦਲ, ਬਾਦ=ਹਵਾ, ਖ਼ੁਰਸ਼ੀਦ=ਸੂਰਜ, ਮਾ=ਚੰਦਰਮਾ ਔਰ ਜ਼ਮੀਨ, ਬੜੇ ਕੀਮਤੀ ਬੋਲ ਨੇ ਇਸ ਦੇ। ਅਬਰੋ ਬਾਦ ਮਾ ਵਾ ਫ਼ਲਕ ਖ਼ੁਰਸ਼ੀਦ ਦਰਕਾਰ ਅਬਲ, ਤਾਤੋ ਨਾਨੀ ਬਕਫ਼ ਆਰੀ ਬਾ ਬਕਲਫ਼ ਨ ਖੁਰੀ। ਕਹਿੰਦਾ ਹੈ ਸੂਰਜ ਚੰਦ, ਤਾਰੇ, ਜ਼ਮੀਨ, ਆਸਮਾਨ ਸਭ ਗਰਦਿਸ਼ ਵਿਚ ਨੇ, ਸਭ ਚਲ ਰਹੇ ਨੇ ਤੇ ਤੂੰ ਹੱਥ ਦੇ ਉੱਤੇ ਹੱਥ ਰੱਖ ਕੇ ਬੈਠੇਂ, ਸ਼ੋਭਾ ਤੇ ਨਹੀਂ ਦਿੰਦਾ। ਚੱਲ, ਭੱਜ ਤੂੰ, ਸਭ ਕੁਛ ਚਲਦਾ ਪਿਆ ਹੈ, ਬੱਦਲ ਚਲਦੇ ਪਏ ਨੇ, ਦਰਿਆ ਚਲਦੇ ਪਏ ਨੇ, ਜ਼ਮੀਨ ਚਲਦੀ ਪਈ ਹੈ। ਇਹ ਸੂਰਜ, ਚੰਦ, ਤਾਰੇ ਚਲਦੇ ਪਏ ਨੇ, ਤੇਰੇ ਸਰੀਰ ਦੇ ਵਿਚ ਖ਼ੂਨ ਪਿਆ ਚਲਦਾ ਹੈ, ਸੁਆਸ ਪਏ ਚਲਦੇ ਨੇ, ਤੇਰੇ ਹੱਥ ਚਲਣੇ ਚਾਹੀਦੇ ਨੇ, ਤੇਰੇ ਪੈਰ ਚਲਣੇ ਚਾਹੀਦੇ ਨੇ, ਚੱਲ। ਇਸ ਚਲਦੇ ਹੋਏ ਸੰਸਾਰ ਵਿਚੋਂ ਜੇ ਤੂੰ ਕੁਛ ਪ੍ਰਾਪਤ ਕਰਨਾ ਚਾਹੁੰਦਾ ਹੈਂ, ਚਲਣਾ ਪਏਗਾ।

*ਪਰਮਾਤਮਾ ਨਿਹਚਲ ਹੈ, ਟਿਕਿਆ ਹੋਇਆ ਹੈ, ਉਸ ਟਿਕੇ ਹੋਏ ਨਾਲ ਜੁੜਨਾ ਹੈ ਤਾਂ ਫਿਰ ਟਿਕਣਾ ਪਏਗਾ, ਮਨ ਨੂੰ ਟਿਕਾਉਣਾ ਪਏਗਾ। ਭੱਜਣ ਦੀ ਜਾਚ ਬੰਦੇ ਨੂੰ ਆ ਗਈ ਹੈ, ਟਿਕਣ ਦੀ ਜਾਚ ਨਹੀਂ ਆਈ। ਤਨ ਵੀ ਦੌੜ ਰਿਹਾ ਹੈ, ਮਨ ਵੀ ਦੌੜ ਰਿਹਾ ਹੈ ਔਰ ਜਿਤਨਾ ਦੌੜਦਾ ਹੈ, ਉਤਨਾ ਹੀ ਰਜੇਵੇਂ (ਤ੍ਰਿਪਤੀ) ਤੋਂ ਦੂਰ ਚਲਾ ਜਾਂਦਾ ਹੈ, ਅਨੰਦ ਤੋਂ ਦੂਰ ਚਲਾ ਜਾਂਦਾ ਹੈ।*

ਸਰਮ ਖੰਡ ਦੇ ਵਿਚ ਸਮਝ ਪੈ ਗਈ ਏ ਕਿ ਗੱਲ ਸਾਰੀ ਮਨ ਦੀ ਹੈ, ਇਸ ਨੂੰ ਘੜਨਾ ਹੈ, ਇਸ ਨੂੰ ਟਿਕਾਉਣਾ ਹੈ। ਇਸ ਨੂੰ ਟਿਕਾਉਣ ਦਾ ਮਤਲਬ ਕੀ ਏ, ਇਸ ਦੀ ਸੋਚਣੀ ਸਹੀ ਕਰਨੀ ਏ। ਇਹਦੇ ਵਿਚਾਰ ਸਹੀ ਕਰਨੇ ਨੇ, ਇਹਦੀ ਚਿਤਵਨੀ ਨੂੰ ਸਹੀ ਕਰਨਾ ਹੈ, ਇਸ ਦੇ ਅਹੰ ਨੂੰ ਸਹੀ ਕਰਨਾ ਹੈ। ਜਦ ਘੜਿਆ ਜਾਏ, ਪਰ ਘੜਿਆ ਨਾਮ ਨਾਲ ਜਾਂਦਾ ਹੈ। ਜਪ, ਵਾਹਿਗੁਰੂ....., ਵਾਹਿਗੁਰੂ....., ਇਸ ਨਾਲ ਹੀ ਘੜਿਆ ਜਾਏਗਾ, ਹੋਰ ਕੋਈ ਤਰੀਕਾ ਨਹੀਂ ਹੈ। ਮਨ ਘੜਿਆ ਗਿਆ ਹੈ, ਪਹਿਚਾਣ? ਹੁਣ ਅੰਦਰ ਗ਼ਲਤ ਵਿਚਾਰ ਨਹੀਂ ਚਲਦੇ, ਬੁੱਧ ਘੜੀ ਗਈ ਏ, ਤੇ ਪਹਿਚਾਣ? ਇਹ ਹੁਣ ਕੋਈ ਗ਼ਲਤ ਫ਼ੈਸਲਾ ਨਹੀਂ ਕਰੇਗੀ, ਸਹੀ ਕਰੇਗੀ, ਗ਼ਲਤ ਨਹੀਂ ਸੋਚੇਗੀ। ਚਿੱਤ ਘੜਿਆ ਗਿਆ ਹੈ, ਇਹ ਗ਼ਲਤ ਗੱਲਾਂ ਯਾਦ ਨਹੀਂ ਕਰੇਗਾ। ਅਹੰ ਘੜਿਆ ਗਿਆ ਹੈ ਤੇ ਅਹੰ ਨਿਰਮਾਣਤਾ ਦਾ ਰੂਪ ਧਾਰਨ ਕਰ ਜਾਏਗਾ ਔਰ ਉਹ ਮਾਣ ਕਰੇਗਾ ਕੇਵਲ ਪਰਮਾਤਮਾ ਤੇ:-

***ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥*** (ਅੰਗ ੮੦੯)

ਤੇ ਮਨ ਘੜਿਆ ਗਿਆ, ਚਿੱਤ ਘੜਿਆ ਗਿਆ, ਬੁੱਧ ਘੜੀ ਗਈ, ਅਹੰ ਘੜਿਆ ਗਿਆ, **ਸਰਮ ਖੰਡ**।

ਸਰਮ ਖੰਡ ਵਿਚ ਘੜਿਆ ਜਾਂਦਾ ਹੈ ਮਨ ਔਰ ਇਹ ਘਾੜਤ ਐਸੀ ਸੁੰਦਰ ਹੈ, ਮਹਾਰਾਜ ਕਹਿੰਦੇ ਨੇ, ਬਿਆਨ ਨਹੀਂ ਕਰ ਸਕਦੇ।

***ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥***
tithai ghaarrat gharreeai bahut anoop.
*Forms of incomparable beauty are fashioned there.*

ਬੜੀ ਅਨੂਪਮ, ਅਤੀ ਅਨੂਪਮ। ਮਨ ਘੜਿਆ ਗਿਆ ਹੈ, ਚਿੱਤ ਘੜਿਆ ਗਿਆ ਹੈ।

ਅਗਰ ਬਾਣੀ ਪੜ੍ਹਦਿਆਂ-ਪੜ੍ਹਦਿਆਂ ਅੰਦਰ ਗ਼ਲਤ ਗੱਲਾਂ ਯਾਦਾਂ ਆ ਰਹੀਆਂ ਨੇ ਤੇ ਚਿੱਤ ਨਹੀਂ ਘੜਿਆ ਗਿਆ। ਕੀਰਤਨ ਸੁਣਦਿਆਂ-ਸੁਣਦਿਆਂ ਅਗਰ ਵਿਚਾਰ ਭਟਕ ਰਹੇ ਨੇ ਤੇ ਮਨ ਨਹੀਂ ਘੜਿਆ ਗਿਆ। ਗੁਰਦੁਆਰੇ ਬੈਠਿਆਂ ਹੋਇਆਂ ਵੀ ਅਗਰ ਗ਼ਲਤ ਸੋਚਦੇ ਪਏ ਹਾਂ ਤੇ ਬੁੱਧ ਨਹੀਂ ਘੜੀ ਗਈ ਔਰ ਗੁਰਦੁਆਰੇ ਬੈਠਿਆਂ ਹੋਇਆਂ ਵੀ ਜ਼ਾਤ ਦਾ ਮਾਣ ਹੈ, ਇਲਾਕੇ ਦਾ ਮਾਣ ਹੈ, ਤਨ ਦਾ ਮਾਣ ਹੈ, ਜੋਬਨ ਦਾ ਮਾਣ ਹੈ, ਧਨ ਦਾ ਮਾਣ ਹੈ ਤੇ ਇਸ ਮਨੁੱਖ ਦਾ ਮਨ ਨਹੀਂ ਘੜਿਆ ਗਿਆ। ਅਹੰ ਨਹੀਂ ਘੜਿਆ ਹੋਇਆ।

ਇਹ ਨਿਰਾ ਅਜੇ ਪੱਥਰ ਹੈ, ਇਹ ਅਜੇ ਮੂਰਤੀ ਨਹੀਂ ਬਣਿਆ। ਪੱਥਰ ਨੂੰ ਘੜ ਦੇਈਏ ਤੇ ਮੂਰਤੀ ਬਣ ਜਾਂਦਾ ਹੈ। ਮੂਰਤੀ ਤੇ ਪੱਥਰ ਦੇ ਵਿਚ ਹੁੰਦੀ ਹੈ, ਕੁੱਝ ਫਾਲਤੂ ਟੁਕੜਿਆਂ ਨੂੰ ਇਕ ਪਾਸੇ ਕਰ ਦਿੱਤਾ, ਮੂਰਤੀ ਪ੍ਰਗਟ ਹੋ ਗਈ। ਫਾਲਤੂ ਵਿਚਾਰਾਂ ਨੂੰ ਇਕ ਪਾਸੇ ਕੀਤਾ, ਫਾਲਤੂ ਸੋਚਣੀ ਨੂੰ ਇਕ ਪਾਸੇ ਕੀਤਾ, ਫਾਲਤੂ ਚਿੰਤਨ ਨੂੰ ਇਕ ਪਾਸੇ ਕੀਤਾ, ਅੰਦਰੋਂ ਹੀ ਸੱਚ ਦੀ ਮੂਰਤੀ ਪ੍ਰਗਟ ਹੁੰਦੀ ਹੈ। ਸਹੀ ਮੂਰਤੀ।

ਤੇ ਮਨ ਘੜਿਆ ਗਿਆ ਹੈ। ਜਪ ਜਾਰੀ ਹੈ, ਅਜੇ ਸੱਚ ਦੀ ਪ੍ਰਾਪਤੀ ਨਹੀਂ, ਸੋਚਣੀ ਠੀਕ ਹੋ ਗਈ ਹੈ, ਚਿਤਵਣੀ ਠੀਕ ਹੋ ਗਈ ਏ, ਵਿਚਾਰ ਵੀ ਠੀਕ ਹੋ ਗਏ ਨੇ, ਹੁਣ ਜ਼ਾਤ-ਪਾਤ ਦਾ ਮਾਣ ਵੀ ਨਹੀਂ ਹੈ। ਇਲਾਕੇ ਦਾ ਮਾਣ ਵੀ ਨਹੀਂ ਹੈ। ਇਹ ਮਾਝੇ ਦਾ ਹੈ, ਇਹ ਮਾਲਵੇ ਦਾ ਹੈ, ਇਹ ਦੁਆਬੇ ਦਾ ਹੈ, ਇਹ ਜੱਟ ਹੈ, ਇਹ ਭਾਪਾ ਹੈ, ਜਦ ਸਿੱਖਾਂ ਕੋਲੋਂ ਐਸਾ ਸੁਣੀਦਾ ਹੈ ਤੇ ਹੈਰਾਨਗੀ ਹੋ ਜਾਂਦੀ ਹੈ। **ਸਿੱਖ ਹੈ,** ਇਹ ਬਾਕੀ ਇਤਨੇ ਲੇਬਲ ਲਾਉਣ ਦੀ ਕੀ ਲੋੜ ਪੈ ਗਈ ਏ। **ਸਿੱਖ ਦਾ ਲੇਬਲ ਤੇ ਪਹਿਲੇ ਹੀ ਲਗਿਆ ਹੋਇਆ ਹੈ,** ਇਤਨੇ ਲੇਬਲ ਲਾਉਣ ਦੀ ਕੀ ਲੋੜ ਏ ? ਗੁਰੂ ਨੇ ਜਿਹੜਾ ਰਾਹ ਦਿੱਤਾ ਹੈ, ਓਹੀ ਕਾਫ਼ੀ ਹੈ। ਪਰ ਲਾਈ ਜਾਂਦੇ ਨੇ ਲੇਬਲ, ਚਿਪਕਾਈ ਜਾਂਦੇ ਨੇ। ਕਈ ਦਫ਼ਾ ਲੇਬਲ ਹੀ ਲੇਬਲ ਹੁੰਦੇ ਨੇ, ਵਿਚ ਕੁਛ ਵੀ ਨਹੀਂ ਹੁੰਦਾ।

**ਸਰਮ ਖੰਡ, ਜਾਪ ਜਾਰੀ ਹੈ, ਪਹੁੰਚ ਗਿਆ ਹੈ ਕਰਮ ਖੰਡ ਵਿਚ।** ਇਹ ਕਰਮ ਸ਼ਬਦ ਅਰਬੀ ਦਾ ਹੈ, ਇਹਦੇ ਅਰਥ ਨੇ ਬਖ਼ਸ਼ਿਸ਼, ਰਹਿਮਤ। ਫ਼ਲਾਣੇ ਤੇ ਖ਼ੁਦਾ ਦਾ ਕਰਮ ਹੋ ਗਿਆ ਹੈ, ਰਹਿਮਤ ਹੋ ਗਈ ਹੈ, ਬਖ਼ਸ਼ਿਸ਼ ਹੋ ਗਈ ਹੈ। ਜੈਸੇ ਸ਼ਰਮ ਸ਼ਬਦ ਸੰਸਕ੍ਰਿਤ ਦਾ ਹੈ ਇਸ ਦੇ ਅਰਥ ਨੇ ਮਿਹਨਤ, ਮੁਸ਼ੱਕਤ। ਪਰ ਸ਼ਰਮ / ਸਰਮ ਲਫ਼ਜ਼ ਪਰਸ਼ੀਅਨ ਦਾ ਹੋਵੇ ਤੇ ਇਸ ਦੇ ਅਰਥ ਕੁੱਝ ਹੋਰ ਬਣ ਜਾਂਦੇ ਨੇ, ਸ਼ਰਮੋ-ਹਯਾ। ਪਰ ਸਰਮ ਲਫ਼ਜ਼ ਸੰਸਕ੍ਰਿਤ ਦਾ ਹੋਵੇ ਇਸ ਦੇ ਅਰਥ ਬਣਦੇ ਨੇ, ਮਿਹਨਤ, ਉੱਦਮ, ਮੁਸ਼ੱਕਤ। ਕਰਮ ਸ਼ਬਦ ਸੰਸਕ੍ਰਿਤ ਦਾ ਹੋਵੇ ਤੇ ਇਹਦੇ ਅਰਥ ਨੇ, ਕੰਮ, ਤੂੰ ਕੀ ਕੰਮ ਕਰਦਾ ਹੈਂ, ਕੀ ਕਰਮ ਕਰਦਾ ਹੈਂ। ਪਰ ਕਰਮ ਸ਼ਬਦ ਪਰਸ਼ੀਅਨ ਦਾ ਹੋਵੇ, ਅਰਬੀ ਦਾ ਹੋਵੇ ਤਾਂ ਇਸ ਦੇ ਅਰਥ ਬਣਦੇ ਨੇ ਬਖਸ਼ਿਸ਼, ਰਹਿਮਤ। ਫ਼ਲਾਣੇ ਤੇ ਖ਼ੁਦਾ ਦਾ ਕਰਮ ਹੋ ਗਿਆ ਹੈ।

***ਕਰਮ ਖੰਡ ਕੀ ਬਾਣੀ ਜੋਰੁ॥***
karam khandd kee baanee jor.
*In the realm of karma, the Word is Power.*

ਸਾਹਿਬ ਕਹਿੰਦ ਨੇ ਜਦੋਂ ਇਹ ਮਨੁੱਖ ਕਰਮ ਖੰਡ, ਬਖ਼ਸ਼ਿਸ਼ ਦੇ ਖੰਡ ਵਿਚ ਪਹੁੰਚ ਜਾਂਦਾ ਹੈ। ਪ੍ਰਸਾਦਿ ਹੋ ਜਾਂਦਾ ਹੈ, ਤਉ ਪ੍ਰਸਾਦਿ, ਗੁਰ ਪ੍ਰਸਾਦਿ। ਇਹ ਤੇ ਪ੍ਰਸਾਦਿ ਦਾ ਪਾਤਰ ਬਣ

ਗਿਆ।

*ਕਰਉ ਜਤਨ ਜੇ ਹੋਇ ਮਿਹਰਵਾਨਾ॥* (ਅੰਗ ੫੬੨)
karo jatan jae hoe miharavaanaa.
*I can only make the effort, if the Lord is merciful to me.*

ਇਹ ਤੇ ਮਿਹਰ ਦਾ ਪਾਤਰ ਬਣ ਗਿਆ ਹੈ। ਇਹ ਤੇ ਬਖ਼ਸ਼ਿਸ਼ ਦਾ ਪਾਤਰ ਬਣ ਗਿਆ ਹੈ। ਪਹਿਚਾਣ ਕੀ ਹੋਵੇਗੀ?

*ਕਰਮ ਖੰਡ ਕੀ ਬਾਣੀ ਜੋਰੁ॥*

ਇਹ ਬਣਤਰ ਬੜੀ ਜ਼ੋਰ ਵਾਲੀ ਹੈ। ਇਹਦੇ ਬੋਲਾਂ ਵਿਚ ਸੱਤਿਆ ਆ ਜਾਏਗੀ, ਇਹਦੇ ਕਦਮਾਂ ਵਿਚ ਕ੍ਰਾਂਤੀ ਆ ਜਾਏਗੀ। ਇਸ ਦੇ ਹੱਥਾਂ ਵਿਚ ਬਰਕਤ ਆ ਜਾਏਗੀ। ਇਹਦੀ ਦਰਿਸ਼ਟੀ ਅੰਮ੍ਰਿਤਮਈ ਹੋ ਜਾਏਗੀ। ਇਹਦੇ ਕਦਮ ਜਿਧਰ ਜਾਣਗੇ ਕ੍ਰਾਂਤੀਆਂ, ਇਹਦੇ ਹੱਥਾਂ ਵਿਚ ਬਰਕਤ। ਇਹਦੇ ਬੋਲਾਂ ਵਿਚ ਸੱਤਿਆ। ਕਰਮ ਖੰਡ ਬਖ਼ਸ਼ਿਸ਼ ਦਾ ਖੰਡ। ਰਹਿਮਤ ਦਾ ਖੰਡ, ਬਹੁਤ ਬਖ਼ਸ਼ਿਸ਼ ਹੋ ਗਈ। ਬਹੁਤ ਰਹਿਮਤ ਹੋ ਗਈ ਹੈ।

ਅੱਜ ਤੋਂ ਕੋਈ ਗ਼ਾਲਬਨ ਸਾਢੇ ਤਿੰਨ ਹਜ਼ਾਰ ਸਾਲ ਪਹਿਲੇ ਇਕ ਮਹਾਂ ਪੰਡਿਤ ਹੋਇਆ "ਭ੍ਰਿਗੂ"। ਵਿਦਵਾਨ, ਭ੍ਰਿਗੂ ਰਿਸ਼ੀ। ਜਿਸ ਨੇ ਜ਼ਮੀਨ ਤੇ ਸਭ ਤੋਂ ਪਹਿਲਾਂ ਗਣਿਤ ਵਿਦਿਆ ਨੂੰ ਜਨਮ ਦਿੱਤਾ। ਜੋਤਿਸ਼ ਵਿਦਿਆ, ਇਹ ਉਸ ਦਾ ਜਨਮ ਦਾਤਾ ਹੈ। ਇਹ ਤੇ ਹੱਥ ਦੇਖਣ ਵਾਲਿਆਂ ਨੇ ਬਦਨਾਮ ਕਰਕੇ ਰੱਖ ਦਿੱਤਾ ਹੈ, ਵਰਨਾ ਇਕ ਗਣਿਤ ਸੀ, ਇਕ ਇਲਮ ਹੈ, ਇਕ ਗਿਆਨ ਔਰ ਇਹ ਗਿਆਨ ਅਜੇ ਵੀ ਮੌਜੂਦ ਹੈ। ਇਕ ਸਾਲ ਪਹਿਲੇ ਦੱਸ ਦਿੰਦੇ ਨੇ, ਫ਼ਲਾਣੇ ਦਿਨ, ਫ਼ਲਾਣੇ ਸਮੇਂ ਚੰਦਰਮਾ ਨੂੰ ਗ੍ਰਹਿਣ ਲਗੇਗਾ। ਸੂਰਜ ਨੂੰ ਗ੍ਰਹਿਣ ਲੱਗੇਗਾ, ਭਾਰਤ ਵਿਚ ਅੱਜ ਵੀ ਦੱਸ ਦਿੰਦੇ ਨੇ। ਪਰਾਚੀਨ ਸਮੇਂ ਤੋਂ ਦੱਸਦੇ ਆਏ ਨੇ। ਇਹ ਗ੍ਰਹਿ ਨਛੱਤਰਾਂ ਦੀ ਚਾਲ ਜੋ ਗਿਣਤੀ ਦੇ ਵਿਚ ਹੈ, ਜੋ ਬਿਲਕੁਲ ਨਿਯਮ ਦੇ ਵਿਚ ਹੈ ਔਰ ਇਸ ਦਾ ਜੋ ਧਰਤੀ ਤੇ ਪਰਭਾਵ ਹੈ, ਇਸ ਦਾ ਉਹ ਅਧਿਐਨ (Study) ਕਰਦਾ ਰਿਹਾ, "ਭ੍ਰਿਗੂ"। ਗਣਿਤ ਜੋਤਿਸ਼ ਇਸ ਨੂੰ ਕਹਿੰਦੇ ਨੇ, ਫਲਿਤ ਜੋਤਿਸ਼ ਨਹੀਂ, ਗਣਿਤ ਜੋਤਿਸ਼। ਫਿਰ ਇਸ ਨੇ ਇਕ ਨਾਅਰਾ ਲਾਇਆ ਕਿ ਜਿੱਥੇ ਪ੍ਰਭੂ ਪ੍ਰਗਟ ਹੋ ਗਿਆ ਹੈ। ਜੋ ਕਰਮ ਖੰਡ ਵਿਚ ਪਹੁੰਚ ਗਿਆ ਹੈ, ਜੋ ਗਿਆਨ ਕਾਂਡ ਵਿਚ ਪਹੁੰਚ ਗਿਆ ਹੈ, ਜੋ ਹਕੀਕਤ ਵਿਚ ਪਹੁੰਚ ਗਿਆ ਹੈ, ਉਸ ਦੇ ਚਰਨਾਂ ਵਿਚ ਯਾ ਹੱਥਾਂ ਵਿਚ ਪਦਮ ਬਣ ਜਾਏਗਾ। ਪਦਮ, ਕਮਲ ਫੁੱਲ ਨੂੰ ਕਹਿੰਦੇ ਨੇ ਔਰ ਕਮਲ ਫੁੱਲ ਦੇ ਸੈਂਕੜੇ ਨਾਮ ਨੇ। ਕਮਲ ਨੂੰ ਸੌਰਭ ਕਹਿੰਦੇ ਨੇ, ਕਮਲ ਨੂੰ ਕੰਜ ਕਹਿੰਦੇ ਨੇ, ਕਮਲ ਨੂੰ ਬਾਰਿਜ ਕਹਿੰਦੇ ਨੇ, ਕਮਲ ਨੂੰ ਜਲਜ ਕਹਿੰਦੇ ਨੇ, ਕਮਲ ਨੂੰ ਸਾਰੰਗ ਕਹਿੰਦੇ ਨੇ। ਬੇਸ਼ਤਰ ਇਸ ਦੇ ਨਾਮ ਮੈਂ ਪੜ੍ਹੇ ਨੇ, ਅਨੰਤ ਨਾਮ ਨੇ। ਭਾਰਤ ਵਿਚ ਜਿਤਨੇ ਸਨਾਤਨ ਮੱਤ ਦੇ ਮੰਦਰ ਨੇ, ਗੁਰਦੁਆਰੇ, ਉੱਪਰ ਜੋ ਫੁੱਲ ਬਣਦਾ ਹੈ, ਕਮਲ ਦੇ ਫੁੱਲ ਨੇ। ਰਿਸ਼ੀ ਮੁਨੀਆਂ ਨੇ ਵੀ ਧਾਰਮਿਕ ਮਨੁੱਖ ਨੂੰ ਕਮਲ ਨਾਲ ਤਸ਼ਬੀਹ ਦਿੱਤੀ ਹੈ, ਗੁਰੂ ਨਾਨਕ ਦੇਵ ਜੀ ਨੇ ਵੀ।

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥* (ਅੰਗ ੯੩੮)

jaisae jal meh kamal niraalam muragaaee nai saanae.
surat sabad bhav saagar tareeai Nanak naam vakhaanae.
*The lotus flower floats untouched upon the surface of the water, and the duck swims through the stream;*
*with one's consciousness focused on the Word of the Shabad, one crosses over the terrifying world-ocean.*
*O Nanak, chant the Naam, the Name of the Lord.*

ਸਤਿਗੁਰ ਜੀ ਨੇ ਵੀ ਧਾਰਮਿਕ ਮਨੁੱਖ ਨੂੰ ਕਮਲ ਨਾਲ ਤਸ਼ਬੀਹ ਦਿੱਤੀ ਹੈ, ਬਈ ਕਮਲ ਜੈਸਾ ਹੈ। ਦਰਬਾਰ ਸਾਹਿਬ ਦੇ ਉੱਪਰ ਦਾ ਗੁੰਬਦ ਕਮਲ ਹੈ, ਜਿਹੜਾ ਗੁੰਬਦ ਹੈ ਉਹ ਕਮਲ ਹੈ, ਫਿਰ ਸਰੋਵਰ, ਪਾਣੀ। ਇਕ ਪ੍ਰਤੱਖ ਪਰਤੀਕ ਬਣਾਇਆ ਹੈ, ਜੈਸੇ ਪਾਣੀ ਵਿਚ ਕਮਲ ਡੁਬਦਾ ਨਹੀਂ। ਪੈਦਾ ਪਾਣੀ ਵਿਚੋਂ ਹੋਇਆ ਹੈ, ਡੁਬਦਾ ਨਹੀਂ। ਪਾਣੀ ਵਿਚ ਆਪਣੀ ਸੁਗੰਧ ਖਿਲੇਰਦਾ ਹੈ, ਪਾਣੀ ਵਿਚ ਆਪਣਾ ਸੁਹੱਪਣ ਖਿਲੇਰਦਾ ਹੈ, ਖੁਸ਼ਬੂ ਖਿਲੇਰਦਾ ਹੈ। ਪਾਣੀ ਵਿਚ ਪੈਦਾ ਹੁੰਦਾ ਹੈ, ਡੁਬਦਾ ਨਹੀਂ, ਉੱਪਰ ਉਠਦਾ ਹੈ। ਘਰ ਪਦਾਰਥ ਵਧਣੇ ਸ਼ੁਰੂ ਹੋ ਜਾਣ ਮਨੁੱਖ ਡੁਬਣਾ ਸ਼ੁਰੂ ਕਰ ਦਿੰਦਾ ਹੈ। ਸਭ ਕੁਛ ਡੁੱਬ ਜਾਂਦਾ ਹੈ। ਰਹਿਤ-ਬਹਿਤ ਡੁਬ ਜਾਂਦੀ ਏ, ਸਿੱਖੀ ਡੁੱਬ ਜਾਂਦੀ ਏ। ਗੁਟਕੇ ਡੁੱਬ ਗਏ, ਹੁਣ ਘਰ ਵਿਚ ਸੁੰਦਰ ਗੁਟਕੇ ਕੋਈ ਨਹੀਂ। ਸਭ ਕੁਛ ਡੁੱਬ ਗਿਆ।

***ਹਮ ਦੇਖਾ ਤਹ ਡੂਬੀਅਲੇ॥ ੧॥*** (ਅੰਗ ੧੨)
ham daekhaa teh ddoobeealae.1.
*I have seen them drowning there.1.*

ਕਮਲ ਨਹੀਂ ਡੁਬਦਾ। ਜਿਉਂ-ਜਿਉਂ ਪਾਣੀ ਵਧਦਾ ਹੈ, ਉੱਪਰ ਉਠਦਾ ਹੈ। ਇਹਦੀਆਂ ਜੜ੍ਹਾਂ ਚਿੱਕੜ ਵਿਚ ਨੇ। ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਇਕ ਬੜਾ ਸੁੰਦਰ ਛੰਦ ਉਚਾਰਨ ਕੀਤਾ ਹੈ:-

***ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ॥***
***ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ॥*** (ਅੰਗ ੧੩੬੨)
pankaj faathae pank mehaa madd gunfiaa.
ang sang ourajhaae bisaratae sunfiaa.
*The wings of the bumble bee are caught*
*in the intoxicating fragrant petals of the lotus.*
*With its limbs entangled in the petals, it loses its senses.*

ਪੰਕਜ ਭਾਵ ਚਿੱਕੜ, ਪੰਕਜ ਭਾਵ ਕਮਲ, ਇਹਨੂੰ ਚਿੱਕੜ ਵੀ ਕਹਿੰਦੇ ਨੇ, ਕਾਰਣ? ਕਮਲ ਫੁੱਲ ਪੈਦਾ ਚਿੱਕੜ ਤੋਂ ਹੀ ਹੁੰਦਾ ਹੈ, ਥੱਲਿਉਂ। **ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ॥ ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ॥** ਮਨੁੱਖ ਦਾ ਜਨਮ ਵਾਸ਼ਨਾ ਤੋਂ ਹੈ, ਕਾਮ ਤੋਂ ਹੈ, ਹੈ ਚਿੱਕੜ ਹੀ। ਜਨਮ ਤੇ ਚਿੱਕੜ ਤੋਂ ਹੈ। ਜੇ ਮਰਨ ਵੀ ਚਿੱਕੜ ਵਿਚ ਹੋਵੇ, ਮਰਦੇ ਸਮੇਂ ਵੀ ਵਾਸ਼ਨਾ ਹੀ। ਜੀਵਨ ਭਰ ਵੀ ਇਸੇ ਵਿਚ ਰਹੇ ਤੋ ਸਤਿਗੁਰ ਕਹਿੰਦੇ ਨੇ, ਹੈਂ ! ਇਹ ਤੇ ਚਿੱਕੜ ਤੋਂ ਪੈਦਾ ਹੋਏ ਤੇ ਚਿੱਕੜ ਵਿਚ ਹੀ ਫਸ ਗਏ, ਉੱਪਰ ਉਠਿਆ ਹੀ ਨਹੀਂ। ਮੇਰੇ ਨਾਲ ਦੋ

ਬਜ਼ੁਰਗ ਵੀ ਰਹੇ ਨੇ, ਵਿਦਿਆਰਥੀ ਦੇ ਰੂਪ ਵਿਚ, ਕਾਫ਼ੀ ਸਮੇਂ ਤਕ ਇੱਕ ਕਾਨਪੁਰ ਦਾ ਸੀ, ਇੱਕ ਦਿੱਲੀ ਦਾ ਸੀ। ਸੁੱਤੇ ਸਿੱਧ ਇਕ ਦਿਨ ਕਿਧਰੇ ਮੈਂ ਸੰਗਤਾਂ ਨੂੰ ਭਰਥਰੀ ਦੇ ਛੰਦ ਸੁਣਾਏ, ਜਿਹਦੇ ਵਿਚ ਭਰਥਰੀ ਨੇ ਆਪਣੀ ਕਮਜ਼ੋਰੀ ਦਾ ਵੀ ਜ਼ਿਕਰ ਕੀਤਾ ਹੈ। ਉਹ ਦੋਵੇਂ ਬਜ਼ੁਰਗ ਮੇਰੇ ਅੱਗੇ ਰੋ ਪਏ। ਕਹਿਣ ਲੱਗੇ, ਗਿਆਨੀ ਜੀ ਤੁਸੀਂ ਤੇ ਇੰਜ ਗੱਲ ਕੀਤੀ ਤੇ, ਜਿਵੇਂ ਸਾਡੇ ਹਿਰਦੇ ਨੂੰ ਛੂਹ ਲਿਆ ਹੋਵੇ, ਸਾਡੀ ਤੇ ਕਮਜ਼ੋਰੀ ਹੈ। ਮੈਂ ਕਿਹਾ ਤੁਸੀਂ ਤੇ ਅੱਸੀ ਸਾਲ ਦੇ, ਪੰਝੱਤਰ ਸਾਲ ਦੇ, ਤੁਹਾਡੀ ਕਮਜ਼ੋਰੀ ਕਿਵੇਂ? ਕਹਿੰਦੇ ਸਾਡੀ ਕਮਜ਼ੋਰੀ ਹੈ। ਮੈਂ ਕਿਹਾ ਹੱਦ ਹੋ ਗਈ, ਇਹ ਤੇ ਕਮਲ ਚਿੱਕੜ ਤੋਂ ਪੈਦਾ ਹੋਇਆ, ਚਿੱਕੜ ਵਿਚ ਫਸ ਕੇ ਰਹਿ ਗਿਆ। ਜਨਮ ਕਾਮ ਵਿਚ ਹੋਇਆ ਹੈ ਤੇ ਮਰਨ ਵੀ ਕਾਮ ਵਿਚ ਹੀ। ਮਰਦੇ ਦਮ ਤਕ ਇਹੀ। ਉਹਨਾਂ ਨੇ ਸਚਾਈ ਕਬੂਲ ਕਰ ਲਈ, ਕਹਿਣ ਲੱਗੇ, ਸਾਡੀ ਸਮੱਸਿਆ ਹੈ। ਨਾਮ ਜਪਣ ਬੈਠਦੇ ਹਾਂ, ਕਾਮ ਚੇਤੇ ਆਉਂਦਾ ਹੈ, ਨਾਮ ਨਹੀਂ ਚੇਤੇ ਆਉਂਦਾ। ਪੰਝੱਤਰ ਸਾਲ ਦਾ ਬੁੱਢਾ, ਅੱਸੀਆਂ ਦੇ ਨੇੜੇ ਜ਼ਿੰਦਗੀ ਔਰ ਰੋ ਪਿਆ ਜ਼ਾਰੋ-ਜ਼ਾਰ। ਕਹਿੰਦਾ ਅੱਜ ਤੁਸੀਂ ਜੋ ਭਰਥਰੀ ਦੇ ਛੰਦ ਸੁਣਾਏ, ਸਾਨੂੰ ਹੀ ਚੋਟ ਕਰ ਦਿੱਤੀ ਏ। ਅਸੀਂ ਹੁਣ ਸੋਚਦੇ ਪਏ ਹਾਂ ਕਿ ਸਾਡੀ ਜ਼ਿੰਦਗੀ ਤੇ ਅਕਾਰਥ ਚਲੀ ਗਈ। ਮੈਂ ਕਿਹਾ ਨਹੀਂ, ਜਿਹੜਾ ਤੁਸੀਂ ਪਸਚਾਤਪ ਕਰ ਰਹੇ ਹੋ, ਇਹ ਵੀ ਬਹੁਤ ਵੱਡੀ ਗੱਲ ਹੈ। ਇਹ ਤੁਹਾਡੇ ਹੰਝੂ ਦਸਦੇ ਪਏ ਨੇ, ਤੁਸੀਂ ਇਸ ਤਰ੍ਹਾਂ ਦਾ ਜਿਊਣਾ ਨਹੀਂ ਚਾਹੁੰਦੇ। ਇਹੋ ਜਿਹੀ ਜ਼ਿੰਦਗੀ ਬਤੀਤ ਨਹੀਂ ਕਰਨਾ ਚਾਹੁੰਦੇ। ਠੀਕ ਹੈ ਅਜੇ ਤੁਸੀਂ ਕਮਜ਼ੋਰ ਹੋ, ਪ੍ਰਭੂ ਦੇ ਨਾਮ ਦਾ ਸਹਾਰਾ ਲਉ, ਜਪ ਦਾ ਸਹਾਰਾ ਲਉ, ਕਿਸੇ ਦਿਨ ਬਲਵਾਨ ਬਣ ਜਾਉਗੇ, ਤਾਕਤਵਰ ਬਣ ਜਾਉਗੇ।

ਕਮਲ ਚਿੱਕੜ ਤੋਂ ਪੈਦਾ ਹੁੰਦਾ ਹੈ, ਚਿੱਕੜ ਤੋਂ ਉੱਚਾ ਉਠਦਾ ਹੈ, ਪਾਣੀ ਤੋਂ ਉੱਚਾ ਉਠਦਾ ਹੈ। ਚਿੱਕੜ ਵਧਦਾ ਜਾ ਰਿਹਾ, ਪਾਣੀ ਵਧਦਾ ਜਾ ਰਿਹਾ, ਇਹ ਉੱਪਰ ਉਠਦਾ ਜਾ ਰਿਹਾ ਹੈ, ਡੁਬਦਾ ਨਹੀਂ। ਘਰ ਵਿਚ ਪਦਾਰਥ ਵਧਦੇ ਜਾਣ, ਪ੍ਰਭੁਤਾ ਵਧਦੀ ਜਾਏ, ਔਲਾਦ ਵਧਦੀ ਜਾਏ, ਪਰਵਾਰ ਵਧਦਾ ਜਾਏ, ਕਈ ਦਫ਼ਾ ਬੰਦਾ ਡੁੱਬ ਕੇ ਹੀ ਰਹਿ ਜਾਂਦਾ ਹੈ। ਉਸੇ ਵਿਚ ਹੀ ਗ਼ਰਕ ਹੋ ਕੇ ਰਹਿ ਜਾਂਦਾ ਹੈ। ਕਿਸੇ ਜੋਗਾ ਨਹੀਂ ਰਹਿੰਦਾ। ਨਾ ਖੁਸ਼ਬੂ ਨਾ ਸੁਹੱਪਣ। ਕਮਲ ਇੱਕ ਪਰਤੀਕ ਹੈ, ਕਮਲ ਦੀ ਤਰ੍ਹਾਂ ਰਹਿਣਾ ਹੈ। ਗਜ਼ਬ ਦੀ ਗੱਲ ਇਹ ਹੈ ਕਿ ਅਵਤਾਰੀ ਪੁਰਸ਼ ਯਾ ਜਿਨ੍ਹਾਂ ਦੇ ਅੰਦਰ ਬ੍ਰਹਮ ਗਿਆਨ ਪੈਦਾ ਹੋ ਜਾਂਦਾ ਹੈ, ਪੂਰਨ ਪੁਰਖ ਹੋ ਜਾਂਦੇ ਨੇ, ਰੱਬ ਉਹਨਾਂ ਦੇ ਵੀ ਹੱਥ ਯਾ ਪੈਰ ਵਿਚ ਕਮਲ ਫੁੱਲ ਬਣਾ ਦਿੰਦਾ ਹੈ, ਪਦਮ ਬਣਾ ਦਿੰਦਾ ਹੈ, ਰੇਖਾਂ ਬਦਲ ਜਾਂਦੀਆਂ ਨੇ। ਰੇਖਾਂ ਕਦੇ ਟਿਕੀਆਂ ਹੋਈਆਂ ਨਹੀਂ ਰਹਿੰਦੀਆਂ। ਹੱਥ ਦੀਆਂ ਰੇਖਾਂ ਰੋਜ਼ ਬਦਲਦੀਆਂ ਨੇ। ਕਰਮਾਂ ਦੇ ਮੁਤਾਬਿਕ ਬਦਲਦੀਆਂ ਨੇ। ਇਸ ਵਾਸਤੇ ਇਹ ਕਦੀ ਨਿਸਚਿਤ ਨਾ ਸਮਝ ਲੈਣਾ ਕਿ ਕਿਸੇ ਨੂੰ ਹੱਥ ਦਿਖਾ ਕੇ ਆਏ ਹਾਂ ਤੇ ਕਿਸੇ ਨੇ ਕੁੱਝ ਦੱਸ ਦਿੱਤਾ ਹੈ। ਭਰਮ ਭੁਲੇਖੇ ਵਿਚ ਨਾ ਪੈਣਾ, ਅੱਜਕਲ੍ਹ ਜੋਤਸ਼ੀਆਂ ਦੇ ਬੜੇ ਸਿਲਸਿਲੇ ਚਲੇ ਹੋਏ ਨੇ। ਮੈਂ ਤੇ ਦੇਖ ਕੇ ਦੰਗ ਰਹਿ ਗਿਆ ਹਾਂ, ਸਿੱਖਾਂ ਦੀਆਂ ਵੀ ਵਹੀਰਾਂ ਦੀਆਂ ਵਹੀਰਾਂ ਜਾਂਦੀਆਂ ਨੇ ਉਹਨਾਂ ਕੋਲ। ਆਪਣਾ ਹੱਥ ਦਿਖਾਉਂਦੀਆਂ ਨੇ। ਨਹੀਂ, ਗੁਰੂ ਨੂੰ ਆਪਣਾ ਮਨ ਦਿਖਾਇਆ ਕਰੋ, ਜੋਤਸ਼ੀਆਂ ਨੂੰ ਹੱਥ ਦਿਖਾਉਣ ਨਾਲ ਕੁਛ ਨਹੀਂ ਹੋਣਾ।

ਮੈਂ ਇਕ ਗਾਥਾ ਪੜ੍ਹੀ ਹੈ, ਯੂਨਾਨ ਦਾ ਕਿੱਸਾ, ਪ੍ਰਸਿੱਧ ਸਾਧੂ ਸੁਕਰਾਤ। ਇਹ ਵੀ ਕਿਧਰੇ ਹਿੰਦੁਸਤਾਨੀ ਜੋਤਸ਼ੀਆਂ ਕੋਲੋਂ ਉਦੋਂ ਮੁਤਾਸਿਰ ਹੋ ਗਿਆ ਸੀ ਔਰ ਉਸ ਨੇ ਸੁਣ ਰਖਿਆ ਸੀ

ਕਿ ਹਿੰਦੁਸਤਾਨ ਵਿਚ ਭ੍ਰਿਗੂ ਦਾ ਬੜਾ ਅਸਰ ਹੈ। ਉਸ ਦੀ ਬੜੀ ਗੱਲ ਹੈ। ਇਹ ਵੀ ਇਸ ਇਲਮ ਨਜੂਮ ਵਿਚ ਪੈ ਗਿਆ ਔਰ ਬਹੁਤ ਵੱਡਾ ਜੋਤਸ਼ੀ ਵੀ ਬਣ ਗਿਆ। ਆਤਮ ਗਿਆਨੀ ਦੇ ਨਾਲ-ਨਾਲ ਜੋਤਸ਼ੀ ਵੀ ਬਣ ਗਿਆ। ਲੋਕੀਂ ਉਹਦੇ ਕੋਲ ਹੱਥ ਦਿਖਾਉਣ ਵਾਸਤੇ ਵੀ ਆਇਆ ਕਰਨ। ਇਕ ਦਿਨ ਇੱਕ ਰਾਤ ਦੇ ਸਮੇਂ ਖ਼ਰਬੂਜ਼ਿਆਂ ਦੇ ਖੇਤ ਵਿਚ ਰਾਤ ਨੂੰ ਖੜਾ ਹੋ ਕੇ ਅਧਿਐਨ ਕਰ ਰਿਹਾ ਸੀ, ਗ੍ਰਹਿ ਨਛੱਤਰਾਂ ਦਾ, ਤਾਰਿਆਂ ਦਾ ਅਤੇ ਚਲ ਵੀ ਰਿਹਾ ਸੀ। ਚਲਦਿਆਂ-ਚਲਦਿਆਂ, ਉਸ ਖੇਤ ਵਿਚ ਇਕ ਖੂਹ ਸੀ, ਅੰਨ੍ਹਾ ਖੂਹ, ਕੋਈ ਦਸ ਕਦਮ ਚਲਿਆ ਹੋਏਗਾ ਕਿ ਉਸ ਵਿਚ ਗਿਰ ਗਿਆ।

ਇਕ ਬੁੱਢੀ ਮਾਈ ਜੋ ਰਾਤ ਨੂੰ ਖੇਤ ਦੀ ਰਖਵਾਲੀ ਤੇ ਬੈਠੀ ਸੀ। ਖ਼ਰਬੂਜ਼ੇ ਸਨ, ਕਿ ਕੋਈ ਤੋੜ ਕੇ ਨਾ ਲੈ ਜਾਏ, ਫਲ ਸਨ। ਉਹ ਵਿਚਾਰੀ ਰਾਤ ਨੂੰ ਰਖਵਾਲੀ ਪਈ ਕਰਦੀ ਸੀ। ਉਹ ਭੱਜੀ ਹੋਈ ਆਈ, ਉਸ ਨੂੰ ਖ਼ਿਆਲ ਆਇਆ ਕਿ ਇਸ ਅੰਨੇ ਖੂਹ ਵਿਚ ਕੋਈ ਗਿਰ ਗਿਆ ਹੈ। ਰੱਸਾ ਪਾ ਕੇ ਉਸ ਨੇ ਸੁਕਰਾਤ ਨੂੰ ਬਾਹਰ ਕੱਢਿਆ। ਸੁਕਰਾਤ ਨੇ ਧੰਨਵਾਦ ਕੀਤਾ ਔਰ ਆਖਿਆ ਮਾਈ, ਤੇਰਾ ਬਹੁਤ-ਬਹੁਤ ਧੰਨਵਾਦ, ਮੈਂ ਜੋਤਸ਼ੀ ਹਾਂ। ਤੂੰ ਮੇਰੇ ਤੇ ਪਰਉਪਕਾਰ ਕੀਤਾ ਹੈ, ਹੁਣ ਇਸ ਦੇ ਬਦਲੇ ਮੈਂ ਕੁੱਝ ਤੇਰੀ ਸੇਵਾ ਕਰਨੀ ਚਾਹੁੰਦਾ ਹਾਂ, ਤੂੰ ਮੇਰੇ ਕੋਲ ਕਲ੍ਹ ਆਵੀਂ ਮੈਂ ਤੇਰਾ ਹੱਥ ਵੇਖਾਂਗਾ ਅਤੇ ਮੈਂ ਤੇਰਾ ਭਵਿਸ਼ ਦੱਸਾਂਗਾ। ਮੈਂ ਜੋਤਸ਼ੀ ਹਾਂ, ਨਜੂਮੀ ਹਾਂ। ਕੀ ਕੁਛ ਤੇਰੇ ਨਾਲ ਅੱਗੇ ਹੋਵੇਗਾ, ਮੈਂ ਸਭ ਕੁਛ ਦੱਸ ਦਿਆਂਗਾ, ਤੂੰ ਆਵੀਂ ਮੇਰੇ ਕੋਲ। ਉਹ ਮਾਈ ਕਹਿਣ ਲੱਗੀ, ਐ ਮੇਰੇ ਬੱਚੇ ! ਮੇਰੀ ਉਡੀਕ ਨਾ ਕਰੀਂ, ਮੈਂ ਨਹੀਂ ਆਉਣਾ। ਹੈਂ ! ਸੁਕਰਾਤ ਕਹਿੰਦਾ, ਮੇਰੇ ਕੋਲ ਤੇ ਲਾਇਨ ਲੱਗੀ ਰਹਿੰਦੀ ਹੈ, ਲੋਕੀਂ ਪਹਿਲੇ ਵਕਤ ਮੰਗਦੇ ਨੇ। ਬੜੇ-ਬੜੇ ਉਲਮਾ, ਬੜੇ-ਬੜੇ ਬਾਦਸ਼ਾਹ, ਹੁਕਮਰਾਨ ਵੀ ਮੇਰੇ ਕੋਲ ਆਪਣਾ ਹੱਥ ਦਿਖਾਉਂਦੇ ਨੇ। ਇਹ ਅਸਰ ਅੱਜ ਵੀ ਮੌਜੂਦ ਹੈ। ਮੈਂ ਅਰਜ਼ ਕਰਾਂ ਜਦੋਂ ਭਾਰਤ ਵਿਚ ਇਲੈਕਸ਼ਨ (Election) ਹੁੰਦੇ ਨੇ, ਜਿੰਨੇ ਕੈਂਡੀਡੇਟ ਖੜੇ ਹੁੰਦੇ ਨੇ, ਜੋਤਸ਼ੀਆਂ ਦੇ ਚੱਕਰ ਵਿਚ ਪੈਂਦੇ ਨੇ, ਕਦੋਂ ਫਾਰਮ ਦਾਖ਼ਲ ਕਰੀਏ, ਜਿੱਤ ਜਾਵਾਂਗੇ ਕਿ ਨਹੀਂ ਜਿੱਤਾਂਗੇ। ਔਰ ਸਿੰਘ ਵੀ ਜਾਂਦੇ ਨੇ, ਸਿੰਘ ਕਈ ਸਾਧੂਆਂ ਦੇ ਪੈਰ ਵੀ ਸਿਰ ਤੇ ਰਖਵਾਉਂਦੇ ਨੇ ਕਿ ਕਿਸੇ ਤਰੀਕੇ ਨਾਲ ਸਾਡੀ ਜਿੱਤ ਹੋਵੇ। ਸਾਰੇ ਹੀ ਜੋਤਸ਼ੀਆਂ ਦੇ ਚੱਕਰ ਵਿਚ ਪਏ ਰਹਿੰਦੇ ਨੇ। ਇਹ ਲੋਕ ਦੇਸ਼ ਨੂੰ ਚਲਾਉਣਗੇ? ਜਿਨ੍ਹਾਂ ਨੂੰ ਆਪਣੀ ਜ਼ਿੰਦਗੀ ਚਲਾਉਣ ਦੀ ਜਾਚ ਨਹੀਂ ਆਉਂਦੀ। ਅਜੇ ਆਪਣਾ ਜੀਵਨ ਚਲਾਉਣ ਦੀ ਜਾਚ ਨਹੀਂ ਆਉਂਦੀ। ਪਏ ਨੇ ਜੋਤਸ਼ੀਆਂ ਦੇ ਚੱਕਰਾਂ ਵਿਚ ਔਰ ਇਹ ਮੈਂ ਸਹੀ ਦੱਸਦਾ ਪਿਆ ਹਾਂ। ਬੜੇ-ਬੜੇ ਮੁਦੱਬਰ, ਬੜੇ-ਬੜੇ ਸਿਆਣੇ ਤਾਂਤਰਿਕ ਲੋਕਾਂ ਦੇ ਚੱਕਰਾਂ ਵਿਚ ਪਏ ਰਹਿੰਦੇ ਨੇ, ਜੋਤਸ਼ੀਆਂ ਦੇ ਚੱਕਰਾਂ ਵਿਚ ਪਏ ਰਹਿੰਦੇ ਨੇ।

ਖ਼ੈਰ ਉਹ ਮਾਈ ਕਹਿਣ ਲੱਗੀ, ਲਗਦਾ ਹੈ ਬਹੁਤ ਸਿਆਣੀ ਸੀ, ਕਿ ਮੇਰੀ ਉਡੀਕ ਨਾ ਕਰੀਂ, ਮੈਂ ਨਹੀਂ ਆਉਣਾ। ਸੁਕਰਾਤ ਕਹਿੰਦਾ ਹੈ, ਮੇਰੇ ਕੋਲ ਤੇ ਬੜੇ-ਬੜੇ ਹੁਕਮਰਾਨ ਆਉਂਦੇ ਨੇ, ਸਿਆਣੇ ਆਉਂਦੇ ਨੇ, ਉਲਮਾ ਆਉਂਦੇ ਨੇ, ਗੁਣਵਾਨ ਆਉਂਦੇ ਨੇ, ਧਨਵਾਨ ਆਉਂਦੇ ਨੇ ਅਤੇ ਮੈਂ ਉਹਨਾਂ ਦਾ ਭਵਿੱਸ਼ ਦੱਸਦਾ ਹਾਂ ਤੇ ਤੂੰ ਮੇਰੇ ਕੋਲ ਨਹੀਂ ਆਉਣਾ ਚਾਹੁੰਦੀ। ਕਿਉਂ? ਆਖ਼ਿਰ ਕਾਰਣ ਕੀ ਏ। ਉਹ ਬੁੱਢੀ ਮਾਂ ਕਹਿਣ ਲਗੀ ਬੇਟਾ ਗੱਲ ਹੈ ਇਹ, ਕਿ ਤੈਨੂੰ ਤੇ ਇਤਨਾ ਵੀ ਪਤਾ ਨਹੀਂ ਕਿ ਅੱਜ ਰਾਤ ਨੂੰ ਮੈਂ (ਭਾਵ ਸੁਕਰਾਤ) ਖੂਹ ਵਿਚ ਗਿਰ ਜਾਣਾ ਹੈ, ਤੇ ਮੇਰਾ ਕੀ ਖ਼ਾਕ ਦੱਸੇਂਗਾ ਕਿ ਮੈਂ ਕਦੋਂ ਖੂਹ ਵਿਚ ਗਿਰਨਾ ਹੈ। ਮੇਰੇ ਬਾਰੇ ਕੀ ਖ਼ਾਕ ਦੱਸੇਂਗਾ।

ਕਹਿੰਦੇ ਨੇ ਘਰ ਆ ਕੇ ਸੁਕਰਾਤ ਨੇ ਸਾਰੀਆਂ ਜੋਤਿਸ਼ ਦੀਆਂ ਕਿਤਾਬਾਂ ਫਾੜ ਦਿਤੀਆਂ, ਜਲਾ ਦਿੱਤੀਆਂ, ਇਤਨੀ ਜਿਹੀ ਗੱਲ ਸੁਣ ਕੇ। ਕਹਿੰਦਾ ਲੈ, ਦੁਨੀਆ ਦਾ ਮੈਂ ਦੱਸਦਾ ਫਿਰਦਾ ਹਾਂ ਕਿ ਕਲ੍ਹ ਕੀ ਹੋਣਾ ਹੈ ਅਤੇ ਆਪਣਾ ਮੈਨੂੰ ਕੱਖ ਨਹੀਂ ਪਤਾ ਕਿ ਮੈਂ ਖੂਹ ਵਿਚ ਗਿਰਨਾ ਹੈ। ਇਹ ਸੈਂਟਪਰਸੈਂਟ (cent per cent) ਝੂਠ ਹੈ, ਜੋ ਕੁੱਝ ਜੋਤਸ਼ੀ ਤੁਹਾਨੂੰ ਕਹਿੰਦੇ ਨੇ। ਇਹ ਮਨੋਵਿਗਿਆਨਿਕ ਨੁਕਤੇ ਹੁੰਦੇ ਨੇ, ਤੁਹਾਡੇ ਭੋਲੇਪਨ ਦਾ ਲਾਭ ਉਠਾਉਂਦੇ ਨੇ, ਇਸ ਚੱਕਰ ਵਿਚ ਕਦੀ ਨਾ ਪੈਣਾ। ਸਤਿਗੁਰ ਦੀ ਬਾਣੀ ਦਾ ਫੈਸਲਾ ਪੜ੍ਹ ਲਉ:-

*ਬੀਓ ਪੂਛਿ ਨ ਮਸਲਤਿ ਧਰੈ॥*
*ਜੋ ਕਿਛੁ ਕਰੈ ਸੁ ਆਪਹਿ ਕਰੈ॥੨॥* (ਅੰਗ ੯੬੩)

beeou poochh na masalat dharai.
jo kichh karai so aapehi karai.2.
*He does not consult or seek anyone's advice.*
*Whatever He does, He does Himself.2.*

ਕਲ੍ਹ ਕੀ ਹੋਣਾ ਹੈ, ਪ੍ਰਭੂ ਨੂੰ ਪਤਾ ਹੈ। ਹੋਰ ਕਿਸੇ ਨੂੰ ਨਹੀਂ ਪਤਾ। **ਬੀਓ ਪੂਛਿ ਨ ਮਸਲਤਿ ਧਰੈ ॥ ਜੋ ਕਿਛੁ ਕਰੈ ਸੁ ਆਪਹਿ ਕਰੈ॥** ਚੂੰਕਿ ਪਰਮਾਤਮਾ ਕਿਸੇ ਕੋਲੋਂ ਪੁਛਦਾ ਨਹੀਂ, ਕਿਸੇ ਨੂੰ ਦੱਸਦਾ ਨਹੀਂ। ਇਸ ਲਈ ਕਿਸੇ ਨੂੰ ਪਤਾ ਨਹੀਂ ਕਿ ਕਲ੍ਹ ਸਾਡੇ ਨਾਲ ਕੀ ਹੋਣਾ ਹੈ। ਪਰਸੋਂ ਸਾਡੇ ਨਾਲ ਕੀ ਹੋਣਾ ਹੈ। ਅਕਾਲ ਪੁਰਖ ਨੂੰ ਹੀ ਸਭ ਕੁਛ ਪਤਾ ਹੈ। ਜਦ ਉਸ ਨੂੰ ਹੀ ਸਭ ਕੁਛ ਪਤਾ ਹੈ ਤੇ ਉਸ ਨਾਲ ਜੁੜੋ, ਗੱਲ ਮੁਕਾਓ। ਝੰਜਟ ਸਾਰੇ ਖ਼ਤਮ ਕਰੋ, ਕਿਉਂ ਨਿਕੰਮੇ ਚੱਕਰਾਂ ਵਿਚ ਪਉ। ਗੁਰੂ ਨਾਨਕ ਦੇਵ ਜੀ ਨੇ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਸਾਨੂੰ ਇਹਨਾਂ ਚੱਕਰਾਂ ਵਿਚ ਨਹੀਂ ਪਾਇਆ। ਭਾਈ ਗੁਰਦਾਸ ਜੀ ਨੇ ਵੀ ਇਸ ਦੇ ਉੱਪਰ ਬਹੁਤ ਕੁਛ ਲਿਖਿਆ ਹੈ।

'ਭ੍ਰਿਗੂ' ਇਸ ਤਰ੍ਹਾਂ ਦਾ ਜੋਤਸ਼ੀ ਨਹੀਂ ਸੀ। ਉਸ ਨੇ ਗ੍ਰਹਿ ਨਛੱਤਰਾਂ ਦੀ ਚਾਲ ਦਾ ਅਧਿਐਨ ਕੀਤਾ ਕਿ ਇਸ ਦੇ ਨਾਲ ਪ੍ਰਾਕਿਰਤਕ ਮੰਡਲ ਵਿਚ ਇਸ ਤਰ੍ਹਾਂ ਦੀ ਤਬਦੀਲੀ ਕੀ ਹੁੰਦੀ ਹੈ, ਇਸ ਢੰਗ ਦੀ ਖੋਜ ਕਰਦਾ ਸੀ। ਇੰਜ ਕਹਿ ਲਉ ਸਾਇੰਟਿਸਟ (Scientist) ਸੀ। ਧਾਰਮਿਕ ਵੀ ਸੀ ਪਰ ਵਿਗਿਆਨਿਕ ਵੀ ਸੀ। ਅਕਸਰ ਸਾਇੰਟਿਸਟ ਧਾਰਮਿਕ ਨਹੀਂ ਹੁੰਦੇ। ਅਕਸਰ ਵਿਗਿਆਨਿਕ ਗਿਆਨੀ ਨਹੀਂ ਹੁੰਦੇ ਪਰ ਇਸ ਦੇ ਕੋਲ ਇਹ ਦੋਵੇਂ ਸਨ। ਇਹ ਰੱਬ ਦਾ ਚਿੰਤਨ ਕਰਨ ਵਾਲਾ ਵੀ ਸੀ ਅਤੇ ਸੰਸਾਰ ਦਾ ਅਧਿਐਨ ਕਰਨ ਵਾਲਾ ਵੀ ਸੀ। ਇਸ ਨੇ ਇਕ ਗੱਲ ਦਾਅਵੇ ਨਾਲ ਕਹੀ ਕਿ ਅਗਰ ਪਰਮਾਤਮਾ ਦਾ ਨਾਮ ਜਪਦਿਆਂ-ਜਪਦਿਆਂ ਕਿਸੇ ਦਾ ਮਨ ਬਦਲ ਗਿਆ ਹੈ ਤਾਂ ਜਪਦਿਆਂ-ਜਪਦਿਆਂ ਉਸ ਦਾ ਤਨ ਵੀ ਬਦਲੇਗਾ। ਮਨ ਦਾ ਪ੍ਰਭਾਵ ਤਨ ਤੇ ਪਏਗਾ। ਇਹ ਤੇ ਅਸੀਂ ਦੇਖਦੇ ਹਾਂ ਜਦ ਮਨ ਵਿਚ ਕਰੋਧ ਹੋਵੇ ਤਦ ਚਿਹਰੇ ਤੇ ਭਾਵ ਕੁਛ ਹੋਰ ਹੁੰਦੇ ਨੇ। ਮਨ ਵਿਚ ਈਰਖਾ ਹੋਵੇ, ਅੱਖਾਂ ਕੁੱਝ ਹੋਰ ਹੋ ਜਾਂਦੀਆਂ ਨੇ। ਮਨ ਵਿਚ ਹੰਕਾਰ ਹੋਵੇ, ਚਿਹਰਾ ਕੁੱਝ ਹੋਰ ਹੋ ਜਾਂਦਾ ਹੈ। ਮਨ ਵਿਚ ਪ੍ਰੇਮ ਹੋਵੇ, ਚਿਹਰਾ ਕੁੱਝ ਹੋਰ ਹੁੰਦਾ ਹੈ। ਕਈ ਦਫ਼ਾ ਜ਼ਬਾਨ ਹਾਂ ਕਰ ਰਹੀ ਹੁੰਦੀ ਹੈ, ਅੱਖਾਂ ਨਾਂਹ ਕਰ ਰਹੀਆਂ ਹੁੰਦੀਆਂ ਹਨ। ਦਿੱਸ ਪੈਂਦਾ ਹੈ ਕਿ ਨਹੀਂ ਇਹ ਗ਼ਲਤ ਕਹਿ ਰਿਹਾ ਹੈ। ਕਈ ਦਫ਼ਾ ਜ਼ਬਾਨ ਨਾਂਹ ਪਈ ਕਰਦੀ ਹੈ ਪਰ ਅੱਖਾਂ ਦੱਸਦੀਆਂ ਨੇ ਕਿ ਹਾਂ ਠੀਕ ਹੈ, ਕਬੂਲ। ਕਹਿੰਦੇ ਨੇ ਅੱਖ ਦੇ ਕੋਲ ਝੂਠ

ਬੋਲਣ ਦੀ ਸਮਰੱਥਾ ਨਹੀਂ ਹੈ, ਇਹ ਸਚਾਈ ਬਿਆਨ ਕਰ ਦਿੰਦੀ ਹੈ। ਜ਼ਬਾਨ ਝੂਠ ਬੋਲ ਸਕਦੀ ਹੈ। ਹਿਰਦੇ ਦੇ ਹਾਓ-ਭਾਓ ਅੱਖਾਂ ਦੇ ਵਿਚ ਪ੍ਰਗਟ ਹੋ ਜਾਂਦੇ ਨੇ। ਕਈ ਦਫ਼ਾ ਬੰਦਾ ਜਦ ਜ਼ਬਾਨ ਨਾਲ ਕਹਿੰਦਾ ਹੈ, ਮਿੱਤਰਾ ਤੈਨੂੰ ਮਿਲ ਕੇ ਬੜੀ ਖੁਸ਼ੀ ਹੋਈ। ਅੱਖਾਂ ਹੀ ਦੱਸ ਦਿੰਦੀਆਂ ਨੇ ਕੰਬਖ਼ਤ ਕਿੱਥੇ ਮਿਲ ਗਿਆ, ਜ਼ਰੂਰੀ ਕੰਮ ਜਾ ਰਹੇ ਸੀ, ਇਹ ਕਿੱਥੋਂ ਟੱਕਰ ਗਿਆ। ਅੱਖਾਂ ਤੇ ਇੰਜ ਕਹਿੰਦੀਆਂ ਪਈਆਂ ਨੇ, ਚਿਹਰਾ ਤੇ ਇੰਜ ਕਹਿੰਦਾ ਪਿਆ ਹੈ। ਤੁਲਸੀ ਕਹਿੰਦੇ ਨੇ :-

***ਆਵਤ ਹੀ ਹਰਸ਼ੇ ਨਹੀ ਅਰ ਨੈਨਣ ਨਹੀਂ ਸਨੇਹ।***
***ਤੁਲਸੀ ਤਹਾਂ ਨਾ ਜਾਈਏ ਜੇ ਕੰਚਨ ਬਰਸੇ ਮੇਂਹ।***

ਕਹਿੰਦਾ ਹੈ, ਤੈਨੂੰ ਦੇਖਦਿਆਂ ਜੇ ਅੱਖਾਂ ਵਿਚ ਪਿਆਰ ਨਹੀਂ ਜਾਗਿਆ, ਚੇਹਰੇ ਤੇ ਮੁਸਕਰਾਹਟ ਨਹੀਂ ਆਈ, ਭੁੱਲ ਕੇ ਵੀ ਓਥੇ ਨਾ ਜਾਈਂ ਭਾਵੇਂ ਸੋਨੇ ਦੀ ਬਾਰਿਸ਼ ਪਈ ਹੁੰਦੀ ਹੋਵੇ। ਭਾਵੇਂ ਹੀਰੇ ਮੋਤੀ ਵਰਸਦੇ ਪਏ ਹੋਵਣ। **ਆਵਤ ਹੀ ਹਰਸ਼ੇ ਨਹੀ ਅਰ ਨੈਨਣ ਨਹੀਂ ਸਨੇਹ। ਤੁਲਸੀ ਤਹਾਂ ਨਾ ਜਾਈਏ ਜੇ ਕੰਚਨ ਬਰਸੇ ਮੇਂਹ।** ਮਨ ਦੇ ਹਾਓ-ਭਾਓ ਲਾਜ਼ਮੀ ਚਿਹਰੇ ਤੇ ਪ੍ਰਗਟ ਹੁੰਦੇ ਨੇ। ਤੋ ਭ੍ਰਿਗੂ ਨੇ ਜਦ ਕਹਿ ਦਿੱਤਾ ਕਿ ਮਨ ਦੀ ਦੁਨੀਆ ਬਦਲ ਜਾਂਦੀ ਹੈ, ਵਿਚਾਰਾਂ ਦੀ ਦੁਨੀਆ ਬਦਲ ਜਾਂਦੀ ਹੈ, ਪਰਮਾਤਮਾ ਦਾ ਨਾਮ ਜਪ ਜਪ ਕੇ ਮਨ ਦੇ ਬਦਲਦਿਆਂ ਤਨ ਵੀ ਬਦਲ ਜਾਂਦਾ ਹੈ। ਵਿਚਾਰਾਂ ਦੀ ਦੁਨੀਆ ਬਦਲਦਿਆਂ ਸਰੀਰ ਵੀ ਬਦਲ ਜਾਂਦਾ ਹੈ ਔਰ ਹੱਥਾਂ ਵਿਚ ਬਣ ਜਾਂਦਾ ਹੈ, ਪਦਮ। ਪੈਰਾਂ ਵਿਚ ਬਣ ਜਾਂਦੇ ਨੇ ਪਦਮ। ਹੁਣ ਮੈਂ ਕੁੱਝ ਇਤਿਹਾਸਿਕ ਨੁਕਤੇ ਵੀ ਤੁਹਾਡੇ ਸਾਹਮਣੇ ਰੱਖਾਂ, ਕਹਿੰਦੇ ਨੇ ਧੰਨ ਗੁਰੂ ਅਮਰਦਾਸ ਜੀ ਮਹਾਰਾਜ ਜੀ ਦੇ ਸੱਜੇ ਚਰਨ ਵਿਚ ਪਦਮ ਸੀ। ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਸੱਜੇ ਹੱਥ ਵਿਚ ਵੀ ਪਦਮ ਸੀ। ਸ੍ਰੀ ਕ੍ਰਿਸ਼ਨ ਜੀ ਦੇ ਖੱਬੇ ਪੈਰ ਵਿਚ ਪਦਮ ਸੀ। ਭਾਈ ਗੁਰਦਾਸ ਜੀ ਇਸ ਦੀ ਵਕਾਲਤ ਕਰਦੇ ਨੇ:-

***ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੇ ਪੈਰ ਪਸਾਰੇ॥***
***ਚਰਣ ਕਵਲ ਵਿਚਿ ਪਦਮੁ ਹੈ ਝਿਲਮਿਲ ਝਲਕੇ ਵਾਂਗੀ ਤਾਰੇ॥***

(ਭਾ: ਗੁਰਦਾਸ ਜੀ, ਵਾਰ ੧੦/੨੩)

ਭਾਈ ਗੁਰਦਾਸ ਲਿਖਦੇ ਨੇ, ਇਕ ਸ਼ਿਕਾਰੀ ਆਇਆ, ਸੰਧਿਆ ਦਾ ਵਕਤ ਸੀ ਅਤੇ ਬੜੇ ਉਦਾਸ ਸਨ ਸ੍ਰੀ ਕ੍ਰਿਸ਼ਨ ਜੀ, ਕਿਉਂਕਿ ਯਾਦਵਾਂ ਦੀ ਸਾਰੀ ਕੁਲ ਮਾਰੀ ਜਾ ਚੁੱਕੀ ਸੀ, ਖ਼ਤਮ ਹੋ ਚੁੱਕੀ ਸੀ। ਮਹਾਂਭਾਰਤ ਦੀ ਜੰਗ ਤੋਂ ਬਾਅਦ ਦਾ ਇਹ ਜ਼ਿਕਰ, ਸਭ ਮਾਰੇ ਜਾ ਚੁੱਕੇ ਨੇ, ਸਭ ਖ਼ਤਮ। ਇਹ ਪਰਭਾਸ ਨਾਮ ਦਾ ਤੀਰਥ, ਸੋਮਨਾਥ ਮੰਦਰ ਦੇ ਕੋਲ ਹੈ, ਗੁਜਰਾਤ ਕਾਠੀਆਵਾੜ ਦੇ ਵਿਚ। ਬਾਕਾਇਦਾ ਉਸ ਤਰ੍ਹਾਂ ਦੀ ਮੂਰਤੀ ਬਣਾਈ ਹੋਈ ਹੈ। ਇਕ ਸ਼ਿਕਾਰੀ ਦਿਖਾਇਆ ਹੋਇਆ ਹੈ, ਉਹ ਤੀਰ ਕਮਾਨ ਮਾਰ ਰਿਹਾ ਹੈ ਅਤੇ ਸ੍ਰੀ ਕ੍ਰਿਸ਼ਨ ਦੇ ਚਰਨਾਂ ਵਿਚ ਲਗਿਆ ਹੋਇਆ ਹੈ। ਇਹ ਪਰਭਾਸ ਇਕ ਤੀਰਥ ਹੈ ਸਮੁੰਦਰ ਦੇ ਕੰਡੇ, ਦਾਸ ਨੇ ਦੇਖਿਆ ਹੈ, ਸੋਮਨਾਥ ਮੰਦਰ ਦੇ ਬਿਲਕੁਲ ਨੇੜੇ, ਗੁਜਰਾਤ ਵਿਚ।

***ਜਾਇ ਸੁਤਾ ਪਰਭਾਸ ਵਿਚਿ...॥***

ਕਿਉਂਕਿ ਇਹ ਦਵਾਰਕਾ ਦੇ ਰਾਜਾ ਸਨ। ਓਥੋਂ ਥੋੜੀ ਹੀ ਦੂਰ ਤੇ ਹੈ।

*ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੇ ਪੈਰ ਪਸਾਰੇ॥*
*ਚਰਣ ਕਵਲ ਵਿਚਿ ਪਦਮੁ ਹੈ ਝਿਲਮਿਲ ਝਲਕੇ ਵਾਂਗੀ ਤਾਰੇ॥*
*ਬਧਕੁ ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ॥*

ਕਿਉਂਕਿ ਸੰਧਿਆ ਹੋ ਚੁੱਕੀ ਸੀ, ਉਹ ਜਿਹੜਾ ਪਦਮ ਸੀ ਉਸ ਅੰਧੇਰੇ ਵਿਚ ਚਮਕ ਰਿਹਾ ਸੀ, ਅਤੇ ਸ਼ਿਕਾਰੀ ਨੇ ਅੰਧੇਰੇ ਵਿਚ ਸਮਝਿਆ ਕਿ ਇਹ ਹਿਰਨ ਦੀ ਅੱਖ ਹੈ। ਉਸ ਨੇ ਖਿੱਚ ਕੇ ਬਾਣ ਮਾਰਿਆ, ਉਹ ਸ੍ਰੀ ਕ੍ਰਿਸ਼ਨ ਜੀ ਦੇ ਸੀਨੇ ਵਿਚ ਲਗਿਆ। ਇਸੇ ਤੋਂ ਉਹਨਾਂ ਦਾ ਅੰਤ ਹੋਇਆ। ਇਹ ਗੱਲ ਵੱਖਰੀ ਹੈ ਕਿ ਉਹਨਾਂ ਨੇ ਉਸ ਬਧਕ ਨੂੰ ਗਲਵੱਕੜੀ ਵਿਚ ਲਿਆ ਅਤੇ ਆਖਿਆ ਕੋਈ ਨਹੀਂ ਅਸੀਂ ਇਸੇ ਤਰੀਕੇ ਨਾਲ ਜਾਣਾ ਸੀ। ਤੇਰਾ ਕੋਈ ਕਸੂਰ ਨਹੀਂ ਤੂੰ ਰੋ ਨਾ। ਉਹ ਰੋਈ ਜਾ ਰਿਹਾ ਸੀ।

*ਦਰਸਨ ਡਿਠੋਸੁ ਜਾਇ ਕੈ ਕਰਣ ਪਲਾਵ ਕਰੇ ਪੁਕਾਰੇ॥*
*ਗਲਿ ਵਿਚਿ ਲੀਤਾ ਕ੍ਰਿਸਨ ਜੀ ਅਵਗੁਣੁ ਕੀਤਾ ਹਰਿ ਨ ਚਿਤਾਰੇ॥*

ਭਾਈ ਗੁਰਦਾਸ ਜੀ ਨੇ ਐਸਾ ਲਿਖਿਆ ਹੈ। ਆਖਿਆ, ਨਹੀਂ, ਸਾਡੇ ਜਾਣ ਦਾ ਇਹੀ ਕਾਰਣ ਬਣਨਾ ਸੀ। ਇਹੋ ਕੁੱਝ ਹੋਣਾ ਸੀ, ਤੇਰੇ ਹੱਥੋਂ ਹੋਣਾ ਸੀ, ਤੂੰ ਰੋ ਨਾ। ਐਸਾ ਹੀ ਹੋਣਾ ਸੀ, ਐਸੇ ਹੀ ਮੇਰੀ ਮੌਤ ਹੋਣੀ ਸੀ, ਚਰਨਾਂ ਵਿਚ ਪਦਮ ਹੈ।

ਪਰ ਜਗਤ ਵਿਚ ਜਿਤਨੇ ਸਰੇਸ਼ਟ ਅਵਤਾਰੀ ਪੁਰਸ਼ ਹੋਏ ਨੇ। ਸਾਰਿਆਂ ਦੇ ਹੱਥਾਂ ਵਿਚ ਅਤੇ ਪੈਰਾਂ ਵਿਚ ਦੇਖਣ ਨੂੰ ਨਹੀਂ ਮਿਲਿਆ। ਯਾ ਹੋਵੇ ਤਾਂ ਇਤਿਹਾਸ ਵਿਚ ਜ਼ਿਕਰ ਨਹੀਂ, ਲੇਕਿਨ ਕੁਛ ਇਕ ਦਾ ਹੈ। ਸ੍ਰੀ ਕ੍ਰਿਸ਼ਨ ਜੀ ਦਾ ਹੈ, ਗੁਰੂ ਨਾਨਕ ਦੇਵ ਜੀ ਦਾ ਵੀ ਹੈ, ਗੁਰੂ ਅਮਰਦਾਸ ਜੀ ਦਾ ਵੀ ਹੈ। ਇਤਿਹਾਸ ਦਾ ਇਕ ਪੰਨਾ ਮੈਂ ਤੁਹਾਡੇ ਸਾਹਮਣੇ ਰੱਖਾਂ। ਹਰਿਦੁਆਰ ਦੀ ਗੱਲ ਹੈ, ਸਰਦੀਆਂ ਦੇ ਦਿਨ ਸਨ, ਸਤਿਗੁਰੂ ਅਮਰਦਾਸ ਜੀ ਗੰਗਾ ਵਿਚ ਇਸ਼ਨਾਨ ਕਰਕੇ ਧੁੱਪ ਦੇ ਵਿਚ ਚਰਨਾਂ ਨੂੰ ਪਸਾਰ ਕੇ ਬੈਠੇ ਸਨ। ਚੋਟੀ ਦਾ ਹਰਿਦੁਆਰ ਦਾ ਪ੍ਰੋਹਤ ਬ੍ਰਾਹਮਣ, ਜੋ ਸਾਰੇ ਬ੍ਰਾਹਮਣਾਂ ਦਾ ਮੁਖੀ ਸੀ ਔਰ ਬੜਾ ਵਿਦਵਾਨ, ਸਿਆਣਾ। ਉਹ ਜਿਉਂ ਦੇਖਦਾ ਹੈ, ਕਹਿੰਦਾ ਹੈ! ਪਦਮ। ਚਰਨਾਂ ਵਿਚ ਪਦਮ, ਉਸ ਨੇ ਪੈਰਾਂ ਤੇ ਮੱਥਾ ਟੇਕ ਦਿੱਤਾ। ਗੁਰੂ ਅਮਰਦਾਸ ਜੀ ਕਹਿਣ ਲੱਗੇ, ਤੂੰ ਤੇ ਬ੍ਰਾਹਮਣ ਹੈਂ, ਮੈਂ ਤੇ ਭੱਲਾ ਖੱਤਰੀ ਹਾਂ। ਤੂੰ ਬ੍ਰਾਹਮਣ ਹੋ ਕੇ ਮੈਨੂੰ ਮੱਥਾ ਕਿਉਂ ਟੇਕਿਆ? ਮੈਂ ਤੇ ਇਕ ਯਾਤਰੀ ਹਾਂ। ਹੱਥ ਜੋੜ ਕੇ ਉਹ ਬ੍ਰਾਹਮਣ ਕਹਿੰਦਾ, ਮਹਾਰਾਜ ਤੁਸੀਂ ਵਕਤ ਦੇ ਅਵਤਾਰੀ ਪੁਰਸ਼ ਹੋ। ਤੁਸੀਂ ਕੋਈ ਪੂਰਨ ਪੁਰਖ ਹੋ, ਤੁਹਾਡੇ ਚਰਨਾਂ ਵਿਚ ਪਦਮ ਹੈ। ਮੈਂ ਵੇਖਿਆ ਹੈ। ਉਸ ਬ੍ਰਾਹਮਣ ਨੇ ਫਿਰ ਮੱਥਾ ਟੇਕ ਦਿੱਤਾ ਔਰ ਚਰਨਾਂ ਨੂੰ ਚੁੰਮ ਲਿਆ। ਫਿਰ ਮੱਥਾ ਟੇਕਿਆ, ਪਦਮ ਹੈ। ਸਤਿਗੁਰੂ ਕਹਿਣ ਲੱਗੇ, ਤੂੰ ਜਾਣੇ, ਮੈਂ ਤੇ ਯਾਤਰੀ ਹਾਂ। ਉਹ ਬ੍ਰਾਹਮਣ ਕਹਿਣ ਲੱਗਾ, ਮਹਾਰਾਜ ! ਇਹ ਬੀਜ ਪਇਆ ਹੈ, ਕਿਸੇ ਦਿਨ ਬਿਰਖ ਬਣੇਗਾ। ਤੁਹਾਡੇ ਸੰਸਕਾਰ, ਤੁਹਾਨੂੰ ਰੱਬ ਨੇ ਚੁਣਿਆ ਹੈ, ਆਪਣੀ ਗੱਲ ਕਹਿਣ ਲਈ। ਤੁਹਾਨੂੰ ਪਰਮਾਤਮਾ ਨੇ ਚੁਣਿਆ ਹੈ, ਆਪਣਾ ਕੋਈ ਸੰਦੇਸਾ ਪਹੁੰਚਾਉਣ ਲਈ। ਤੁਹਾਡੇ ਚਰਨਾਂ ਵਿਚ ਪਦਮ ਹੈ ਔਰ ਇਹ ਬ੍ਰਾਹਮਣ ਕਹਿੰਦੇ ਨੇ ਜਿਸ ਦਿਨ ਗੁਰੂ ਅਮਰਦਾਸ ਜੀ ਮਹਾਰਾਜ ਸਿੰਘਾਸਨ ਤੇ ਬੈਠੇ ਨੇ, ਇਹ ਚਰਨਾਂ ਵਿਚ ਪਹੁੰਚ ਗਿਆ। ਸਿੱਧਾ ਪਹੁੰਚ ਗਿਆ, ਸਤਿਗੁਰੂ ਜੀ ਨੇ ਵੀ ਪਹਿਚਾਣ ਲਿਆ ਕਿ ਇਹ ਓਹੀ ਬ੍ਰਾਹਮਣ ਹੈ। ਕੁੱਝ

ਦਿਨ ਸੇਵਾ ਕਰਦਾ ਰਿਹਾ ਤੇ ਸਤਿਗੁਰਾਂ ਨੇ ਬੁਲਾ ਲਿਆ। ਪੁਰਖਾ, ਤੂੰ ਆਇਆ ਹੈਂ ਬੜੀ ਦੂਰੋਂ, ਹਰਿਦੁਆਰ ਤੋਂ ਅਤੇ ਤੈਨੂੰ ਹੁਣ ਪੰਜ ਸੱਤ ਮਹੀਨੇ ਵੀ ਹੋ ਗਏ ਨੇ, ਇੱਥੇ ਸੇਵਾ ਕਰਦਿਆਂ ਨੂੰ। ਵਿਦਵਾਨ ਵੀ ਤੂੰ ਬਹੁਤ ਹੈਂ ਅਤੇ ਭਜਨ ਵੀ ਤੂੰ ਕਰਦਾ ਹੈਂ। ਚੱਲ, ਤੇਰੀ ਕੋਈ ਕਾਮਨਾ ਤੇ ਜ਼ਰੂਰ ਹੋਣੀ ਏ, ਮੰਗ ਲੈ ਕੁਛ, ਪੂਰੀ ਕਰ ਦੇਈਏ, ਬ੍ਰਾਹਮਣ ਹੈਂ ਤੂੰ। ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਲਿਖਦੇ ਨੇ ਕਿ ਹੱਥ ਜੋੜ ਕੇ ਬ੍ਰਾਹਮਣ ਕਹਿਣ ਲਗਾ, ਹੇ ਗੁਰਦੇਵ :-

*ਜੇ ਧਨ ਦੇਵੋਂ ਨਾਮ ਨਾ ਦੇਵੋਂ, ਨਾਮ ਬਿਹੂਣ ਜਨ ਜਮ ਪੁਰ ਜਾਏ ਹੈ।*
*ਜੇ ਨਾਮ ਦੇਵੋਂ ਧਨ ਨਾ ਦੇਵੋਂ, ਧਨ ਬਿਹੂਣ ਜਗਤ ਨਾ ਸੁਹਾਏ ਹੈ।*

ਜੇ ਤੂੰ ਮੇਰੀ ਝੋਲੀ ਵਿਚ ਧਨ ਪਾ ਦੇਵੇਂ ਅਤੇ ਨਾਮ ਦੀ ਝਲਕ ਨਾ ਦੇਵੇਂ ਤਾਂ ਬੰਦਾ ਜਮਾਂ ਦੀ ਮਾਰ ਸਹਾਰਦਾ ਹੈ, ਪਰਲੋਕ ਵਿਗੜ ਜਾਂਦਾ ਹੈ। ਜੇ ਤੂੰ ਇਹ ਨਾਮ ਦੀ ਕਣੀ, ਇਹ ਛੋਅ ਮੈਨੂੰ ਦੇ ਦੇਵੇਂ ਅਤੇ ਮੇਰੀ ਝੋਲੀ ਵਿਚ ਧਨ ਨਾ ਪਾਵੇਂ ਤੇ ਸੰਸਾਰ ਨਹੀਂ ਚੰਗਾ ਲਗਦਾ, ਲੋਕ ਵਿਗੜਦਾ ਹੈ।

*ਗੁਰ ਅਮਰਦਾਸ ਤੇਜੌਂ ਕੇ ਨੰਦਨ ਮੇਰੇ ਦੋਨੋਂ ਨਿਰਮਲ ਪੰਥ ਚਲਾਏ।*

ਸਤਿਗੁਰ ਨੇ ਕੁਛ ਐਸੀ ਮਿਹਰ ਦੀ ਦ੍ਰਿਸ਼ਟੀ ਨਾਲ ਦੇਖਿਆ ਉਹਦੀ ਰਸਨਾ ਪ੍ਰਭੂ ਦਾ ਨਾਮ ਜਪਣ ਲਗ ਪਈ, ਝੋਲੀ ਸੋਨੇ ਚਾਂਦੀ ਨਾਲ ਭਰ ਦਿੱਤੀ। ਕਹਿੰਦਾ, ਮੇਰੇ ਦੋਨੋਂ ਲੋਕ ਸੁਹੇਲੇ ਕਰ ਦਿੱਤੇ ਧੰਨ ਗੁਰੂ ਅਮਰਦਾਸ ਜੀ ਨੇ। ਖ਼ੈਰ ਚਰਨਾਂ ਵਿਚ ਪਦਮ ਸੀ।

ਹੁਣ ਮੈਂ ਅਰਜ਼ ਕਰਾਂ, ਫੁਨਹੇ ਛੰਦ ਵਿਚ ਇਕ ਛੰਦ ਹੈ ਗੁਰੂ ਅਰਜਨ ਦੇਵ ਜੀ ਦਾ:-

*ਮੇਰੈ ਹਾਥਿ ਪਦਮੁ ਆਗਨਿ ਸੁਖ ਬਾਸਨਾ॥*
maerai haath padam aagan sukh baasanaa.
*The lotus is in my hand;*
*in the courtyard of my heart I abide in peace.*

ਜਿਨ੍ਹਾਂ ਨੇ ਕਦੀ ਸਿਲਸਿਲਾਵਾਰ ਬਾਣੀ ਪੜ੍ਹੀ ਏ ਛੰਦ ਸਾਹਮਣੇ ਆਇਆ ਹੋਵੇਗਾ। **ਮੇਰੈ ਹਾਥਿ ਪਦਮੁ ਆਗਨਿ ਸੁਖ ਬਾਸਨਾ॥** ਮੇਰੇ ਹੱਥ ਵਿਚ ਪਦਮ ਹੈ, ਇਹ ਦੂਜੇ, ਤੀਜੇ, ਚੌਥੇ, ਪੰਜਵੇਂ ਦੀ ਗੱਲ ਨਹੀਂ, ਸਤਿਗੁਰ ਆਪਣੀ ਪਏ ਕਰਦੇ ਨੇ ਕਿਉਂਕਿ ਲਫ਼ਜ਼ ਹੈ ਮੇਰੇ, ਤੇਰੇ ਨਹੀਂ।

*ਮੇਰੈ ਹਾਥਿ ਪਦਮੁ ਆਗਨਿ ਸੁਖ ਬਾਸਨਾ॥*
*ਸਖੀ ਮੋਰੈ ਕੰਠਿ ਰਤੰਨੁ ਪੇਖਿ ਦੁਖੁ ਨਾਸਨਾ॥* (ਅੰਗ ੧੩੬੨)
maerai haath padham aagan sukh baasanaa.
sakhee morai kanth ratann paekh dukh naasanaa.
*The lotus is in my hand;*
*in the courtyard of my heart I abide in peace.*
*O my companion, the Jewel is around my neck;*
*beholding it, sorrow is taken away.*

ਮੇਰੇ ਹੱਥ ਵਿਚ ਪਦਮ, ਇਤਿਹਾਸ ਵਿਚ ਪੜ੍ਹਨ ਨੂੰ ਨਹੀਂ ਮਿਲਦਾ ਕਿ ਗੁਰੂ ਅਰਜਨ

ਦੇਵ ਜੀ ਦੇ ਹੱਥ ਵਿਚ ਪਦਮ ਸੀ। ਗੁਰਬਾਣੀ, ਖਸਮ ਦੀ ਬਾਣੀ, ਇਹ ਬ੍ਰਹਮ ਗਿਆਨ, ਸਤਿਗੁਰੂ ਦਾ ਛੰਦ, ਕਹਿੰਦੇ ਨੇ ਮੇਰੇ ਹੱਥ ਵਿਚ ਪਦਮ, **ਮੇਰੈ ਹਾਥਿ ਪਦਮੁ ਆਗਨਿ ਸੁਖ ਬਾਸਨਾ॥** ਮੇਰੇ ਹਿਰਦੇ ਦੀ ਸੇਜਾ ਵਿਚ ਸੁਖ ਹੀ ਸੁਖ ਹੈ ਔਰ ਕੰਠ ਵਿਚ ਪਰਮਾਤਮਾ ਰੂਪੀ ਨਾਮ ਦਾ ਰਤਨ ਹੈ। **ਸਖੀ ਮੋਰੈ ਕੰਠਿ ਰਤੰਨੁ ਪੇਖਿ ਦੁਖੁ ਨਾਸਨਾ॥** ਇਹ ਪਦਮ "ਭ੍ਰਿਗੂ" ਵਾਲਾ ਪਦਮ ਨਹੀਂ, ਜਿਹੜਾ ਉਹ ਕਹਿੰਦਾ ਹੈ। ਗੁਰਬਾਣੀ ਇੱਕ ਹੋਰ ਪਦਮ ਨੂੰ ਮੰਨਦੀ ਹੈ ਉਹ ਮੈਂ ਤੁਹਾਡੇ ਸਾਹਮਣੇ ਰੱਖਾਂ। ਜਦ ਕੋਈ ਨਾਮ ਜਪਦਾ ਹੈ ਔਰ ਨਾਮ ਜਪਦਿਆਂ-ਜਪਦਿਆਂ ਅਗਰ ਅੰਦਰ ਪ੍ਰਗਟ ਹੋ ਗਿਆ ਹੈ ਤੇ ਹੱਥਾਂ ਵਿਚ ਬਰਕਤਾਂ ਆ ਜਾਂਦੀਆਂ ਨੇ, ਕਦਮਾਂ ਵਿਚ ਕ੍ਰਾਂਤੀ ਆ ਜਾਂਦੀ ਹੈ। ਬੋਲਾਂ ਵਿਚ ਸੱਤਿਆ ਆ ਜਾਂਦੀ ਹੈ। ਐਸੇ ਹੱਥ ਜੇ ਮਿੱਟੀ ਨੂੰ ਛੂਹਣਗੇ ਤੇ ਮਿੱਟੀ ਸੋਨਾ ਬਣ ਜਾਏਗੀ। ਵਿਗੜਦੇ ਹੋਏ ਕੰਮ ਨੂੰ ਛੂਹਣਗੇ, ਤਾਮੀਰ ਹੋ ਜਾਏਗਾ। ਪਰਾਚੀਨ ਜ਼ਮਾਨੇ ਵਿਚ ਇਸ ਤਰ੍ਹਾਂ ਦੇ ਹੱਥ ਲੱਭੇ ਜਾਂਦੇ ਸਨ। ਕੋਈ ਪੁਲ ਬਣਾਉਣਾ ਹੈ, ਕੋਈ ਸੜਕ ਬਣਾਉਣੀ ਹੈ, ਕੋਈ ਧਾਰਮਿਕ ਮੰਦਰ ਬਣਾਉਣਾ ਹੈ ਜਾਂ ਆਪਣਾ ਘਰ ਬਣਾਉਣਾ ਹੈ, ਬਈ ਨੀਂਹ-ਪੱਥਰ ਉਸ ਕੋਲੋਂ ਰਖਵਾਈਏ ਜਿਸ ਦੇ ਹੱਥਾਂ ਵਿਚ ਬਰਕਤ ਹੈ। ਹੁਣ ਤੇ ਇਹੋ ਜਿਹੇ ਦੇ ਕੰਮਾਂ ਲਈ ਲੋਕੀਂ ਬੇ-ਬਰਕਤੀ ਹੱਥ ਲੱਭਦੇ ਨੇ। ਖ਼ਾਸ ਕਰਕੇ ਰਾਜਨੀਤਕ ਸਾਡੇ ਦੇਸ਼ ਦੇ ਉਦਘਾਟਨ ਕਰਾਉਂਦੇ ਨੇ, ਪੁਲਾਂ ਦਾ ਉਦਘਾਟਨ ਕਰਾਉਂਦੇ ਨੇ, ਕਿਸੇ ਬਿਲਡਿੰਗ ਦਾ ਨੀਂਹ-ਪੱਥਰ ਰਖਵਾਉਂਦੇ ਨੇ, ਬਾਕੀ ਕੱਖ ਵੀ ਨਹੀਂ, ਉਹ ਪੱਥਰ ਹੀ ਪਿਆ ਰਹੇਗਾ। ਬੇ-ਬਰਕਤੇ ਹੱਥ। ਹੱਥਾਂ ਦੇ ਵਿਚ ਕੁਛ ਵੀ ਨਹੀਂ। ਸਤਿਗੁਰ ਆਪ ਕਹਿੰਦੇ ਨੇ, ਜਿਸ ਦੇ ਕੰਠ ਵਿਚ ਪ੍ਰਭੂ ਦਾ ਨਾਮ ਨਹੀਂ, ਹਿਰਦੇ ਵਿਚ ਚਾਨਣਾ ਨਹੀਂ, ਉਸਦੇ ਹੱਥ ਕਿਤਨੇ ਬੇ-ਬਰਕਤੇ ਨੇ, ਗੁਰੂ ਰਾਮਦਾਸ ਜੀ ਮਹਾਰਾਜ ਜੀ ਦੇ ਵਾਕ:-

***ਜੇ ਸੁਇਨੇ ਨੋ ਓਹੁ ਹਥੁ ਪਾਏ ਤਾ ਖੇਹੂ ਸੇਤੀ ਰਲਿ ਗਇਆ॥***

(ਅੰਗ ੩੦੭)

jae sueinae no ouhu hath paaeae taa khaehu saeti ral gaeiaa.

*If gold comes into his hands, it turns to dust.*

ਸੋਨੇ ਨੂੰ ਹੱਥ ਲਾਏਗਾ ਮਿੱਟੀ ਹੋ ਜਾਏਗਾ। ਬਣਦੇ ਹੋਏ ਕੰਮ ਨੂੰ ਹੱਥ ਲਾਏਗਾ, ਵਿਗੜ ਜਾਏਗਾ। ਚਲਦੀ ਹੋਈ ਵਹੀਰ ਅਗਵਾਈ ਕਰੇਗਾ, ਰੋਕ ਖੜੀ ਹੋ ਜਾਏਗੀ। ਇਹਦੇ ਕਦਮਾਂ ਵਿਚ ਕੁਛ ਵੀ ਨਹੀਂ ਹੈ, ਇਹਦੇ ਹੱਥਾਂ ਦੇ ਵਿਚ ਕੁਛ ਵੀ ਨਹੀਂ ਹੈ, ਇਹਦੇ ਬੋਲਾਂ ਦੇ ਵਿਚ ਕੁਛ ਵੀ ਨਹੀਂ ਹੈ। ਮੈਂ ਅਕਸਰ ਅਰਜ਼ ਕਰਦਾ ਹੁੰਨਾਂ ਕਈ ਥਾਵਾਂ ਤੇ, ਸਿੱਖਾਂ ਕੋਲ ਸਰੀਰਕ ਸ਼ਕਤੀ ਹੈ, ਸਿੱਖਾਂ ਕੋਲ ਆਰਥਿਕ ਸ਼ਕਤੀ ਵੀ ਹੈ, ਸਿੱਖਾਂ ਕੋਲ ਇਸ ਵਕਤ ਦਿਮਾਗ਼ੀ ਸ਼ਕਤੀ ਵੀ ਹੈ, ਸਿੱਖਾਂ ਕੋਲ ਇਸ ਵਕਤ ਰੂਹਾਨੀ ਸ਼ਕਤੀ ਨਹੀਂ ਹੈ, ਅਧਿਆਤਮਿਕ ਬਲ ਨਹੀਂ ਹੈ।

ਕੁਛ ਕੰਮ ਐਸੇ ਹੁੰਦੇ ਨੇ ਜੋ ਸਰੀਰਕ ਸ਼ਕਤੀ ਨਾਲ ਹੁੰਦੇ ਨੇ, ਕੁਛ ਕੰਮ ਐਸੇ ਹੁੰਦੇ ਨੇ ਦਿਮਾਗ਼ੀ ਸ਼ਕਤੀ ਨਾਲ ਹੁੰਦੇ ਨੇ। ਕੁਛ ਕੰਮ ਐਸੇ ਹੁੰਦੇ ਨੇ ਪੈਸੇ ਨਾਲ ਹੁੰਦੇ ਨੇ, ਕੁਛ ਕੰਮ ਐਸੇ ਹੁੰਦੇ ਨੇ ਆਰਥਿਕ ਸ਼ਕਤੀ ਨਾਲ ਹੁੰਦੇ ਨੇ। ਪਰ ਕੁਛ ਕੰਮ ਐਸੇ ਨੇ ਜੋ ਇਹਨਾਂ ਸ਼ਕਤੀਆਂ ਨਾਲ ਨਹੀਂ ਹੁੰਦੇ, ਰੂਹਾਨੀ ਸ਼ਕਤੀ ਨਾਲ ਹੁੰਦੇ ਨੇ। ਉਹਦੇ ਲਈ ਅਧਿਆਤਮਿਕ ਬਲ ਚਾਹੀਦਾ ਹੈ, ਉਹਦੇ ਲਈ ਰੂਹਾਨੀ ਸ਼ਕਤੀ ਚਾਹੀਦੀ ਹੈ। ਮਿਹਨਤ ਨਾਲ ਧਨ ਮਿਲਦਾ ਹੈ, ਚੰਗਾ ਭੋਜਨ ਛਕ ਕੇ ਤੇ ਐਕਸਰਸਾਈਜ਼ (Excercise) ਕਰਕੇ ਸਰੀਰ ਨੂੰ ਸ਼ਕਤੀ ਮਿਲਦੀ

ਹੈ। ਤਰ੍ਹਾਂ ਤਰ੍ਹਾਂ ਦੇ ਧਰਮ ਗ੍ਰੰਥਾਂ ਦੇ ਜਾਂ ਹੋਰ ਪੋਥੀਆਂ ਦਾ ਅਧਿਐਨ ਕਰਦਿਆਂ ਦਿਮਾਗ਼ੀ ਸ਼ਕਤੀ ਵਧਦੀ ਹੈ, ਪਰਮਾਤਮਾ ਦਾ ਨਾਮ ਜਪਦਿਆਂ ਰੂਹਾਨੀ ਸ਼ਕਤੀ ਵਧਦੀ ਹੈ। ਇਹ ਸ਼ਕਤੀ ਨਹੀਂ ਇਸ ਦੀ ਕਮੀ ਹੈ, ਇਹ ਘਾਟ ਹੈ। ਇਹ ਪਦਮ ਜੋ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿ ਰਹੇ ਨੇ ਕਿ ਉਹ ਹੈ, ਜੋ ਨਾਮ ਜਪਦਿਆਂ-ਜਪਦਿਆਂ ਨਾਮ ਜਦ ਕੰਠ ਵਿਚ ਵੱਸ ਜਾਂਦਾ ਹੈ, ਹਿਰਦੇ ਵਿਚ ਵੱਸ ਜਾਂਦਾ ਹੈ, ਹੱਥ ਵਿਚ ਬਰਕਤਾਂ ਆ ਜਾਂਦੀਆਂ ਨੇ। ਪਦਮ:-

*ਮੇਰੈ ਹਾਥਿ ਪਦਮੁ ਆਗਨਿ ਸੁਖ ਬਾਸਨਾ॥*
*ਸਖੀ ਮੋਰੈ ਕੰਠਿ ਰਤੰਨੁ ਪੇਖਿ ਦੁਖੁ ਨਾਸਨਾ॥* (ਅੰਗ ੧੩੬੨)

ਭੱਟ ਗੁਰੂ ਅਮਰਦਾਸ ਜੀ ਮਹਾਰਾਜ ਜੀ ਦੀ ਮਹਿਮਾ ਕਰਦਿਆਂ ਹੋਇਆਂ, ਭੱਟਾਂ ਦਾ ਸਵਈਆ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਬਾਣੀ ਵਿਚ, ਭੱਟ ਕਹਿੰਦੇ ਨੇ, ਹੇ ਗੁਰੂ ਅਮਰਦਾਸ ਜੀ ! :-

*ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ॥*
*ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ॥* (ਅੰਗ ੧੩੯੪)

baarij kar dhaahinai sidh sanamukh mukh jovai.
ridh basai baavaag j theen lokaathar mohai.
*On His right hand is the sign of the lotus; the Siddhis, the super-natural spiritual powers, await His Command.*
*On His left are worldly powers, which fascinate the three worlds.*

ਹੇ ਗੁਰੂ ਅਮਰਦਾਸ ਜੀ, ਤੁਹਾਡਾ ਜਿਹੜਾ ਦਾਹਿਣਾ (ਸੱਜਾ) ਹੱਥ ਹੈ ਇਹਦੇ ਵਿਚ ਕਮਲ ਹੈ, ਪਦਮ ਹੈ। ਇੱਥੇ ਬਾਰਿਜੁ ਸ਼ਬਦ ਵਰਤਦੇ ਪਏ ਨੇ ਭੱਟ, **ਬਾਰਿਜੁ ਕਰਿ ਦਾਹਿਣੈ** ਤੁਹਾਡਾ ਜਿਹੜਾ ਦਾਹਿਣਾ ਹੱਥ ਹੈ, ਹੇ ਗੁਰੂ ਅਮਰਦਾਸ ਜੀ, ਉਹਦੇ ਵਿਚ ਪਦਮ ਹੈ। ਇਤਿਹਾਸ ਕਹਿੰਦਾ ਹੈ ਚਰਨਾਂ ਵਿਚ ਪਦਮ ਸੀ, ਹੱਥਾਂ ਵਿਚ ਨਹੀਂ ਸੀ। ਇੱਥੇ ਹੁਣੇ ਹੀ ਗੱਲ ਸਪੱਸ਼ਟ ਹੋ ਜਾਏਗੀ। ਇਤਿਹਾਸ ਦੇ ਵਿਚ ਇਹ ਹੈ ਕਿ ਸਤਿਗੁਰ ਦਾ ਜਿਹੜਾ ਸੱਜਾ ਚਰਨ ਸੀ, ਉਸ ਦੇ ਵਿਚ ਪਦਮ ਸੀ। ਬ੍ਰਾਹਮਣ ਨੇ ਓਥੇ ਹੀ ਵੇਖਿਆ ਸੀ ਹਰਿਦੁਆਰ ਵਿਚ ਅਤੇ ਉਸ ਨੇ ਮੱਥਾ ਟੇਕਿਆ ਸੀ। ਪਰ ਭੱਟ ਪਏ ਕਹਿੰਦੇ ਨੇ, ਹੇ ਗੁਰੂ ਅਮਰਦਾਸ ਜੀ! ਤੁਹਾਡਾ ਜੋ ਦਾਹਿਣਾ (ਸੱਜਾ) ਹੱਥ ਹੈ, ਇਹਦੇ ਵਿਚ ਪਦਮ ਹੈ। ਇਤਿਹਾਸ ਵਿਚ ਲਿਖਿਆ ਹੈ ਕਿ ਦਾਹਿਣੇ ਪੈਰ ਵਿਚ ਪਦਮ ਸੀ, ਇਹ 'ਭ੍ਰਿਗੂ' ਵਾਲਾ ਪਦਮ ਹੈ ਜੋ ਰਿਸ਼ੀ ਕਹਿੰਦੇ ਨੇ ਔਰ ਜੋ ਭੱਟ ਕਹਿ ਰਹੇ ਨੇ ਇਹ ਦਾਹਿਣੇ ਹੱਥ ਵਿਚ ਪਦਮ ਹੈ, ਇਹ ਉਹ ਪਦਮ ਹੈ ਜਿਸ ਨੂੰ ਗੁਰਬਾਣੀ ਮੰਨਦੀ ਹੈ। ਜਿਸ ਨੂੰ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਿਕ ਨੁਕਤੇ ਮੰਨਦੇ ਨੇ ਕਿ ਜੋ ਨਾਮ ਜਪਦਾ ਹੈ, ਹੱਥਾਂ ਵਿਚ ਬਰਕਤਾਂ ਆਉਣਗੀਆਂ। ਜੋ ਨਾਮ ਜਪਦਾ ਹੈ, ਬੋਲਾਂ ਵਿਚ ਸਤਿਆ ਆਵੇਗੀ। ਜੋ ਨਾਮ ਜਪਦਾ ਹੈ ਕਦਮਾਂ ਵਿਚ ਕ੍ਰਾਂਤੀ ਆਵੇਗੀ, ਲਾਜ਼ਮੀ ਆਵੇਗੀ। ਉਹਦੇ ਪੈਰ ਜਿੱਥੇ ਪੈਣਗੇ, ਖ਼ਾਲੀ ਨਹੀਂ ਜਾਣਗੇ, ਕੁੱਝ ਨਾ ਕੁੱਝ ਕਰਨਗੇ। ਉਸ ਦੇ ਹੱਥ ਜਿਸ ਨੂੰ ਛੂਹਣਗੇ, ਕੁੱਝ ਨਾ ਕੁੱਝ ਤਾਮੀਰ ਹੋਵੇਗਾ, ਐਵੇਂ ਨਹੀਂ। ਉਹਦੇ ਬੋਲ ਕੁੱਝ ਨਾ ਕੁੱਝ ਪਲਟਾ ਲਿਆਉਣਗੇ, ਐਵੇਂ ਨਹੀਂ।

*ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ॥*
*ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ॥*

ਹੇ ਗੁਰੂ ਅਮਰਦਾਸ ਜੀ! ਤੁਹਾਡੇ ਦਾਹਿਣੇ (ਸੱਜੇ) ਹੱਥ ਦੇ ਵਿਚ ਬਾਰਿਜ ਹੈ, ਪਦਮ ਹੈ। ਤੁਹਾਡੇ ਬਾਏਂ (ਖੱਬੇ) ਹੱਥ ਵਿਚ ਸਿੱਧੀਆਂ ਨੇ। ਖ਼ਾਲੀ ਨਹੀਂ ਹਨ ਹੱਥ। ਪੁਰਾਣੇ ਜ਼ਮਾਨੇ ਵਿਚ ਇਹ ਹੱਥ ਨਾਲ ਜਿਹੜੀ ਅਸੀਸ ਦਿੱਤੀ ਜਾਂਦੀ ਸੀ, ਬਈ ਹੱਥ ਵਿਚ ਪਦਮ ਹੈ ਯਾ ਹੱਥ ਵਿਚ ਰਿੱਧੀਆਂ ਨੇ, ਬਰਕਤਾਂ ਨੇ। ਬਈ ਇਹਦੇ ਸਿਰ ਤੇ ਹੱਥ ਰੱਖੋ। ਹੁਣ ਬੜੇ ਸੰਤ ਅਸੀਸਾਂ ਦਿੰਦੇ ਰਹਿੰਦੇ ਨੇ, ਹੁੰਦਾ ਕੱਖ ਵੀ ਨਹੀਂ। ਹੱਥ ਖ਼ਾਲੀ ਨੇ, ਕੁਛ ਵੀ ਨਹੀਂ, ਹੱਥਾਂ ਵਿਚ ਹੀ ਕੁਛ ਨਹੀਂ। ਹੱਥਾਂ ਵਿਚ ਬਰਕਤ ਹੁੰਦੀ ਏ। ਪੈਰਾਂ ਵਿਚ ਵੀ ਬਰਕਤ ਹੁੰਦੀ ਏ, ਜਿੱਥੇ ਪੈਰ ਪੈਣਗੇ, ਖ਼ਾਕ ਅਕਸੀਰ ਬਣੇਗੀ। ਖ਼ਾਕ ਵਿਚ ਪਲਟਾ ਆਏਗਾ। ਭੱਟ ਕਹਿੰਦੇ ਨੇ ਤੁਹਾਡਾ ਬਾਇਆਂ (ਖੱਬਾ) ਹੱਥ ਵੀ ਖ਼ਾਲੀ ਨਹੀਂ, ਉਹਦੇ ਵਿਚ ਰਿੱਧੀਆਂ ਨੇ।

*ਮੁਖਹੁ ਭਗਤਿ ਉਚਰੈ ਅਮਰੁ ਗੁਰੁ ਇਤੁ ਰੰਗਿ ਰਾਤਉ॥*

ਤੁਹਾਡਾ ਮੂੰਹ ਮੁਖੜਾ ਇਹ ਵੀ ਖਾਲੀ ਨਹੀਂ, ਇਸ ਵਿਚ ਵੀ ਸਿੱਧੀਆਂ ਵੱਸਦੀਆਂ ਨੇ, ਤੁਸੀਂ ਜੋ ਕੁਛ ਬੋਲੋਗੇ, ਹੋ ਜਾਏਗਾ। ਤੁਹਾਡੇ ਬਾਏਂ (ਖੱਬੇ) ਹੱਥ ਵਿਚ ਰਿੱਧੀਆਂ, ਸੱਜੇ ਵਿਚ ਪਦਮ, ਮੂੰਹ ਵਿਚ ਬਰਕਤਾਂ। ਸਿੱਧੀਆਂ, **ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ॥ ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ** ॥ ਇਹ ਸਭ ਕੁਛ ਕਿਸ ਤਰ੍ਹਾਂ ਹੋ ਗਿਆ, ਭੱਟ ਕਹਿੰਦੇ ਨੇ :-

*ਰਿਦੈ ਬਸੈ ਅਕਹੀਉ ਸੋਇ ਰਸ ਤਿਨ ਹੀ ਜਾਤਉ॥*
*ਮੁਖਹੁ ਭਗਤਿ ਉਚਰੈ ਅਮਰੁ ਗੁਰੁ ਇਤੁ ਰੰਗਿ ਰਾਤਉ॥*

(ਅੰਗ ੧੩੯੪)

ਹੇ ਗੁਰੂ ਅਮਰਦਾਸ ਜੀ! ਤੁਹਾਡੇ ਹਿਰਦੇ ਵਿਚ ਉਹ ਇਕ ਰਸ ਪਰਮਾਤਮਾ ਜਦੋਂ ਦਾ ਆਣ ਕੇ ਬਿਰਾਜਮਾਨ ਹੋਇਆ ਹੈ, ਤੁਹਾਡੇ ਹੱਥ ਵਿਚ ਪਦਮ ਬਣ ਗਿਆ ਹੈ। ਤੁਹਾਡੇ ਬਾਏਂ (ਖੱਬੇ) ਹੱਥ ਵਿਚ ਰਿੱਧੀਆਂ ਆ ਗਈਆਂ ਨੇ। ਤੁਹਾਡੀ ਰਸਨਾ ਵਿਚ ਬਰਕਤ ਆ ਗਈ ਹੈ, ਬੋਲਾਂ ਵਿਚ ਸੱਤਿਆ ਆ ਗਈ ਏ। ਬੋਲ ਤੁਹਾਡੇ ਚਲਦੇ ਨੇ। ਐਸਾ ਕਿਆ? ਤੁਹਾਡਾ ਸਰੀਰ ਬਦਲ ਗਿਆ ਹੈ, ਤਬਦੀਲੀ ਆ ਗਈ ਏ। ਭ੍ਰਿਗੂ ਕਹਿੰਦਾ ਸੀ, ਜਿਸ ਮਨ ਵਿਚ ਪਰਮਾਤਮਾ ਵੱਸੇਗਾ, ਮਨ ਤੇ ਬਦਲੇਗਾ, ਤਨ ਵੀ ਬਦਲੇਗਾ। ਕੁਛ ਨਾ ਕੁਛ ਚੱਕਰ ਚਿਹਨ ਬਦਲਣਗੇ, ਕੁਛ ਨਾ ਕੁਛ ਤਬਦੀਲੀ ਆਵੇਗੀ। ਇਸ਼ਾਰਾ ਗੁਰੂ ਅਰਜਨ ਦੇਵ ਜੀ ਮਹਾਰਾਜ ਵੀ ਕਰਦੇ ਨੇ। **ਮੇਰੈ ਹਾਥਿ ਪਦਮੁ ਆਗਨਿ ਸੁਖ ਬਾਸਨਾ॥**

ਕਰਮ ਖੰਡ ਵਿਚ ਜਦ ਵੀ ਕੋਈ ਪਹੁੰਚਦਾ ਹੈ, ਕੋਈ ਵੀ, ਗੁਰਬਾਣੀ ਕਹਿੰਦੀ ਏ, ਉਹਦੇ ਬੋਲਾਂ ਵਿਚ ਸਤਿਆ ਆ ਜਾਂਦੀ ਏ। ਉਹਦੇ ਹੱਥਾਂ ਵਿਚ ਬਰਕਤ ਆ ਜਾਂਦੀ ਏ, ਉਹਦੇ ਪੈਰਾਂ ਵਿਚ ਕਰਾਂਤੀ ਆ ਜਾਂਦੀ ਹੈ।

*ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥*
karam khandd kee baanee jor. tithai hor na koee hor.

*In the realm of karma, the Word is Power.*
*No one else dwells there,*

ਕਰਮ ਖੰਡ ਦੀ ਬਣਤਰ ਬੜੀ ਜ਼ੋਰ ਵਾਲੀ ਹੈ। ਉਸ ਅਵਸਥਾ ਵਿਚ, ਅਭਿਆਸੀ ਦੇ ਮਨ ਦੇ ਵਿਚ ਇਕ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਵੀ ਨਹੀਂ ਹੁੰਦਾ। ਉਹ ਪਰਮਾਤਮਾ ਵਿਚ ਹੁੰਦਾ ਹੈ ਅਤੇ ਪਰਮਾਤਮਾ ਉਹਦੇ ਵਿਚ ਹੁੰਦਾ ਹੈ। ਦੋਨੋਂ ਇਕਮਿਕ ਹੋ ਜਾਂਦੇ ਨੇ।

***ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥***
tithai jodh mehaabal soor. tin meh raam rehiaa bharapoor.
*Except the warriors of great power, the spiritual heroes.*
*They are totally fulfilled, imbued with the Lord's Essence.*

ਓਥੇ ਕੋਈ-ਕੋਈ ਪਹੁੰਚਦੇ ਨੇ ਮਹਾਂਬਲੀ, ਕੋਈ ਜੋਧੇ, ਕੋਈ ਸੂਰਮੇ। ਹਰ ਮਨੁੱਖ ਦੀ ਇੱਥੇ ਤਕ ਪਹੁੰਚ ਨਹੀਂ ਹੈ। ਸੰਸਾਰ ਵਿਚ ਅਸੀਂ ਸਿਰਫ਼ ਉਂਗਲੀਆਂ ਤੇ ਹੀ ਗਿਣ ਸਕਦੇ ਹਾਂ ਉਹਨਾਂ ਮਨੁੱਖਾਂ ਨੂੰ ਜੋ ਕਰਮ ਖੰਡ ਤਕ ਪਹੁੰਚਦੇ ਨੇ। ਬਹੁਤ ਕਠਿਨ ਇਹ ਸਾਧਨ ਹੈ। ਇਸ ਵਾਸਤੇ ਸਾਹਿਬ ਕਹਿੰਦੇ ਨੇ, ਕਮਜ਼ੋਰ ਦਿਲ ਦਿਮਾਗ਼ ਰਖਣ ਵਾਲੇ, ਕਮਜ਼ੋਰ ਸਾਧਨਾ ਕਰਨ ਵਾਲੇ, ਆਲਸ ਨਿੰਦਰਾ ਤੰਦਰਾ ਵਿਚ ਫਸੇ ਹੋਏ ਮਨੁੱਖ, ਕਰਮ ਖੰਡ ਤਕ ਪਹੁੰਚਣਾ ਤੇ ਬਹੁਤ ਔਖੀ ਗੱਲ ਹੈ, ਉਹ ਤੇ ਗਿਆਨ ਖੰਡ ਤਕ ਵੀ ਨਹੀਂ ਪਹੁੰਚ ਸਕਦੇ। ਕਰਮ ਖੰਡ ਤਕ ਪਹੁੰਚਣ ਵਾਲੇ ਜਿਹੜੇ ਮਨੁੱਖ ਨੇ ਉਹ ਤੇ ਮਹਾਂਬਲੀ ਨੇ, ਜੋਧੇ ਨੇ। ਮਨ ਨਾਲ ਲੜ ਕੇ, ਬੁੱਧ ਨਾਲ ਲੜ ਕੇ, ਚਿੱਤ ਨਾਲ ਲੜ ਕੇ, ਆਪਣੇ ਹੰਕਾਰ ਨਾਲ ਲੜ ਕੇ, ਉਹਨਾਂ ਨੂੰ ਜਿੱਤ ਕੇ ਫਿਰ ਪਹੁੰਚਦੇ ਨੇ ਕਰਮ ਖੰਡ ਦੇ ਵਿਚ। ਲੜਨਾ ਤੇ ਪਹਿਲੇ ਆਪਣੇ ਆਪ ਨਾਲ ਪੈਂਦਾ ਹੈ, ਮੈਂ ਉਸ ਦਿਨ ਵੀ ਅਰਜ਼ ਕੀਤੀ ਸੀ ਕਿ ਇਹ ਜੋ ਰਾਜਨੀਤੀ ਹੈ, ਇਹ ਖੜੀ ਏ ਦੂਜੇ ਨੂੰ ਜਿੱਤਣ ਤੇ। ਧਰਮ ਨੀਤੀ ਖੜੀ ਹੈ ਆਪਣੇ ਆਪ ਨੂੰ ਜਿੱਤਣ ਤੇ। ਯਾ ਖ਼ੁਦ ਨੂੰ ਜਿੱਤੋ ਯਾ ਦੂਜੇ ਨੂੰ ਜਿੱਤੋ। ਜਿੱਤ ਚਾਹੀਦੀ ਹੈ ਭਗਤ ਨੂੰ, ਜਿੱਤ ਚਾਹੀਦੀ ਹੈ ਰਾਜਨੀਤਕ ਨੂੰ, ਜਿੱਤ ਚਾਹੀਦੀ ਹੈ ਧਾਰਮਿਕ ਮਨੁੱਖ ਨੂੰ। ਉਹ ਆਪਣੇ ਆਪ ਨੂੰ ਜਿੱਤ ਕੇ ਪਰਮਾਤਮਾ ਦਾ ਸਿੰਘਾਸਨ ਪ੍ਰਾਪਤ ਕਰ ਲੈਂਦਾ ਹੈ। ਜੋ ਕਰਮ ਖੰਡ ਤਕ ਪਹੁੰਚ ਗਿਆ ਹੈ, ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦਾ ਵੀ ਕਥਨ ਹੈ:-

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ੬ ॥*** (ਅੰਗ ੨੭੩)
braham giaanee ko khojehi mehaesur.
Nanak braham giaanee aap paramaesur.6.
*The God-conscious being is sought by the great god Shiva.*
*O Nanak, the God-conscious being is Himself*
*the Supreme Lord God.6.*

ਜੋ ਬ੍ਰਹਮ ਗਿਆਨੀ ਹੈ, ਜਿਹਦੇ ਅੰਦਰ ਬ੍ਰਹਮ ਦਾ ਗਿਆਨ ਪੈਦਾ ਹੋ ਗਿਆ ਹੈ। ਜਿਸ ਦੇ ਅੰਦਰ ਬ੍ਰਹਮ ਦਾ ਰਸ ਪੈਦਾ ਹੋ ਗਿਆ ਹੈ। ਸ਼ਿਵਜੀ ਵੀ ਉਸ ਦੀ ਤਲਾਸ਼ ਦੇ ਵਿਚ ਹੈ। ਮਹਾਂਦੇਵ ਵੀ ਪ੍ਰਾਰਥਨਾ ਕਰਦੇ ਨੇ ਅਕਾਲ ਪੁਰਖ ਦੇ ਅੱਗੇ, ਕਿ ਹੇ ਅਕਾਲ ਪੁਰਖ ! ਕਿਸੇ ਐਸੇ ਪੁਰਸ਼ ਦੇ ਦਰਸ਼ਨ ਕਰਾ, ਜਿਸ ਦੇ ਅੰਦਰ ਤੇਰਾ ਵਾਸਾ ਹੋ ਗਿਆ ਹੈ, ਜਿਸ ਦੇ ਅੰਦਰ ਤੂੰ ਪ੍ਰਗਟ

ਹੋ ਗਿਆ ਹੈ। **ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥** ਕਿਸੇ ਬ੍ਰਹਮ ਗਿਆਨੀ ਦੇ ਦਰਸ਼ਨ ਕਰਾਉ, ਬ੍ਰਹਮ ਗਿਆਨੀ ਦੀ ਤਲਾਸ਼ ਕਰਦਾ ਹੈ ਸ਼ਿਵਜੀ। ਅਸੀਂ ਆਪਣੀ ਅਰਦਾਸ ਵਿਚ ਬਾਕਾਇਦਾ ਇਹ ਸ਼ਬਦ ਜੋੜੇ ਹੋਏ ਨੇ ਕਿ:-

***ਸੋਈ ਗੁਰਮੁਖ ਸੰਤ ਪਿਆਰੇ ਮੇਲ,***
***ਜਿੰਨ੍ਹਾਂ ਮਿਲਿਆਂ ਤੇਰਾ ਨਾਮ ਚੇਤੇ ਆਵੇ।***

ਇਹ ਸਾਡੀ ਮੰਗ ਹੈ।

***ਜਿਨ੍ਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥*** (ਅੰਗ ੫੨੦)
jinaa disandarriaa duramat vannjai mitar asaaddarrae saeee.
*The sight of them banishes my evil-mindedness;*
*they are my only true friends.*

ਉਹ ਸਾਡੇ ਮਿੱਤਰ ਨੇ, ਜਿਨ੍ਹਾਂ ਦੇ ਦੀਦਾਰ ਵਿਚੋਂ, ਜਿਨ੍ਹਾਂ ਦੇ ਮਿਲਦਿਆਂ ਪਰਮਾਤਮਾ ਚੇਤੇ ਆਵੇ। ਜਿਨ੍ਹਾਂ ਦੇ ਕੋਲ ਬੈਠਿਆਂ ਰੱਬ ਦੀ ਸਿਮਰਤੀ ਜਾਗੇ। ਜਿਵੇਂ ਹਿਮਾਲੀਆ ਪਰਬਤ ਤੇ ਚਲੇ ਜਾਈਏ ਤਾਂ ਠੰਢ ਆਪਣੇ ਆਪ ਮਿਲਦੀ ਹੈ। ਫੁੱਲਾਂ ਕੋਲ ਬੈਠੀਏ, ਮਹਿਕ ਆਪਣੇ ਆਪ ਮਿਲਦੀ ਏ, ਜਲਦੇ ਹੋਏ ਦੀਵੇ ਕੋਲ ਬੈਠੀਏ, ਪਰਕਾਸ਼ ਆਪਣੇ ਆਪ ਮਿਲਦਾ ਹੈ। ਰੱਬ ਨਾਲ ਜੁੜੇ ਹੋਏ ਮਨੁੱਖ ਨਾਲ ਬੈਠੀਏ, ਮਨ ਆਪੇ ਹੀ ਜੁੜਨ ਨੂੰ ਕਰਦਾ ਹੈ। ਮਨ ਨੂੰ ਆਪੇ ਹੀ ਕੁੱਝ ਚੈਨ ਮਿਲਦਾ ਹੈ, ਮਨ ਨੂੰ ਆਪੇ ਹੀ ਕੁੱਝ ਪ੍ਰੇਰਨਾ ਮਿਲਦੀ ਹੈ। ਇਸ ਵਾਸਤੇ ਸਾਹਿਬ ਕਹਿੰਦੇ ਨੇ, ਕਰਮ ਖੰਡ ਤਕ ਕੋਈ ਵਿਰਲੇ ਹੀ ਪਹੁੰਚਦੇ ਨੇ। ਕੌਣ? **ਤਿਥੈ ਜੋਧ ਮਹਾਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥** ਕੋਈ ਜੋਧੇ, ਕੋਈ ਮਹਾਂਬਲੀ, ਕੋਈ ਸੂਰਮੇ ਇਸ ਬਖਸ਼ਿਸ਼ ਦੇ ਖੰਡ ਤਕ ਪਹੁੰਚਦੇ ਨੇ।

***ਤਿਥੈ ਸੀਤੋ ਸੀਤਾ ਮਹਿਮਾ ਮਾਹਿ॥***
***ਤਾ ਕੇ ਰੂਪ ਨ ਕਥਨੇ ਜਾਹਿ॥***
***ਨਾ ਓਹਿ ਮਰਹਿ ਨ ਠਾਗੇ ਜਾਹਿ॥ ਜਿਨ ਕੈ ਰਾਮੁ ਵਸੈ ਮਨ ਮਾਹਿ॥***
***ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ॥***

ਉਹ ਰਾਮ ਦੇ ਵਿਚ ਸਮਾ ਜਾਂਦੇ ਨੇ ਤੇ ਰਾਮ ਉਹਨਾਂ ਦੇ ਵਿਚ ਲੀਨ ਹੋ ਜਾਂਦਾ ਹੈ। ਉਹ ਇਕਮਿਕ ਹੋ ਜਾਂਦੇ ਨੇ। ਪ੍ਰਭੂ ਵਿਚ ਲੀਨ ਹੋ ਜਾਂਦੇ ਨੇ, ਸੀਤੇ ਜਾਂਦੇ ਨੇ। ਉਹਨਾਂ ਦੇ ਰੂਪ ਕਥਨ ਨਹੀਂ ਹੋ ਸਕਦੇ। ਨਾ ਹੀ ਉਹ ਠੱਗੇ ਜਾਂਦੇ ਨੇ ਕਿਉਂਕਿ ਰਵਿਆ ਹੋਇਆ ਰਾਮ ਉਹਨਾਂ ਦੇ ਮਨ ਵਿਚ ਵੱਸ ਗਿਆ ਹੈ। ਸਾਧਨਾ ਅਜੇ ਵੀ ਜਾਰੀ ਹੈ, ਜਾਪ ਅਜੇ ਵੀ ਜਾਰੀ ਹੈ ਪਰ ਜਾਪ ਕਰਦਿਆਂ-ਕਰਦਿਆਂ ਅਚਨਚੇਤ ਅਭਿਆਸੀ ਇੰਜ ਮਹਿਸੂਸ ਕਰਦਾ ਹੈ, ਜੈਸੇ ਕੋਈ ਸਰਿਤਾ ਸਾਗਰ ਵਿਚ ਲੀਨ ਹੋ ਜਾਏ, ਸਰਿਤਾ ਦਾ ਨਾਮ, ਸਰਿਤਾ ਦੀ ਹੋਂਦ ਖੋਹ ਜਾਂਦੀ ਏ ਉਹ ਸਾਗਰ ਦਾ ਰੂਪ ਹੋ ਜਾਂਦੀ ਹੈ, ਇਸ ਤਰ੍ਹਾਂ ਹੀ ਭਗਤ ਭਗਵਾਨ ਵਿਚ ਖੋਹ ਕੇ ਭਗਵਾਨ ਦਾ ਰੂਪ ਹੋ ਜਾਂਦੇ ਨੇ। ਸਿੱਖ ਗੁਰੂ ਦਾ ਰੂਪ ਹੋ ਕੇ, ਗੁਰੂ ਵਿਚ ਖੋਹ ਜਾਂਦਾ ਹੈ। ਸਾਧਕ ਈਸ਼ਵਰ ਵਿਚ ਖੋਹ ਕੇ ਈਸ਼ਵਰ ਦਾ ਰੂਪ ਹੋ ਜਾਂਦਾ ਹੈ। ਜੈਸੇ ਕਿ ਵਾਕ ਨੇ:-

*ਨਾਮੇ ਨਾਰਾਇਨ ਨਾਹੀ ਭੇਦੁ ॥* (ਅੰਗ ੧੧੬੬)

naamae naaraaein naahee bhaedh.

*There is no difference between Naam Dayv and the Lord.*

ਹੁਣ ਨਾਮਦੇਵ ਵਿਚ ਤੇ ਨਾਰਾਇਣ ਵਿਚ ਕੋਈ ਭੇਦ ਨਹੀਂ ਰਿਹਾ।

*ਰਾਮ ਕਬੀਰੈ ਭੇਦੁ ਨ ਭਾਈ ॥ ੧੫ ॥*

(ਵਾਰਾਂ ਭਾ. ਗੁ., ਵਾਰ ੧੦, ਪਉੜੀ ੧੫)

raam kabeerai bhaedh n bhaaee.15.

*Now Ram and Kabir became identical.15.*

ਹੁਣ ਰਾਮ ਵਿਚ ਤੇ ਕਬੀਰ ਵਿਚ ਕੋਈ ਭੇਦ ਨਹੀਂ ਰਿਹਾ।

*ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ ੮ ॥ ੭ ॥* (ਅੰਗ ੨੭੨)

Nanak saadh prabh bhaed na bhaaee.8.7.

*O Nanak, there is no difference between
the Holy people and God.8.7.*

ਹੁਣ ਸਾਧਕ ਵਿਚ ਤੇ ਪ੍ਰਭੂ ਵਿਚ ਕੋਈ ਭੇਦ ਨਹੀਂ ਰਿਹਾ। ਸਿੱਖ ਤੇ ਗੁਰੂ ਵਿਚ ਕੋਈ ਭੇਦ ਨਹੀਂ ਰਿਹਾ। ਕਿਉਂ:-

*ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥ ੩ ॥ ੧੧ ॥*

(ਅੰਗ ੬੩੩)

Nanak leen bhaeiou gobind sio jio paanee sang paanee.3.11.

*O Nanak, he merges with the Lord of the Universe,
like water with water.3.11.*

ਜਿਸ ਤਰ੍ਹਾਂ ਪਾਣੀ ਵਿਚ ਪਾਣੀ ਲੀਨ ਹੋ ਜਾਂਦਾ ਹੈ, ਇਸ ਤਰ੍ਹਾਂ ਪਰਮਾਤਮਾ ਵਿਚ ਆਤਮਾ ਲੀਨ ਹੋ ਗਈ ਏ। ਸਾਹਿਬ ਕਹਿੰਦੇ ਨੇ ਗੋਬਿੰਦ ਦਾ ਮਿਲਣ ਸਾਨੂੰ ਨਸੀਬ ਹੋ ਗਿਆ ਹੈ। ਕਬੀਰ ਜੀ ਕਹਿੰਦੇ ਨੇ:-

*ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥ ੬ ॥ ੩ ॥*

(ਅੰਗ ੯੬੯)

ab tou jaae charae singhaasan milae hai saaringapaanee.
raam kabira eaek bheae hai koe na sakai pachhaanee.6.3.

*Now, I have mounted to the throne of the Lord;
I have met the Lord, the Sustainer of the World.
The Lord and Kabeer have become one.
No one can tell them apart.6.3.*

ਹੁਣ ਕਬੀਰ ਰਾਮ ਬਣ ਗਏ ਨੇ, ਰਾਮ ਕਬੀਰ ਬਣ ਗਏ ਨੇ। ਅਗਰ ਕੋਈ ਪਹਿਚਾਣ ਕਰਨਾ ਚਾਹੇਗਾ, ਪਹਿਚਾਣ ਨਹੀਂ ਹੋ ਸਕੇਗੀ। ਕਬੀਰ ਕੌਣ ਹੈ ਤੇ ਰਾਮ ਕੌਣ ਹੈ। ਹੁਣ ਰਾਮ

ਤੇ ਕਬੀਰ ਦਾ ਅੰਤਰ ਮਿਟ ਗਿਆ ਹੈ। ਆਪ ਨੇ ਇਕ ਸ਼ਬਦ ਦੇ ਰਾਹੀਂ ਪੂਰਨ ਰੂਪ ਵਿਚ ਸਮਝਾਇਆ ਵੀ ਹੈ ਕਿ:-

*ਗੰਗਾ ਕੈ ਸੰਗਿ ਸਲਿਤਾ ਬਿਗਰੀ॥ ਸੋ ਸਲਿਤਾ ਗੰਗਾ ਹੋਇ ਨਿਬਰੀ॥ ੧॥*
*ਬਿਗਰਿਓ ਕਬੀਰਾ ਰਾਮ ਦੁਹਾਈ॥ ਸਾਚੁ ਭਇਓ ਅਨ ਕਤਹਿ ਨ ਜਾਈ॥ ੧॥ ਰਹਾਉ॥*
*ਚੰਦਨ ਕੈ ਸੰਗਿ ਤਰਵਰੁ ਬਿਗਰਿਓ॥ ਸੋ ਤਰਵਰੁ ਚੰਦਨੁ ਹੋਇ ਨਿਬਰਿਓ॥ ੨॥*
*ਪਾਰਸ ਕੈ ਸੰਗਿ ਤਾਂਬਾ ਬਿਗਰਿਓ॥ ਸੋ ਤਾਂਬਾ ਕੰਚਨੁ ਹੋਇ ਨਿਬਰਿਓ॥ ੩॥*
*ਸੰਤਨ ਸੰਗਿ ਕਬੀਰਾ ਬਿਗਰਿਓ॥ ਸੋ ਕਬੀਰੁ ਰਾਮੈ ਹੋਇ ਨਿਬਰਿਓ॥ ੪॥ ੫॥*

(ਅੰਗ ੧੧੫੮)

ਜੈਸੇ ਨਦੀ ਨਾਲੇ ਗੰਗਾ ਦਾ ਸੰਗ ਕਰਕੇ ਗੰਗਾ ਦਾ ਹੀ ਰੂਪ ਹੋ ਜਾਂਦੇ ਨੇ, ਤਿਵੇਂ ਸਤਸੰਗ ਕਰਕੇ ਕਬੀਰ ਰਾਮ ਦਾ ਹੀ ਰੂਪ ਹੋ ਗਿਆ ਹੈ। ਈਸ਼ਵਰ ਦਾ ਹੀ ਰੂਪ ਹੋ ਗਿਆ ਹੈ, ਪਰਮਾਤਮਾ ਦਾ ਹੀ ਰੂਪ ਹੋ ਗਿਆ ਹੈ। ਮਨੁੱਖ ਦੀ ਮੰਜ਼ਿਲ ਕੀ ਹੈ:-

*ਸਚ ਖੰਡਿ ਵਸੈ ਨਿਰੰਕਾਰੁ॥*
sach khandd vasai nirankaar.
*In the realm of Truth, the Formless Lord abides.*

ਐਸਾ ਸਿੰਘਾਸਨ ਪ੍ਰਾਪਤ ਹੋਇਆ। ਜੈਸੇ ਹੀ ਕੋਈ ਕਰਮ ਖੰਡ ਵਿਚ ਪਹੁੰਚਦਾ ਹੈ, ਹੱਥਾਂ ਵਿਚ ਬਰਕਤ, ਕਦਮਾਂ ਵਿਚ ਕ੍ਰਾਂਤੀ, ਬੋਲਾਂ ਵਿਚ ਸੱਤਿਆ, ਆਤਮਾ ਵਿਚ ਬੜਾ ਬਲ, ਰੂਹਾਨੀ ਸ਼ਕਤੀ। ਜਾਪ ਜਾਰੀ ਏ, ਜਪਦਿਆਂ-ਜਪਦਿਆਂ ਹੀ ਇਕ ਦਿਨ ਐਸਾ ਹੁੰਦਾ ਹੈ ਜੈਸੇ ਨਦੀ ਸਾਗਰ ਵਿਚ ਲੀਨ ਹੋ ਗਈ, ਨਦੀ ਖ਼ਤਮ ਹੋ ਗਈ। ਬੂੰਦ ਸਮੁੰਦਰ ਵਿਚ ਮਿਲ ਗਈ, ਬੂੰਦ ਖੋਹ ਗਈ। ਇਕ ਦਿਨ ਐਸਾ ਹੁੰਦਾ ਹੈ, ਮਿਟ ਗਏ, ਹੁਣ ਤੇ ਪਰਮਾਤਮਾ ਹੀ ਪਰਮਾਤਮਾ ਹੈ, ਹੋਰ ਕੁਛ ਵੀ ਨਹੀਂ। ਸਚ ਖੰਡਿ ਵਸੈ ਨਿਰੰਕਾਰੁ ॥

ਹੁਣ ਤੇ ਨਿਰੰਕਾਰ ਦਾ ਰੂਪ ਹੋ ਗਏ।

*ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥ ੬॥ ੩॥*

(ਅੰਗ ੯੬੯)

ਹੁਣ ਕੋਈ ਭੇਦ ਨਹੀਂ ਹੈ, ਹੁਣ ਇਕਮਿਕ। ਹੁਣ ਜੋ ਰਾਮ ਦਾ ਸੁਭਾ ਹੈ, ਉਹ ਕਬੀਰ ਦਾ ਸੁਭਾ ਹੈ। ਹੁਣ ਉਹ ਜੋ ਸੱਚੇ ਦਾ, ਪਰਮਾਤਮਾ ਦਾ ਸੁਭਾ ਹੈ, ਓਹੀ ਇਸ ਭਗਤ ਦਾ ਸੁਭਾ ਹੈ, ਇਹੀ ਗੁਰ ਸਿੱਖ ਦਾ ਸੁਭਾ ਹੋ ਗਿਆ ਹੈ। ਜੋ ਰੱਬ ਦਾ ਸੁਭਾ ਹੈ, ਓਹੀ ਸਿੱਖ ਦਾ ਸੁਭਾ ਹੋ ਗਿਆ ਹੈ, ਇਹ ਤੇ ਸੱਚ ਦਾ ਰੂਪ ਹੋ ਗਿਆ ਹੈ।

ਓਥੇ ਉਹ ਨਿਰੰਕਾਰ ਵਿਚ ਜਾ ਕੇ ਵੱਸਦਾ ਹੈ ਤੇ ਨਿਰੰਕਾਰ ਉਸ ਵਿਚ ਆ ਕੇ ਲੀਨ ਹੁੰਦਾ ਹੈ। ਇਹ ਪੰਜਵੀਂ ਮੰਜ਼ਿਲ ਹੈ, ਪੰਜਵਾਂ ਘਰ ਹੈ। ਭੇਦ ਮਿਟ ਜਾਂਦੇ ਨੇ। ਈਸ਼ਵਰ ਤੇ ਮਨੁੱਖ ਵਿਚ ਕੋਈ ਭੇਦ ਰਹਿ ਨਹੀਂ ਜਾਂਦਾ। ਧਰਮ ਖੰਡ ਤੋਂ ਜੋ ਸੁਰਤ ਦੀ ਯਾਤਰਾ ਸ਼ੁਰੂ ਹੋਈ ਪਹੁੰਚ ਗਈ ਸੱਚ ਖੰਡ ਤਕ ਔਰ ਇਸੇ ਹੀ ਤਰੀਕੇ ਨਾਲ ਸਨਾਤਨ ਮੱਤ ਦੇ ਕਥਨ ਅਨੁਸਾਰ, ਕਰਮ ਕਾਂਡ ਤੋਂ ।ਜਹੜੀ ਯਾਤਰਾ ਸ਼ੁਰੂ ਹੋਈ, ਪਹੁੰਚ ਗਈ ਗਿਆਨ ਕਾਂਡ ਤਕ। ਅਤੇ ਇਸੇ ਤਰੀਕੇ

ਨਾਲ ਮੁਹੰਮਦ ਸਾਹਿਬ ਜੀ ਦਾ ਕਥਨ ਹੈ ਕਿ ਸ਼ਰੀਅਤ ਤੋਂ ਜਿਹੜੀ ਯਾਤਰਾ ਸ਼ੁਰੂ ਹੋਈ ਉਹ ਪਹੁੰਚ ਗਈ ਹਕੀਕਤ ਤਕ, ਉਹ ਪਹੁੰਚ ਗਈ ਖ਼ੁਦਾ ਤਕ, ਉਹ ਪਹੁੰਚ ਗਈ ਅੱਲਾ ਤਕ। ਮਨੁੱਖ ਦੀ ਮੰਜ਼ਿਲ ਹੈ ਅੱਲਾ, ਮਨੁੱਖ ਦੀ ਮੰਜ਼ਿਲ ਹੈ ਰਾਮ, ਮਨੁੱਖ ਦੀ ਮੰਜ਼ਿਲ ਹੈ ਅਕਾਲ ਪੁਰਖ। ਜਿੱਥੇ ਮਨੁੱਖ ਖੜਾ ਹੈ ਓਥੋਂ ਹੀ ਯਾਤਰਾ ਆਰੰਭ ਕਰਨੀ ਪਵੇਗੀ, ਜ਼ਿੰਦਗੀ ਨੂੰ ਵਿਧੀ ਵਿਧਾਨ ਜਿਸ ਵਕਤ ਦਿੱਤਾ, ਯਾਤਰਾ ਆਰੰਭ ਹੋ ਗਈ ਔਰ ਸਹਿਜੇ-ਸਹਿਜੇ ਜੈਸੇ ਨਦੀ ਚਲਦੀ ਏ, ਸੈਂਕੜੇ ਮੀਲ ਦੀ ਵਾਟ ਤਹਿ ਕਰਕੇ ਸਾਗਰ ਤਕ ਪਹੁੰਚਦੀ ਏ, ਇਸ ਤਰ੍ਹਾਂ ਹੀ ਸਾਧਕ ਰੋਜ਼ ਸਾਧਨਾ ਕਰਦਿਆਂ-ਕਰਦਿਆਂ, ਆਪਣੀ ਸੁਰਤ ਨੂੰ ਗਤੀ ਦਿੰਦਾ ਹੈ ਅਤੇ ਇਕ ਦਿਨ ਸੁਰਤ ਸੱਚ ਖੰਡ ਤਕ ਪਹੁੰਚ ਜਾਂਦੀ ਹੈ।

ਮੈਂ ਛੋਟੇ ਰੂਪ ਵਿਚ ਇਹਨਾਂ ਪੰਜਾਂ ਖੰਡਾਂ ਦੀ ਵਿਚਾਰ ਕੀਤੀ ਏ। ਪੰਜਵਾਂ ਖੰਡ ਅਕੱਥ ਹੈ, ਉਹ ਤੇ ਰੱਬ ਦਾ ਰੂਪ ਹੋ ਗਿਆ। ਉਹ ਤੇ ਪਰਮਾਤਮਾ ਦਾ ਰੂਪ ਹੋ ਗਿਆ, ਉਹ ਤੇ ਸੱਚ ਦੀ ਮੂਰਤੀ ਹੋ ਗਿਆ। ਉਹ ਤੇ ਨਿਰੰਕਾਰ ਵਿਚ ਵੱਸ ਗਿਆ, ਨਿਰੰਕਾਰ ਉਸ ਵਿਚ ਵੱਸ ਗਿਆ। ਬੂੰਦ ਸਾਗਰ ਵਿਚ ਚਲੀ ਗਈ, ਸਾਗਰ ਬੂੰਦ ਵਿਚ ਚਲਾ ਗਿਆ।

***ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ ॥***
***ਅਕਥ ਕਥਾ ਗੁਰ ਬਚਨੀ ਆਦਰੁ ॥ ੩ ॥*** (ਅੰਗ ੬੮੫)

saravar mehi hans hans mehi saagar.
akath kathaa gur bachanee aadhar.3.
*The swans are in the pool, and the pool is in the swans.*
*They speak the Unspoken Speech,*
*and they honor and revere the Guru's Word.3.*

ਜਿਹੜਾ ਗੁਰਸਿੱਖ-ਹੰਸ ਗੁਰੂ-ਸਰੋਵਰ ਵਿਚ ਟਿਕਦਾ ਹੈ, ਉਸ ਦੇ ਅੰਦਰ ਗੁਰੂ-ਸਰੋਵਰ ਆਪਣਾ ਆਪ ਪਰਗਟ ਕਰਦਾ ਹੈ। ਇਹ ਕਥਾ ਅਕੱਥ ਹੈ (ਭਾਵ, ਇਸ ਆਤਮਕ ਅਵਸਥਾ ਦਾ ਬਿਆਨ ਨਹੀਂ ਹੋ ਸਕਦਾ। ਸਿਰਫ਼ ਇਹ ਕਹਿ ਸਕਦੇ ਹਾਂ ਕਿ) ਗੁਰੂ ਦੇ ਬਚਨਾਂ ਉਤੇ ਤੁਰ ਕੇ ਉਹ (ਲੋਕ ਪਰਲੋਕ ਵਿਚ) ਆਦਰ ਪਾਉਂਦਾ ਹੈ। ੩।

-----

***ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ ॥***
(ਅੰਗ ੮੭੮)

saagar meh boond boond meh saagar
kavan bujhai bidh jaanai.
*The drop is in the ocean, and the ocean is in the drop.*
*Who understands, and knows this?*

ਹੁਣ ਸਤਿਗੁਰ ਕਹਿੰਦੇ ਨੇ ਗੱਲ ਅਕੱਥ ਹੈ, ਬਿਆਨ ਨਹੀਂ ਕੀਤੀ ਜਾ ਸਕਦੀ। ਹੁਣ ਜਦ ਗੁਰੂ ਨਾਨਕ ਦੇਵ ਜੀ ਕਹਿੰਦੇ ਨੇ ਅਕੱਥ ਹੈ, ਤੇ ਹੁਣ ਮੈਂ ਕਿੱਥੇ ਕਥਨ ਕਰਾਂ, ਕਿਸ ਤਰ੍ਹਾਂ ਕਰ ਸਕਦਾ ਹਾਂ। ਇਹ ਨਿੱਕੀ ਜਿਹੀ ਜ਼ਬਾਨ ਕੀ ਬਿਆਨ ਕਰੇਗੀ। ਸਤਿਗੁਰ ਕਹਿੰਦੇ ਨੇ ਅਕੱਥ, ਬਿਆਨ ਨਹੀਂ ਕੀਤੀ ਜਾ ਸਕਦੀ। **ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ ॥ ਅਕਥ**

**ਕਥਾ ਗੁਰ ਬਚਨੀ ਆਦਰੁ ॥ ੩ ॥** ਇਹ ਬੂੰਦ ਸਾਗਰ ਵਿਚ ਲੀਨ ਹੋ ਗਈ, ਸਾਗਰ ਹੋ ਗਈ। ਹੁਣ ਸਾਗਰ ਦੀ ਕੋਈ ਗੱਲ ਕਰੋ, ਨਹੀਂ। ਬੂੰਦ ਦੀ ਗੱਲ ਹੋ ਸਕਦੀ ਹੈ। ਬੂੰਦ ਪਹਿਲੇ ਧਰਮ ਖੰਡੀ ਸੀ, ਬਾਅਦ ਵਿਚ ਗਿਆਨ ਖੰਡੀ ਹੋ ਗਈ। ਬੂੰਦ ਚਲਦੀ ਰਹੀ, ਚਲਦੀ ਰਹੀ, ਨਦੀ ਦਾ ਪਰਵਾਹ ਚਲਦਾ ਰਿਹਾ, ਬੂੰਦਾਂ ਨੂੰ ਹੋਰ ਬੂੰਦਾਂ ਦਾ ਸਹਾਰਾ ਮਿਲਦਾ ਰਿਹਾ, ਇਹ ਸਰਮ ਖੰਡ ਤੋਂ ਲੰਘ ਕੇ ਕਰਮ ਖੰਡ ਤੇ ਪਹੁੰਚ ਗਈ। ਇਹ ਵਗਦੀ ਹੋਈ ਬੂੰਦ ਸਾਗਰ ਵਿਚ ਪਹੁੰਚ ਗਈ, ਹੁਣ ਸਾਗਰ ਦੀ ਕੋਈ ਗੱਲ ਨਹੀਂ। ਇਹਦੀ ਕੋਈ ਵਿਆਖਿਆ ਨਹੀਂ। ਇਹਦੇ ਬਾਰੇ ਕੁੱਝ ਨਹੀਂ ਕਹਿ ਸਕਦੇ। ਪਰਮਾਤਮਾ ਬਾਰੇ ਕੁਛ ਨਹੀਂ ਕਹਿ ਸਕਦੇ, ਬੂੰਦ ਸਾਗਰ ਹੋ ਗਈ। **ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ,** ਹੁਣ ਉਸ ਬੂੰਦ ਨੂੰ ਲੱਭੋਗੇ ਤੋ ਸਾਗਰ ਮਿਲੇਗਾ, ਹੁਣ ਬੂੰਦ ਨਹੀਂ ਹੈ। ਹੁਣ ਉਸ ਕਬੀਰ ਨੂੰ ਲੱਭੋਗੇ ਤੋ ਰਾਮ ਹੀ ਮਿਲੇਗਾ, ਕਬੀਰ ਨਹੀਂ ਹੈ। ਕਬੀਰ ਨਹੀਂ ਰਿਹਾ, ਹੁਣ ਤੇ ਮਿਟ ਗਿਆ। ਇਸ ਤਰ੍ਹਾਂ ਕੋਈ ਸਿੱਖ ਗੁਰੂ ਦੇ ਮਾਰਗ ਤੇ ਚੱਲੇ ਤੇ ਚੱਲਦਿਆਂ-ਚਲਦਿਆਂ ਇਕ ਦਿਨ ਗੁਰੂ ਵਿਚ ਸਮਾ ਜਾਂਦਾ ਹੈ ਤੇ ਗੁਰੂ ਫਿਰ ਮਾਣ ਨਾਲ ਕਹਿ ਦਿੰਦਾ ਹੈ ਇਹ ਤੇ ਮੇਰਾ ਆਪਣਾ ਹੀ ਰੂਪ ਹੋ ਗਿਆ ਹੈ :

***ਖ਼ਾਲਸਾ ਮੇਰੋ ਰੂਪ ਹੈ ਖ਼ਾਸ ॥***
***ਖ਼ਾਲਸੇ ਮਹਿ ਹੌ ਕਰੌ ਨਿਵਾਸ ॥*** (ਸਰਬ ਲੋਹ ਗ੍ਰੰਥ)
khaalasaa maero roop hai khaas.
khaalasae mehi ha kara nivaas.
*The Khalsa is my complete image*
*I dwell in the Khalsa*

ਇਹ ਹੁਣ ਮੇਰੇ ਵਿਚ ਵਾਸਾ ਕਰਦਾ ਹੈ, ਮੈਂ ਇਹਦੇ ਵਿਚ ਵਾਸਾ ਕਰਦਾ ਹਾਂ। ਹੁਣ ਤੇ ਇਕਮਿਕ ਹੋ ਗਏ। ਹੁਣ ਤੇ ਸਾਰੇ ਦਾ ਸਾਰਾ ਭੇਦ ਮਿਟ ਗਿਆ।

ਇਸ ਮਾਰਗ ਵਿਚ ਰੋਕਾਂ ਵੀ ਅਨੇਕਾਂ ਨੇ, ਕਿਉਂਕਿ ਇਹ ਮਾਰਗ ਮੈਦਾਨੀ ਮਾਰਗ ਨਹੀਂ ਹੈ। ਇਹ ਮਾਰਗ ਪਹਾੜੀ ਰਸਤਾ ਹੈ, ਚੜ੍ਹਾਈ ਹੈ। ਪਾਣੀ ਨਿਵਾਣ ਦੀ ਤਰਫ਼ ਆਪਣੇ ਆਪ ਜਾਂਦਾ ਹੈ। ਪਰ ਅਗਰ ਉਸ ਨੂੰ ਉੱਪਰ ਚਾੜ੍ਹਨਾ ਹੋਵੇ, ਦਬਾਉ ਪਰੈਸ਼ਰ (Pressure) ਚਾਹੀਦਾ ਹੈ। ਸੁਰਤ ਨਿਵਾਣ ਦੀ ਤਰਫ਼ ਆਪਣੇ ਆਪ ਜਾਂਦੀ ਏ ਪਰ ਸੱਚ ਖੰਡ ਦੀ ਤਰਫ਼ ਲੈ ਜਾਣ ਵਾਸਤੇ ਕੁਛ ਆਸਰੇ ਚਾਹੀਦੇ ਨੇ, ਕੁੱਝ ਵਸੀਲੇ ਚਾਹੀਦੇ ਨੇ। ਕਿਉਂਕਿ ਸੱਚ ਖੰਡ ਟੀਸੀ ਹੈ, ਚੜ੍ਹਾਈ ਹੈ। ਧਰਮ ਦਾ ਮਾਰਗ ਮੈਦਾਨੀ ਰਸਤਾ ਨਹੀਂ, ਇਹ ਪਹਾੜੀ ਰਸਤਾ ਹੈ। ਭਗਤ ਕਬੀਰ ਜੀ ਮਹਾਰਾਜ ਜੀ ਦਾ ਕਥਨ ਹੈ:-

***ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ ॥***
***ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ ॥ ੧੬੫ ॥***
(ਅੰਗ ੧੩੭੩)

ਮੈਂ ਰਾਮ ਨਾਮ ਦੀ ਬਿਖੜੀ ਘਾਟੀ ਤੇ ਚੜ੍ਹ ਰਿਹਾ ਹਾਂ। ਆਪਣੀ ਸੁਰਤ ਨੂੰ ਚੜ੍ਹਾ ਰਿਹਾ ਹਾਂ। ਜਿਨ੍ਹਾਂ ਲੋਕਾਂ ਨੂੰ ਪਹਾੜਾਂ ਉੱਤੇ ਚੜ੍ਹਨ ਦਾ ਥੋੜਾ ਬਹੁਤ ਵੀ ਅਨੁਭਵ ਹੈ, ਉਹਨਾਂ ਨੂੰ ਪਤਾ ਹੋਵੇਗਾ ਚੜ੍ਹਨਾ ਕਿਤਨਾ ਕਠਿਨ ਹੈ। ਦਮ ਫੁਲ ਜਾਂਦਾ ਹੈ, ਗੋਡੇ ਰਹਿ ਜਾਂਦੇ ਨੇ, ਸਰੀਰ

ਰਹਿ ਜਾਂਦਾ ਹੈ। ਸੁਰਤ ਨੂੰ ਚਾੜ੍ਹਨ ਲਗਿਆਂ ਵੀ ਇਸ ਤਰੀਕੇ ਦੀ ਹੀ ਮਿਹਨਤ ਕਰਨੀ ਪੈਂਦੀ ਹੈ। ਜਿਸ ਤਰ੍ਹਾਂ ਨਿਵਾਣ ਦੀ ਤਰਫ਼ ਆਉਣਾ ਹੋਵੇ, ਪਉੜੀਆਂ ਤੋਂ ਥੱਲੇ ਉਤਰਨਾ ਹੋਵੇ, ਇਹ ਜ਼ਰਾ ਆਸਾਨ ਹੈ, ਸੁਰਤ ਨੂੰ ਥੱਲੇ ਉਤਾਰਨਾ ਹੋਵੇ ਇਹ ਆਮ ਗੱਲ ਹੈ। ਕਰੋਧੀ ਬਣਨਾ ਹੈ, ਲੋਭੀ ਬਣਨਾ ਹੈ, ਝੂਠਾ ਬਣਨਾ ਹੈ, ਫਰੇਬੀ ਬਣਨਾ ਹੈ, ਇਹ ਮਨੁੱਖ ਆਪੇ ਹੀ ਬਣ ਜਾਂਦਾ ਹੈ। ਬਿਨਾਂ ਪ੍ਰੇਰਨਾ ਤੋਂ ਬਣ ਜਾਂਦਾ ਹੈ, ਬਿਨਾਂ ਕਿਸੇ ਦੀ ਸੰਗਤ ਤੋਂ ਵੀ ਬਣ ਜਾਂਦਾ ਹੈ ਪਰ ਸੱਚ ਖੰਡ ਤਕ ਪਹੁੰਚਣਾ ਹੈ, ਗਿਆਨ ਕਾਂਡ ਤਕ ਪਹੁੰਚਣਾ ਹੈ, ਪਰਮਾਤਮਾ ਤਕ ਪਹੁੰਚਣਾ ਹੈ, ਵਸੀਲੇ ਚਾਹੀਦੇ ਨੇ, ਆਸਰੇ ਚਾਹੀਦੇ ਨੇ। ਬਿਨਾਂ ਸਹਾਰਿਆਂ ਤੋਂ ਇਹ ਗੱਲ ਨਹੀਂ ਬਣੇਗੀ। ਕਿਉਂਕਿ ਸੱਚ ਖੰਡ ਸ਼ਿਖਰ ਹੈ, ਬੁਲੰਦੀ ਹੈ, ਟੀਸੀ ਹੈ। ਰਵਿਦਾਸ ਜੀ ਮਹਾਰਾਜ ਇਸ ਪਹਾੜ ਤੇ ਚੜ੍ਹਦਿਆਂ ਹੋਇਆਂ ਆਪਣੀ ਅਸਮਰਥਾ ਇਸ ਢੰਗ ਨਾਲ ਪ੍ਰਗਟ ਕਰਦੇ ਨੇ:-

*ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ॥*
*ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ॥ ੧॥*

(ਅੰਗ ੩੪੫)

ਭਗਤ ਰਵਿਦਾਸ ਜੀ ਮਹਾਰਾਜ ਜੀ ਦਾ ਕਹਿਣਾ ਹੈ ਕਿ ਮੇਰਾ ਮਨ ਰੂਪੀ ਬੈਲ ਤੇ ਬੜਾ ਕਮਜ਼ੋਰ ਹੈ, ਜਿਸ ਦੇ ਉੱਤੇ ਮੈਂ ਰਾਮ ਨਾਮ ਦੀ ਦੌਲਤ ਲੱਦੀ ਹੋਈ ਏ, ਅੱਗੇ ਘਾਟੀਆਂ ਬੜੀਆਂ ਬਿਖੜੀਆਂ ਹੋਈਆਂ ਨੇ। ਮਾਰਗ ਬੜੇ ਬਿਖੜੇ ਨੇ। ਜਿਨ੍ਹਾਂ ਨੇ ਕਦੀ, ਅਮਰਨਾਥ, ਹੇਮਕੁੰਟ ਯਾ ਬਦਰੀ ਨਾਰਾਇਣ ਦੀ ਪੈਦਲ ਯਾਤਰਾ ਕੀਤੀ ਏ, ਉਹਨਾਂ ਨੂੰ ਪਤਾ ਹੋਵੇਗਾ, ਇਹ ਮਾਰਗ ਕਿਤਨਾ ਬਿਖੜਾ ਹੈ ਔਰ ਇਹਦੇ ਤੇ ਚਲਣਾ ਕਿਤਨਾ ਕਠਿਨ ਹੈ। ਇਤਨਾ ਹੀ ਕਠਿਨ ਹੈ ਸੁਰਤ ਨੂੰ ਉੱਪਰ ਚਾੜ੍ਹਨਾ। ਮਨੁੱਖ ਅੱਠਵੀਂ ਮੰਜ਼ਿਲ ਤੇ ਖੜਾ ਹੋਵੇ, ਉਹਨੂੰ ਧੱਕਾ ਮਾਰ ਕੇ ਥੱਲੇ ਗਿਰਾਇਆ ਜਾ ਸਕਦਾ ਹੈ। ਪਰ ਜੋ ਥੱਲੇ ਖੜਾ ਹੈ ਉਹਨੂੰ ਧੱਕਾ ਮਾਰ ਕੇ ਉੱਪਰ ਨਹੀਂ ਚੜ੍ਹਾਇਆ ਜਾ ਸਕਦਾ। ਇਕ ਧੱਕੇ ਨਾਲ ਥੱਲੇ ਜ਼ਰੂਰ ਗਿਰਾਇਆ ਜਾ ਸਕਦਾ ਹੈ, ਇਕ ਧੱਕੇ ਨਾਲ ਉੱਪਰ ਨਹੀਂ ਚਾੜ੍ਹਿਆ ਜਾ ਸਕਦਾ। ਮਨੁੱਖ ਸਹਿਜੇ-ਸਹਿਜੇ ਮਿਹਨਤ ਕਰੇ ਔਰ ਸੁਰਤ ਨੂੰ ਉੱਪਰ ਚਾੜ੍ਹੇ, ਧਰਮ ਖੰਡ ਤੋਂ ਬਾਅਦ ਗਿਆਨ ਖੰਡ ਵਿਚ ਆ ਜਾਏ, ਗਿਆਨ ਖੰਡ ਤੋਂ ਬਾਅਦ ਇਹ ਸਰਮ ਖੰਡ ਵਿਚ ਆ ਜਾਏ। ਇਕ ਦਿਨ ਦੀ ਕੁਸੰਗਤ, ਇਕ ਦਿਨ ਦਾ ਭੈੜਾ ਮਾਹੌਲ, ਇਕ ਦਿਨ ਦਾ ਧੱਕਾ ਉਹਦੇ ਕਈ ਸਾਲਾਂ ਦੀ ਮਿਹਨਤ ਨੂੰ ਬਰਬਾਦ ਕਰ ਸਕਦਾ ਹੈ ਔਰ ਉਹ ਥੱਲੇ ਆ ਜਾਏਗਾ। ਲੇਕਿਨ ਇਕ ਦਿਨ ਦੇ ਸਤਸੰਗ ਨਾਲ ਇਹ ਚੜ੍ਹ ਨਹੀਂ ਸਕਦਾ। ਇਕ ਦਮ ਸੁਰਤ ਚੜ੍ਹੇਗੀ ਨਹੀਂ। ਕਿਉਂਕਿ ਚੜ੍ਹਨ ਲਗਿਆਂ ਮਿਹਨਤ ਦੀ ਲੋੜ ਹੈ। ਚੜ੍ਹਨ ਲਗਿਆਂ ਸਾਧਨਾ ਦੀ ਲੋੜ ਹੈ। ਕਾਦਰ ਕਰੀਮ ਨੇ ਨਿਯਮ ਵੀ ਐਸਾ ਬਣਾ ਛੱਡਿਆ ਹੈ ਕਿ ਇਹ ਰਸ ਮਨੁੱਖ ਨੂੰ ਸਹਿਜੇ-ਸਹਿਜੇ ਪ੍ਰਾਪਤ ਹੁੰਦਾ ਹੈ। ਕਾਰਣ?

*ਹਰ ਚੇ ਜ਼ੂਦ ਬਰ਼ਾਇਦ, ਦੇਰ ਨ ਪਾਇਦ।*

ਜਿਹੜੀ ਚੀਜ਼ ਛੇਤੀ ਮਿਲ ਜਾਏ ਬਿਨਾਂ ਮਿਹਨਤ ਦੇ ਮਿਲ ਜਾਏ, ਬਿਨਾਂ ਮੁੱਲ ਦੇ ਮਿਲ ਜਾਏ, ਮਨੁੱਖ ਉਸ ਦੀ ਕਦਰ ਨਹੀਂ ਕਰਦਾ। ਇਸ ਵਾਸਤੇ ਧਰਮ ਬਹੁਤ ਵੱਡੀ ਮਿਹਨਤ ਨਾਲ ਮਿਲਦਾ ਹੈ ਔਰ ਬਹੁਤ ਵੱਡਾ ਇਸ ਦਾ ਮੁੱਲ ਚੁਕਾਉਣਾ ਪੈਂਦਾ ਹੈ। ਕਬੀਰ ਦੇ ਕੋਲੋਂ ਮਸਤੀ ਵੇਖ ਕੇ, ਕਬੀਰ ਦੇ ਕੋਲੋਂ ਰਸ ਵੇਖ ਕੇ, ਇਕ ਵਪਾਰੀ ਨੇ ਮੋਹਰਾਂ ਦੀ ਥੈਲੀ ਅੱਗੇ ਰੱਖੀ ਅਤੇ

ਆਖਿਆ ਕਬੀਰ ਜੋ ਮਸਤੀ ਤੇਰੇ ਕੋਲ ਹੈ ਉਹ ਸਾਡੀ ਝੋਲੀ ਦੇ ਵਿਚ ਵੀ ਪਾ ਦੇ, ਤੇ ਕਬੀਰ ਜੀ ਕਹਿੰਦੇ ਨੇ:-

*ਕੰਚਨ ਸਿਉ ਪਾਈਐ ਨਹੀ ਤੋਲਿ॥*
*ਮਨੁ ਦੇ ਰਾਮੁ ਲੀਆ ਹੈ ਮੋਲਿ॥ ੧॥* (ਅੰਗ ੩੨੩)

kanchan sio paaeeai nehee tol.
man dhae raam leeaa hai mol.1.
*He cannot be obtained by offering your weight in gold.*
*But I have bought the Lord by giving my mind to Him.1.*

ਮੈਂ ਧਨ ਦੇ ਨਾਲ ਇਹ ਮਸਤੀ ਨਹੀਂ ਖ਼ਰੀਦੀ। ਮੈਂ ਧਨ ਦੇ ਆਸਰੇ ਤੇ ਇਸ ਸੱਚ ਖੰਡ ਦੀ ਟੀਸੀ ਤੇ ਨਹੀਂ ਪਹੁੰਚਿਆ। ਮੈਂ ਧਨ ਦਾ ਸਹਾਰਾ ਲੈ ਕੇ ਗਿਆਨ ਕਾਂਡ ਤਕ ਨਹੀਂ ਪਹੁੰਚਿਆ। ਮੈਂ ਭੇਟ ਕੁਛ ਹੋਰ ਕੀਤਾ ਹੈ। ਸਭ ਤੋਂ ਵੱਡੀ ਜਿਹੜੀ ਭੇਟ ਹੈ, ਗੁਰਬਾਣੀ ਦੇ ਕਥਨ ਅਨੁਸਾਰ ਉਹ ਹੈ ਮਨ। ਜਿਸ ਨੇ ਮਨ ਰੱਖ ਛੱਡਿਆ, ਉਸ ਨੇ ਸਭ ਕੁਛ ਰੱਖ ਛੱਡਿਆ। ਜਿਸ ਨੇ ਮਨ ਅਰਪਣ ਕੀਤਾ, ਸਹਿਜੇ-ਸਹਿਜੇ ਉਸ ਦੀ ਸੁਰਤ ਉੱਪਰ ਚੜ੍ਹਨਾ ਸ਼ੁਰੂ ਹੋ ਜਾਏਗੀ। ਸਾਹਿਬ ਪ੍ਰੇਰਨਾ ਵੀ ਦਿੰਦੇ ਨੇ:-

*ਮਨੁ ਬੇਚੈ ਸਤਿਗੁਰ ਕੈ ਪਾਸਿ॥*
*ਤਿਸੁ ਸੇਵਕ ਕੇ ਕਾਰਜ ਰਾਸਿ॥* (ਅੰਗ ੨੮੬)

man baechai satgur kai paas.
tis saevak kae kaaraj raas.
*One who sells his mind to the True Guru*
*- that humble servant's affairs are resolved.*

ਕਬੀਰ ਜੀ ਕਹਿੰਦੇ ਨੇ, **ਕੰਚਨ ਸਿਉ ਪਾਈਐ ਨਹੀ ਤੋਲਿ॥ ਮਨੁ ਦੇ ਰਾਮੁ ਲੀਆ ਹੈ ਮੋਲਿ॥ ੧॥** ਸਭ ਤੋਂ ਵੱਡੀ ਭੇਟ ਹੈ ਆਪਣਾ ਮਨ ਅਰਪਣ ਕਰ ਦੇਣਾ। ਆਪਣੇ ਮਨ ਨੂੰ ਭੇਟ ਕਰਦਿਆਂ ਹੀ ਸੁਰਤ ਨੂੰ ਸਮਰਥਾ ਮਿਲ ਜਾਂਦੀ ਹੈ, ਸੁਰਤ ਨੂੰ ਤਾਜ਼ਗੀ ਮਿਲ ਜਾਂਦੀ ਏ, ਸੁਰਤ ਨੂੰ ਰਵਾਨੀ ਮਿਲ ਜਾਂਦੀ ਹੈ ਅਤੇ ਉਹ ਸਹਿਜੇ-ਸਹਿਜੇ ਅਗਾਂਹ ਚਲਣਾ ਸ਼ੁਰੂ ਹੋ ਜਾਂਦੀ ਹੈ ਅਤੇ ਇਕ ਦਿਨ ਪਰਮਾਤਮਾ ਵਿਚ ਐਸੀ ਲੀਨ ਹੁੰਦੀ ਏ ਕਿ:-

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥* (ਅੰਗ ੮੪੬)

sooraj kiran milae jal kaa jal hooaa raam.
jotee jot ralee sanpooran theeaa raam.
*The rays of light merge with the sun,*
*and water merges with water.*
*One's light blends with the Light,*
*—and one becomes totally perfect.*

ਜਿਤਨੇ ਚਿਰ ਤਕ ਇਹ ਨਦੀ ਸਾਗਰ ਵਿਚ ਲੀਨ ਨਾ ਹੋਵੇ ਉਹ ਸੰਪੂਰਣ ਨਹੀਂ ਹੁੰਦੀ,

ਉਹ ਅਧੂਰੀ ਰਹਿ ਜਾਂਦੀ ਏ ਅਤੇ ਜਿਤਨੇ ਚਿਰ ਤਕ ਆਤਮਾ ਪਰਮਾਤਮਾ ਵਿਚ ਲੀਨ ਨਾ ਹੋਵੇ, ਅਧੂਰੀ ਹੋ ਰਹਿ ਜਾਂਦੀ ਏ। ਮਨੁੱਖ ਉਸੇ ਦਿਨ ਪੂਰਾ ਹੁੰਦਾ ਹੈ। ਇਹ ਗੱਲ ਵੱਖਰੀ ਹੈ ਕਿ ਮਰੇ ਹੋਏ ਮਨੁੱਖ ਨੂੰ ਅਸੀਂ ਕਹਿ ਦਿੰਦੇ ਹਾਂ ਕਿ ਫਲਾਣਾ ਪੂਰਾ ਹੋ ਗਿਆ, ਨਹੀਂ ਜਿਤਨੇ ਚਿਰ ਤਕ ਮਨੁੱਖ ਪੂਰਨ ਪਰਮਾਤਮਾ ਵਿਚ ਲੀਨ ਨਾ ਹੋਵੇ ਉਸ ਤੋਂ ਪੇਸ਼ਤਰ ਉਹ ਪੂਰਨ ਨਹੀਂ ਹੋ ਸਕਦਾ। ਸੱਚ ਖੰਡ ਤਕ ਪਹੁੰਚ ਕੇ ਮਨੁੱਖ ਪੂਰਨ ਹੋ ਜਾਂਦਾ ਹੈ, ਮੁਕੰਮਲ ਹੋ ਜਾਂਦਾ ਹੈ। ਪੂਰਨ ਪਰਮਾਤਮਾ ਹੈ, ਉਸ ਤਕ ਪਹੁੰਚ ਕੇ ਮਨੁੱਖ ਵੀ ਪੂਰਨ ਹੋ ਜਾਂਦਾ ਹੈ, ਮਨੁੱਖ ਵੀ ਮਹਾਨ ਹੋ ਜਾਂਦਾ ਹੈ। ਮਨੁੱਖ ਦੀ ਯਾਤਰਾ ਹੈ, ਸੱਚ ਖੰਡ, ਪਰਮਾਤਮਾ। ਰਸਤੇ ਦੀਆਂ ਰੋਕਾਂ ਤੋਂ ਵੀ ਜਾਣਕਾਰੀ ਕਰਾਈ ਏ, ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਅਤੇ ਪੜਾਵਾਂ ਦਾ ਵੀ ਜ਼ਿਕਰ ਕੀਤਾ ਹੈ। ਸਤਿਗੁਰ ਜੀ ਮਹਾਰਾਜ ਐਸੀ ਸਮਰਥਾ ਦੇਣ ਕਿ ਇਹਨਾਂ ਪੜਾਵਾਂ ਤੋਂ ਲੰਘਦਿਆਂ ਹੋਇਆਂ ਅਤੇ ਰੋਕਾਂ ਨੂੰ ਕੱਟਦਿਆਂ ਹੋਇਆਂ, ਅਸੀਂ ਸੱਚ ਖੰਡ ਤਕ ਪਹੁੰਚ ਸਕੀਏ।

ਇਹ ਇੰਜ ਕਹਿ ਲਉ ਅੱਠ ਦਸ ਹਫ਼ਤਿਆਂ ਦੀ ਕਥਾ ਮੈਂ ਸੱਤ ਅੱਠ ਦਿਨਾਂ ਵਿਚ ਮੁਕਾਉਣ ਦੀ ਕੋਸ਼ਿਸ਼ ਕੀਤੀ ਏ। ਕਈ ਦਫ਼ਾ ਐਸਾ ਹੁੰਦਾ ਹੈ, ਸਮੇਂ ਦੀ ਸਮਾਪਤੀ, ਕਥਨ ਸ਼ਕਤੀ ਦੀ ਸਮਾਪਤੀ, ਕਥਾ ਦੀ ਸਮਾਪਤੀ ਨਹੀਂ ਹੈ, ਇੰਜ ਮੈਂ ਕਹਿ ਦਿਆਂ। ਇਹ ਤੇ ਮੇਰੇ ਜੈਸੇ ਕਥਾ ਵਾਚਕ ਕਰੋੜਾਂ ਵੀ ਆਉਣ ਅਤੇ ਕਰੋੜਾਂ ਦਫ਼ਾ ਕਥਾ ਕਰਨ, ਯਕੀਨ ਜਾਣੋ ਗੁਰੂ ਨਾਨਕ ਦੀ ਬਾਣੀ ਸਮਾਪਤ ਨਹੀਂ ਹੋ ਸਕਦੀ। ਸਮਾਂ ਸਮਾਪਤ ਹੋ ਜਾਂਦਾ ਹੈ, ਕਥਨ ਸ਼ਕਤੀ ਸਮਾਪਤ ਹੋ ਜਾਂਦੀ ਏ, ਗੁਰ ਨਾਨਕ ਦੀ ਬਾਣੀ ਦੀ ਕਥਾ ਨਹੀਂ ਸਮਾਪਤ ਹੁੰਦੀ। ਇਹ ਤੇ ਚਲਦੀ ਰਹੇਗੀ, ਜੁਗਾਂ-ਜੁਗਾਂ ਤਕ ਚਲਦੀ ਰਹੇਗੀ। ਜੈਸੇ ਵਿਦਵਾਨ ਆਉਂਦੇ ਰਹਿਣਗੇ, ਇਸ ਤੋਂ ਅਗਾਂਹ ਚਲਾਉਂਦੇ ਰਹਿਣਗੇ, ਹੋਰ ਅੱਗੇ ਚਲਦੇ ਰਹਿਣਗੇ।

*ਧਰਤੀ ਹੋਰੁ ਪਰੈ ਹੋਰੁ ਹੋਰੁ॥*

dharatee hor parai hor hor.

*So many worlds beyond this world-so very many!*

ਅੱਗੇ ਤੋਂ ਅੱਗੇ ਦੁਨੀਆ ਹੈ।

ਭੁੱਲ ਚੁਕ ਦੀ ਖਿਮਾਂ, ਸਾਰਿਆਂ ਦਾ ਹਾਰਦਿਕ ਤੌਰ ਤੇ ਧੰਨਵਾਦ, ਦਾਸ ਦੀ ਫਤਹਿ ਪਰਵਾਨ ਕਰਨੀ ਜੀ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ॥*

# ਭਾਗ ੮

ਰਾਤੀ ਰੁਤੀ ਥਿਤੀ ਵਾਰ॥
ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥
ਤਿਨ ਕੇ ਨਾਮ ਅਨੇਕ ਅਨੰਤ॥
ਕਰਮੀ ਕਰਮੀ ਹੋਇ ਵੀਚਾਰੁ॥
ਸਚਾ ਆਪਿ ਸਚਾ ਦਰਬਾਰੁ॥
ਤਿਥੈ ਸੋਹਨਿ ਪੰਚ ਪਰਵਾਣੁ॥
ਨਦਰੀ ਕਰਮਿ ਪਵੈ ਨੀਸਾਣੁ॥
ਕਚ ਪਕਾਈ ਓਥੈ ਪਾਇ॥
ਨਾਨਕ ਗਇਆ ਜਾਪੈ ਜਾਇ॥੩੪॥

ਸ਼ਬਦਾਰਥ–

ਅਕਾਲ ਪੁਰਖ ਨੇ ਸਰਿਸ਼ਟੀ ਦੀ ਕਾਰ ਚਲਾਉਣ ਵਾਸਤੇ ਰਾਤਾਂ, ਰੁੱਤਾਂ, ਥਿੱਤਾਂ ਅਤੇ ਵਾਰ ਬਣਾਏ ਨੇ। ਹਵਾ, ਪਾਣੀ, ਅੱਗ ਤੇ ਪਾਤਾਲ ਰਚੇ ਨੇ। ਇਸ ਸਾਰੇ ਪਸਾਰੇ ਵਿਚ ਧਰਤੀ ਨੂੰ ਧਰਮਸਾਲ ਦੇ ਰੂਪ ਵਿਚ ਬਣਾ ਦਿੱਤਾ ਹੈ। ਇਸ ਪਸਾਰੇ ਵਿਚ ਕਈ ਤਰ੍ਹਾਂ ਦੇ, ਕਈ ਰੰਗਾਂ ਦੇ ਜੀਵ, ਉਹਨਾਂ ਦੇ ਰਹਿਣ-ਬਹਿਣ ਦੀ ਜੁਗਤੀ ਵੀ ਬਣਾ ਦਿੱਤੀ ਹੈ ਉਹਨਾਂ ਜੀਆਂ ਦੇ ਨਾਂ ਵੀ ਅਨੇਕਾਂ ਨੇ। ਹਰ ਇਕ ਜੀਵ ਦੇ ਹਿਸਾਬ ਤੇ ਵਿਚਾਰ ਉਹਨਾਂ ਦੇ ਆਪੋ ਆਪਣੇ ਕੀਤੇ ਹੋਏ ਕਰਮਾਂ ਅਨੁਸਾਰ ਹੁੰਦਾ ਹੈ। ਉਹ ਮਾਲਕ ਆਪ ਸੱਚਾ ਹੈ ਅਤੇ ਉਸ ਦਾ ਦਰਬਾਰ ਵੀ ਸੱਚਾ ਹੈ। ਉਸ ਦਰਬਾਰ ਵਿਚ ਪਰਵਾਨ ਹੋਏ ਜੀਵ ਭਾਵ ਪੰਚ ਹੀ ਸ਼ੋਭਾ ਪਾਉਂਦੇ ਨੇ। ਮਿਹਰ ਦੀ ਨਜ਼ਰ ਕਰਨ ਵਾਲੇ ਅਕਾਲ ਪੁਰਖ ਦੀ ਬਖ਼ਸ਼ਿਸ਼ ਦਾ ਸਦਕਾ, ਉਹਨਾਂ ਸੰਤ ਜਨਾਂ ਦੇ ਮੱਥੇ ਉੱਤੇ ਵਡਿਆਈ ਦਾ ਨਿਸ਼ਾਨ ਚਮਕ ਪੈਂਦਾ ਹੈ। ਕਚਿਆਈ ਤੇ ਪਕਿਆਈ ਦਾ ਓਥੇ ਹੀ ਪਤਾ ਚਲਦਾ ਹੈ। ਗੁਰੂ ਨਾਨਕ ਸਾਹਿਬ ਫ਼ਰਮਾਨ ਕਰਦੇ ਨੇ ਕਿ ਇਸ ਗੱਲ ਦਾ ਭੇਦ ਓਥੇ ਪਹੁੰਚ ਕੇ ਹੀ ਪਤਾ ਲਗਦਾ ਹੈ।

raatee rutee thitee vaar.
pavan paanee aganee paataal.
tis vich dharatee thaap rakhee dharam saal.
tis vich jeea jugat kae rang.
tin kae naam anaek anant.
karamee karamee hoe veechaar.

sachaa aap sachaa darabaar.
tithai sohan panch paravaan.
nadree karam pavai neesaan,
kach pakaaee outhai paae.
Nanak gaeiaa jaapai jaae.34.

Nights, days, weeks and seasons; wind, water, fire and the nether regions in the midst of these, He established the earth as a home for Dharma. Upon it, He placed the various species of beings. Their names are uncounted and endless. By their deeds and their actions, they shall be judged. God Himself is True, and True is His Court. There, in perfect grace and ease, sit the self-elect, the self-realized Saints. They receive the Mark of Grace from the Merciful Lord. The ripe and the unripe, the good and the bad, shall there be judged. O Nanak, when you go home, you will see this.34.

ਧਰਮ ਖੰਡ ਕਾ ਏਹੋ ਧਰਮੁ॥
ਗਿਆਨ ਖੰਡ ਕਾ ਆਖਹੁ ਕਰਮੁ॥
ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥ ੩੫॥

ਸ਼ਬਦਾਰਥ-

ਧਰਮ ਖੰਡ ਦਾ ਇਹੋ ਹੀ ਧਰਮ ਹੈ, ਜਿਹੜਾ ਪਿੱਛੇ ਆ ਚੁਕਿਆ ਹੈ। ਹੁਣ ਗਿਆਨ ਖੰਡ ਦੇ ਕੰਮਾਂ ਦਾ ਵਰਨਣ ਹੈ। ਇਸ ਖੰਡ ਵਿਚ ਕਈ ਪ੍ਰਕਾਰ ਦੀ ਹਵਾ, ਪਾਣੀ, ਅਗਨੀ, ਕਈ ਕ੍ਰਿਸ਼ਨ ਤੇ ਸ਼ਿਵਜੀ ਨੇ। ਇੱਥੇ ਕਈ ਬ੍ਰਹਮੇ ਘਾੜਤ ਵਿਚ ਘੜੇ ਜਾਂਦੇ ਨੇ, ਜਿਨ੍ਹਾਂ ਦੇ ਕਈ ਪ੍ਰਕਾਰ ਦੇ ਰੂਪ ਰੰਗ ਅਤੇ ਵੇਸ ਨੇ। ਇੱਥੇ ਕਿਤਨੀਆਂ ਹੀ ਧਰਮ ਕਮਾਉਣ ਵਾਲੀਆਂ ਧਰਤੀਆਂ ਨੇ, ਕਿਤਨੇ ਹੀ ਪਹਾੜ, ਕਈ ਧਰੂ ਭਗਤ ਅਤੇ ਉਹਨਾਂ ਦਾ ਉਪਦੇਸ਼ ਕਰਨ ਵਾਲੇ, ਇੱਥੇ ਕਈ ਇੰਦਰ (ਦੇਵਤੇ), ਚੰਦਰਮੇ, ਕਈ ਸੂਰਜ, ਕਈ ਤਾਰਿਆਂ ਦੇ ਮੰਡਲ ਅਤੇ ਹੋਰ ਅਣਗਿਣਤ ਦੇਸ਼। ਕਈ ਸਿੱਧ, ਬੁੱਧਵਾਨ (ਲੋਕ), ਕਈ ਜੋਗੀ, ਕਿਤਨੇ ਹੀ ਦੇਵਤਿਆਂ ਦੇ ਵੱਖ-ਵੱਖ ਸਰੂਪ ਹਨ। ਕਿਤਨੇ ਹੀ ਦੇਵਤੇ ਅਤੇ ਦੈਂਤ ਹਨ। ਕਿਤਨੇ ਰਿਸ਼ੀ ਮੁਨੀ, ਕਈ ਪ੍ਰਕਾਰ ਦੇ ਰਤਨ ਤੇ ਸਮੁੰਦਰ। ਕਈ ਪ੍ਰਕਾਰ ਦੀਆਂ ਖਾਣੀਆਂ, ਬਾਣੀਆਂ ਅਤੇ ਕਿਤਨੇ ਹੀ ਰਾਜੇ, ਪਾਤਸ਼ਾਹ ਹਨ। ਕਿਤਨੀਂ ਸੁਰਤ ਵਾਲੀਆਂ ਰੂਹਾਂ, ਕਿਤਨੇ ਹੀ ਸੇਵਕ ਹਨ। ਗੁਰੂ ਸਾਹਿਬ ਫ਼ਰਮਾਉਂਦੇ ਨੇ ਕਿ ਇੱਥੇ ਕਿਸੇ ਚੀਜ਼ ਦਾ ਵੀ ਬਿਲਕੁਲ ਹੀ ਪਤਾ ਨਹੀਂ ਚਲਦਾ।

dharam khandd kaa eaeho dharam.
giaan khandd kaa aakhahu karam.
kaetae pavan paanee vaisanthar
kaetae kaan mehaes.
kaetae baramae ghaarrath gharreeahi
roop rang kae vaes.
kaeteeaa karam bhoomee maer
kaetae kaetae dhoo oupadaes.
kaetae eind chand soor kaetae
kaetae manddal daes.
kaetae sidh budh naath kaetae
kaetae daevee vaes.
kaetae daev daanav mun kaetae
kaetae ratan samund.
kaeteeaa khaanee kaeteeaa baanee
kaetae paat narind.
kaeteeaa suratee saevak kaetae
Nanak ant na ant.35.

*This is righteous living in the realm of Dharma. And now we speak of the realm of spiritual wisdom. So many winds, waters and fires; so many Krishnas and Shivas. So many Brahmas, fashioning forms of great beauty, adorned and dressed in many colors. So many worlds and lands for working out karma. So very many lessons to be learned! So many Indras, so many moons and suns, so many worlds and lands. So many Siddhas and Buddhas, so many Yogic masters. So many goddesses of various kinds. So many demi-gods and demons, so many silent sages. So many oceans of jewels. So many ways of life, so many languages. So many dynasties of rulers. So many intuitive people, so many selfless servants. O Nanak, His limit has no limit! ||35||*

*ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥*
*ਤਿਥੈ ਨਾਦ ਬਿਨੋਦ ਕੋਡ ਅਨੰਦੁ ॥*

**ਸ਼ਬਦਾਰਥ–**

ਮਨੁੱਖ ਦੀ ਗਿਆਨ ਖੰਡ ਦੀ ਅਵਸਥਾ ਵਿਚ ਗਿਆਨਮਈ ਪ੍ਰਕਾਸ਼ ਹੈ। ਓਥੇ ਖੁਸ਼ੀ ਵਾਲੇ ਸ਼ਬਦ, ਤਮਾਸ਼ੇ ਅਤੇ ਅਨੰਦ ਹੈ। ਇੱਥੇ ਗਿਆਨ ਹੀ ਬਲਵਾਨ ਹੁੰਦਾ ਹੈ। ਇੱਥੇ ਮਾਨੋ ਸਭ ਰਾਗਾਂ ਦਾ ਸੁਆਦ ਆ ਜਾਂਦਾ ਹੈ।

giaan khandd meh giaan parachandd.
tithai naad binod kodd anand.

*In the realm of wisdom, spiritual wisdom reigns supreme.
The Sound-current of the Naad vibrates there, amidst the sounds and the sights of bliss.*

*ਸਰਮ ਖੰਡ ਕੀ ਬਾਣੀ ਰੂਪੁ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥
ਤਾ ਕੀਆ ਗਲਾ ਕਥੀਆ ਨਾ ਜਾਹਿ॥
ਜੇ ਕੋ ਕਹੈ ਪਿਛੈ ਪਛੁਤਾਇ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ ੩੬॥*

**ਸ਼ਬਦਾਰਥ–**

ਸਰਮ ਖੰਡ ਦੀ ਬਾਣੀ ਬੜੀ ਸੁੰਦਰ ਹੈ। ਓਥੇ ਘਾੜਤ ਵਿਚ ਸੁੰਦਰਤਾ ਘੜੀ ਜਾਂਦੀ ਹੈ ਜੋ ਕਿ ਬਹੁਤ ਅਨੂਪ ਭਾਵ ਅਤਿ ਸੁੰਦਰ ਹੈ। ਉਥੋਂ ਦੀਆਂ ਗੱਲਾਂ ਕਥਨ ਨਹੀਂ ਕੀਤੀਆਂ ਜਾ ਸਕਦੀਆਂ। ਜੇ ਕੋਈ ਉਥੋਂ ਦੀਆਂ ਗੱਲਾਂ ਕਹਿੰਦਾ ਹੈ, ਫਿਰ ਉਹ ਪਿਛੋਂ ਪਛਤਾਉਂਦਾ ਹੈ। ਓਥੇ ਦੇ ਵਸਨੀਕਾਂ ਦੀ ਸੁਰਤ, ਮਤ, ਮਨ ਅਤੇ ਬੁੱਧੀ ਵਿਚ ਸੁੰਦਰਤਾ ਘੜੀ ਜਾਂਦੀ ਹੈ। ਉਥੇ ਦੇਵਤਿਆਂ ਅਤੇ ਸਿੱਧਾਂ ਦੀ ਅਕਲ ਵੀ ਘੜੀ ਜਾਂਦੀ ਹੈ। ਭਾਵ ਕਿ ਹਰੇਕ ਚੀਜ਼ ਵਿਚ ਸੁੰਦਰਤਾ ਦਾ ਪ੍ਰਵੇਸ਼ ਹੋ ਜਾਂਦਾ ਹੈ।

saram khandd kee baanee roop.
tithai ghaarrat gharreeai bahut anoop.
taa keeaa galaa katheeaa naa jaahey.
jae ko kehai pichhai pachhataae.
tithai gharreeai surat mat man budh.
tithai gharreeai suraa sidhaa kee sudh.36.

*In the realm of humility, the Word is Beauty. Forms of incomparable beauty are fashioned there. These things cannot be described. One who tries to speak of these shall regret the attempt. The intuitive consciousness, intellect and understanding of the mind are shaped there. The consciousness of the spiritual warriors and the Siddhas, the beings of spiritual perfection, are shaped there.36.*

*ਕਰਮ ਖੰਡ ਕੀ ਬਾਣੀ ਜੋਰੁ॥
ਤਿਥੈ ਹੋਰੁ ਨ ਕੋਈ ਹੋਰੁ॥
ਤਿਥੈ ਜੋਧ ਮਹਾਬਲ ਸੂਰ॥
ਤਿਨ ਮਹਿ ਰਾਮੁ ਰਹਿਆ ਭਰਪੂਰ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ॥*

ਤਾ ਕੇ ਰੂਪ ਨ ਕਥਨੇ ਜਾਹਿ॥
ਨਾ ਓਹਿ ਮਰਹਿ ਨ ਠਾਗੇ ਜਾਹਿ॥
ਜਿਨ ਕੈ ਰਾਮੁ ਵਸੈ ਮਨ ਮਾਹਿ॥
ਤਿਥੈ ਭਗਤ ਵਸਹਿ ਕੇ ਲੋਅ॥
ਕਰਹਿ ਅਨੰਦੁ ਸਚਾ ਮਨਿ ਸੋਇ॥

ਸ਼ਬਦਾਰਥ-

ਬਖ਼ਸ਼ਿਸ਼ ਵਾਲੇ ਖੰਡ ਦੀ ਬਾਣੀ ਬੜੀ ਸ਼ਕਤੀਸ਼ਾਲੀ ਹੈ। ਓਥੇ ਸ਼ਕਤੀਵਾਨਾਂ ਤੋਂ ਬਿਨਾਂ ਕੋਈ ਹੋਰ ਨਹੀਂ ਰਹਿੰਦਾ। ਓਥੇ ਜੋਧੇ, ਮਹਾਂਬਲੀ ਸੂਰਮੇ ਨਿਵਾਸ ਕਰਦੇ ਨੇ। ਉਹਨਾਂ ਦੇ ਹਿਰਦਿਆਂ ਵਿਚ ਰਾਮ ਜੋ ਸਰਬ ਵਿਆਪਕ ਪੁਰਖ ਹੈ ਉਹ ਵੱਸਿਆ ਹੋਇਆ ਹੈ। ਉਥੇ ਰਹਿਣ ਵਾਲਿਆਂ ਦਾ ਮਨ ਰੱਬੀ ਮਹਿਮਾਂ ਵਿਚ ਚੰਗੀ ਤਰ੍ਹਾਂ ਸੀਤਾ ਪਿਆ ਹੈ ਭਾਵ ਲੀਨ ਹੈ। ਜਿਨ੍ਹਾਂ ਦੇ ਮਨ ਵਿਚ ਸਰਬ-ਵਿਆਪਕ ਰਾਮ ਵੱਸਿਆ ਹੋਇਆ ਹੈ, ਉਹਨਾਂ ਦਾ ਸਰੂਪ ਕਥਨ ਨਹੀਂ ਕੀਤਾ ਜਾ ਸਕਦਾ। ਉਹ ਪੁਰਸ਼ ਨਾ ਮਰਦੇ ਹਨ ਨਾ ਹੀ ਠੱਗੇ ਜਾ ਸਕਦੇ ਹਨ। ਉਥੇ ਕਈ ਲੋਕਾਂ ਦੇ ਭਗਤ ਵਸਦੇ ਹਨ। ਉਹ ਅਨੰਦ ਮਾਣਦੇ ਨੇ, ਕਿਉਂਕਿ ਸੱਚਾ ਸਾਹਿਬ ਉਹਨਾਂ ਦੇ ਮਨ ਵਿਚ ਵੱਸਦਾ ਹੈ।

karam khandd kee baanee jor.
thithai hor na koee hor.
tithai jodh mehaabal soor.
tin meh raam rehiaa bharapoor.
tithai seetoo seetaa mehimaa maahey.
taa kae roop na kathanae jaahey.
naa ouh mareh na thaagae jaahey.
jin kai raam vasai man maahey.
tithai bhagat vasehey kae loa.
karehey anand sachaa man soe.

*In the realm of karma, the Word is Power. No one else dwells there, except the warriors of great power, the spiritual heroes. They are totally fulfilled, imbued with the Lord's Essence. Myriads of Sitas are there, cool and calm in their majestic glory. Their beauty cannot be described. Neither death nor deception comes to those, within whose minds the Lord abides. The devotees of many worlds dwell there. They celebrate; their minds are imbued with the True Lord.*

ਸਚ ਖੰਡਿ ਵਸੈ ਨਿਰੰਕਾਰੁ॥
ਕਰਿ ਕਰਿ ਵੇਖੈ ਨਦਰਿ ਨਿਹਾਲ॥
ਤਿਥੈ ਖੰਡ ਮੰਡਲ ਵਰਭੰਡ॥
ਜੇ ਕੋ ਕਥੈ ਤ ਅੰਤ ਨ ਅੰਤ॥

ਤਿਥੈ ਲੋਅ ਲੋਅ ਆਕਾਰ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥
ਵੇਖੈ ਵਿਗਸੈ ਕਰਿ ਵੀਚਾਰੁ॥
ਨਾਨਕ ਕਥਨਾ ਕਰੜਾ ਸਾਰੁ॥੩੭॥

**ਸ਼ਬਦਾਰਥ–**

ਸੱਚ ਖੰਡ ਸੁਤੰਤਰ ਖੰਡ ਹੈ ਭਾਵ ਕਿਸੇ ਖੰਡ ਦੇ ਅਧੀਨ ਨਹੀਂ ਹੈ। ਸੱਚ ਖੰਡ ਵਿਚ ਆਪ ਨਿਰੰਕਾਰ ਵਸਦਾ ਹੈ। ਉਹ ਨਿਰੰਕਾਰ ਸ੍ਰਿਸ਼ਟੀ ਨੂੰ ਪੈਦਾ ਕਰਕੇ ਵੇਖਦਾ ਹੈ ਅਤੇ ਆਪਣੀ ਦ੍ਰਿਸ਼ਟੀ ਨਾਲ ਸਭ ਨੂੰ ਕਿਰਤਾਰਥ ਕਰਦਾ ਹੈ। ਉਥੇ ਕਈ ਖੰਡ, ਮੰਡਲ ਅਤੇ ਬ੍ਰਹਮੰਡ ਹਨ। ਜੇ ਕੋਈ ਜੀਵ ਉਹਨਾਂ ਦੀ ਗਿਣਤੀ ਦੱਸਣ ਲਗੇ ਤਾਂ ਉਸ ਦਾ ਅੰਤ ਬਿਲਕੁਲ ਨਹੀਂ ਆਖ ਸਕਦਾ। ਓਥੇ ਕਈ ਪ੍ਰਕਾਰ ਦੇ ਦੇਸ਼ ਅਤੇ ਉਹਨਾਂ ਵਿਚ ਰਹਿਣ ਵਾਲਿਆਂ ਦੇ ਸਰੀਰ ਭਾਵ ਵਜੂਦ ਹਨ। ਜਿਸ ਤਰ੍ਹਾਂ ਉਸ ਨਿਰੰਕਾਰ ਦਾ ਹੁਕਮ ਹੁੰਦਾ ਹੈ, ਉਸੇ ਤਰ੍ਹਾਂ ਹਰ ਕੋਈ ਕਾਰ ਕਰਦਾ ਹੈ। ਉਹ ਨਿਰੰਕਾਰ ਸਭ ਦੀ ਕਾਰ ਨੂੰ ਵੇਖਦਾ ਹੈ ਅਤੇ ਵੀਚਾਰ ਕਰਕੇ ਖ਼ੁਸ਼ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਸੱਚ ਖੰਡ ਦਾ ਬਿਆਨ ਕਰਨਾ ਲੋਹੇ ਵਾਂਗ ਕਰੜਾ ਹੈ।

sach khandd vasai nirankaar.
kar kar vaekhai nadar nihaal.
tithai khandd manddal varabhandd.
jae ko kathai taa ant na ant.
tithai loa loa aakaar.
jiv jiv hukam tivai tiv kaar.
vaekhai vigasai kar veechaar.
Nanak kathanaa kararraa saar.37.

*In the realm of Truth, the Formless Lord abides. Having created the creation, He watches over it. By His Glance of Grace, He bestows happiness. There are planets, solar systems and galaxies. If one speaks of them, there is no limit, no end. There are worlds upon worlds of His Creation. As He commands, so they exist. He watches over all, and contemplating the creation, He rejoices. O Nanak, to describe this is as hard as steel!.37.*